Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE, JACKSON HEIGHTS, NY 11373
Tel: 718-205-7832

DJ SONU
Facebook.com / djsonunyc
Instagram-djsonunyc
WE PROVIDE HIGH QUALITY CINEMATOGRAPHY & PHOTOGRAPHY
Wedding Limo Services & Sprinter Van
Cell: 917-753-7777

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Eighteenth Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 52, December 30, 2017
20451 N Plum Grove Rd., Palatine, IL 60074
Ph:847-359-0746, Fax:847-705-9388

# ਜੋੜ ਮੇਲ ਲਈ ਨਿਸ਼ਕਾਮ ਸੇਵਕਾਂ ਦੀ ਮਿਹਨਤ ਰੰਗ ਲਿਆਈ

## ਸਿਆਸੀ ਕਾਨਫਰੰਸਾਂ ਦਾ ਘੜਮੱਸ ਮੁੱਕਣ ਨਾਲ ਜੋੜ ਮੇਲ ਦਾ ਸਰੂਪ ਬਦਲਿਆ

**ਫਤਿਹਗੜ੍ਹ ਸਾਹਿਬ:** ਪੰਜਾਬ ਦੀਆਂ ਸਿਆਸੀ ਧਿਰਾਂ ਨੇ ਇਸ ਵਾਰ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਮੌਕੇ ਸਿਆਸੀ ਕਾਨਫਰੰਸਾਂ ਨਾ ਕਰ ਕੇ ਸਵਾਗਤਯੋਗ ਪਹਿਲ ਕੀਤੀ ਹੈ। ਇਸ ਵਾਰ ਕਾਂਗਰਸ, ਸ਼੍ਰੋਮਣੀ ਅਕਾਲੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੇ ਆਮ ਸ਼ਰਧਾਲੂ ਵਾਂਗ ਮੱਥਾ ਟੇਕਿਆ। ਦੱਸ ਦਈਏ ਕਿ ਇਸ ਵਾਰ ਕੁਝ ਸਿੱਖ ਜਥੇਬੰਦੀਆਂ ਨੇ ਜੋੜ ਮੇਲ ਮੌਕੇ ਸਿਆਸੀ ਕਾਨਫਰੰਸਾਂ ਰੁਕਵਾਉਣ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਸੀ। ਸਿਆਸੀ ਧਿਰਾਂ ਨੂੰ ਅਪੀਲ ਕੀਤੀ ਸੀ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਮਾਤਾ ਗੁਜਰੀ ਜੀ ਦੇ ਚਲਾਣੇ ਵਾਲੇ ਦਿਹਾੜੇ ਦਾ ਸੋਗ ਬਰਕਰਾਰ ਰੱਖਿਆ ਜਾਵੇ ਅਤੇ ਸਿਆਸੀ ਦੂਸ਼ਣਬਾਜ਼ੀ ਦੇ ਮੰਚ ਲਾਏ ਹੀ ਨਾ ਜਾਣ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਹੁਕਮ ਨੇ ਵੀ ਸਿਆਸੀ ਧਿਰਾਂ ਨੂੰ ਕਾਨਫਰੰਸਾਂ ਵਾਲੀ ਰਵਾਇਤ ਤਿਆਗਣ ਦੇ ਰਾਹ ਪਾਇਆ। ਸਭ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੇ ਕਾਨਫਰੰਸਾਂ ਨਾ ਕਰਨ ਦਾ ਫੈਸਲਾ ਕੀਤਾ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ 'ਆਪ' ਵਾਲੇ ਰਾਹ ਤੁਰਨ ਦਾ ਫੈਸਲਾ ਕੀਤਾ। ਸਿਆਸੀ ਦੂਸ਼ਣਬਾਜ਼ੀ ਤੋਂ ਇਲਾਵਾ ਸ਼ਹਾਦਤ ਦੇ ਦਿਨ ਸਿਆਸੀ ਕਾਨਫਰੰਸਾਂ ਸੰਗਤ ਲਈ ਵੀ ਵੱਡੀ ਸਮੱਸਿਆ ਖੜ੍ਹੀ ਕਰਦੀਆਂ ਸਨ। ਵੀ.ਵੀ.ਆਈ.ਪੀ. ਦੀ ਆਮਦ ਕਾਰਨ ਆਮ ਸੰਗਤ ਅਕਸਰ ਤੰਗ ਹੁੰਦੀ ਸੀ।



ਇਸ ਤੋਂ ਇਲਾਵਾ ਸਿਆਸੀ ਧਿਰਾਂ ਆਪਣੀ ਕਾਨਫਰੰਸ ਵਿਚ ਵੱਧ ਤੋਂ ਵੱਧ ਭੀੜ ਇਕੱਠੀ ਕਰਨ ਲਈ ਵੀ ਹਰ ਹੀਲਾ ਵਰਤਣ ਲਈ ਤਿਆਰ ਰਹਿੰਦੀਆਂ ਸਨ। ਸਿਆਸੀ ਧਿਰਾਂ ਨੂੰ ਧਾਰਮਿਕ ਸਮਾਗਮਾਂ ਮੌਕੇ ਦੂਸ਼ਣਬਾਜ਼ੀ ਬਾਰੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਕਈ ਵਾਰ ਹੁਕਮ ਹੋਏ ਹਨ, ਪਰ ਇਸ 'ਤੇ ਕਦੇ ਅਮਲ ਨਹੀਂ ਹੋਇਆ। ਯਾਦ ਰਹੇ, ਪਿਛਲੇ ਕੁਝ ਸਾਲਾਂ ਤੋਂ ਸ਼ਹੀਦੀ ਜੋੜ ਮੇਲ ਮੌਕੇ 'ਮਨ ਮਤ' ਵਾਲੀ ਸ਼ਰਧਾ 'ਤੇ ਵੱਡੇ ਇਤਰਾਜ਼ ਉਠ ਰਹੇ ਸਨ।

ਸ਼ਹਾਦਤ ਵਾਲੇ ਦਿਨ ਬਰੈੱਡ ਪਕੌੜਿਆਂ, ਜਲੇਬੀਆਂ, ਖੀਰਾਂ-ਪੂੜਿਆਂ ਤੇ ਹੋਰ ਮਠਿਆਈਆਂ ਵਰਤਾਏ ਜਾਣਾ ਆਮ ਰੁਝਾਨ ਬਣ ਗਿਆ ਸੀ। ਪਿੰਡ ਪੱਧਰ 'ਤੇ ਲੰਗਰ ਬਾਰੇ ਵੀ ਕਈ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਕੀਤੀ ਸੀ। ਹੁਣ ਇਸ ਪਾਸੇ ਸਵਾਗਤਯੋਗ ਪਹਿਲ ਹੋਈ ਹੈ। ਪਿਛਲੇ ਦੋ ਵਰ੍ਹਿਆਂ ਤੋਂ ਜਲੇਬੀਆਂ, ਖੀਰਾਂ-ਪੂੜਿਆਂ ਦੀ ਥਾਂ ਸਾਦੇ ਲੰਗਰ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਇਸ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਮ ਸ਼ਰਧਾਲੂ ਵਾਂਗ ਗੁਰੂ ਘਰ ਨਤਮਸਤਕ ਹੋਏ।

### ਸ਼ਹੀਦਾਂ ਦੀ ਧਰਤੀ ਲਈ ਕੈਪਟਨ ਦੇ ਪੰਜ ਐਲਾਨ

ਗੁਰੂ ਘਰ ਨਤਮਸਤਕ ਹੋਣ ਆਏ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਫਤਿਹਗੜ੍ਹ ਸਾਹਿਬ ਦੀ ਪਵਿਤਰਤਾ ਤੇ ਮਹਾਨਤਾ ਨੂੰ ਦੇਖਦੇ ਹੋਏ ਕਾਂਗਰਸ ਸਰਕਾਰ ਵੱਲੋਂ ਇਸ ਧਰਤੀ 'ਤੇ ਪੰਜ ਮੁੱਖ ਉਪਰਾਲੇ ਕੀਤੇ ਜਾਣਗੇ। ਇਨ੍ਹਾਂ ਤਹਿਤ ਫਤਿਹਗੜ੍ਹ ਸਾਹਿਬ ਵਿਖੇ ਨਵਾਂ ਬੱਸ ਸਟੈਂਡ ਬਣਾਇਆ ਜਾਵੇਗਾ, ਚੋਅ ਦੇ ਸੁੰਦਰੀਕਰਨ ਲਈ ਇਸ ਨੂੰ ਪੱਕਾ ਕਰ ਕੇ ਨੁਹਾਰ ਬਦਲੀ ਜਾਵੇਗੀ। ਫਤਿਹਗੜ੍ਹ ਸਾਹਿਬ ਨੂੰ ਸਪੈਸ਼ਲ ਟੂਰਿਜ਼ਮ ਵਜੋਂ ਹੋਰ ਵਿਕਸਤ ਕੀਤਾ ਜਾਵੇਗਾ। ਇਕ ਨਵਾਂ ਨੈਸ਼ਨਲ ਹਾਈਵੇ ਬਣਾਇਆ ਜਾਵੇਗਾ ਜੋ ਪਟਿਆਲਾ ਵਾਇਆ ਸਰਹਿੰਦ, ਫਤਹਿਗੜ੍ਹ ਸਾਹਿਬ, ਬਸੀ ਪਠਾਣਾ, ਮੋਰਿੰਡਾ ਹੁੰਦਾ ਹੋਇਆ ਅੱਗੇ ਜਾਵੇਗਾ। ਇਸ ਮਾਰਗ ਦਾ ਨਾਂ ਮਾਤਾ ਗੁਜਰੀ ਜੀ ਦੇ ਨਾਮ 'ਤੇ ਰੱਖਣ ਸਬੰਧੀ ਭਾਰਤ ਸਰਕਾਰ ਨੂੰ ਤਜਵੀਜ਼ ਭੇਜ ਦਿੱਤੀ ਗਈ ਹੈ।

# ਭਾਰਤ-ਪਾਕਿਸਤਾਨ ਸਰਹੱਦ ਉਤੇ ਮੁੜ ਤਣਾਅ

**ਚੰਡੀਗੜ੍ਹ:** ਪਾਕਿਸਤਾਨੀ ਫੌਜ ਵੱਲੋਂ ਸਰਹੱਦ ਪਾਰ ਕਰ ਕੇ ਗਸ਼ਤ ਕਰ ਰਹੀ ਭਾਰਤੀ ਫੌਜ ਦੀ ਟੁਕੜੀ 'ਤੇ ਹਮਲੇ ਕਾਰਨ ਦੋਵਾਂ ਦੇਸ਼ਾਂ ਵਿਚ ਤਣਾਅ ਵਧ ਗਿਆ ਹੈ। ਪਾਕਿਸਤਾਨੀ ਫੌਜ ਦੇ ਇਸ ਹਮਲੇ ਵਿਚ ਸਿੱਖ ਰੈਜਮੈਂਟ ਦੇ ਇਕ ਮੇਜਰ ਸਮੇਤ ਤਿੰਨ ਜਵਾਨ ਹਲਾਕ ਹੋ ਗਏ ਸਨ। ਇਸ ਘਟਨਾ ਤੋਂ ਤਿੰਨ ਦਿਨ ਪਿੱਛੋਂ ਭਾਰਤੀ ਸੈਨਾ ਵੱਲੋਂ ਵੀ ਇਸੇ ਤਰ੍ਹਾਂ ਦੀ ਕਾਰਵਾਈ ਕਰ ਕੇ ਪਾਕਿਸਤਾਨ ਫੌਜ ਦੇ ਚਾਰ ਜਵਾਨ ਮਾਰ ਕੇ ਕਰਾਰਾ ਜਵਾਬ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਭਾਰਤੀ ਸੈਨਾ ਨੇ ਰਵਾਲਕੋਟ ਸੈਕਟਰ ਵਿਚ ਕੰਟਰੋਲ ਰੇਖਾ ਪਾਰ ਕਰ ਕੇ ਪਾਕਿਸਤਾਨੀ ਚੌਕੀ ਨੂੰ ਨਿਸ਼ਾਨਾ ਬਣਾ ਦਿੱਤਾ। ਇਹ ਘਟਨਾਵਾਂ ਉਦੋਂ ਵਾਪਰੀਆਂ ਜਦੋਂ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਕਮਰ ਬਾਜਵਾ ਦੇਸ਼ ਦੀ ਸਿਵਲੀਅਨ ਸਰਕਾਰ ਨੂੰ ਭਾਰਤ ਨਾਲ ਗੱਲਬਾਤ ਕਰ ਕੇ ਸਬੰਧ ਸੁਧਾਰਨ ਦੀ ਸਲਾਹ ਦੇ ਰਹੇ ਸਨ।

ਜੰਮੂ ਕਸ਼ਮੀਰ ਵਿਚ ਕੌਮਾਂਤਰੀ ਸਰਹੱਦ 'ਤੇ ਗੋਲੀਬੰਦੀ ਦੀਆਂ ਘਟਨਾਵਾਂ 'ਚ ਪਿਛਲੇ ਸਵਾ ਕੁ ਸਾਲ ਦੌਰਾਨ ਇਕਦਮ ਵਾਧਾ ਹੋਇਆ ਹੈ। ਦੋਹਾਂ ਧਿਰਾਂ ਇਕ-ਦੂਜੇ ਉਪਰ ਪਹਿਲਾਂ ਗੋਲੀਬਾਰੀ ਸ਼ੁਰੂ ਕਰਨ ਦੇ ਇਲਜ਼ਾਮ ਲਾਉਂਦੀਆਂ ਰਹੀਆਂ ਹਨ, ਪਰ ਸਰਹੱਦ ਪਾਰ ਕਰ ਕੇ ਇਕ

(ਬਾਕੀ ਸਫਾ 6 ਉਤੇ)

ਜਨਵਰੀ - ਜੂਨ 2018
ਅੰਮ੍ਰਿਤਸਰ $999
ਦਿੱਲੀ $799
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Fares shown above are from Detroit for departure between Jan 5th and June 7th. Fare may change without notice, please call our office more details. Other conditions apply.

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty | Insurance
Corporate Tax | Accounting | Auto
Personal Income Tax | Bookkeeping | Home
Financial Statement Audit | Payroll Services | Life
New Business Setup | Immigration Forms | Business
Year Round Service | | Worker Comp.
Get the most from your tax return!
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਡਾ. ਹਰਦਰਸ਼ਨ ਸਿੰਘ ਵਾਲੀਆ 'ਜਿਊਲ ਆਫ ਪੰਜਾਬ' ਇਨਾਮ ਨਾਲ ਸਨਮਾਨਿਤ

**ਹਾਈਲੈਂਡ, ਇੰਡੀਆਨਾ (ਬਿਊਰੋ):** ਕੋਇਲਾ ਵਿਗਿਆਨੀ, ਸ਼ਾਇਰ ਅਤੇ ਲਿਖਾਰੀ ਡਾ. ਹਰਦਰਸ਼ਨ ਸਿੰਘ ਵਾਲੀਆ ਨੂੰ 'ਮਨੀਸ਼ ਮੀਡੀਆ ਆਫ ਇੰਡੀਆ' ਵੱਲੋਂ ਪ੍ਰਕਾਸ਼ਿਤ ਵਿਸ਼ੇਸ਼ ਪੁਸਤਕ 'ਜਿਊਲਸ ਆਫ ਇੰਡੀਆ' ਵਿਚ ਸ਼ਾਮਿਲ ਕੀਤੀਆਂ 100 ਮੋਹਰੀ 'ਗਲੋਬਲ ਪੰਜਾਬੀ ਸ਼ਖਸੀਅਤਾਂ' ਵਿਚ ਸ਼ੁਮਾਰ ਕੀਤਾ ਗਿਆ ਹੈ। ਇਹ ਕੌਫੀ ਟੇਬਲ ਪੁਸਤਕ ਨਵੀਂ ਦਿੱਲੀ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅਸ਼ੋਕਾ ਹੋਟਲ ਵਿਚ ਹੋਏ ਵਿਸ਼ੇਸ਼ ਸਮਾਗਮ ਹਨ।

'ਜਿਊਲ ਆਫ ਪੰਜਾਬ' (ਪੰਜਾਬ ਦੇ ਹੀਰੇ) ਇਨਾਮ ਵਿਗਿਆਨ, ਕਲਾ, ਸਮਾਜ ਸੇਵਾ, ਵਪਾਰ ਅਤੇ ਸਿਆਸਤ ਦੇ ਖੇਤਰਾਂ ਵਿਚ ਮਾਅਰਕਾ ਮਾਰਨ ਵਾਲੇ ਗਲੋਬਲ ਪੰਜਾਬੀ ਨੂੰ ਦਿੱਤਾ ਜਾਂਦਾ ਹੈ। ਇਹ ਇਨਾਮ ਹਾਸਲ ਕਰਨ ਵਾਲਿਆਂ ਵਿਚ ਡਾ. ਮਨਮੋਹਨ ਸਿੰਘ ਤੋਂ ਇਲਾਵਾ ਸੰਯੁਕਤ ਰਾਸ਼ਟਰ ਲਈ ਅਮਰੀਕੀ ਸਫੀਰ ਨਿਮਰਤਾ ਕੌਰ ਰੰਧਾਵਾ (ਨਿੱਕੀ ਹੇਲੀ), ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਮਾਸਟਰ ਕਾਰਡ ਦੇ



*ਡਾ. ਵਾਲੀਆ ਡਾ. ਮਨਮੋਹਨ ਸਿੰਘ ਪਾਸੋਂ 'ਜਿਊਲਸ ਆਫ ਪੰਜਾਬ' ਐਵਾਰਡ ਹਾਸਲ ਕਰਦੇ ਹੋਏ*

ਦੌਰਾਨ ਰਿਲੀਜ਼ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਸੰਸਾਰ ਭਰ ਵਿਚ ਪੰਜਾਬੀਆਂ ਅਤੇ ਸਿੱਖਾਂ ਨੇ ਆਪਣੀਆਂ ਪ੍ਰਾਪਤੀਆਂ ਨਾਲ ਭਾਰਤ ਦਾ ਮਾਣ ਵਧਾਇਆ ਹੈ। ਇਸ ਕਿਤਾਬ ਵਿਚ ਸ਼ਾਮਲ ਸ਼ਖਸੀਅਤਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਰੋਲ ਮਾਡਲ ਸਾਬਤ ਹੋਣਗੀਆਂ।

ਇਸ ਮੌਕੇ ਡਾ. ਵਾਲੀਆ ਨੇ 'ਜਿਊਲ ਆਫ ਪੰਜਾਬ' ਦਾ ਇਨਾਮ ਡਾ. ਮਨਮੋਹਨ ਸਿੰਘ ਤੋਂ ਹਾਸਿਲ ਕੀਤਾ। ਸਮਾਗਮ ਵਿਚ ਕਈ ਨਾਮੀ-ਗਰਾਮੀ ਸ਼ਖਸੀਅਤਾਂ ਪੁੱਜੀਆਂ ਹੋਈਆਂ ਸਨ। ਯਾਦ ਰਹੇ, ਇਸ ਪੁਸਤਕ ਵਿਚ ਡਾ. ਵਾਲੀਆ ਦਾ ਨਾਮ ਉਨ੍ਹਾਂ ਵੱਲੋਂ ਵਿਗਿਆਨ ਅਤੇ ਕਲਾ-ਦੋਹਾਂ ਖੇਤਰਾਂ ਵਿਚ ਪਾਏ ਅਹਿਮ ਯੋਗਦਾਨ ਬਦਲੇ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹ ਕਵਿਤਾ, ਕਹਾਣੀ ਅਤੇ ਲੇਖ ਵੀ ਲਿਖਦੇ ਰਹਿੰਦੇ ਹਨ। ਉਨ੍ਹਾਂ ਦੀਆਂ ਲਿਖੀਆਂ ਕਵਿਤਾਵਾਂ ਇੰਡੀਆਨਾ ਦੇ ਕਈ ਸ਼ਹਿਰਾਂ ਵਿਚ ਬੋਰਡਾਂ ਉਤੇ ਲਿਖੀਆਂ ਮਿਲਦੀਆਂ ਹਨ। ਮਿਸਾਲ ਵਜੋਂ ਹਾਈਲੈਂਡ ਸਿਟੀ ਦੀ ਇਕ ਸਾਈਡ ਵਾਕ ਉਤੇ ਲੱਗੇ ਬੋਰਡ ਉਪਰ ਸ਼ਹਿਰ ਦੇ ਸਭਿਆਚਾਰਕ ਵਿਰਸੇ ਬਾਰੇ ਇਕ ਕਵਿਤਾ ਉਕਰੀ ਹੋਈ ਹੈ। ਉਨ੍ਹਾਂ ਦੀਆਂ ਕਵਿਤਾਵਾਂ ਅਤੇ ਕਹਾਣੀਆਂ ਇੰਡੀਅਨਐਪੋਲਿਸ ਦੇ 200 ਸਾਲਾ ਸਥਾਪਨਾ ਦਿਵਸ ਮੌਕੇ ਪ੍ਰਕਾਸ਼ਿਤ ਰਸਾਲਿਆਂ ਤੇ ਪੁਸਤਕਾਂ ਵਿਚ ਵੀ ਦਰਜ ਹਨ।

ਡਾ. ਵਾਲੀਆ ਸੰਸਾਰ ਵਿਚ ਪਹਿਲੇ ਅਜਿਹੇ ਕੋਇਲਾ ਵਿਗਿਆਨੀ ਹਨ ਜਿਨ੍ਹਾਂ ਨੂੰ ਅਮੈਰਿਕਨ ਸਟੀਲ ਇੰਡਸਟਰੀਜ਼ ਵੱਲੋਂ ਤਿੰਨ ਵੱਕਾਰੀ ਇਨਾਮ ਮਿਲ ਚੁਕੇ ਹਨ। ਉਹ ਹੁਣ ਤਕ ਕਈ ਪੇਪਰ ਪ੍ਰਕਾਸ਼ਿਤ ਕਰਵਾ ਚੁਕੇ ਹਨ ਅਤੇ ਕਈ ਕੌਮੀ ਤੇ ਕੌਮਾਂਤਰੀ ਕਾਨਫਰੰਸਾਂ ਦੀ ਅਗਵਾਈ ਕਰ ਚੁਕੇ ਸੀ.ਈ.ਓ. ਅਜੇਪਾਲ ਸਿੰਘ ਬਾਂਗਾ, ਫਾਦਰ ਆਫ ਫਾਇਬਰ ਔਪਟਿਕਸ (ਅਮਰੀਕਾ) ਡਾ. ਨਰਿੰਦਰ ਸਿੰਘ ਕਪਾਨੀ, ਅਮਰੀਕਾ ਵਿਚ ਆੜੂਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਦੀਦਾਰ ਸਿੰਘ ਬੈਂਸ, ਵਿਸ਼ਵ ਪੰਜਾਬੀ ਸੰਸਥਾ ਨਵੀਂ ਦਿੱਲੀ ਦੇ ਕੌਮਾਂਤਰੀ ਪ੍ਰਧਾਨ ਵਿਕਰਮਜੀਤ ਸਿੰਘ ਸਾਹਨੀ, ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਮੁਖੀ ਤਰਲੋਚਨ ਸਿੰਘ, ਦੁਬਈ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ, ਯੂਰਪੀਅਨ ਸਾਈਕਲਿੰਗ ਐਸੋਸੀਏਸ਼ਨ (ਇੰਗਲੈਂਡ) ਦੇ ਪ੍ਰਧਾਨ ਰਣਜੀਤ ਸਿੰਘ ਬਖਸ਼ੀ, ਸਿੰਗਾਪੁਰ ਦੇ ਸੰਸਦ ਮੈਂਬਰ ਇੰਦਰਜੀਤ ਸਿੰਘ ਅਤੇ ਯੂਗਾਂਡਾ ਦੇ ਰਾਸ਼ਟਰਪਤੀ ਦੇ ਸੀਨੀਅਰ ਸਲਾਹਕਾਰ ਪਰਮਿੰਦਰ ਸਿੰਘ ਮਰਵਾਹਾ 'ਕਟੌਂਗਲੇ' ਸ਼ਾਮਲ ਹਨ।

# ਗੁਰੂ ਗੋਬਿੰਦ ਸਿੰਘ ਨੈਪੋਲੀਅਨ ਦੇ ਘੋੜੇ 'ਤੇ ਸਵਾਰ!

**ਡਾ. ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਸਰਕਾਰਾਂ ਨੇ ਇਤਿਹਾਸ ਤੋਂ ਨਾ ਸਿੱਖਣਾ ਹੁੰਦਾ ਹੈ ਤੇ ਨਾ ਇਸ ਦੀ ਕਦੀ ਲੋੜ ਸਮਝਦੀਆਂ ਹਨ। ਹਾਕਮਾਂ ਨੇ ਜਸ਼ਨ ਮਨਾਉਣੇ ਹੁੰਦੇ ਹਨ ਤੇ ਵਾਹਵਾ ਖੱਟਣੀ ਕੇਵਲ ਇੱਕ ਮਨੋਰਥ ਹੁੰਦਾ ਹੈ। ਸਰਕਾਰ ਨੂੰ ਜਸ਼ਨ ਮਨਾਉਣੋਂ ਕੌਣ ਰੋਕਦਾ ਹੈ, ਪਰਜਾ ਨੂੰ ਤਕਲੀਫ ਉਦੋਂ ਹੁੰਦੀ ਹੈ ਜਦੋਂ ਧਾਰਮਿਕ ਪਰੰਪਰਾਵਾਂ ਦੀ ਖਿੱਲੀ ਉਡਣ ਲੱਗੇ। ਬੀਤੇ ਦਿਨੀ ਅਜਿਹੀ ਹੀ ਘਟਨਾ ਘਟੀ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਆ ਗਿਆ, ਇਤਫਾਕਨ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਸ਼ਹਾਦਤਾਂ ਦਾ ਹਫਤਾ ਵੀ ਇਹੋ ਹੈ ਜਿਸ ਨੂੰ ਪੰਥ 'ਸ਼ਹੀਦੀ-ਸਾਤਾ' ਸ਼ਬਦਾਂ ਨਾਲ ਯਾਦ ਕਰਦਾ ਹੈ। ਸਰਕਾਰ ਨੇ ਦਸਮ ਪਾਤਸ਼ਾਹ ਨੂੰ ਸ਼ਰਧਾ ਨਾਲ ਯਾਦ ਕਰਦਿਆਂ ਉਨ੍ਹਾਂ ਨੂੰ ਆਲੀਸ਼ਾਨ ਘੋੜੇ ਉਪਰ ਸਵਾਰ ਕਰਾਉਣਾ ਸੀ, ਕਰਾ ਦਿੱਤੇ। ਇਹ ਤਾਂ ਯਾਰ ਲੋਕਾਂ ਨੇ ਬਾਦ ਵਿਚ ਭੇਤ ਦੀ ਗੱਲ ਖੋਲ੍ਹੀ ਕਿ ਨੀਲੇ ਦੇ ਸਵਾਰ ਕੋਲ ਆਪਣਾ ਤਾਂ ਘੋੜਾ ਹੀ ਨਹੀਂ ਸੀ, ਸੋ ਨੈਪੋਲੀਅਨ ਦਾ ਘੋੜਾ ਮੰਗ ਲਿਆ, ਮਹਾਰਾਜ ਉਸ ਤੇ ਬਿਰਾਜਮਾਨ ਕਰਵਾ ਦਿੱਤੇ।



ਗੁਰੂ ਜੀ ਦੀ ਅਵਧੀ 1666 ਤੋਂ 1708 ਦੀ ਹੈ ਜਦ ਕਿ ਨੈਪੋਲੀਅਨ ਦਾ ਸਮਾਂ 1769 ਤੋਂ 1821 ਈਸਵੀ ਹੈ ਯਾਨਿ ਗੁਰੂ ਜੀ ਤੋਂ ਸੌ ਸਾਲ ਬਾਅਦ। ਗੁਰੂ ਜੀ ਦੇ ਘੋੜੇ ਉਪਰ ਨੈਪੋਲੀਅਨ ਨੂੰ ਬਿਠਾ ਦਿੰਦੇ ਇਤਰਾਜ਼ ਫਿਰ ਵੀ ਹੋਣਾ ਸੀ ਪਰ ਇੱਥੇ ਉਲਟ ਕਰ ਦਿੱਤਾ। ਨੈਪੋਲੀਅਨ ਦਾ ਸਿਰ ਕੱਟ ਕੇ ਗੁਰੂ ਜੀ ਦਾ ਸੀਸ ਕੰਪਿਊਟਰ ਦੀ ਸਹਾਇਤਾ ਨਾਲ ਜੜ੍ਹ ਦਿੱਤਾ। ਇਹ ਵਾਰਦਾਤ ਚੋਰੀ ਦੀ ਹੈ, ਮੂਰਖਤਾ ਦੀ ਅਤੇ ਬੇਅਦਬੀ ਦੀ ਵੀ। ਪਾਰਖੂ ਲੋਕਾਂ ਨੇ ਚੋਰੀ ਫੜ੍ਹ ਲਈ। ਸਰਕਾਰ ਦਾ ਫਰਜ਼ ਬਣਦਾ ਸੀ ਕਿ ਪਰਜਾ ਤੋਂ ਖਿਮਾ ਮੰਗਦੀ ਅਤੇ ਮੋਟੀ ਰਕਮ ਵਸੂਲ ਕੇ ਜਿਸ ਪੇਂਟਰ ਨੇ ਇਹ ਕਾਰਾ ਕੀਤਾ, ਉਸ ਨੂੰ ਢੁਕਵੀਂ ਸਜ਼ਾ ਦਿੰਦੀ। ਸਰਕਾਰ ਨੂੰ ਨਾ ਸ਼ਰਮਿੰਦਗੀ ਹੋਈ ਤੇ ਨਾ ਇਸ ਨੇ ਖਿਮਾ ਮੰਗੀ। ਮੁੱਖ ਮੰਤਰੀ ਦਾ ਬਿਆਨ ਆਇਆ ਕਿ ਇੰਟਰਨੈਟ ਤੋਂ ਬਣੀ ਬਣਾਈ ਪੇਂਟਿੰਗ ਚੁੱਕ ਲਈ, ਇਸ 'ਚ ਗਲਤ ਕੀ ਹੋ ਗਿਆ?

ਸਰਕਾਰ ਦਾ ਕੰਮ ਚੋਰੀ ਰੋਕਣਾ ਹੁੰਦਾ ਹੈ, ਚੋਰੀ ਨੂੰ ਉਤਸ਼ਾਹਿਤ ਕਰਨਾ ਨਹੀਂ। ਜਦੋਂ ਡੇਰਾ ਸਿਰਸਾ ਮੁਖੀ ਨੇ ਦਸਮ ਪਾਤਸ਼ਾਹ ਦਾ ਲਿਬਾਸ ਪਹਿਨ ਕੇ ਅਖੌਤੀ ਅੰਮ੍ਰਿਤ ਦਾ ਕੜਾਹਾ ਰੂਅਫਜ਼ਾ ਨਾਲ ਤਿਆਰ ਕੀਤਾ, ਉਦੋਂ ਇਸ ਖਿਲਾਫ ਸਿੱਖ ਜਗਤ ਵਿਚ ਜ਼ਬਰਦਸਤ ਰੋਸ ਪੈਦਾ ਹੋਇਆ ਸੀ, ਹਿੰਸਕ ਝੜਪਾਂ ਹੋਈਆਂ ਸਨ। ਡੇਰਾ ਮੁਖੀ ਖਿਲਾਫ ਕੇਸ ਚੱਲਿਆ ਤਾਂ ਬਤੌਰ ਸਿੱਖ ਮਾਹਿਰ ਮੇਰਾ ਬਿਆਨ ਲਿਆ ਗਿਆ। ਡੇਰਾ ਮੁਖੀ ਦੇ ਵਕੀਲ ਨੇ ਮੈਨੂੰ ਪੁੱਛਿਆ, ਕੀ ਇਤਰਾਜ਼ ਹੈ ਤੁਹਾਡਾ? ਮੈਂ ਦੱਸਿਆ, ਦਸਮ ਪਾਤਸ਼ਾਹ ਦਾ ਲਿਬਾਸ ਕਿਸੇ ਨੂੰ ਪਹਿਨਣ ਦੀ ਆਗਿਆ ਨਹੀਂ ਹੈ। ਵਕੀਲ ਨੇ ਪੁੱਛਿਆ, ਪਰ ਨਿਹੰਗ ਸਿੰਘ ਗੁਰੂ ਜੀ ਦਾ ਲਿਬਾਸ ਪਹਿਨਦੇ ਹਨ, ਕਿਸੇ ਨੂੰ ਇਤਰਾਜ਼ ਨਹੀਂ। ਮੈਂ ਕਿਹਾ, ਨਿਹੰਗ ਆਪਣੇ ਆਪ ਨੂੰ ਗੁਰੂ ਜੀ ਦੇ ਬੇਟੇ ਮੰਨਦੇ ਹਨ, ਔਲਾਦ ਦਾ ਆਪਣੇ ਪਿਤਾ ਦੀ ਹਰੇਕ ਜਾਇਦਾਦ ਉਪਰ ਹੱਕ ਹੈ। ਡੇਰਾ ਮੁਖੀ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ, ਇਸ ਲਈ ਉਸ ਦਾ ਕੰਮ ਇਤਰਾਜ਼ਯੋਗ ਮੰਨਿਆ ਗਿਆ।

ਇਹੋ ਜਿਹੀਆਂ ਵਾਰਦਾਤਾਂ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਬਿਮਾਰੀ ਵਧ ਸਕਦੀ ਹੈ। ਮੁਕਤਸਰ ਮਾਘੀ ਦਾ ਮੇਲਾ ਨਜ਼ਦੀਕ ਆ ਰਿਹਾ ਹੈ। ਕੱਲ੍ਹ ਨੂੰ ਇਕ ਹੋਰ ਪੇਂਟਰ ਸ਼ੇਰ ਦੀ ਸਵਾਰੀ ਕਰਦੀ ਦੁਰਗਾ ਮਾਤਾ ਦਾ ਸੀਸ ਮਾਈ ਭਾਗੋ ਜੀ ਨਾਲ ਤਬਦੀਲ ਕਰ ਦਏ, ਤਦ ਖਤਰਨਾਕ ਸਿੱਟੇ ਨਿਕਲਣਗੇ। ਪੰਜਾਬ ਸਰਕਾਰ ਨੂੰ ਬਿਨਾ ਹੋਰ ਦੇਰੀ ਕੀਤਿਆਂ ਭੁੱਲ ਦੀ ਖਿਮਾ ਮੰਗਣੀ ਚਾਹੀਦੀ ਹੈ। ਜਿੰਮੇਵਾਰ ਪੇਂਟਰ ਅਤੇ ਸਬੰਧਤ ਅਫਸਰ ਦੀ ਜਵਾਬ-ਤਲਬੀ ਹੋਣੀ ਜਰੂਰੀ ਹੈ। ਇਹ ਅੰਤਰਰਾਸ਼ਟਰੀ ਕਾਪੀ-ਰਾਈਟ ਕਾਨੂੰਨ ਦੀ ਉਲੰਘਣਾ ਹੋਈ ਹੈ।

# ਸ਼ਹੀਦੀ ਜੋੜ ਮੇਲ 'ਚ ਵਾਨੀ ਵਾਲੇ ਰਸਾਲੇ ਉਤੇ ਵਿਵਾਦ

**ਫਤਿਹਗੜ੍ਹ ਸਾਹਿਬ:** ਸ਼ਹੀਦੀ ਜੋੜ ਮੇਲ ਮੌਕੇ ਵਿਕ ਰਹੇ 'ਵੰਗਾਰ' ਨਾਂ ਦੇ ਮੈਗਜ਼ੀਨ ਉਤੇ ਵਿਵਾਦ ਖੜ੍ਹਾ ਹੋ ਗਿਆ, ਕਿਉਂਕਿ ਇਸ ਵਿਚ ਸਰਕਾਰ ਵੱਲੋਂ ਅਤਿਵਾਦੀ ਕਰਾਰ ਦਿੱਤੇ ਗਏ ਬੁਰਹਾਨ ਵਾਨੀ ਦੇ ਪੱਖ ਵਿਚ ਲੇਖ ਛਪਿਆ ਸੀ।

ਮੁੱਖ ਮੰਤਰੀ ਕੈਪਟਨ ਨੇ ਰਸਾਲੇ ਦੇ ਵਿਕਣ ਉਤੇ ਪਾਬੰਦੀ ਲਾਉਂਦਿਆਂ ਕਿਹਾ ਕਿ ਜੇਕਰ ਇਸ ਰਸਾਲੇ ਨਾਲ ਕੋਈ ਸੰਵੇਦਨਸ਼ੀਲ ਹਾਲਤ ਪੈਦਾ ਹੁੰਦੀ ਹੈ ਤਾਂ ਇਸ ਲਈ ਪੁਲਿਸ ਪੂਰੀ ਤਰ੍ਹਾਂ ਤਿਆਰ ਹੈ ਤੇ ਇਸ ਨੂੰ ਵਿਕਣ ਨਹੀਂ ਦਿੱਤਾ ਜਾਵੇਗਾ। ਉਧਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਮਹਿੰਦਰਪਾਲ ਸਿੰਘ ਨੇ ਰਸਾਲੇ ਦਾ ਪੱਖ ਪੂਰਿਆ। ਉਨ੍ਹਾਂ ਕਿਹਾ ਕਿ ਸਰਕਾਰਾਂ ਤਾਂ ਜਨਤਾ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਅਤਿਵਾਦੀ ਹੀ ਕਹਿੰਦੀ ਹੈ।

*To Advertise with Punjab Times Call: 847-359-0746*

**Michigan Truck Driving School**
**6405 Middlebelt Road, Romulus, MI 48174**

**ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ**




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

**BTS CARRIER**
we move america



**Wanted Owner Operators and Experienced Drivers.**

*Long and Local Routes.*

**Drivers: 42 cents to 50 cents per mile.**

**Owner Operator**
With own Truck/Trailer get 92% of gross (8% Dispatch+ Insurance). Using company trailer get 80% of gross.

**Fuel Discount:** 25 Cents To 40 Cents Per Gallon @ Pilot, Flying J, TA And Petro.

**Direct deposit available.**

*For more information please contacts:*
**Rusty Sekhon 734-233-8464**

# ਚੀਫ ਖਾਲਸਾ ਦੀਵਾਨ ਦਾ ਪ੍ਰਧਾਨ ਵਿਵਾਦਾਂ ਵਿਚ ਘਿਰਿਆ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਕਾਰਨ ਵਿਵਾਦ ਖੜ੍ਹਾ ਹੋ ਗਿਆ ਹੈ। ਸ੍ਰੀ ਚੱਢਾ ਦਾ ਦਾਅਵਾ ਹੈ ਕਿ ਇਹ ਵੀਡੀਓ ਝੂਠੀ ਹੈ ਤੇ ਉਨ੍ਹਾਂ ਨੂੰ ਬਦਨਾਮ ਕਰਨ ਦੇ ਉਦੇਸ਼ ਨਾਲ ਤਿਆਰ ਕੀਤੀ ਗਈ ਹੈ। ਦੂਜੇ ਪਾਸੇ, ਸਾਬਕਾ ਕਾਂਗਰਸੀ ਆਗੂ ਮਨਦੀਪ ਸਿੰਘ ਮੰਨਾ ਨੇ ਪੁਲਿਸ ਨੂੰ ਸ਼ਿਕਾਇਤ ਦੇ ਕੇ ਕੰਮਕਾਜੀ ਔਰਤਾਂ ਦਾ ਸ਼ੋਸ਼ਣ ਕਰਨ ਦੇ ਦੋਸ਼ ਹੇਠ ਚੱਢਾ ਖਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਵਾਇਰਲ ਹੋਈ ਵੀਡੀਓ ਚਰਨਜੀਤ ਸਿੰਘ ਚੱਢਾ ਦੇ ਦਫਤਰ ਦੀ ਹੈ। ਵੀਡੀਓ ਵਿਚ ਸਿੱਖ ਆਗੂ ਕਿਸੇ ਬੀਬੀ ਨਾਲ ਇਤਰਾਜ਼ਯੋਗ ਹਾਲਤ ਵਿਚ ਦਿਖਾਈ ਦਿੰਦਾ ਹੈ। ਵਿਵਾਦ ਮਗਰੋਂ ਸ੍ਰੀ ਚੱਢਾ ਨੇ ਆਖਿਆ ਕਿ ਇਹ ਵੀਡੀਓ ਉਨ੍ਹਾਂ ਦੇ ਕੁਝ ਵਿਰੋਧੀਆਂ ਨੇ ਸੰਸਥਾ ਨੂੰ ਬਦਨਾਮ ਕਰਨ ਦੇ ਉਦੇਸ਼ ਨਾਲ ਬਣਾਈ ਹੈ। ਉਨ੍ਹਾਂ ਇਸ ਸਬੰਧੀ 20 ਸਤੰਬਰ ਨੂੰ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਾਈ ਸੀ। ਪੁਲਿਸ ਵੱਲੋਂ ਵੀਡੀਓ ਦੀ ਫੋਰੈਂਸਿਕ ਜਾਂਚ ਵੀ ਕਰਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਉਸ ਵੇਲੇ ਇਸ ਵੀਡੀਓ ਦੇ ਨਾਂ 'ਤੇ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਇਕ ਕਰੋੜ ਰੁਪਏ ਮੰਗੇ ਗਏ ਸਨ। ਸਾਬਕਾ ਕਾਂਗਰਸੀ ਆਗੂ ਮਨਦੀਪ ਸਿੰਘ ਮੰਨਾ ਨੇ ਸ਼ਿਕਾਇਤ ਪੱਤਰ ਅਤੇ ਵੀਡੀਓ ਕਲਿੱਪ ਪੁਲਿਸ ਦੇ ਡਿਪਟੀ ਕਮਿਸ਼ਨਰ ਨੂੰ ਸੌਂਪੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਆਗੂ ਵੱਲੋਂ ਵਿਦਿਅਕ ਸੰਸਥਾ ਵਿਚ ਕੰਮ ਕਰਦੀਆਂ ਔਰਤਾਂ ਦਾ ਸ਼ੋਸ਼ਣ ਕਰਨ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਸ੍ਰੀ ਚੱਢਾ ਖਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਚੀਫ ਖਾਲਸਾ ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਨੇ ਆਖਿਆ ਕਿ ਸ੍ਰੀ ਚੱਢਾ ਨੂੰ ਨੈਤਿਕਤਾ ਦੇ ਆਧਾਰ ਉਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਬੀਚ 'ਤੇ ਘੁੰਮਣ ਗਿਆ ਪੰਜਾਬੀ ਡੁੱਬਿਆ

**ਸਿਡਨੀ:** ਕ੍ਰਿਸਮਸ ਮੌਕੇ ਬੀਚ ਉਤੇ ਘੁੰਮਣ ਗਏ ਪੰਜਾਬੀ ਨੌਜਵਾਨ ਰਵਨੀਤ ਸਿੰਘ ਗਿੱਲ (22) ਦੀ ਡੁੱਬਣ ਨਾਲ ਮੌਤ ਹੋ ਗਈ। ਰਵਨੀਤ ਪਿੰਡ ਗਿੱਲ, ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਸੀ। ਰਵਨੀਤ ਕ੍ਰਿਸਮਸ ਦੀ ਛੁਟੀ ਦੀ ਹੋਣ ਕਾਰਨ ਕੁਝ ਜਾਣਕਾਰਾਂ ਨਾਲ ਘੁੰਮਣ ਲਈ ਬੀਚ 'ਤੇ ਗਿਆ ਸੀ, ਜੋ ਟਵੀਡ ਹੈੱਡ ਨੇੜੇ ਸੂਬਾ ਨਿਊ ਸਾਊਥ ਵੇਲਜ਼ ਵਿਚ ਹੈ।

## ਮਿਸਰ 'ਚ 15 ਕੈਦੀਆਂ ਨੂੰ ਫਾਹੇ ਟੰਗਿਆ

**ਕਾਹਿਰਾ:** ਮਿਸਰ ਦੇ ਅਧਿਕਾਰੀਆਂ ਨੇ ਸੁਰੱਖਿਆ ਬਲਾਂ 'ਤੇ ਹਮਲੇ ਵਿਚ ਦੋਸ਼ੀ ਠਹਿਰਾਏ 15 ਕੈਦੀਆਂ ਨੂੰ ਫਾਂਸੀ 'ਤੇ ਲਟਕਾ ਦਿੱਤਾ। ਇਨ੍ਹਾਂ ਕੈਦੀਆਂ ਨੂੰ ਦੋ ਜੇਲ੍ਹਾਂ ਵਿਚ ਫਾਂਸੀ ਦਿੱਤੀ ਗਈ ਜਿਥੇ ਉਨ੍ਹਾਂ ਨੂੰ ਸਿਨਾਏ ਵਿਚ ਹਮਲੇ ਲਈ ਸੈਨਿਕਾਂ ਅਦਾਲਤਾਂ ਵੱਲੋਂ ਸਜ਼ਾ ਦਿੱਤੇ ਜਾਣ ਪਿੱਛੋਂ ਰੱਖਿਆ ਗਿਆ ਸੀ। ਸਿਨਾਏ ਵਿਚ ਜੇਹਾਦੀਆਂ ਨੇ ਮਿਸਰ ਵਿਰੁੱਧ ਜੰਗ ਛੇੜੀ ਹੋਈ ਹੈ।


## Matrimonials

**ਲੜਕੇ ਦੀ ਲੋੜ ਹੈ**

Seeking a suitable match for Green card holder, Registered Nurse (RN) girl. 28, 5'-2". Caste no bar. Boy should be well educated, US citizen or green card holder. Ph: 317-712-7190

49-52

Wanted suitable boy for Sikh Ahluwalia beautiful girl, 30, 5'-1", B.Com, MBA from a reputed family, working as an assistant professor. Upper caste no bar. Contact, Ph: 91-98141-09225 or e-mail: Paulsangeeta@yahoo.co.in

49-

**ਲੜਕੀ ਦੀ ਲੋੜ ਹੈ**

Wanted suitable US/ Canadian citizen/green card holder girl for Jat Sikh Toor boy 32 year 6' tall, on visitor visa in USA, MSC from Punjab University Chandigarh, two brothers 30 acres land. Contact :734-262-6929

52-3

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541

44-51


# ਏਅਰ ਇੰਡੀਆ ਖਿਲਾਫ ਸਭ ਤੋਂ ਵੱਧ ਸ਼ਿਕਾਇਤਾਂ

**ਨਵੀਂ ਦਿੱਲੀ:** ਭਾਰਤ ਦੀ ਸਰਕਾਰੀ ਜਹਾਜ਼ ਸੇਵਾ ਕੰਪਨੀ ਏਅਰ ਇੰਡੀਆ ਦਾ ਕੰਮ ਯਾਤਰੀਆਂ ਦੀਆਂ ਸ਼ਿਕਾਇਤਾਂ ਪੱਖੋਂ ਨਵੰਬਰ ਵਿਚ ਸਭ ਤੋਂ ਖਰਾਬ ਰਿਹਾ ਹੈ। ਸਮੇਂ ਸਿਰ ਉਡਾਣ ਭਰਨ ਦੇ ਮਾਮਲੇ ਵਿਚ ਏਅਰ ਇੰਡੀਆ ਤੀਜੇ ਸਥਾਨ 'ਤੇ ਰਹੀ, ਜਦੋਂ ਕਿ ਸਸਤੀ ਜਹਾਜ਼ ਸੇਵਾ ਕੰਪਨੀ ਸਪਾਈਸ ਜੈਟ ਇਸ ਮਾਮਲੇ 'ਚ ਸਾਰੀਆਂ ਏਅਰ ਲਾਈਨਾਂ ਤੋਂ ਅੱਗੇ ਰਹੀ ਹੈ।

ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਨਵੰਬਰ ਵਿਚ ਕੁੱਲ 716 ਸ਼ਿਕਾਇਤਾਂ ਆਈਆਂ। ਇਸ ਦੌਰਾਨ ਯਾਤਰੀਆਂ ਦੀ ਗਿਣਤੀ ਇਕ ਕਰੋੜ ਚਾਰ ਲੱਖ 89 ਹਜ਼ਾਰ ਹੋ ਗਈ ਅਤੇ ਹਰ ਇਕ ਲੱਖ ਮੁਸਾਫਰਾਂ ਪਿੱਛੇ 6.8 ਸ਼ਿਕਾਇਤਾਂ ਆਈਆਂ। ਇਨ੍ਹਾਂ 'ਚ ਸਭ ਤੋਂ ਵੱਧ 266 ਸ਼ਿਕਾਇਤਾਂ ਏਅਰ ਇੰਡੀਆ ਖਿਲਾਫ ਸਨ। ਉਸ ਦੀ ਔਸਤ 19 ਸ਼ਿਕਾਇਤਾਂ ਪ੍ਰਤੀ ਇਕ ਲੱਖ ਮੁਸਾਫਰ ਦੀ ਰਹੀ ਹੈ। ਜੈਟ ਏਅਰਵੇਜ਼ ਅਤੇ ਜੈੱਟਲਾਈਟ ਦੇ ਖਿਲਾਫ ਸਾਂਝੇ ਰੂਪ ਵਿਚ ਇਕ ਲੱਖ ਮੁਸਾਫਰਾਂ ਪਿੱਛੇ 13 ਸ਼ਿਕਾਇਤਾਂ ਅਤੇ ਕੁੱਲ ਮਿਲਾ ਕੇ 230 ਸ਼ਿਕਾਇਤਾਂ ਆਈਆਂ।

ਗੋਏਅਰ ਅਤੇ ਟਰੂਜੈੱਟ ਏਅਰ ਲਾਈਨਾਂ ਖਿਲਾਫ ਇਕ ਲੱਖ ਮੁਸਾਫਰਾਂ ਪਿੱਛੇ ਸੱਤ-ਸੱਤ, ਸਪਾਈਸ ਜੈੱਟ ਅਤੇ ਏਅਰ ਏਸ਼ੀਆ ਦੇ ਖਿਲਾਫ ਤਿੰਨ-ਤਿੰਨ, ਇੰਡੀਗੋ ਖਿਲਾਫ ਦੋ ਅਤੇ ਵਿਸਤਾਰਾ ਏਅਰ ਲਾਈਨ ਦੇ ਖਿਲਾਫ ਇਕ ਸ਼ਿਕਾਇਤ ਆਈ। ਜ਼ੂਮ ਏਅਰ ਖਿਲਾਫ ਕੋਈ ਸ਼ਿਕਾਇਤ ਨਹੀਂ ਮਿਲੀ। ਮੁਸਾਫਰਾਂ ਨੂੰ ਸਭ ਤੋਂ ਵੱਧ ਸ਼ਿਕਾਇਤਾਂ ਏਅਰਲਾਈਨਜ਼ ਦੀ ਗਾਹਕ ਸੇਵਾ ਬਾਰੇ ਸਨ।

# ਪੰਜਾਬ ਦੇ ਸਰਹੱਦੀ ਲੋਕਾਂ ਦੀ ਬਾਂਹ ਫੜੇਗੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੌਮਾਂਤਰੀ ਸਰਹੱਦ ਨਾਲ ਲੱਗਦੇ ਪੰਜਾਬ ਦੇ ਤਕਰੀਬਨ 135 ਪਿੰਡਾਂ ਦੇ ਦਿਨ ਫਿਰਨ ਦੀ ਆਸ ਬੱਝੀ ਹੈ। ਕੇਂਦਰ ਸਰਕਾਰ ਨੇ ਪੰਜਾਬ ਸਮੇਤ 9 ਸੂਬਿਆਂ 'ਚ ਅਗਲੇਰੇ ਇਲਾਕਿਆਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 167 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਹੈ। ਇਹ ਰਕਮ ਸਰਹੱਦੀ ਇਲਾਕਿਆਂ ਦੇ ਵਿਕਾਸ ਬਾਰੇ ਪ੍ਰੋਗਰਾਮ ਤਹਿਤ ਜਾਰੀ ਕੀਤੀ ਗਈ ਹੈ।

ਇਸ ਪ੍ਰੋਗਰਾਮ ਤਹਿਤ ਪਾਕਿਸਤਾਨ ਨਾਲ ਲੱਗਦੇ ਪੰਜਾਬ ਅਤੇ ਰਾਜਸਥਾਨ ਅਤੇ ਬੰਗਲਾਦੇਸ਼ ਦੇ ਨਾਲ ਲੱਗਦੇ ਪੱਛਮੀ ਬੰਗਾਲ ਅਤੇ ਆਸਾਮ ਸੂਬਿਆਂ ਨੂੰ ਫਾਇਦਾ ਹੋਵੇਗਾ। ਇਸ ਤੋਂ ਇਲਾਵਾ ਮੇਘਾਲਿਆ, ਬਿਹਾਰ, ਸਿੱਕਮ, ਤ੍ਰਿਪੁਰਾ ਅਤੇ ਹਿਮਾਚਲ ਪ੍ਰਦੇਸ਼ ਵੀ ਇਸ ਰਕਮ ਨਾਲ ਸਰੱਹਦੀ ਇਲਾਕਿਆਂ ਨੂੰ ਵਿਕਸਿਤ ਕਰਨਗੇ। ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਰਸੂਲਪੁਰ, ਭਰੋਭਾਲ, ਹਰਦੋ ਰਤਨ, ਅਜਨਾਲਾ, ਰਮਦਾਸ, ਢੋਕੇ, ਚੱਕ ਅੱਲਾਬਖਸ਼, ਕੱਕਰ ਰਾਣੀਆਂ ਆਦਿ ਪਿੰਡਾਂ ਨੂੰ ਕੇਂਦਰ ਦੇ ਇਸ ਪ੍ਰੋਗਰਾਮ ਦਾ ਫਾਇਦਾ ਮਿਲੇਗਾ, ਜਦਕਿ ਪੱਟੀ, ਖੇਮਕਰਨ, ਮਹਿੰਦੀਪੁਰ, ਖਾਲੜਾ, ਰਤੋਕੇ, ਮੁਠਿਆਂਵਾਲੀ ਪਿੰਡਾਂ ਦੀ ਨੁਹਾਰ ਵੀ ਬਦਲੇਗੀ। ਸਰਹੱਦੀ ਇਲਾਕਿਆਂ ਦੇ ਵਿਕਾਸ ਬਾਰੇ ਪ੍ਰੋਗਰਾਮ 'ਚ 17 ਰਾਜਾਂ ਦੇ ਉਹ ਸਾਰੇ ਪਿੰਡ ਸ਼ਾਮਲ ਹਨ, ਜੋ ਅੰਤਰਰਾਸ਼ਟਰੀ ਸਰਹੱਦ ਦੇ 0 ਤੋਂ 10 ਕਿਲੋਮੀਟਰ ਦੇ ਘੇਰੇ 'ਚ ਆਉਂਦੇ ਹਨ। ਇਨ੍ਹਾਂ 'ਚੋਂ ਵੀ ਕੇਂਦਰ ਵੱਲੋਂ ਉਨ੍ਹਾਂ ਪਿੰਡਾਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਦੀ ਪਛਾਣ ਸਰਹੱਦੀ ਸੁਰੱਖਿਆ ਬਲਾਂ ਵੱਲੋਂ ਕੀਤੀ ਜਾਂਦੀ ਹੈ।

# ਭਾਰਤ ਦੇ ਸਿਰਫ 1.7 ਫੀਸਦੀ ਲੋਕਾਂ ਭਰਿਆ ਆਮਦਨ ਕਰ

**ਨਵੀਂ ਦਿੱਲੀ:** ਸਾਲ 2015-16 ਵਿਚ ਸਿਰਫ ਦੋ ਕਰੋੜ ਭਾਰਤੀਆਂ ਨੇ ਇਨਕਮ ਟੈਕਸ ਭਰਿਆ ਹੈ, ਜਦਕਿ ਕੁੱਲ ਭਾਰਤ ਦੀ ਆਬਾਦੀ ਦਾ ਇਹ ਸਿਰਫ 1.7 ਫੀਸਦੀ ਹੈ। ਇਹ ਜਾਣਕਾਰੀ ਇਨਕਮ ਟੈਕਸ ਵਿਭਾਗ ਦੇ ਅੰਕੜਿਆਂ ਤੋਂ ਪ੍ਰਾਪਤ ਕੀਤੀ ਗਈ ਹੈ। ਵਿਭਾਗ ਅਨੁਸਾਰ, ਸਾਲ 2015-16 ਦੇ ਮੁਕਾਬਲੇ ਵਿੱਤੀ ਵਰ੍ਹੇ 2014-15 ਵਿਚ ਇਨਕਮ ਟੈਕਸ ਭਰਨ ਵਾਲਿਆਂ ਦੀ ਗਿਣਤੀ ਵਧ ਕੇ 4.07 ਕਰੋੜ ਹੋ ਗਈ ਹੈ। ਪਹਿਲਾਂ, ਇਨਕਮ ਟੈਕਸ ਰਿਟਰਨ ਭਰਨ ਵਾਲੇ ਲੋਕਾਂ ਦੀ ਗਿਣਤੀ 3.65 ਕਰੋੜ ਸੀ ਪਰ ਅਸਲ ਵਿਚ ਇਨਕਮ ਟੈਕਸ ਦਾ ਭੁਗਤਾਨ 2.06 ਕਰੋੜ ਲੋਕਾਂ ਕੀਤਾ ਹੈ। ਬਾਕੀ ਲੋਕਾਂ ਨੇ ਆਪਣੀ ਆਮਦਨ ਨੂੰ ਇਨਕਮ ਟੈਕਸ ਭਰਨ ਦੀ ਸੀਮਾ ਤੋਂ ਘੱਟ ਹੋਣ ਦਾ ਦਾਅਵਾ ਕੀਤਾ ਹੈ।

ਇਸ ਤੋਂ ਪਹਿਲਾਂ, ਸਾਲ 2014-15 ਵਿਚ 1.91 ਕਰੋੜ ਲੋਕਾਂ ਨੇ ਟੈਕਸ ਭਰਿਆ ਸੀ ਜਦਕਿ ਰਿਟਰਨ ਭਰਨ ਵਾਲਿਆਂ ਦੀ ਗਿਣਤੀ 3.65 ਕਰੋੜ ਸੀ। ਹਾਲਾਂਕਿ, ਸਾਲ 2015-16 ਵਿਚ ਇਨਕਮ ਟੈਕਸ ਦੇ ਭੁਗਤਾਨ ਦੀ ਰਕਮ ਘਟ ਕੇ 1.88 ਲੱਖ ਕਰੋੜ ਰੁਪਏ ਰਹਿ ਗਈ, ਜੋ 2014-15 ਵਿਚ 1.91 ਲੱਖ ਕਰੋੜ ਸੀ।

ਅੰਕੜਿਆਂ ਅਨੁਸਾਰ, 120 ਕਰੋੜ ਦੀ ਆਬਾਦੀ ਵਿਚੋਂ 3 ਫੀਸਦੀ ਤੋਂ ਵੱਧ ਲੋਕਾਂ ਨੇ ਇਨਕਮ ਟੈਕਸ ਰਿਟਰਨ ਭਾਰੀ ਹੈ। ਇਸ ਵਿਚੋਂ 2.01 ਕਰੋੜ ਲੋਕਾਂ ਨੇ ਜ਼ੀਰੋ ਇਨਕਮ ਟੈਕਸ ਭਰਿਆ, ਜਦਕਿ 9690 ਲੋਕਾਂ ਨੇ ਇਕ ਕਰੋੜ ਰੁਪਏ ਤੋਂ ਵੱਧ ਟੈਕਸ ਦਾ ਭੁਗਤਾਨ ਕੀਤਾ। ਸਿਰਫ ਇਕ ਵਿਅਕਤੀ ਨੇ 100 ਕਰੋੜ ਰੁਪਏ (238 ਕਰੋੜ ਰੁਪਏ) ਤੋਂ ਵੱਧ ਦਾ ਭੁਗਤਾਨ ਕੀਤਾ। ਕੁੱਲ 2.80 ਕਰੋੜ ਟੈਕਸ ਭਰਨ ਵਾਲਿਆਂ ਵਿਚੋਂ 19,931 ਕਰੋੜ ਰੁਪਏ ਉਨ੍ਹਾਂ ਲੋਕਾਂ ਤੋਂ ਪ੍ਰਾਪਤ ਹੋਏ ਜਿਨ੍ਹਾਂ ਨੇ 5.5 ਲੱਖ ਤੋਂ 9.5 ਲੱਖ ਰੁਪਏ ਦਾ ਭੁਗਤਾਨ ਕੀਤਾ। ਕੁੱਲ 4.07 ਕਰੋੜ ਲੋਕਾਂ ਵਿਚੋਂ ਰਿਟਰਨ ਭਰਨ ਵਾਲੇ, 82 ਲੱਖ ਲੋਕਾਂ ਨੇ ਸਿਫਰ ਟੈਕਸ ਅਦਾ ਕੀਤਾ ਹੈ।

# ਛੇ ਦੇਸ਼ਾਂ ਵੱਲੋਂ ਕਸ਼ਮੀਰ ਮਸਲੇ ਦੇ ਸ਼ਾਂਤੀਪੂਰਨ ਹੱਲ ਉਤੇ ਜ਼ੋਰ

**ਇਸਲਾਮਾਬਾਦ:** ਰੂਸ ਤੇ ਚੀਨ ਸਮੇਤ ਛੇ ਮੁਲਕਾਂ ਦੇ ਦਸਤਖਤਾਂ ਵਾਲੇ ਸਾਂਝੇ ਐਲਾਨਨਾਮੇ ਮੁਤਾਬਕ ਆਲਮੀ ਅਤੇ ਖੇਤਰੀ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣ ਲਈ ਕਸ਼ਮੀਰ ਮਸਲੇ ਦਾ ਯੂ.ਐਨ. ਸਲਾਮਤੀ ਕੌਂਸਲ ਦੇ

**ਦੋ-ਰੋਜ਼ਾ ਮੀਟਿੰਗ ਸਾਂਝੇ ਐਲਾਨਨਾਮੇ ਨਾਲ ਸਮਾਪਤ**

ਮਤਿਆਂ ਅਨੁਸਾਰ ਸ਼ਾਂਤੀਪੂਰਨ ਹੱਲ ਕੱਢਣ ਦੀ ਲੋੜ ਹੈ। 'ਡਾਅਨ ਨਿਊਜ਼' ਦੀ ਰਿਪੋਰਟ ਮੁਤਾਬਕ ਅਫ਼ਗਾਨਿਸਤਾਨ, ਚੀਨ, ਇਰਾਨ, ਰੂਸ, ਤੁਰਕੀ ਅਤੇ ਮੇਜ਼ਬਾਨ ਪਾਕਿਸਤਾਨ ਦੀਆਂ ਪਾਰਲੀਮੈਂਟ ਦੇ ਸਪੀਕਰਾਂ ਨੇ ਇਸਲਾਮਾਬਾਦ 'ਚ ਦੋ-ਰੋਜ਼ਾ ਮੀਟਿੰਗ ਕੀਤੀ, ਜੋ ਸਾਂਝੇ ਐਲਾਨਨਾਮੇ ਨਾਲ ਸਮਾਪਤ ਹੋ ਗਈ।

ਸੂਤਰਾਂ ਦੇ ਹਵਾਲੇ ਨਾਲ ਦਿੱਤੀ ਜਾਣਕਾਰੀ ਅਨੁਸਾਰ ਰੂਸੀ ਵਫਦ ਨੇ ਕਸ਼ਮੀਰ ਮਸਲੇ ਨੂੰ ਸ਼ਾਮਲ ਕਰਨ ਉਤੇ ਇਤਰਾਜ਼ ਕੀਤਾ। ਇਸ ਬਾਅਦ ਇਰਾਨ ਤੇ ਅਫਗਾਨਿਸਤਾਨ ਨੇ ਵੀ ਕਿੰਤੂ ਕੀਤਾ। ਸੂਤਰਾਂ ਨੇ ਦਾਅਵਾ ਕੀਤਾ ਕਿ ਇਰਾਨ ਨੇ ਕਸ਼ਮੀਰ-ਖਾਸ ਹਿੱਸੇ ਦੀ ਭਾਸ਼ਾ 'ਤੇ ਇਤਰਾਜ਼ ਕੀਤਾ। ਇਸ ਰਿਪੋਰਟ ਮੁਤਾਬਕ ਪਾਕਿਸਤਾਨ ਨੇ ਕਿਹਾ ਕਿ ਜਦੋਂ ਰੂਸ, ਇਰਾਨ ਤੇ ਤੁਰਕੀ ਵੱਲੋਂ ਆਪਣੇ ਰਾਜਸੀ ਹਿੱਤਾਂ ਵਾਲੇ ਮੁੱਦੇ ਜਿਵੇਂ ਇਰਾਕ ਤੇ ਸੀਰੀਆ ਸੰਕਟ, ਮੱਧ ਪੂਰਬ ਦੀਆਂ ਸਮੱਸਿਆਵਾਂ ਅਤੇ ਤੁਰਕੀ ਦੇ ਨਾਕਾਮ ਰਾਜ ਪਲਟੇ ਆਦਿ ਨੂੰ ਸ਼ਾਮਲ ਕੀਤਾ ਗਿਆ ਸੀ ਤਾਂ ਪਾਕਿਸਤਾਨ ਲਈ ਕਸ਼ਮੀਰ ਮੁੱਦੇ ਨੂੰ ਬਾਹਰ ਰੱਖਣਾ ਅਸੰਭਵ ਸੀ। ਅਫਗਾਨਿਸਤਾਨ ਦੇ ਨੁਮਾਇੰਦਿਆਂ ਨੂੰ ਮਨਾਉਣਾ ਸਭ ਤੋਂ ਔਖਾ ਸੀ। ਨੈਸ਼ਨਲ ਅਸੈਂਬਲੀ ਮੀਡੀਆ ਡਾਇਰੈਕਟਰ ਮੁਹੰਮਦ ਮੋਹਸਿਨ ਇਕਬਾਲ ਨੇ ਦੱਸਿਆ ਕਿ ਵਫਦਾਂ ਦੇ ਵਿਚਾਰਾਂ ਵਿਚ ਵਖਰੇਵਾਂ ਸੀ, ਜਿਸ ਨੂੰ ਸੁਲਝਾ ਲਿਆ ਹੈ।

## ਹਾਫਿਜ਼ ਦੇ ਚੋਣ ਮੈਦਾਨ 'ਚ ਉਤਰਨ 'ਤੇ ਅਮਰੀਕਾ ਚਿੰਤਤ

**ਵਾਸ਼ਿੰਗਟਨ:** ਮੁੰਬਈ ਅਤਿਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਾਰ ਅਤੇ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਦੇ 2018 ਦੀਆਂ ਆਮ ਚੋਣਾਂ ਵਿਚ ਹਿੱਸਾ ਲੈਣ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਅਮਰੀਕਾ ਬਹੁਤ ਚਿੰਤਤ ਹੈ। ਸਈਦ ਪਹਿਲਾਂ ਹੀ ਇਸ ਦੀ ਪੁਸ਼ਟੀ ਕਰ ਚੁੱਕਾ ਹੈ ਕਿ ਉਸ ਦਾ ਸੰਗਠਨ ਜਮਾਤ-ਉਦ-ਦਾਵਾ ਆਮ ਚੋਣਾਂ 'ਚ ਮਿਲੀ ਮੁਸਲਿਮ ਲੀਗ ਦੇ ਬੈਨਰ ਹੇਠ ਚੋਣ ਲੜੇਗਾ।


# ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 262-391-7666

50-52

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਘਰ ਘਰ ਨੌਕਰੀ ਵਾਲੇ ਵਾਅਦੇ ਤੋਂ ਪੈਰ ਖਿੱਚਣ ਲੱਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਘਰ ਘਰ ਨੌਕਰੀ ਦੇਣ ਬਾਰੇ ਨੌਜਵਾਨਾਂ ਨੂੰ ਦਿੱਤੀ ਉਮੀਦ ਦਮ ਤੋੜਦੀ ਦਿਖਾਈ ਦੇ ਰਹੀ ਹੈ। ਸੂਬੇ ਦੇ ਇਕ ਵੱਡੇ ਸਿਆਸੀ ਪਰਿਵਾਰ ਦੇ ਫਰਜ਼ੰਦ ਨੂੰ ਨੇਮਾਂ ਦੀ ਅਣਦੇਖੀ ਕਰ ਕੇ ਡੀ.ਐਸ.ਪੀ. ਲਾ ਦਿੱਤਾ ਗਿਆ, ਪਰ ਬਾਕੀਆਂ ਲਈ ਨੌਕਰੀ ਮਿਲਣ ਤੱਕ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਉਤੇ ਵੀ ਵਿਚਾਰ ਚਰਚਾ ਨਹੀਂ ਹੋਈ। ਪਿਛਲੇ ਦਿਨੀਂ ਲੱਗੇ ਰੁਜ਼ਗਾਰ ਮੇਲਿਆਂ ਦੇ ਨਤੀਜੇ ਵੀ ਉਤਸ਼ਾਹ ਵਧਾਊ ਨਹੀਂ ਰਹੇ ਹਨ। ਉਪਰੋਂ, ਬਠਿੰਡਾ ਥਰਮਲ ਬੰਦ ਕਰਨ ਦੇ ਫੈਸਲੇ ਨਾਲ 6300 ਠੇਕਾ ਮੁਲਾਜ਼ਮਾਂ ਨੂੰ ਨੌਕਰੀ ਦੇ ਲਾਲੇ ਪੈ ਗਏ ਹਨ।



ਸਾਲ 2015-16 ਦੇ ਤੱਥਾਂ ਅਨੁਸਾਰ ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਕੌਮੀ ਔਸਤ 11.6 ਫੀਸਦੀ ਨਾਲੋਂ ਵੀ ਵੱਧ ਭਾਵ 16.8 ਫੀਸਦੀ ਹੈ। ਇਸ ਦਾ ਮਤਲਬ ਹੈ ਕਿ ਕੰਮ ਕਰਨਯੋਗ ਉਮਰ ਦੇ ਦਾਇਰੇ ਵਿਚ ਜਿੰਨੇ ਲੋਕ ਆਉਂਦੇ ਹਨ, ਉਨ੍ਹਾਂ ਦਾ ਇਹ ਹਿੱਸਾ ਬੇਰੁਜ਼ਗਾਰ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਲਗਭਗ 17 ਲੱਖ ਬੇਰੁਜ਼ਗਾਰ ਹਨ, ਹਾਲਾਂਕਿ ਬੇਰੁਜ਼ਗਾਰਾਂ ਦੀ ਗਿਣਤੀ ਦਾ ਸਹੀ ਅਨੁਮਾਨ ਲਾਉਣ ਲਈ ਪਿਛਲੀ ਬਾਦਲ ਸਰਕਾਰ ਨੇ ਸਰਵੇਖਣ ਕਰਵਾਉਣ ਦਾ ਵਾਅਦਾ ਕੀਤਾ ਸੀ। ਸਰਵੇਖਣ ਵੀ ਹੋਇਆ, ਪਰ ਰਿਪੋਰਟ ਸਾਲਾਂ ਤੱਕ ਦੱਬ ਲਈ ਗਈ ਤੇ ਅਜੇ ਤੱਕ ਜਨਤਕ ਨਹੀਂ ਹੋਈ। ਸਾਲ 2011 ਦੀ ਰਾਇਸ਼ੁਮਾਰੀ ਮੁਤਾਬਕ ਪੰਜਾਬ ਵਿਚ ਕੁੱਲ 98,97,362 ਕਾਮੇ ਹਨ। ਸਮਾਜਿਕ ਸੁਰੱਖਿਆ ਦੇ ਕਿਸੇ ਪ੍ਰਬੰਧ ਦੀ ਗੈਰਹਾਜ਼ਰੀ ਕਾਰਨ ਇਨ੍ਹਾਂ ਵਿਚ 70 ਸਾਲ ਤੋਂ ਵੱਧ ਅਤੇ 80 ਸਾਲ ਤੋਂ ਵੱਧ ਵਾਲੇ ਤੇ ਕੰਮ ਕਰਨ ਲਈ ਮਜਬੂਰ 3,33,573 ਬਜ਼ੁਰਗ ਵੀ ਸ਼ਾਮਲ ਹਨ। 15 ਤੋਂ 35 ਸਾਲ ਦੀ ਉਮਰ ਗਰੁੱਪ ਦੇ 43,24, 543 ਕਾਮੇ ਅਤੇ ਇਸ ਤੋਂ ਵੱਧ 60 ਸਾਲ ਤੱਕ ਵਾਲੇ 9,44,946 ਕਾਮੇ ਹਨ। ਪੰਜਾਬ ਦੇ ਲੇਬਰ ਕਮਿਸ਼ਨਰ ਦੇ ਦਫਤਰ ਦੇ ਅੰਕੜਿਆਂ ਅਨੁਸਾਰ 35,22, 966 ਕਾਮੇ ਖੇਤੀ ਖੇਤਰ ਵਿਚ ਹਨ। 6,80,457 ਕਾਮੇ ਵੱਡੇ ਅਤੇ ਮੱਧਵਰਗੀ ਉਦਯੋਗਾਂ ਵਿਚ ਲੱਗੇ ਹੋਏ ਹਨ। ਸਾਲ 2014-15 ਦੇ ਅੰਕੜੇ ਦੱਸਦੇ ਹਨ ਕਿ 11,39,126 ਕਾਮੇ ਛੋਟੇ ਉਦਯੋਗਾਂ ਵਿਚ ਕੰਮ ਕਰ ਰਹੇ ਹਨ।

ਸਾਲ 2015 ਦੇ ਰੁਜ਼ਗਾਰ ਵਿਭਾਗ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ 8,56,074 ਮੁਲਾਜ਼ਮ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਦੇ ਅਦਾਰਿਆਂ ਵਿਚ ਕੰਮ ਕਰ ਰਹੇ ਹਨ। ਕੇਂਦਰ ਸਰਕਾਰ ਦੇ 63189 ਮੁਲਾਜ਼ਮ, ਪੰਜਾਬ ਸਰਕਾਰ ਦੇ 2,58,701, ਅਰਧ ਸਰਕਾਰੀ ਸੰਸਥਾਵਾਂ ਦੇ 1,39,825 ਤੇ ਸਥਾਨਕ ਸਰਕਾਰਾਂ ਦੇ 27,463 ਮੁਲਾਜ਼ਮ ਹਨ। ਰੁਜ਼ਗਾਰ ਦਫਤਰਾਂ ਦੀ ਕੋਈ ਅਹਿਮੀਅਤ ਨਹੀਂ ਰਹੀ, ਪਰ ਅਜੇ ਵੀ ਇਨ੍ਹਾਂ ਵਿਚ ਰਜਿਸਟਰਡ ਬੇਰੁਜ਼ਗਾਰਾਂ ਦੀ ਗਿਣਤੀ 3,41,340 ਹੈ। ਇਹ ਤੱਥ ਬੇਰੁਜ਼ਗਾਰੀ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਾਰੀ ਚੋਣ ਮਨੋਰਥ ਪੱਤਰ ਵਿਚ ਕਾਂਗਰਸ ਨੇ ਕਿਹਾ ਸੀ ਕਿ ਸਰਕਾਰ ਘਰ ਘਰ ਨੌਕਰੀ ਦੇਵੇਗੀ। ਇਸ ਤਹਿਤ ਸੰਸਾਰ ਪੱਧਰੀ ਅਤੇ ਘਰੇਲੂ ਨਿਵੇਸ਼ਕਾਂ ਨੂੰ ਪੰਜਾਬ ਵਿਚ ਯੂਨਿਟਾਂ ਲਾਉਣ ਲਈ ਛੋਟੇ ਅਤੇ ਮੱਧ ਵਰਗੀ ਉਦਯੋਗਾਂ ਦੇ ਕਲੱਸਟਰਾਂ ਦੀ ਪੜਚੋਲ ਕਰੇਗੀ। ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਵੇਗੀ। ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਇਕਾਈਆਂ ਲਾਉਣ ਵਾਲੀਆਂ ਕੰਪਨੀਆਂ ਦੀ ਚੋਣ ਕਰੇਗੀ ਤੇ ਰੁਜ਼ਗਾਰ ਪੈਦਾ ਕਰਨ ਤੱਕ 2500 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।

## ਸਰਕਾਰੀ ਨੌਕਰੀਆਂ ਦੀ ਥਾਂ ਪ੍ਰਾਈਵੇਟ ਕੰਪਨੀਆਂ 'ਤੇ ਟੇਕ

**ਚੰਡੀਗੜ੍ਹ:** ਕੈਪਟਨ ਸਰਕਾਰ ਦੀ ਪ੍ਰਾਈਵੇਟ ਕਾਲਜਾਂ ਅਤੇ ਨਿੱਜੀ ਕੰਪਨੀਆਂ ਰਾਹੀਂ ਬੇਰੁਜ਼ਗਾਰੀ ਦੂਰ ਕਰਨ ਦੀ ਪ੍ਰਕਿਰਿਆ ਉਪਰ ਚੁਫੇਰਿਉਂ ਸਵਾਲ ਖੜ੍ਹੇ ਹੋਏ ਹਨ ਤੇ ਦੋਸ਼ ਲੱਗੇ ਹਨ ਕਿ ਸਰਕਾਰ ਵੱਲੋਂ ਸਰਕਾਰੀ ਵਿਭਾਗਾਂ ਵਿਚਲੀਆਂ ਸਾਲਾਂ ਤੋਂ ਖਾਲੀ ਅਸਾਮੀਆਂ ਭਰਨ ਦੀ ਥਾਂ ਇਹ 'ਨਾਟਕ' ਕੀਤਾ ਜਾ ਰਿਹਾ ਹੈ। ਕੈਪਟਨ ਸਰਕਾਰ ਜਿਥੇ ਸਰਕਾਰੀ ਵਿਭਾਗਾਂ ਵਿਚਲੀਆਂ ਖਾਲੀ ਅਸਾਮੀਆਂ 'ਤੇ ਰੈਗੂਲਰ ਭਰਤੀ ਕਰਨ ਦੀ ਅਜੇ ਸ਼ੁਰੂਆਤ ਨਹੀਂ ਕਰ ਸਕੀ, ਉਥੇ ਬਾਦਲ ਸਰਕਾਰ ਵਾਂਗ ਹੀ ਪਹਿਲੇ ਤਿੰਨ ਸਾਲ ਪਰਖ ਸਮੇਂ ਦੌਰਾਨ ਨਵੇਂ ਭਰਤੀ ਮੁਲਾਜ਼ਮਾਂ ਨੂੰ ਮੁਢਲੀਆਂ ਤਨਖਾਹਾਂ (ਬਣਦੀ ਤਨਖਾਹ ਦਾ ਤਕਰੀਬਨ ਇਕ ਤਿਹਾਈ ਹਿੱਸਾ) ਦੇ ਕੇ ਬੇਇਨਸਾਫੀ ਕਰ ਰਹੀ ਹੈ। ਸਰਕਾਰੀ ਅੰਕੜੇ ਬੋਲਦੇ ਹਨ ਕਿ ਸੂਬੇ ਦੇ ਸਰਕਾਰੀ ਅਤੇ ਅਰਧ-ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਸਮੇਂ ਮੁਤਾਬਕ ਵਧਣ ਦੀ ਥਾਂ ਘਟਦੀ ਜਾ ਰਹੀ ਹੈ।

# ਧੋਖੇਬਾਜ਼ ਟਰੈਵਲ ਏਜੰਟਾਂ ਖਿਲਾਫ ਕਾਰਵਾਈ ਤੋਂ ਟਾਲਾ

**ਚੰਡੀਗੜ੍ਹ:** ਭੁਲੱਥ ਤੇ ਮੁਕੇਰੀਆਂ ਖੇਤਰ ਦੇ ਏਜੰਟਾਂ ਵੱਲੋਂ ਅਮਰੀਕਾ ਭੇਜੇ ਅੱਧੀ ਦਰਜਨ ਨੌਜਵਾਨਾਂ ਦੇ ਰਸਤੇ ਵਿਚ ਹੀ ਲਾਪਤਾ ਹੋਣ ਦੀ ਘਟਨਾ ਵਾਪਰਿਆਂ ਤਕਰੀਬਨ ਚਾਰ ਮਹੀਨੇ ਬੀਤਣ ਵਾਲੇ ਹਨ। ਪੁਲਿਸ ਨੇ ਦੋਸ਼ੀ ਟਰੈਵਲ ਏਜੰਟਾਂ ਖਿਲਾਫ ਅਜੇ ਤੱਕ ਵੀ ਕੋਈ ਕਾਰਵਾਈ ਨਹੀਂ ਕੀਤੀ ਤੇ ਮਹਿਜ਼ ਪਰਚੇ ਦਰਜ ਕਰ ਕੇ ਬੁੱਤਾ ਸਾਰਿਆ ਜਾ ਰਿਹਾ ਹੈ।

**ਲਾਪਤਾ ਨੌਜਵਾਨਾਂ ਦੀ ਕੋਈ ਸੂਹ ਨਾ ਮਿਲੀ**




ਲਾਪਤਾ ਨੌਜਵਾਨਾਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਵੱਡੀਆਂ ਰਕਮਾਂ ਵੀ ਏਜੰਟਾਂ ਹੜੱਪ ਕਰ ਗਏ ਹਨ ਤੇ ਉਹ ਮੁੰਡੇ ਵੀ ਹੱਥੋਂ ਗਵਾ ਬੈਠੇ ਹਨ। ਪੁਲਿਸ ਨੇ ਅਜਿਹੇ ਏਜੰਟਾਂ ਨੂੰ ਗ੍ਰਿਫਤਾਰ ਕਰਨ ਤੇ ਸਾਰਾ ਸੱਚ ਸਾਹਮਣੇ ਲਿਆਉਣ ਲਈ ਕੋਈ ਕਾਰਵਾਈ ਨਹੀਂ ਕੀਤੀ। ਮੁਕੇਰੀਆਂ ਲਾਗਲੇ ਪਿੰਡ ਦੇ ਨੌਜਵਾਨ ਸਰਬਜੀਤ ਸਿੰਘ ਦੇ ਪਿਤਾ ਸੂਬੇਦਾਰ ਸ਼ਮਸ਼ੇਰ ਸਿੰਘ ਇਕ ਮਹੀਨੇ ਦੀ ਛੁੱਟੀ ਲੈ ਕੇ ਆਏ ਤੇ ਆਪਣੇ ਇਕਲੌਤੇ ਪੁੱਤਰ ਦੀ ਭਾਲ ਲਈ ਸਥਾਨਕ ਪੁਲਿਸ ਤੇ ਸਿਵਲ ਅਧਿਕਾਰੀਆਂ ਤੋਂ ਲੈ ਕੇ ਮੁੱਖ ਮੰਤਰੀ ਤੇ ਦੇਸ਼ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੱਕ ਇਨਸਾਫ ਲਈ ਪੁਕਾਰ ਕਰਦੇ ਰਹੇ, ਪਰ ਕਿਸੇ ਨੇ ਨਹੀਂ ਸੁਣੀ। ਹਟਕੋਰੇ ਭਰਦਿਆਂ ਵਾਪਸ ਜਾਣ ਸਮੇਂ ਉਹ ਕਹਿ ਰਿਹਾ ਸੀ ਕਿ ਸਰਹੱਦਾਂ 'ਤੇ ਪਹਿਰਾ ਦੇਣ ਵਾਲਿਆਂ ਦੇ ਪਰਿਵਾਰਾਂ ਦੀ ਹਿਫਾਜ਼ਤ ਜੇ ਪਿੱਛੇ ਸਰਕਾਰ ਨਹੀਂ ਕਰੇਗੀ ਤਾਂ ਫਿਰ ਅਸੀਂ ਕਿਹੜੇ ਹੌਸਲੇ ਮੁਸ਼ਕਲ ਹਾਲਾਤਾਂ 'ਚ ਦੁਸ਼ਮਣਾਂ ਵਿਰੁੱਧ ਲੜਾਂਗੇ।

ਸਰਬਜੀਤ ਤੇ ਉਸ ਨਾਲ ਗਏ ਮੁਕੇਰੀਆਂ ਖੇਤਰ ਦੇ ਪਿੰਡਾਂ ਦੇ ਲਾਪਤਾ ਮੁੰਡਿਆਂ ਬਾਰੇ ਕੇਸ ਤਾਂ ਦਰਜ ਕਰ ਲਿਆ, ਪਰ ਕਾਰਵਾਈ ਕੋਈ ਨਹੀਂ ਤੇ ਦੋਸ਼ੀ ਟਰੈਵਲ ਏਜੰਟ ਜ਼ਮਾਨਤਾਂ ਕਰਵਾਉਂਦੇ ਫਿਰ ਰਹੇ ਹਨ। ਭੁਲੱਥ ਲਾਗਲੇ ਪਿੰਡ ਤਲਵੰਡੀ ਮਾਨਾ ਦੇ ਪ੍ਰਗਟ ਸਿੰਘ ਦਾ ਕਹਿਣਾ ਹੈ ਕਿ ਅਸੀਂ ਟਰੈਵਲ ਏਜੰਟ ਵਿਰੁੱਧ ਸਾਰੇ ਦਸਤਾਵੇਜ਼ੀ ਸਬੂਤ ਦੇ ਚੁੱਕੇ ਹਾਂ, ਪਰ ਪੁਲਿਸ ਕਾਰਵਾਈ ਕਰਨ ਲਈ ਤਿਆਰ ਨਹੀਂ ਹੈ। ਅਦਾਲਤ ਵਿਚ ਜ਼ਮਾਨਤ ਲਈ ਤਿੰਨ ਜਨਵਰੀ ਦੀ ਪੇਸ਼ੀ ਹੈ। ਪੁਲਿਸ ਕਾਰਵਾਈ ਦੀ ਥਾਂ ਉਲਟਾ ਜ਼ਮਾਨਤ ਦੀ ਉਡੀਕ ਕਰ ਰਹੀ ਹੈ। ਰਾਜਸੀ ਆਗੂ ਵੀ ਸਾਡੀ ਕੋਈ ਸੁਣਵਾਈ ਨਹੀਂ ਕਰ ਰਹੇ।

# ਸ਼ਰਧਾਲੂਆਂ ਲਈ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਲੱਗੀ ਲਿਫਟ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਅਪਾਹਜ ਤੇ ਬਜ਼ੁਰਗ ਸ਼ਰਧਾਲੂਆਂ ਦੀ ਸਹੂਲਤ ਲਈ ਅਕਾਲ ਤਖਤ ਦੇ ਸਕੱਤਰੇਤ ਵਾਲੇ ਪਾਸੇ ਪੌੜੀਆਂ ਨਾਲ ਪਹਿਲੀ ਆਊਟਡੋਰ ਸਟੇਅਰ ਲਿਫਟ (ਪੌੜੀਆਂ ਵਾਲੀ ਲਿਫਟ) ਲਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਨੇ ਦੱਸਿਆ ਕਿ ਹਰਿਮੰਦਰ ਸਾਹਿਬ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸ਼ਰਧਾਲੂ ਆਉਂਦੇ ਹਨ, ਜਿਨ੍ਹਾਂ ਵਿਚ ਬਜ਼ੁਰਗ ਅਤੇ ਅਪਾਹਜ ਵੀ ਸ਼ਾਮਲ ਹੁੰਦੇ ਹਨ। ਪ੍ਰਬੰਧਕਾਂ ਵੱਲੋਂ ਅਪਾਹਜ ਤੇ ਬਜ਼ੁਰਗ ਸ਼ਰਧਾਲੂਆਂ ਵਾਸਤੇ ਵੀਲ੍ਹ ਚੇਅਰ ਦਾ ਪ੍ਰਬੰਧ ਕੀਤਾ ਹੋਇਆ ਹੈ, ਜਿਸ ਰਾਹੀਂ ਉਹ ਪਰਿਕਰਮਾ ਕਰ ਕੇ ਗੁਰੂ ਘਰ ਵਿਚ ਨਤਮਸਤਕ ਹੁੰਦੇ ਹਨ ਪਰ ਪਰਿਕਰਮਾ ਵਿਚ ਹੇਠਾਂ ਉਤਰਨ ਵਾਸਤੇ ਅਜਿਹੇ ਸ਼ਰਧਾਲੂਆਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਦੇ ਹੱਲ ਲਈ ਅਕਾਲ ਤਖਤ ਦੇ ਸਕੱਤਰੇਤ ਵਾਲੇ ਪਾਸੇ ਪੌੜੀਆਂ ਵਾਲੀ ਲਿਫਟ ਲਾਈ ਗਈ ਹੈ।

# ਜਾਧਵ ਵੱਲੋਂ ਪਤਨੀ ਤੇ ਮਾਂ ਨਾਲ ਮੁਲਾਕਾਤ

**ਇਸਲਾਮਾਬਾਦ:** ਪਾਕਿਸਤਾਨ ਵਿਚ ਜਾਸੂਸੀ ਦੇ ਦੋਸ਼ 'ਚ ਮੌਤ ਦੀ ਸਜ਼ਾਯਾਫਤਾ ਸਾਬਕਾ ਭਾਰਤੀ ਜਲ ਸੈਨਿਕ ਕੁਲਭੂਸ਼ਨ ਜਾਧਵ ਨੇ ਆਪਣੀ ਪਤਨੀ ਤੇ ਮਾਂ ਨਾਲ ਮੁਲਾਕਾਤ ਕੀਤੀ। ਚਾਲੀ ਮਿੰਟਾਂ ਦੀ ਇਸ ਮੁਲਾਕਾਤ ਦੌਰਾਨ ਜਾਧਵ ਅਤੇ ਉਸ ਦੇ ਪਰਿਵਾਰ ਵਿਚਾਲੇ ਸ਼ੀਸ਼ੇ ਦੀ ਦੀਵਾਰ ਮੌਜੂਦ ਸੀ ਤੇ ਵਾਰਤਾਲਾਪ ਇੰਟਰਕੌਮ ਰਾਹੀਂ ਹੋਇਆ। ਕਈ ਯਤਨਾਂ ਮਗਰੋਂ ਅਮਲ ਵਿਚ ਆਈ ਇਹ ਮੁਲਾਕਾਤ ਵਿਦੇਸ਼ ਮੰਤਰਾਲੇ ਦੀ ਉਚ ਸੁਰੱਖਿਆ ਵਾਲੀ ਇਮਾਰਤ ਵਿਚ ਹੋਈ। ਮਾਰਚ ਵਿਚ ਗ੍ਰਿਫਤਾਰੀ ਤੋਂ ਬਾਅਦ ਜਾਧਵ ਦੀ ਆਪਣੇ ਪਰਿਵਾਰ ਨਾਲ ਇਹ ਪਹਿਲੀ ਮੁਲਾਕਾਤ ਹੈ।



ਮੁਲਕ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੇ ਜਨਮ ਦਿਹਾੜੇ 'ਤੇ ਕਰਵਾਈ ਇਸ ਮੁਲਾਕਾਤ ਨੂੰ ਪਾਕਿਸਤਾਨ ਨੇ ਇਨਸਾਨੀ ਹਮਦਰਦੀ ਵਜੋਂ ਕੀਤੀ ਕੋਸ਼ਿਸ਼ ਦਿਖਾਇਆ ਹੈ।

# ਰਸੂਖਵਾਨ ਬੈਂਕ ਡਿਫਾਲਟਰਾਂ ਨੂੰ ਘੇਰਾ

**ਬਠਿੰਡਾ:** ਵਿਕਾਸ ਬੈਂਕਾਂ ਨੇ ਰਸੂਖਵਾਨ ਡਿਫਾਲਟਰਾਂ ਨੂੰ ਗ੍ਰਿਫਤਾਰ ਕਰਨ ਲਈ ਤਿਆਰੀ ਵਿੱਢ ਦਿੱਤੀ ਹੈ, ਜਿਸ ਲਈ ਸਰਕਾਰੀ ਇਸ਼ਾਰੇ ਦੀ ਉਡੀਕ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਸਿਧਾਂਤਕ ਤੌਰ ਉਤੇ ਸਹਿਮਤੀ ਦੇ ਦਿੱਤੀ ਹੈ ਕਿ ਸਰਦੇ-ਪੁੱਜਦੇ ਡਿਫਾਲਟਰਾਂ ਖਿਲਾਫ ਸਖਤ ਕਦਮ ਚੁੱਕੇ ਜਾਣ, ਪਰ ਉਹ ਇਸ ਤੋਂ ਪਹਿਲਾਂ ਆਪਣੀ ਕਰਜ਼ਾ ਮੁਆਫੀ ਮੁਹਿੰਮ ਦਾ ਮੁੱਢ ਬੰਨ੍ਹੇਗੀ। ਖੇਤੀ ਵਿਕਾਸ ਬੈਂਕ ਵੱਡਿਆਂ ਦੇ ਘਰਾਂ ਅੱਗੇ ਸ਼ੁਰੂ ਕੀਤੀ 'ਧਰਨਾ ਮੁਹਿੰਮ' ਤੋਂ ਹੌਸਲੇ ਵਿਚ ਹੈ, ਜਿਸ ਦੇ ਸਿੱਟੇ ਵਜੋਂ ਹੁਣ ਵੱਡੇ ਡਿਫਾਲਟਰਾਂ ਦੇ ਗ੍ਰਿਫਤਾਰੀ ਵਾਰੰਟ ਲੈਣ ਦੀ ਤਿਆਰੀ ਖਿੱਚ ਲਈ ਗਈ ਹੈ।



ਖੇਤੀ ਵਿਕਾਸ ਬੈਂਕਾਂ ਨੂੰ ਹੁਣ ਤੱਕ 307 ਕਰੋੜ ਰੁਪਏ ਦੀ ਵਸੂਲੀ ਹੋ ਚੁੱਕੀ ਹੈ, ਜਿਸ ਵਿਚੋਂ 180 ਕਰੋੜ ਰੁਪਏ ਇਕੱਲੇ ਡਿਫਾਲਟਰਾਂ ਤੋਂ ਮਿਲੇ ਹਨ। ਪੰਜਾਬ ਸਰਕਾਰ ਨੇ ਖੇਤੀ ਕਰਜ਼ਿਆਂ ਵਾਲੇ ਡਿਫਾਲਟਰ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਦਾ ਝੰਜਟ ਮੁਕਾ ਦਿੱਤਾ ਹੈ ਪਰ ਗੈਰ-ਖੇਤੀ ਕਰਜ਼ਿਆਂ ਵਾਲੇ ਕਿਸਾਨਾਂ ਉਤੇ ਤਲਵਾਰ ਲਟਕ ਰਹੀ ਹੈ। ਖੇਤੀ ਵਿਕਾਸ ਬੈਂਕਾਂ ਨੇ ਵਿਰੋਧ ਤੋਂ ਬਚਣ ਲਈ ਮੁਢਲੇ ਪੜਾਅ ਉਤੇ ਵੱਡੇ ਡਿਫਾਲਟਰਾਂ ਨੂੰ ਦੂਸਰਾ ਵੱਡਾ ਝਟਕਾ ਦੇਣ ਦੀ ਵਿਉਂਤ ਬਣਾਈ ਹੈ। ਸੂਤਰਾਂ ਮੁਤਾਬਕ ਖੇਤੀ ਵਿਕਾਸ ਬੈਂਕਾਂ ਨੇ ਵੱਡਿਆਂ ਨੂੰ ਜੇਲ੍ਹ ਦਿਖਾਉਣ ਲਈ ਤਿਆਰੀ ਕਰ ਲਈ ਹੈ, ਸਿਰਫ ਸਰਕਾਰ ਤੋਂ ਹਰੀ ਝੰਡੀ ਦੀ ਉਡੀਕ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਨਵਰੀ ਦੇ ਪਹਿਲੇ ਹਫਤੇ ਵਿਚ ਕਰਜ਼ਾ ਮੁਆਫੀ ਮੁਹਿੰਮ ਦੀ ਸ਼ੁਰੂਆਤ ਮਾਨਸਾ ਤੋਂ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਨਵੇਂ ਵਰ੍ਹੇ ਦੇ ਦੂਸਰੇ ਹਫਤੇ ਤੋਂ ਵੱਡੇ ਡਿਫਾਲਟਰਾਂ ਖਿਲਾਫ ਸ਼ਿਕੰਜਾ ਹੋਰ ਕਸੇ ਜਾਣ ਦੀ ਸੰਭਾਵਨਾ ਹੈ। ਦੋ ਬੈਂਕਾਂ ਦੇ ਮੈਨੇਜਰਾਂ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਜ਼ਬਾਨੀ ਹੁਕਮ ਆ ਗਏ ਹਨ ਕਿ ਉਹ ਵੱਡਿਆਂ ਦੇ ਗ੍ਰਿਫਤਾਰੀ ਵਾਰੰਟ ਲੈਣ ਲਈ ਮੁਢਲਾ ਕੰਮ ਤਿਆਰ ਰੱਖਣ। ਗ੍ਰਿਫਤਾਰੀ ਵਾਰੰਟ ਲੈਣ ਲਈ ਕੋਈ ਅੜਿੱਕਾ ਨਾ ਪਿਆ ਤਾਂ ਕਈ ਸਾਬਕਾ ਮੰਤਰੀ ਤੇ ਸਾਬਕਾ ਵਿਧਾਇਕਾਂ ਨੂੰ ਜੇਲ੍ਹ ਦੀ ਹਵਾ ਖਾਣੀ ਪੈ ਸਕਦੀ ਹੈ। ਪੰਜਾਬ ਵਿਚ ਵੱਡੇ ਡਿਫਾਲਟਰਾਂ ਵੱਲ 233 ਕਰੋੜ ਰੁਪਏ ਫਸੇ ਹੋਏ ਹਨ। ਪਿਛਲੇ ਦਿਨੀਂ ਖੇਤੀ ਵਿਕਾਸ ਬੈਂਕ ਗੁਰੂਹਰਸਹਾਏ ਨੇ ਦੋ ਕਿਸਾਨ ਜੇਲ੍ਹੇ ਭੇਜੇ ਹਨ ਜਿਸ ਦਾ ਕਿਸਾਨ ਧਿਰਾਂ ਨੇ ਵੀ ਸਖਤ ਨੋਟਿਸ ਲਿਆ ਹੈ। ਪਤਾ ਲੱਗਾ ਹੈ ਕਿ ਬੈਂਕ ਇਨ੍ਹਾਂ ਗ੍ਰਿਫਤਾਰੀਆਂ ਮਗਰੋਂ ਪਿੱਛੇ ਹਟ ਗਏ ਹਨ। ਉਲਟਾ, ਮੁੜ ਵੱਡਿਆਂ ਦੇ ਘਰਾਂ ਵੱਲ ਮੂੰਹ ਕਰ ਲਏ ਹਨ।

# ਤਿੰਨ ਤਲਾਕ ਬਿੱਲ ਖਿਲਾਫ ਡਟਿਆ ਮੁਸਲਿਮ ਪਰਸਨਲ ਲਾਅ ਬੋਰਡ

**ਲਖਨਊ:** ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਤਿੰਨ ਤਲਾਕ ਬਿੱਲ ਨੂੰ ਸ਼ਰੀਅਤ ਦੇ ਖਿਲਾਫ ਕਰਾਰ ਦਿੰਦੇ ਹੋਏ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਕਿ ਕਾਨੂੰਨ ਦੇ ਜ਼ਰੀਏ ਮੁਸਲਮਾਨਾਂ ਦੇ ਤਲਾਕ ਦੇਣ ਦੇ ਅਧਿਕਾਰ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਬੋਰਡ ਨੇ ਇਸ ਬਿੱਲ ਨੂੰ ਕਤਈ ਸਵੀਕਾਰ ਨਹੀਂ ਕਰਨ ਦਾ ਐਲਾਨ ਕਰਦੇ ਹੋਏ ਸਰਕਾਰ ਤੋਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ। ਬੋਰਡ ਦੇ ਬੁਲਾਰੇ ਖਲੀਲਉਰਰਹਿਮਾਨ ਸੱਜਾਦ ਨੋਮਾਨੀ ਅਤੇ ਆਲ ਇੰਡੀਆ ਇਤਿਹਾਦੁਲ ਮੁਸਲਮੀਨ ਦੇ ਮੁਖੀ ਅਸਦਉਦੀਨ ਓਵੈਸੀ ਸਮੇਤ ਕਾਰਜਕਾਰਨੀ ਦੇ 50 ਮੈਂਬਰਾਂ ਨੇ ਹੰਗਾਮੀ ਬੈਠਕ 'ਚ ਇਕ ਸੁਰ ਵਿਚ ਕਿਹਾ ਕਿ ਪ੍ਰਸਤਾਵਿਤ ਬਿੱਲ ਸ਼ਰੀਅਤ ਖਿਲਾਫ ਹੈ ਤੇ ਸਰਕਾਰ ਦੀ ਮੁਸਲਿਮ ਕਾਨੂੰਨ ਉਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾਵੇਗਾ।

# ਪਟਨਾ ਸਾਹਿਬ 'ਚ ਪ੍ਰਕਾਸ਼ ਪੁਰਬ 'ਤੇ ਸ਼ਰਧਾ ਦਾ ਦਰਿਆ ਵਗਿਆ

**ਪਟਨਾ ਸਾਹਿਬ:** ਪਟਨਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਗਮ ਪੂਰੇ ਜਾਹੋ ਜਲਾਲ ਨਾਲ ਮੁਕੰਮਲ ਹੋਏ। ਬਿਹਾਰ ਸਰਕਾਰ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਸਾਂਝੇ ਯਤਨਾਂ ਨਾਲ ਕਰਵਾਏ ਸ਼ਤਾਬਦੀ ਸਮਾਗਮ ਮੌਕੇ ਲੱਖਾਂ ਸ਼ਰਧਾਲੂਆਂ ਨੇ ਮੱਥਾ ਟੇਕਿਆ। ਇਨ੍ਹਾਂ ਸਮਾਗਮਾਂ ਵਿਚ ਦੇਸ਼ ਦੀਆਂ ਪ੍ਰਮੁੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਰਸਮੀ ਤੌਰ ਉਤੇ ਤਿੰਨ ਦਿਨ ਚੱਲੇ ਧਾਰਮਿਕ ਸਮਾਗਮ ਵਿਚ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਉਚੇਚੇ ਤੌਰ ਉਤੇ ਹਾਜ਼ਰੀ ਭਰੀ। ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ



ਅਵਤਾਰ ਸਿੰਘ ਮੱਕੜ ਨੇ ਵੀ ਸਮਾਗਮਾਂ ਵਿਚ ਹਾਜ਼ਰੀ ਲੁਆਈ। ਕਵੀਸ਼ਰ ਅਤੇ ਢਾਡੀ ਦਰਬਾਰ ਦੌਰਾਨ ਜਥਿਆਂ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਕੀਤੀਆਂ ਲਾਸਾਨੀ ਕੁਰਬਾਨੀਆਂ ਦਾ ਗਾਇਨ ਕੀਤਾ। ਪਟਨਾ ਸ਼ਹਿਰ ਵਿਚ ਤਖਤ ਸ੍ਰੀ ਪਟਨਾ ਸਾਹਿਬ ਸਮੇਤ ਬਾਕੀ ਗੁਰੂ ਘਰਾਂ ਉਤੇ ਵੀ ਪਿਛਲੇ ਕਈ ਦਿਨਾਂ ਤੋਂ ਦੀਪਮਾਲਾ ਕੀਤੀ ਹੋਈ ਸੀ। ਸਾਰੇ ਬਾਜ਼ਾਰਾਂ ਨੂੰ ਦੀਪਮਾਲਾ ਨਾਲ ਖੂਬਸੂਰਤ ਢੰਗ ਨਾਲ ਸਜਾਇਆ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਨਗਰ ਕੀਰਤਨ ਗੁਰਦੁਆਰਾ ਗਊਘਾਟ ਤੋਂ ਸ਼ੁਰੂ ਹੋ ਕੇ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਆ ਕੇ ਮੁਕੰਮਲ ਹੋਇਆ। ਨਗਰ ਕੀਰਤਨ ਵਿਚ ਸ਼ਾਮਲ ਜਥਿਆਂ ਦਾ ਜਾਹੋ ਜਲਾਲ ਦੇਖਣ ਵਾਲਾ ਸੀ। ਪਟਨਾ ਸਾਹਿਬ ਅਤੇ ਆਲੇ-ਦੁਆਲੇ ਦੇ ਇਲਾਕੇ ਪੂਰੀ ਤਰ੍ਹਾਂ ਨਾਲ ਗੋਬਿੰਦ ਦੇ ਰੰਗ ਵਿਚ ਰੰਗੇ ਗਏ।

ਨਿਹੰਗ ਜਥੇਬੰਦੀਆਂ ਨੇ ਘੋੜਿਆਂ ਅਤੇ ਹਾਥੀਆਂ ਨਾਲ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਇਸ ਦੀ ਰੌਣਕ ਨੂੰ ਚਾਰ ਗੁਣਾ ਕਰ ਦਿੱਤਾ। ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਆਪਣੇ ਲਾਮ-ਲਸ਼ਕਰ ਨਾਲ ਨਗਰ ਕੀਰਤਨ ਵਿਚ ਸ਼ਾਮਲ ਹੋਏ। ਪਟਨਾ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਜਦੋਂ ਨਗਰ ਕੀਰਤਨ ਲੰਘ ਰਿਹਾ ਸੀ ਤਾਂ ਸਥਾਨਕ ਲੋਕਾਂ ਨੇ ਸੰਗਤਾਂ ਲਈ ਚਾਹ ਅਤੇ ਦੁੱਧ ਦੇ ਖੁੱਲ੍ਹੇ ਲੰਗਰ ਲਾਏ ਹੋਏ ਸਨ। ਲੋਕ ਆਪਣੇ ਘਰਾਂ ਦੀਆਂ ਛੱਤਾਂ ਉਤੇ ਚੜ੍ਹ ਕੇ ਨਗਰ ਕੀਰਤਨ ਦੇ ਜਾਹੋ ਜਲਾਲ ਨੂੰ ਮਾਣ ਰਹੇ ਸਨ। ਨਗਰ ਕੀਰਤਨ ਦੇ ਸਵਾਗਤ ਲਈ ਲੋਕਾਂ ਵੱਲੋਂ ਕਈ ਥਾਂਵਾਂ ਉਤੇ ਫੁੱਲਾਂ ਦੀ ਵਰਖਾ ਕੀਤੀ ਗਈ। ਕੇਂਦਰੀ ਮੰਤਰੀ ਐਸ.ਐਸ. ਆਹਲੂਵਾਲੀਆ ਆਪ ਸੰਗਤਾਂ ਵਿਚ ਜਾ ਕੇ ਸੇਵਾ ਕਰ ਰਹੇ ਸਨ। ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਾ ਗਊਘਾਟ ਵਿਚ ਹੋਏ ਇਕੱਠ ਦੌਰਾਨ ਪੰਥ ਸ਼ਖਸੀਅਤਾਂ ਨੇ ਹਿੱਸਾ ਲਿਆ।

## ਗੁਰੂ ਸਾਹਿਬ ਨੇ ਹਰ ਸਮਾਜਿਕ ਵਿਤਕਰੇ ਦਾ ਵਿਰੋਧ ਕੀਤਾ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਉਤੇ ਕਿਹਾ ਕਿ ਉਹ ਸਮਾਨਤਾ ਦੀ ਤਾਕਤ 'ਚ ਵਿਸ਼ਵਾਸ ਰੱਖਦੇ ਸਨ। ਗੁਰੂ ਗੋਬਿੰਦ ਸਿੰਘ ਜੀ ਸਾਰੀ ਤਰ੍ਹਾਂ ਦੇ ਸਮਾਜਿਕ ਵਿਤਕਰੇ ਦਾ ਵਿਰੋਧ ਕਰਦੇ ਸਨ ਅਤੇ ਉਨ੍ਹਾਂ ਦਾ ਨਿਆਂ ਅਤੇ ਇਮਾਨਦਾਰੀ ਪ੍ਰਤੀ ਸੰਵੇਦਨਾ ਲਈ ਸਤਿਕਾਰ ਕੀਤਾ ਜਾਂਦਾ ਹੈ।

# ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਮੁੜ ਖਿੱਚਿਆ ਸਿੱਖ ਜਗਤ ਦਾ ਧਿਆਨ

**ਚੰਡੀਗੜ੍ਹ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇਕ ਵਾਰ ਫਿਰ ਸਿੱਖ ਸੰਗਤ ਦਾ ਧਿਆਨ ਖਿੱਚਿਆ ਹੈ। ਨਿਤੀਸ਼ ਕੁਮਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਦੇ ਸ਼ੁਕਰਾਨਾ ਦਿਵਸ ਤੇ 351ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਨੂੰ ਯਾਦਗਾਰੀ ਬਣਾ ਕੇ ਸਿੱਖ ਜਗਤ ਦੀ ਪ੍ਰਸ਼ੰਸਾ ਖੱਟੀ ਹੈ। ਨਿਤੀਸ਼ ਕੁਮਾਰ ਨੇ ਸਟੇਜ ਤੋਂ ਰਿਮੋਟ ਕੰਟਰੋਲ ਰਾਹੀ 'ਪ੍ਰਕਾਸ਼ ਪੁੰਜ' ਦਾ ਨੀਂਹ ਪੱਥਰ ਰੱਖਿਆ। ਗੁਰਦੁਆਰਾ ਗੁਰੂ ਕਾ ਬਾਗ ਨੇੜੇ ਬਣਨ ਵਾਲੇ ਪ੍ਰਕਾਸ਼ ਪੁੰਜ ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਦਰਸ਼ਨ ਨੂੰ ਦਰਸਾਉਂਦੇ ਅਸਤਰ-ਸ਼ਸਤਰ ਰੱਖੇ ਜਾਣਗੇ।

ਉਨ੍ਹਾਂ ਪਟਨਾ ਸਾਹਿਬ ਦੇ ਸਾਰੇ ਗੁਰਦੁਆਰਿਆਂ ਨੂੰ ਜੋੜਨ ਵਾਲਾ ਗੁਰੂ ਸਰਕਟ ਬਣਾਉਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਸਿੱਖ ਦੇਸ਼ ਦਾ ਮਾਣ



ਹਨ, ਜਿਨ੍ਹਾਂ ਦੀ ਆਬਾਦੀ ਭਾਵੇਂ ਦੋ ਫੀਸਦੀ ਹੈ ਪਰ ਦੇਸ਼ ਲਈ ਕੁਰਬਾਨੀਆਂ 98 ਫੀਸਦੀ ਕੀਤੀਆਂ ਹਨ। ਨਿਤੀਸ਼ ਕੁਮਾਰ ਉਸ ਸਮੇਂ ਭਾਵੁਕ ਹੋ ਗਏ ਜਦੋਂ ਉਨ੍ਹਾਂ ਕਿਹਾ ਕਿ ਬਿਹਾਰ ਦੇ ਲੋਕ ਗਰੀਬ ਤੇ ਪੱਛੜੇ ਹੋਏ ਹਨ, ਜੇਕਰ ਉਨ੍ਹਾਂ ਕੋਲੋਂ ਸੇਵਾ ਵਿਚ ਕੋਈ ਕਮੀ ਰਹਿ ਗਈ ਹੋਵੇ ਤਾਂ ਉਹ ਮੁਆਫੀ ਮੰਗਦੇ ਹਨ। ਇੰਨਾ ਬੋਲਣ ਦੀ ਦੇਰ ਸੀ ਕਿ ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਾ ਕੇ ਪੰਡਾਲ ਗੂੰਜਣ ਲਾ ਦਿੱਤਾ। ਨਿਤੀਸ਼ ਕੁਮਾਰ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਨਿਤੀਸ਼ ਕੁਮਾਰ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ। ਬਿਹਾਰ ਦੇ ਲੋਕਾਂ ਨੇ ਜਿਸ ਢੰਗ ਨਾਲ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਮਨਾਏ ਹਨ, ਉਹ ਸ਼ਲਾਘਾਯੋਗ ਹਨ। ਜਥੇਦਾਰ ਲੌਂਗੋਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਆਉਣ ਸਾਰ ਹੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਬਿਹਾਰ ਸਰਕਾਰ ਨੇ ਪ੍ਰਬੰਧਾਂ ਵਿਚ ਕੋਈ ਕਸਰ ਨਹੀਂ ਛੱਡੀ ਹੋਈ।


## ਨਿਤੀਸ਼ ਦਾ ਰਾਜਾ ਮੇਘਨੀ ਪ੍ਰਕਾਸ਼ ਅਵਾਰਡ ਨਾਲ ਹੋਵੇਗਾ ਸਨਮਾਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਰਾਜਾ ਮੇਘਨੀ ਪ੍ਰਕਾਸ਼ ਐਵਾਰਡ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਨਿਤੀਸ਼ ਕੁਮਾਰ ਨੂੰ ਦਿੱਲੀ ਆਉਣ ਦਾ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਸਨਮਾਨ 'ਚ ਵੱਡਾ ਸਮਾਗਮ ਕਰਨ ਦਾ ਵੀ ਐਲਾਨ ਕੀਤਾ। ਜੀ.ਕੇ. ਨੇ ਕਿਹਾ ਕਿ ਨਿਤੀਸ਼ ਕੁਮਾਰ ਨੇ ਨਿਸ਼ਕਾਮ ਸੇਵਾ ਕਰਦੇ ਹੋਏ ਰਾਜਾ ਮੇਘਨੀ ਪ੍ਰਕਾਸ਼ ਦੇ ਲੋਕ ਪੱਖੀ ਰਾਜ ਦੀ ਯਾਦ ਤਾਜ਼ਾ ਕੀਤੀ ਹੈ।

# ਧਾਰਮਿਕ ਮਸਲੇ 'ਤੇ ਘਿਰੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਇਕ ਨਵੇਂ ਵਿਵਾਦ ਵਿਚ ਘਿਰ ਗਈ ਹੈ। ਸਰਕਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਜਾਰੀ ਇਸ਼ਤਿਹਾਰ ਵਿਚ ਕੰਪਿਊਟਰ ਰਾਹੀਂ ਨੈਪੋਲੀਅਨ ਬੋਨਾਪਾਰਟ ਦੀ ਫੋਟੋ ਨਾਲ ਛੇੜਛਾੜ ਕਰ ਕੇ ਉਸ ਨੂੰ ਗੁਰੂ ਸਾਹਿਬ ਦੀ ਤਸਵੀਰ ਵਜੋਂ ਪੇਸ਼ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਘੋਰ ਬੇਅਦਬੀ ਕਰਾਰ ਦਿੱਤਾ ਹੈ। ਅਕਾਲੀ ਦਲ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਇਸ ਗੁਨਾਹ ਲਈ ਸਿੱਖ ਸੰਗਤ ਤੋਂ ਤੁਰਤ ਮੁਆਫੀ ਮੰਗੇ ਤੇ ਦੋਸ਼ੀ ਅਧਿਕਾਰੀਆਂ ਤੇ ਇਸ਼ਤਿਹਾਰ ਏਜੰਸੀ ਖਿਲਾਫ ਸਖਤ ਕਾਰਵਾਈ ਕਰੇ। ਪਾਰਟੀ ਦੇ ਬੁਲਾਰੇ ਤੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਗੁਰੂ ਸਾਹਿਬ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਜਾਰੀ ਇਸ਼ਤਿਹਾਰ ਵਿਚ ਗੁਰੂ ਸਾਹਿਬ ਦੀ ਜੋ ਤਸਵੀਰ ਪ੍ਰਕਾਸ਼ਤ ਕੀਤੀ ਗਈ ਹੈ, ਉਹ ਅਸਲ ਵਿਚ ਸ਼ਾਸਕ ਨੈਪੋਲੀਅਨ ਦੀ ਸੀ। ਉਸ ਵਿਚ



ਕੰਪਿਊਟਰ ਰਾਹੀਂ ਛੇੜਛਾੜ ਕਰ ਕੇ ਨੈਪੋਲੀਅਨ ਦੀ ਥਾਂ ਗੁਰੂ ਸਾਹਿਬ ਨੂੰ ਘੋੜੇ ਉਤੇ ਸਵਾਰ ਦਰਸਾਇਆ ਗਿਆ ਹੈ। ਅਸਲ ਤਸਵੀਰ 1800 ਈ. ਦੀ ਹੈ ਜੋ ਗੁਰੂ ਸਾਹਿਬ ਦੇ ਸਮੇਂ ਤੋਂ ਇਕ ਸਦੀ ਬਾਅਦ ਦੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਦੀਆਂ ਅਨੇਕਾਂ ਤਸਵੀਰਾਂ ਹੁੰਦਿਆਂ ਹੋਇਆਂ ਵੀ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਨੈਪੋਲੀਅਨ ਵਾਲੀ ਤਸਵੀਰ ਵਿਚ ਛੇੜਖਾਨੀ ਕਰ ਕੇ ਗੁਰੂ ਸਾਹਿਬ ਨੂੰ ਘੋੜੇ 'ਤੇ ਸਵਾਰ ਦਰਸਾਉਣ ਦਾ ਘੋਰ ਪਾਪ ਕਿਉਂ ਕੀਤਾ।

# ਚਮਕੌਰ ਸਾਹਿਬ 'ਚ ਬਣੇਗੀ ਹੁਨਰ ਯੂਨੀਵਰਸਿਟੀ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸੰਪੂਰਨਤਾ ਮੌਕੇ ਕਰਵਾਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਮਕੌਰ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਹੁਨਰ (ਸਕਿਲ) ਯੂਨੀਵਰਸਿਟੀ ਅਤੇ ਖਾਲਸਾ ਪੰਥ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ ਸਰਬਪੱਖੀ ਵਿਕਾਸ ਲਈ ਆਨੰਦਪੁਰ ਸਾਹਿਬ ਅਰਬਨ ਡਿਵੈਲਪਮੈਂਟ ਅਥਾਰਟੀ ਬਣਾਉਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਇਲਾਕੇ ਅੰਦਰ ਇੰਡਸਟਰੀ ਅਤੇ ਸੈਰ ਸਪਾਟੇ ਨੂੰ ਪ੍ਰਫੁੱਲਿਤ ਕਰਨ ਲਈ ਲੋੜੀਂਦੇ ਫੈਸਲੇ ਲੈਣ ਦੀ ਗੱਲ ਵੀ ਕਹੀ। ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਵਿਚ ਫੂਡ ਪਾਰਕ ਬਣਾਉਣਾ ਵੀ ਵਿਚਾਰ ਅਧੀਨ ਹੈ। ਉਨ੍ਹਾਂ ਐਲਾਨ ਕੀਤਾ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਕਰੱਸ਼ਰ ਇੰਡਸਟਰੀ ਨੂੰ ਹੁੰਗਾਰਾ ਦੇਣ ਲਈ ਇਸ ਨੂੰ ਕਰੱਸ਼ਰ ਜ਼ੋਨ ਬਣਾਇਆ ਜਾਵੇਗਾ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ



ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ ਜੀਵਨ ਅਤੇ ਫਲਸਫਾ ਫਿਰਕੂ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ, ਸ਼ਾਂਤੀ ਅਤੇ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਬਣਾਉਣ ਦਾ ਮਾਰਗ ਵਿਖਾਉਂਦਾ ਹੈ। ਦਸਵੇਂ ਗੁਰੂ ਨੇ ਕਦੇ ਵੀ ਕਿਸੇ ਧਰਮ ਨਾਲ ਵਿਤਕਰਾ ਨਹੀਂ ਕੀਤਾ ਸਗੋਂ ਰੰਗ, ਜਾਤ, ਨਸਲ ਦੇ ਵਖਰੇਵਿਆਂ ਦੇ ਬਾਵਜੂਦ ਸਾਰਿਆਂ ਦਾ ਮਨੁੱਖ ਵਜੋਂ ਸਤਿਕਾਰ ਕੀਤਾ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੇ ਦੱਸੇ ਮਾਰਗ ਉਤੇ ਚਲਦਿਆਂ ਵਿਤਕਰੇਬਾਜ਼ੀ ਨੂੰ ਦੂਰ ਕਰੀਏ।

# ਕਿਸਾਨਾਂ ਦੀ ਕਰਜ਼ਾ ਮੁਆਫੀ ਵਾਲੀ ਮੁਹਿੰਮ ਹੋਰ ਸੁੰਗੜੀ

**ਚੰਡੀਗੜ੍ਹ:** ਕੈਪਟਨ ਸਰਕਾਰ ਦੀ ਕਿਸਾਨ ਕਰਜ਼ਾ ਮੁਆਫੀ ਵਾਲੀ ਰਕਮ ਹੁਣ ਸੁੰਗੜ ਕੇ 7400 ਕਰੋੜ ਰੁਪਏ ਦੇ ਨੇੜ ਹੀ ਸੀਮਤ ਹੋ ਗਈ ਹੈ। ਸਹਿਕਾਰੀ ਤੇ ਵਪਾਰਕ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ 12.38 ਲੱਖ ਕਿਸਾਨਾਂ ਵਿਚੋਂ ਵੱਡੀ ਗਿਣਤੀ 'ਚ ਤਾਂ ਕਰਜ਼ਾ ਮੁਆਫੀ ਦੀ ਯੋਜਨਾ ਵਿਚੋਂ ਹੀ ਬਾਹਰ ਕਰ ਦਿੱਤੇ ਗਏ ਹਨ।

ਹੁਣ ਸਿਰਫ ਢਾਈ ਏਕੜ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਹੋਵੇਗਾ। ਅੱਗੇ 5 ਏਕੜ ਵਾਲੇ ਸਿਰਫ ਉਸ ਕਿਸਾਨ ਦਾ ਹੀ ਕਰਜ਼ਾ ਮੁਆਫ ਕੀਤਾ




ਜਾਵੇਗਾ, ਜਿਸ ਦੇ ਸਿਰ ਕਰਜ਼ਾ ਸਿਰਫ ਦੋ ਲੱਖ ਰੁਪਏ ਤੱਕ ਹੋਵੇਗਾ। ਭਾਵ ਦੋ ਲੱਖ ਰੁਪਏ ਤੋਂ ਵੱਧ ਕਰਜ਼ੇ ਵਾਲੇ ਕਿਸਾਨ ਦਾ ਧੇਲਾ ਵੀ ਮੁਆਫ ਨਹੀਂ ਕੀਤਾ ਜਾਵੇਗਾ। ਸਰਕਾਰ ਵਲੋਂ ਇਕੱਤਰ ਅੰਕੜਿਆਂ ਮੁਤਾਬਕ ਹੁਣ ਸਿਰਫ 3 ਲੱਖ 94 ਹਜ਼ਾਰ ਕਿਸਾਨਾਂ ਦਾ ਹੀ ਕਰਜ਼ਾ ਮੁਆਫ ਹੋਵੇਗਾ। ਮੁਆਫ ਕਰਨ ਵਾਲੇ ਕਰਜ਼ੇ ਦੀ ਰਾਸ਼ੀ ਵੀ ਪਹਿਲਾਂ-ਪਹਿਲ 15500 ਕਰੋੜ ਰੁਪਏ ਮਿਥੀ ਜਾ ਰਹੀ ਸੀ, ਜੋ ਘਟਦਿਆਂ-ਘਟਦਿਆਂ ਹੁਣ 7400 ਕਰੋੜ ਰੁਪਏ ਦੇ ਕਰੀਬ ਰਹਿ ਗਈ ਹੈ।

# ਨਾਗਰਿਕਤਾ ਬਾਰੇ ਪਾਕਿਸਤਾਨੀ ਹਿੰਦੂਆਂ ਨੂੰ ਰਾਹ ਨਹੀਂ ਦੇ ਰਿਹਾ ਭਾਰਤ

**ਜੋਧਪੁਰ:** ਪਾਕਿਸਤਾਨ ਤੋਂ ਆਏ ਹਿੰਦੂਆਂ ਦੀਆਂ ਲੰਮੇ ਸਮੇਂ ਦੇ ਵੀਜ਼ੇ ਅਤੇ ਭਾਰਤ ਦੀ ਨਾਗਰਿਕਤਾ ਲਈ 10,000 ਅਰਜ਼ੀਆਂ ਬਕਾਇਆ ਪਈਆਂ ਹਨ। ਰਾਜਸਥਾਨ ਹਾਈ ਕੋਰਟ ਨੇ ਕਿਹਾ ਹੈ ਕਿ ਦੋ ਹਫਤਿਆਂ ਦੇ ਵਿਚ-ਵਿਚ ਭਾਰਤ ਦੀ ਨਾਗਰਿਕਤਾ ਲਈ ਦਾਇਰ ਅਰਜ਼ੀਆਂ ਵਿਚੋਂ ਸਾਰੀਆਂ ਤਰੁਟੀਆਂ ਦੂਰ ਕੀਤੀਆਂ ਜਾਣ ਅਤੇ ਅਰਜ਼ੀਆਂ ਦਾ ਨਿਪਟਾਰਾ ਕੀਤਾ ਜਾਵੇ। ਇਸ ਸਬੰਧੀ ਅਗਲੀ ਰਿਪੋਰਟ ਅਦਾਲਤ ਨੇ 19 ਜਨਵਰੀ ਤੱਕ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਰਾਜਸਥਾਨ ਹਾਈ ਕੋਰਟ ਨੇ 14 ਦਸੰਬਰ ਨੂੰ ਸੂਬਾ ਸਰਕਾਰ ਨੂੰ ਪਾਕਿਸਤਾਨੀ ਹਿੰਦੂਆਂ ਦੀਆਂ ਨਿਪਟਾਰੇ ਹਿੱਤ ਪਈਆਂ ਅਰਜ਼ੀਆਂ ਬਾਰੇ ਰਿਪੋਰਟ ਪੇਸ਼ ਕਰਨ ਲਈ ਹੁਕਮ ਦਿੱਤੇ ਸਨ। ਅਦਾਲਤ ਨੇ ਇਸ ਦੇ ਨਾਲ ਹੀ ਫੌਰਨਰਜ਼ ਰਿਜਨਲ ਰਜਿਸਟ੍ਰੇਸ਼ਨ ਆਫਿਸ (ਐਫ.ਆਰ.ਆਰ.ਓ.) ਨੂੰ ਸਬੰਧਤ ਨੋਟੀਫਿਕੇਸ਼ਨ ਵੈਬ ਪੋਰਟਲ ਉਤੇ ਪਾਉਣ ਦੇ ਵੀ ਹੁਕਮ ਦਿੱਤੇ ਸਨ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਹਾਰਾਸ਼ਟਰ ਸਰਕਾਰ ਨੇ ਭਿੰਡਰਾਂਵਾਲੇ ਨੂੰ 'ਅਤਿਵਾਦੀ' ਕਹਿਣਾ ਜਾਇਜ਼ ਦੱਸਿਆ

**ਮੁੰਬਈ:** ਮਹਾਰਾਸ਼ਟਰ ਸਟੇਟ ਬਿਊਰੋ ਆਫ ਟੈਕਸਟ ਬੁੱਕ ਪਬਲੀਕੇਸ਼ਨ ਦਾ ਕਹਿਣਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਹੋਰਾਂ ਨੂੰ ਰਾਜ ਦੀਆਂ ਸਕੂਲ ਪੁਸਤਕਾਂ ਵਿਚ 'ਅਤਿਵਾਦੀਆਂ' ਲਿਖ ਕੇ ਠੀਕ ਕੀਤਾ ਹੈ। ਉਲਹਾਸ ਨਗਰ ਵਾਸੀ ਅੰਮ੍ਰਿਤਪਾਲ ਸਿੰਘ ਵੱਲੋਂ ਦਾਇਰ ਪਟੀਸ਼ਨ ਦੇ ਜਵਾਬ ਵਿਚ ਬਿਊਰੋ ਨੇ ਬੰਬੇ ਹਾਈ ਕੋਰਟ ਵਿਚ ਹਲਫਨਾਮਾ ਦਾਇਰ ਕਰਦੇ ਹੋਏ ਪੁਸਤਕ ਦੇ ਇਕ ਪਾਠ 'ਭਾਰਤ ਦਾ ਅੰਦਰੂਨੀ ਚੈਲੰਜ, ਉਪਰੇਸ਼ਨ ਬਲੂ ਸਟਾਰ' ਦੀ ਸਮੱਗਰੀ ਨੂੰ ਠੀਕ ਠਹਿਰਾਇਆ ਹੈ। ਉਨ੍ਹਾਂ ਕਿਹਾ ਹੈ ਕਿ ਪਾਠ ਦੇ ਸਾਰੇ ਤੱਥ ਤੇ ਭਾਸ਼ਾ ਬਿਲਕੁਲ ਠੀਕ ਹੈ।

'ਹਿੰਦੁਸਤਾਨ ਟਾਈਮਜ਼' ਦੀ ਰਿਪੋਰਟ ਅਨੁਸਾਰ, ਹਰ ਪੁਸਤਕ ਨੂੰ ਪਬਲਿਸ਼ ਕਰਨ ਤੋਂ ਪਹਿਲਾਂ ਉਸ ਉਤੇ ਪੂਰੀ ਖੋਜ ਕੀਤੀ ਜਾਂਦੀ ਹੈ ਤਾਂ ਕਿ ਕੋਈ ਵੀ ਤੱਥ ਗਲਤ ਨਾ ਹੋਵੇ। ਇਹ ਕਿਤਾਬ ਪੁਣੇ ਕਾਲਜ ਦੇ ਇਤਿਹਾਸ ਵਿਭਾਗ ਵੱਲੋਂ ਲਿਖੀ ਗਈ ਹੈ। ਪਬਲਿਸ਼ ਹੋਣ ਤੋਂ ਪਹਿਲਾਂ 30 ਮਾਹਿਰਾਂ ਨੇ ਇਸ ਉਤੇ ਖੋਜ ਕੀਤੀ ਸੀ। ਪਟੀਸ਼ਨਰ ਨੇ ਸਕੂਲਾਂ ਦੀ 9ਵੀਂ ਕਲਾਸ ਦੀਆਂ ਰਾਜਨੀਤੀ ਸ਼ਾਸਤਰ ਤੇ ਇਤਿਹਾਸ ਦੀਆਂ ਕਿਤਾਬਾਂ ਵਿਚ ਤਬਦੀਲੀ ਦੀ



ਮੰਗ ਕੀਤੀ।

ਪਟੀਸ਼ਨਰ ਨੇ ਕਿਹਾ ਕਿ ਜਿਸ ਢੰਗ ਨਾਲ ਸਿੱਖ ਅੰਦੋਲਨ ਛਾਪਿਆ ਗਿਆ ਹੈ, ਉਸ ਨਾਲ ਸਿੱਖ ਵਿਦਿਆਰਥੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ਉਨ੍ਹਾਂ ਨੇ ਪਾਠ ਪੁਸਤਕ ਵਿਚ ਇਕ ਅਧਿਆਏ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਭਿੰਡਰਾਂਵਾਲੇ ਤੇ ਹੋਰਨਾਂ ਨੂੰ ਅਤਿਵਾਦੀ ਕਿਹਾ ਗਿਆ ਹੈ। ਉਨ੍ਹਾਂ ਨੇ ਇਸ ਤਸਵੀਰ ਨੂੰ ਗਲਤ ਦੱਸਿਆ ਕਿਉਂਕਿ ਪੁਲਿਸ ਨੇ ਭਿੰਡਰਾਂਵਾਲੇ ਨੂੰ ਐਫ.ਆਈ.ਆਰ. ਵਿਚ ਨਾਮਜ਼ਦ ਨਹੀਂ ਕੀਤਾ ਸੀ। ਪੁਸਤਕ ਦੇ ਪੰਨਾ ਨੰਬਰ ਛੇ ਵਿਚ ਲਿਖਿਆ ਹੈ, 'ਪੰਜਾਬ ਵਿਚ ਸਿੱਖਾਂ ਨੇ ਖਾਲਿਸਤਾਨ ਦੀ ਮੰਗ ਕੀਤੀ ਤੇ ਇਕ ਅੰਦੋਲਨ ਸ਼ੁਰੂ ਕੀਤਾ ਜੋ ਹਿੰਸਕ ਤੇ ਵਿਨਾਸ਼ਕਾਰੀ ਬਣ ਗਿਆ। ਪਾਕਿਸਤਾਨ ਨੇ ਇਸ ਦੀ ਹਮਾਇਤ ਕੀਤੀ ਸੀ।' ਪੰਨੇ ਉਤੇ ਭਿੰਡਰਾਂਵਾਲੇ ਤੇ ਹੋਰਾਂ ਦੇ ਵਾਰ-ਵਾਰ ਇਤਰਾਜ਼ਯੋਗ ਹਵਾਲੇ ਦਿੱਤੇ ਗਏ ਹਨ। ਦਮਦਮੀ ਟਕਸਾਲ ਸਮੇਤ ਸਿੱਖ ਜਥੇਬੰਦੀਆਂ ਨੇ ਵੀ ਇਸ ਪਾਠ-ਪੁਸਤਕ ਦੀ ਸਮਗਰੀ 'ਤੇ ਇਤਰਾਜ਼ ਕੀਤਾ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵਿਸ ਤੇ ਰਾਜ ਦੇ ਸਿੱਖਿਆ ਮੰਤਰੀ ਨਾਲ ਮਿਲ ਕੇ ਪਾਠ ਪੁਸਤਕਾਂ ਵਿਚੋਂ 'ਅਤਿਵਾਦੀ' ਸ਼ਬਦ ਨੂੰ ਹਟਾਉਣ ਦੀ ਮੰਗ ਕੀਤੀ।

## ਰੂਪਾਨੀ ਵੱਲੋਂ ਗੁਜਰਾਤ ਤੇ ਜੈ ਰਾਮ ਵੱਲੋਂ ਹਿਮਾਚਲ ਦੇ ਮੁੱਖ ਮੰਤਰੀ ਵਜੋਂ ਹਲਫ

**ਗਾਂਧੀਨਗਰ:** ਵਿਜੈ ਰੂਪਾਨੀ ਨੇ ਦੂਜੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ। ਨਿਤਿਨ ਪਟੇਲ ਨੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਪਟੇਲ ਸਮੇਤ ਨੌਂ ਵਿਧਾਇਕਾਂ ਨੇ ਕੈਬਨਿਟ ਮੰਤਰੀ ਅਤੇ 10 ਵਿਧਾਇਕਾਂ ਨੇ ਰਾਜ ਮੰਤਰੀ ਵਜੋਂ ਹਲਫ ਲਿਆ।

ਗੁਜਰਾਤ ਦੀ 192 ਮੈਂਬਰੀ ਵਿਧਾਨ ਸਭਾ ਵਿਚ ਭਾਜਪਾ ਕੋਲ 99 ਵਿਧਾਇਕ ਹਨ, ਜੋ ਕਿ ਬਹੁਮਤ ਤੋਂ 7 ਸੀਟਾਂ ਵੱਧ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਕੋਲ 77 ਵਿਧਾਇਕ ਹਨ ਜਦਕਿ ਭਾਈਵਾਲਾਂ ਨੂੰ ਮਿਲਾ ਕੇ ਨਵੇਂ ਹਾਊਸ ਵਿਚ ਪਾਰਟੀ ਦੀ ਕੁੱਲ ਗਿਣਤੀ 80 ਹੈ। ਇਸੇ ਤਰ੍ਹਾਂ ਜੈ ਰਾਮ ਠਾਕੁਰ ਨੇ ਹਿਮਾਚਲ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ।

## ਜੈਸ਼ ਦਾ ਤਿੰਨ ਫੁਟੀਆ ਕਮਾਂਡਰ ਨੂਰ ਤਰਾਲੀ ਹਲਾਕ

**ਸ੍ਰੀਨਗਰ:** ਸੁਰੱਖਿਆ ਬਲਾਂ ਨੇ ਦੱਖਣੀ ਕਸ਼ਮੀਰ ਦੇ ਸੰਬੂਰਾ ਇਲਾਕੇ 'ਚ 7 ਘੰਟੇ ਚੱਲੇ ਮੁਕਾਬਲੇ 'ਚ ਜੈਸ਼-ਏ-ਮੁਹੰਮਦ ਅਤਿਵਾਦੀ ਸੰਗਠਨ ਦੇ ਚੋਟੀ ਦੇ ਕਮਾਂਡਰ ਨੂਰ ਮੁਹੰਮਦ ਤਾਂਤਰੇ ਉਰਫ ਨੂਰ ਤਰਾਲੀ ਨੂੰ ਹਲਾਕ ਕਰ ਦਿੱਤਾ। ਉਸ ਦੇ ਸਿਰ 'ਤੇ 10 ਲੱਖ ਦਾ ਇਨਾਮ ਸੀ।

ਜ਼ਿਕਰਯੋਗ ਹੈ ਕਿ ਜੈਸ਼ ਦਾ ਇਹ ਕਮਾਂਡਰ ਸਿਰਫ ਤਿੰਨ ਫੁੱਟ ਦਾ ਸੀ। ਨੂਰ ਮੁਹੰਮਦ ਤਾਂਤਰੇ ਭਾਵੇਂ ਲੰਬਾਈ 'ਚ ਛੋਟਾ ਸੀ ਪਰ ਉਸ ਦੇ ਨਾਪਾਕ ਇਰਾਦਿਆਂ ਕਾਰਨ ਉਸ ਨੂੰ ਜੈਸ਼ ਦਾ ਦੱਖਣੀ ਕਸ਼ਮੀਰ ਦਾ ਕਮਾਂਡਰ ਬਣਾਇਆ ਗਿਆ ਸੀ। ਉਹ ਫੌਜ ਨੂੰ ਅਤਿ ਲੋੜੀਂਦੇ ਅਤਿਵਾਦੀਆਂ ਦੀ ਸੂਚੀ 'ਚ ਸ਼ਾਮਲ ਸੀ ਅਤੇ ਸ੍ਰੀਨਗਰ-ਅਨੰਤਨਾਗ ਹਾਈਵੇਅ ਉਤੇ ਫਿਦਾਈਨ ਹਮਲੇ ਦੀ ਤਿਆਰੀ ਕਰ ਰਿਹਾ ਸੀ।

# ਰਾਮ ਰਹੀਮ ਪਿੱਛੋਂ ਇਕ ਹੋਰ ਬਾਬਾ ਅੜਿੱਕੇ

**ਨਵੀਂ ਦਿੱਲੀ:** ਦਿੱਲੀ ਮਹਿਲਾ ਕਮਿਸ਼ਨ (ਡੀ.ਸੀ.ਡਬਲਿਊ.) ਨੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਾਬਾ ਵਿਰੇਂਦਰ ਦੇਵ ਦੀਕਸ਼ਿਤ ਦੇ ਦਿੱਲੀ ਵਿਚ ਬਣੇ ਹੋਏ ਕਈ ਆਸ਼ਰਮਾਂ ਦਾ ਨਿਰੀਖਣ ਕੀਤਾ।

ਕਮਿਸ਼ਨ ਨੂੰ ਖਦਸ਼ਾ ਹੈ ਕਿ ਦੀਕਸ਼ਿਤ ਮਨੁੱਖੀ ਤਸਕਰੀ ਦੇ ਧੰਦੇ ਵਿਚ ਸ਼ਾਮਲ ਹੋ ਸਕਦਾ ਹੈ। ਕਰਾਵਲ ਨਗਰ ਦੇ ਆਸ਼ਰਮ ਵਿਚੋਂ ਕਮਿਸ਼ਨ ਨੂੰ 6 ਕੁੜੀਆਂ ਮਿਲੀਆਂ ਜਿਨ੍ਹਾਂ ਨੂੰ ਅੰਦਰ ਤਾੜਿਆ ਹੋਇਆ ਸੀ। ਇਹ ਲੜਕੀਆਂ ਨਾਬਾਲਗ ਜਾਪਦੀਆਂ ਸਨ। ਆਸ਼ਰਮ ਕਾਫੀ ਛੋਟੀ ਸੀ ਤੇ ਮਾਹੌਲ ਜੇਲ੍ਹਨੁਮਾ ਸੀ।

ਕਮਿਸ਼ਨ ਨੇ ਦੱਸਿਆ ਕਿ ਇਸ ਆਸ਼ਰਮ ਦਾ ਰਜਿਸਟਰ ਵੀ ਠੀਕ ਤਰੀਕੇ ਨਾਲ ਬਣਾਇਆ ਨਹੀਂ ਸੀ ਗਿਆ, ਜਿਸ ਵਿਚ ਇਨ੍ਹਾਂ ਕੁੜੀਆਂ ਦਾ ਕੋਈ ਥਹੁ-ਪਤਾ ਨਹੀਂ ਸੀ। ਨਾਂਗਲੋਈ ਸਥਿਤ ਆਸ਼ਰਮ ਦੇ ਨਜ਼ਦੀਕ ਵਸਦੇ ਲੋਕਾਂ ਦਾ ਕਹਿਣਾ ਹੈ ਕਿ ਛਾਣਬੀਣ ਤੋਂ ਪਹਿਲਾਂ ਤਕਰੀਬਨ 20 ਕੁੜੀਆਂ ਨੂੰ ਆਸ਼ਰਮ ਵਿਚੋਂ ਲਿਜਾਇਆ ਜਾ ਚੁੱਕਾ ਸੀ। ਕਮਿਸ਼ਨ ਨੇ ਇਥੇ ਤਕਰੀਬਨ 15 ਔਰਤਾਂ ਨਾਲ ਗੱਲਬਾਤ ਕੀਤੀ। ਬੀਤੇ ਹਫਤੇ ਡੀ.ਸੀ.ਡਬਲਿਊ. ਨੇ ਦੀਕਸ਼ਿਤ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਆਸ਼ਰਮਾਂ ਵਿਚੋਂ 45 ਨਾਬਾਲਗ ਕੁੜੀਆਂ ਨੂੰ ਬਚਾਇਆ ਸੀ। ਆਸ਼ਰਮਾਂ ਵਿਚ ਅਧਿਆਤਮਕ ਸਿੱਖਿਆ ਦੇ ਨਾਂ ਉਤੇ ਨਾਬਾਲਗ ਕੁੜੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਰੱਖਿਆ ਹੋਇਆ ਸੀ।

ਦਿੱਲੀ ਹਾਈ ਕੋਰਟ ਨੇ ਇਸ ਮਾਮਲੇ ਵਿਚ ਸੀ.ਬੀ.ਆਈ. ਜਾਂਚ ਦੇ ਹੁਕਮ ਦੇ ਦਿੱਤੇ ਹਨ ਤੇ ਰੋਹਿਣੀ ਇਲਾਕੇ ਵਿਚ ਆਸ਼ਰਮ ਵਿਚ ਮਹਿਲਾਵਾਂ ਤੇ ਕੁੜੀਆਂ ਦੀਆਂ ਸ਼ਿਕਾਇਤਾਂ 'ਤੇ ਕਾਰਵਾਈ ਨਾ ਕਰਨ ਉਤੇ ਦਿੱਲੀ ਪੁਲਿਸ ਦੀ ਲਾਹ-ਪਾਹ ਵੀ ਕੀਤੀ।

# ਭਾਰਤ-ਪਾਕਿਸਤਾਨ ਸਰਹੱਦ ਉਤੇ ਮੁੜ ਤਣਾਅ

*(ਸਫਾ ਇਕ ਦੀ ਬਾਕੀ)*

ਦੂਜੇ ਦੇ ਜਵਾਨਾਂ ਨੂੰ ਮਾਰਨ ਦੇ ਰੁਝਾਨ ਨੇ ਵੱਡਾ ਤਣਾਅ ਖੜ੍ਹਾ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਅਤੇ ਮੀਡੀਆ ਅਜਿਹੇ ਮਾਹੌਲ ਲਈ ਭਾਰਤ ਦੀ ਨਰੇਂਦਰ ਮੋਦੀ ਸਰਕਾਰ ਅਤੇ ਹਿੰਦੂਤਵੀ ਤਾਕਤਾਂ ਨੂੰ ਕਸੂਰਵਾਰ ਦੱਸ ਰਹੇ ਹਨ। ਦੂਜੇ ਪਾਸੇ, ਹਿੰਦੂਤਵੀ ਬ੍ਰਿਗੇਡ ਸਾਰਾ ਦੋਸ਼ ਪਾਕਿਸਤਾਨੀ ਦੋਗਲੇਪਣ ਉਤੇ ਮੜ੍ਹਦਾ ਹੈ।

ਅਸਲ ਵਿਚ, ਮੋਦੀ ਸਰਕਾਰ ਆਉਣ ਪਿੱਛੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਿਚ ਕਾਫੀ ਵਾਧਾ ਹੋਇਆ ਹੈ। 740 ਕਿਲੋਮੀਟਰ ਲੰਮੀ ਕੰਟਰੋਲ ਰੇਖਾ ਅਤੇ 221 ਕਿਲੋਮੀਟਰ ਦੀ ਕੌਮਾਂਤਰੀ ਸਰਹੱਦ ਉਤੇ ਇਸ ਸਾਲ 25 ਦਸੰਬਰ ਤੱਕ ਗੋਲੀਬੰਦੀ ਦੀ ਉਲੰਘਣਾ ਦੀਆਂ 881 (ਪਾਕਿਸਤਾਨ ਅਨੁਸਾਰ 1152) ਘਟਨਾਵਾਂ ਹੋਈਆਂ ਹਨ ਜੋ ਪਿਛਲੇ ਸੱਤ ਸਾਲਾਂ ਦੌਰਾਨ ਸਭ ਤੋਂ ਵੱਧ ਹਨ। ਇਨ੍ਹਾਂ ਵਿਚ ਭਾਰਤੀ ਪਾਸੇ 34 ਮੌਤਾਂ ਹੋਈਆਂ। ਮ੍ਰਿਤਕਾਂ ਵਿਚ 14 ਥਲ ਸੈਨਾ ਕਰਮੀ, 12 ਸਿਵਲੀਅਨ ਅਤੇ ਬੀ.ਐਸ.ਐਫ. ਦੇ ਚਾਰ ਕਰਮੀ ਸ਼ਾਮਲ ਸਨ। ਪਾਕਿਸਤਾਨ ਨੇ ਅਜਿਹੀਆਂ ਵਾਰਦਾਤਾਂ ਵਿਚ 52 ਬੰਦੇ ਮਰਨ ਦੀ ਪੁਸ਼ਟੀ ਕੀਤੀ ਹੈ। 2017 ਦੇ ਮੁਕਾਬਲੇ 2016 ਦੌਰਾਨ ਗੋਲੀਬੰਦੀ ਦੀ ਉਲੰਘਣਾ ਦੀਆਂ 449 ਘਟਨਾਵਾਂ ਵਾਪਰੀਆਂ ਸਨ ਜਿਨ੍ਹਾਂ ਵਿਚ 13 ਸਿਵਲੀਅਨ ਤੇ 13 ਸੁਰੱਖਿਆ ਮੁਲਾਜ਼ਮਾਂ ਦੀਆਂ ਜਾਨਾਂ ਗਈਆਂ ਸਨ।

## ਸ਼ਹੀਦ ਦੀ ਮਾਂ ਵੱਲੋਂ ਮੋਦੀ ਨੂੰ ਸਲਾਹ

**ਬਠਿੰਡਾ:** ਪਾਕਿਸਤਾਨੀ ਫੌਜ ਦੇ ਹਮਲੇ ਵਿਚ ਮਾਰੇ ਗਏ ਬਠਿੰਡਾ ਦੇ ਜਵਾਨ ਕੁਲਦੀਪ ਸਿੰਘ ਦੇ ਪਰਿਵਾਰ ਨੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ 'ਤੇ ਜ਼ੋਰ ਦਿੱਤਾ। ਸ਼ਹੀਦ ਦੀ ਮਾਂ ਨੇ ਕਿਹਾ ਕਿ ਉਧਰ ਦੇ ਫੌਜੀ ਵੀ ਤਾਂ ਕਿਸੇ ਮਾਂ ਦੇ ਪੁੱਤ ਹਨ। ਕੁਲਦੀਪ ਸਿੰਘ ਦੀ ਮਾਤਾ ਰਾਣੀ ਕੌਰ ਦੀਆਂ ਗੱਲਾਂ ਵਿਚੋਂ ਸਰਕਾਰਾਂ ਪ੍ਰਤੀ ਰੋਸਾ ਸਾਫ ਨਜ਼ਰ ਆਇਆ। ਉਸ ਨੇ ਕਿਹਾ ਕਿ ਗੋਲੀਬਾਰੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਪਰਿਵਾਰ ਵੱਲੋਂ ਇਹ ਬਿਆਨ ਉਸ ਸਮੇਂ ਆਇਆ ਜਦੋਂ ਭਾਰਤ ਸਰਕਾਰ ਬਦਲੇ ਵਿਚ ਚਾਰ ਪਾਕਿਸਤਾਨ ਫੌਜੀਆਂ ਨੂੰ ਮਾਰਨ ਦਾ ਦਾਅਵਾ ਕਰ ਰਹੀ ਹੈ।



ਯਾਦ ਰਹੇ ਕਿ ਮੋਦੀ ਸਰਕਾਰ ਭਾਵੇਂ ਕਸ਼ਮੀਰ 'ਚ ਅਤਿਵਾਦ ਭੇਜਣ ਦਾ ਦੋਸ਼ ਪਾਕਿਸਤਾਨ ਸਿਰ ਮੜ੍ਹ ਰਹੀ ਹੈ, ਪਰ 2017 ਦੌਰਾਨ 117 ਸਥਾਨਕ ਨੌਜਵਾਨ ਵੱਖ ਵੱਖ ਅਤਿਵਾਦੀ ਸੰਗਠਨਾਂ 'ਚ ਸ਼ਾਮਲ ਹੋਏ। ਸਾਲ 2010 ਤੋਂ 2017 ਦੌਰਾਨ 428 ਨੌਜਵਾਨਾਂ ਨੇ ਮੋਢਿਆਂ ਉਤੇ ਬੰਦੂਕਾਂ ਚੁੱਕ ਲਈਆਂ, ਜਿਨ੍ਹਾਂ ਵਿਚ ਕਈ ਉਚ ਵਿਦਿਆ ਪ੍ਰਾਪਤ ਨੌਜਵਾਨ ਵੀ ਸ਼ਾਮਲ ਹਨ। ਪਿਛਲੇ 8 ਸਾਲਾਂ ਦੇ ਮੁਕਾਬਲੇ ਇਸ ਸਾਲ ਸਥਾਨਕ ਨੌਜਵਾਨਾਂ ਵੱਲੋਂ ਅਤਿਵਾਦੀ ਸੰਗਠਨਾਂ ਵਿਚ ਸ਼ਾਮਲ ਹੋਣ ਦੇ ਰੁਝਾਨ 'ਚ ਤੇਜ਼ੀ ਆਈ ਹੈ। 428 ਦੇ ਕਰੀਬ ਨੌਜਵਾਨਾਂ ਨੇ ਹਿਜ਼ਬੁਲ, ਲਸ਼ਕਰ ਅਤੇ ਗਜ਼ਾਵਿਤ-ਉਲ-ਹਿੰਦ ਅਤਿਵਾਦੀ ਸੰਗਠਨਾਂ ਦਾ ਪੱਲਾ ਫੜ ਲਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਗਰੀਬ ਅਤੇ ਮੱਧ ਪਰਿਵਾਰਾਂ ਨਾਲ ਸਬੰਧਤ ਹਨ। ਸੁਰੱਖਿਆ ਏਜੰਸੀਆਂ ਦੀਆਂ ਰਿਪੋਰਟਾਂ ਅਨੁਸਾਰ ਕਸ਼ਮੀਰ ਵਿਚ 2010 'ਚ ਸਥਾਨਕ ਨੌਜਵਾਨਾਂ ਵੱਲੋਂ ਅਤਿਵਾਦੀ ਸੰਗਠਨਾਂ 'ਚ ਜੁੜਨ ਦਾ ਰੁਝਾਨ ਪਹਿਲੀ ਵਾਰ ਸਾਹਮਣੇ ਆਇਆ ਅਤੇ ਇਸ ਸਾਲ ਵਿਚ 54 ਨੌਜਵਾਨਾਂ ਅਤਿਵਾਦੀ ਸੰਗਠਨਾਂ 'ਚ ਸ਼ਾਮਿਲ ਹੋਏ।

2014 ਅਤੇ 2015 ਦੌਰਾਨ ਇਕ ਵਾਰ ਇਸ ਰੁਝਾਨ 'ਚ ਵਾਧਾ ਹੋਇਆ ਤੇ ਤਰਤੀਬਵਾਰ 53 ਅਤੇ 66 ਨੌਜਵਾਨ ਅਤਿਵਾਦੀ ਗਰੁੱਪਾਂ 'ਚ ਸ਼ਾਮਲ ਹੋਏ। ਪਿਛਲੇ ਸਾਲ ਜੁਲਾਈ ਮਹੀਨੇ ਦੇ ਦੂਜੇ ਹਫਤੇ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੇ ਮਾਰੇ ਜਾਣ ਪਿੱਛੋਂ ਕਈ ਮਹੀਨੇ ਚੱਲੇ ਅੰਦੋਲਨ ਦੌਰਾਨ 180 ਨੌਜਵਾਨਾਂ ਨੇ ਅਤਿਵਾਦ ਦਾ ਰਾਹ ਚੁਣਿਆ। ਇਨ੍ਹਾਂ 'ਚ ਜ਼ਿਆਦਾਤਰ ਪੱਥਰਬਾਜ਼ੀ ਦੀਆਂ ਘਟਨਾਵਾਂ ਵਿਚ ਅੱਗੇ ਰਹਿਣ ਵਾਲੇ ਨੌਜਵਾਨ ਸਨ। ਸੁਰੱਖਿਆ ਏਜੰਸੀਆਂ ਮੁਤਾਬਕ, ਇਸ ਮਾਮਲੇ ਵਿਚ ਸਾਲ 2017 ਖਤਰਨਾਕ ਸਾਬਤ ਹੋਇਆ ਅਤੇ 117 ਨੌਜਵਾਨ ਵੱਖ ਵੱਖ ਕਾਰਨਾਂ ਕਰ ਕੇ ਅਤਿਵਾਦੀ ਸੰਗਠਨਾਂ ਵਿਚ ਸ਼ਾਮਲ ਹੋਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕੀ ਫਰਜ਼ੀ ਹੀ ਸੀ 2ਜੀ ਘੁਟਾਲਾ; ਸਾਰੇ ਦੇ ਸਾਰੇ ਮੁਲਜ਼ਮ ਬਰੀ

**ਨਵੀਂ ਦਿੱਲੀ:** ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ-2 ਸਰਕਾਰ ਦੀਆਂ ਚੂਲਾਂ ਹਿਲਾਉਣ ਵਾਲੇ 2ਜੀ ਘੁਟਾਲੇ ਦੇ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਕੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਭਾਰਤੀ ਸਿਆਸਤ ਵਿਚ ਤੁਫਾਨ ਖੜ੍ਹਾ ਕਰ ਦਿੱਤਾ ਹੈ।

ਸਾਬਕਾ ਟੈਲੀਕਾਮ ਮੰਤਰੀ ਏ ਰਾਜਾ, ਡੀ.ਐਮ.ਕੇ. ਸੰਸਦ ਮੈਂਬਰ ਕਨੀਮੋੜੀ ਅਤੇ ਹੋਰ ਸਾਰੇ ਮੁਲਜ਼ਮਾਂ ਨੂੰ ਬਰੀ ਕਰਦਿਆਂ ਅਦਾਲਤ ਨੇ ਕਿਹਾ ਕਿ ਇਸਤਗਾਸਾ ਧਿਰ ਭ੍ਰਿਸ਼ਟਾਚਾਰ ਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਦੋਸ਼ਾਂ ਨੂੰ ਸਾਬਤ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਦੱਸਣਯੋਗ ਹੈ ਕਿ 2014 ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਲੋਂ ਚੋਣ ਪ੍ਰਚਾਰ ਦੌਰਾਨ ਇਸ ਮਾਮਲੇ ਨੂੰ ਵੱਡੇ ਪੱਧਰ ਉਤੇ ਉਭਾਰਿਆ ਸੀ। 2ਜੀ ਘੁਟਾਲਾ ਉਹ ਘੁਟਾਲਾ ਸੀ ਜਿਸ ਨੇ ਯੂ.ਪੀ.ਏ. ਸਰਕਾਰ ਉਤੇ ਭ੍ਰਿਸ਼ਟ ਹੋਣ ਦਾ ਠੱਪਾ ਲਾਇਆ ਅਤੇ ਜਿਸ ਕਾਰਨ ਦੇਸ਼ ਦਾ ਸਿਆਸੀ ਅਰਥਚਾਰਾ ਤੇ ਰਾਜ ਪ੍ਰਬੰਧ ਠੱਪ ਹੋ ਕੇ ਰਹਿ ਗਿਆ।

2ਜੀ ਸਪੈਕਟ੍ਰਮ ਮਾਮਲੇ ਦਾ ਮੁਕੱਦਮਾ ਸੱਤ ਸਾਲ ਚੱਲਣ ਦੇ ਬਾਵਜੂਦ ਸੀ.ਬੀ.ਆਈ. ਵੱਲੋਂ ਠੋਸ ਸਬੂਤ ਜੁਟਾਉਣ ਵਿਚ ਨਾਕਾਮ ਰਹਿਣਾ ਸਾਬਤ ਕਰਦਾ ਹੈ ਕਿ ਘੁਟਾਲਾ ਵਾਸਤਵਿਕ ਘੱਟ ਸੀ, ਫ਼ਰਜ਼ੀ ਵੱਧ। ਮਨਮਾਨੇ ਢੰਗ ਨਾਲ 2ਜੀ ਲਾਇਸੈਂਸ ਜਾਰੀ ਕਰ ਕੇ ਸਰਕਾਰੀ ਖਜ਼ਾਨੇ ਨੂੰ ਵੱਡਾ ਘਾਟਾ ਪਾਉਣ ਦੇ ਅਨੁਮਾਨ ਲਾਉਣ ਵਾਲੀ ਸੀ.ਬੀ.ਆਈ. ਅਤੇ ਕੈਗ ਲਈ ਇਹ ਫੈਸਲਾ ਵੱਡਾ ਝਟਕਾ ਹੈ। ਮੁੱਖ ਕੇਸ 'ਚ 1552 ਸਫਿਆਂ ਦੇ ਫੈਸਲੇ ਵਿਚ ਜੱਜ ਨੇ ਕਿਹਾ ਕਿ ਕੁਝ ਵਿਅਕਤੀਆਂ ਨੇ 'ਚਲਾਕੀ ਨਾਲ' ਕੁਝ ਚੋਣਵੇਂ ਤੱਥ ਇਕੱਠੇ ਕੀਤੇ ਅਤੇ ਘੁਟਾਲਾ ਬਣਾ ਦਿੱਤਾ, ਜੋ ਅਸਲ ਵਿਚ ਹੈ ਹੀ ਨਹੀਂ। ਇਸ ਕੇਸ ਵਿਚ ਤਿੰਨ ਕਾਰਪੋਰੇਟ ਕੰਪਨੀਆਂ ਨੂੰ ਨਾਮਜ਼ਦ ਕਰਨ ਤੋਂ ਇਲਾਵਾ ਰਾਜਾ ਤੇ ਕਨੀਮੋੜੀ ਸਮੇਤ 17 ਮੁਲਜ਼ਮ ਸਨ। ਤਿੰਨ ਫੈਸਲਿਆਂ, ਜਿਨ੍ਹਾਂ ਦੇ ਇਕੱਠੇ 2183 ਸਫੇ ਬਣਦੇ ਹਨ, ਵਿਚ ਈ.ਡੀ. ਦੇ ਕਾਲੇ ਧਨ ਨਾਲ ਸਬੰਧਤ ਕੇਸ ਨੂੰ ਵੀ ਰੱਦ ਕਰ ਦਿੱਤਾ ਗਿਆ। ਈ.ਡੀ. ਦੀ ਚਾਰਜਸ਼ੀਟ ਵਿਚ 19 ਮੁਲਜ਼ਮ ਸਨ, ਜਿਨ੍ਹਾਂ ਵਿਚੋਂ ਕੁਝ ਦੇ ਨਾਂ ਸੀ.ਬੀ.ਆਈ. ਦੇ ਦੋਸ਼ ਪੱਤਰ ਵਿਚ ਵੀ ਸਨ।

ਅਦਾਲਤੀ ਫੈਸਲੇ ਦੇ ਨਾਲ ਹੀ ਭਾਜਪਾ ਤੇ ਵਿਰੋਧੀ ਧਿਰ ਦਰਮਿਆਨ ਸਿਆਸੀ ਜੰਗ ਛਿੜ ਗਈ ਹੈ। ਇਸ ਫੈਸਲੇ ਤੋਂ ਬਾਗੋਬਾਗ ਕਾਂਗਰਸ ਤੇ ਡੀ.ਐਮ.ਕੇ. ਨੇ ਕਿਹਾ ਕਿ ਅਖੀਰ ਸੱਚ ਦੀ ਜਿੱਤ ਹੋਈ ਹੈ। ਕਾਂਗਰਸ ਦੇ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਪੁੱਛਿਆ, 'ਕੀ ਪ੍ਰਧਾਨ ਮੰਤਰੀ ਮੋਦੀ, ਅਰੁਣ ਜੇਤਲੀ ਸਮੇਤ ਹੋਰ ਸਾਰੇ ਲੋਕ, ਜੋ ਵਰ੍ਹਿਆਂ ਤੱਕ ਕੂੜ ਪ੍ਰਚਾਰ ਕਰਦੇ ਰਹੇ ਅਤੇ ਝੂਠ ਦੇ ਸਿਰ 'ਤੇ ਸੱਤਾ ਵਿਚ ਆਏ, ਦੇਸ਼ ਤੋਂ ਮੁਆਫੀ ਮੰਗਣਗੇ?'


### ਭਾਰਤੀ ਸਿਆਸਤ ਵਿਚ ਆਇਆ ਨਵਾਂ ਤੂਫਾਨ




### ਕੀ ਸੀ 2ਜੀ ਘੁਟਾਲਾ...


ਨਵੰਬਰ 2010 ਵਿਚ 'ਕੈਗ' ਵੱਲੋਂ ਪੇਸ਼ ਕੀਤੀ ਰਿਪੋਰਟ ਤੋਂ ਬਾਅਦ 2ਜੀ ਮਾਮਲਾ ਸੁਰਖੀਆਂ 'ਚ ਆਇਆ ਸੀ, ਜਿਸ ਮੁਤਾਬਿਕ ਸਪੈਕਟ੍ਰਮ ਵੰਡ ਕਾਰਨ ਯੂ.ਪੀ.ਏ. ਸਰਕਾਰ 'ਤੇ ਗੈਰਕਾਨੂੰਨੀ ਢੰਗ ਨਾਲ ਲਾਇਸੈਂਸ ਵੰਡਣ ਅਤੇ ਕੁਝ ਟੈਲੀਕਾਮ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਦਾ ਇਲਜ਼ਾਮ ਲਾਇਆ ਗਿਆ ਸੀ। ਇਸ ਕਾਰਨ ਸਰਕਾਰੀ ਖਜ਼ਾਨੇ ਨੂੰ 1.76 ਲੱਖ ਕਰੋੜ ਦਾ ਨੁਕਸਾਨ ਦੱਸਿਆ ਗਿਆ। ਦੋ ਦੋਸ਼ੀਆਂ 'ਤੇ ਪਹਿਲਾਂ ਆਓ, ਪਹਿਲਾਂ ਪਾਓ ਦੀ ਨੀਤੀ ਦਾ ਉਲੰਘਣ ਕਰਨ ਅਤੇ ਤਜਰਬੇਕਾਰ ਕੰਪਨੀਆਂ ਨੂੰ ਲਾਇਸੈਂਸ ਦੇਣ ਦਾ ਇਲਜ਼ਾਮ ਲਾਇਆ ਗਿਆ ਸੀ।

### ਖਰਾਬ ਨੀਅਤ ਨਾਲ ਲਾਏ ਇਲਜ਼ਾਮ: ਮਨਮੋਹਨ



ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ 2-ਜੀ ਬਾਰੇ ਭਾਜਪਾ ਵੱਲੋਂ ਜਾਣਬੁਝ ਕੇ ਪ੍ਰਚਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਖਰਾਬ ਨੀਅਤ ਨਾਲ ਯੂ.ਪੀ.ਏ. ਸਰਕਾਰ ਤੇ ਇਲਜ਼ਾਮ ਲਾਏ ਗਏ ਸਨ। ਅਦਾਲਤ ਦੇ ਫੈਸਲੇ ਨਾਲ ਦੋਸ਼ ਬੇਬੁਨਿਆਦ ਸਾਬਤ ਹੋਏ ਹਨ।

### ਫੈਸਲੇ ਨੂੰ ਤਗਮੇ ਵਾਂਗ ਨਾ ਸਮਝੇ ਕਾਂਗਰਸ: ਜੇਤਲੀ



ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਾਂਗਰਸ ਇਸ ਫੈਸਲੇ ਨੂੰ ਤਗਮੇ ਵਾਂਗ ਨਾ ਲਏ। ਜੇਤਲੀ ਨੇ ਕਿਹਾ ਕਿ ਫਰਵਰੀ 2012 'ਚ ਸੁਪਰੀਮ ਕੋਰਟ ਨੇ ਸਾਰੇ ਲਾਇਸੈਂਸ ਰੱਦ ਕਰ ਕੇ ਸਰਕਾਰ ਨੂੰ ਨਿਲਾਮੀ ਦੀ ਨਵੀਂ ਨੀਤੀ ਤਿਆਰ ਕਰਨ ਦੀ ਹਦਾਇਤ ਦਿੱਤੀ ਸੀ।

## ਚਾਰਾ ਘੁਟਾਲਾ: ਲਾਲੂ ਦੋਸ਼ੀ ਕਰਾਰ



**ਰਾਂਚੀ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 21 ਸਾਲ ਪੁਰਾਣੇ ਚਾਰਾ ਘੁਟਾਲਾ ਮਾਮਲੇ ਵਿਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਮੁਖੀ ਲਾਲੂ ਪ੍ਰਸਾਦ ਯਾਦਵ ਤੇ 15 ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਸਮੇਤ ਛੇ ਜਣਿਆਂ ਨੂੰ ਬਰੀ ਕਰ ਦਿੱਤਾ ਹੈ।

ਫੈਸਲੇ ਤੋਂ ਫੌਰੀ ਮਗਰੋਂ ਪੁਲਿਸ ਨੇ ਲਾਲੂ ਨੂੰ ਹਿਰਾਸਤ ਵਿਚ ਲੈ ਲਿਆ। ਦੋਸ਼ੀਆਂ ਲਈ ਸਜ਼ਾ ਦਾ ਐਲਾਨ ਤਿੰਨ ਜਨਵਰੀ ਨੂੰ ਕੀਤਾ ਜਾਵੇਗਾ। ਸੀ.ਬੀ.ਆਈ. ਅਦਾਲਤ ਵੱਲੋਂ ਸੁਣਾਇਆ ਫੈਸਲਾ ਆਰ.ਜੇ.ਡੀ. ਲਈ ਵੱਡਾ ਝਟਕਾ ਹੈ। ਚਾਰਾ ਘੁਟਾਲੇ ਨਾਲ ਜੁੜਿਆ ਇਹ ਮਾਮਲਾ ਸਾਲ 1991 ਤੋਂ 1994 ਦਰਮਿਆਨ ਦਿਓਗੜ੍ਹ ਟਰੈਜ਼ਰੀ ਵਿਚੋਂ ਧੋਖੇ ਨਾਲ 89.27 ਲੱਖ ਰੁਪਏ ਕਢਾਏ ਜਾਣ ਨਾਲ ਸਬੰਧਤ ਹੈ। ਇਹਤਿਆਤ ਵਜੋਂ ਜੇਲ੍ਹ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਵਿਸ਼ੇਸ਼ ਅਦਾਲਤ ਨੇ ਜਗਨਨਾਥ ਮਿਸ਼ਰਾ (80) ਸਮੇਤ ਪੰਜ ਹੋਰਨਾਂ ਲੋਕ ਲੇਖਾ ਕਮੇਟੀ ਦੇ ਸਾਬਕਾ ਚੇਅਰਮੈਨ ਧਰੁਵ ਭਗਤ, ਸਾਬਕਾ ਆਈ.ਆਰ.ਐਸ. ਅਧਿਕਾਰੀ ਏ.ਸੀ.ਚੌਧਰੀ, ਚਾਰਾ ਸਪਲਾਈ ਕਰਨ ਵਾਲੇ ਸਰਸਵਤੀ ਚੰਦਰਾ ਤੇ ਸਾਧਨਾ ਸਿੰਘ ਤੇ ਸਾਬਕਾ ਮੰਤਰੀ ਵਿਦਿਆ ਸਾਗਰ ਨਿਸ਼ਾਦ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ। ਸੀਨੀਅਰ ਪਾਰਟੀ ਆਗੂ ਰਘੂਵੰਸ਼ ਪ੍ਰਸਾਦ ਨੇ ਕਿਹਾ ਕਿ ਉਹ ਫੈਸਲੇ ਖਿਲਾਫ਼ ਹਾਈ ਕੋਰਟ ਜਾਣਗੇ। ਕਾਨੂੰਨੀ ਤੇ ਸਿਆਸੀ ਲੜਾਈ ਜਾਰੀ ਰਹੇਗੀ।

## ਜਦੋਂ ਭੀਖ ਮੰਗਦਾ ਬਜ਼ੁਰਗ ਨਿਕਲਿਆ ਕਰੋੜਪਤੀ

**ਰਾਏਬਰੇਲੀ:** ਆਧਾਰ ਕਾਰਡ ਨੂੰ ਬੈਂਕ ਤੇ ਮੋਬਾਈਲ ਨਾਲ ਜੋੜਨ ਦੀ ਬਹਿਸ ਵਿਚਾਲੇ ਰਾਏਬਰੇਲੀ ਵਿਚ ਅਜੀਬ ਜਿਹਾ ਮਾਮਲਾ ਸਾਹਮਣੇ ਆਇਆ ਹੈ। ਰਾਏਬਰੇਲੀ ਦੇ ਸਰੇਨੀ ਥਾਣਾ ਖੇਤਰ ਦੇ ਰਾਲਪੁਰ ਵਿਚ ਸਵਾਮੀ ਸੂਰੀਆ ਪ੍ਰਬੋਧ ਪਰਮਹੰਸ ਇੰਟਰ ਕਾਲਜ ਨੇੜੇ ਇਕ ਬਜ਼ੁਰਗ ਭਿਖਾਰੀ ਪੁੱਜਾ, ਜਿਹੜਾ ਕਈ ਦਿਨਾਂ ਤੋਂ ਭੁੱਖਾ ਲੱਗ ਰਿਹਾ ਸੀ। ਸਕੂਲ ਦੇ ਮਾਲਕ ਸਵਾਮੀ ਭਾਸਕਰ ਸਵਰੂਪ ਨੇ ਬਜ਼ੁਰਗ ਨੂੰ ਆਪਣੇ ਕੋਲ ਬੁਲਾਇਆ। ਬਜ਼ੁਰਗ ਨੇ ਇਸ਼ਾਰਿਆਂ ਵਿਚ ਭੁੱਖੇ ਹੋਣ ਦੀ ਗੱਲ ਦੱਸੀ, ਜਿਸ ਪਿੱਛੋਂ ਸਵਾਮੀ ਨੇ ਉਸ ਨੂੰ ਭੋਜਨ ਕਰਵਾਇਆ।

ਇਸ ਦੇ ਬਾਅਦ ਸਵਾਮੀ ਜੀ ਨੇ ਬਜ਼ੁਰਗ ਦੇ ਵਾਲ ਕਟਵਾਏ ਤੇ ਦਾੜ੍ਹੀ ਬਣਵਾਈ। ਜਦ ਉਸ ਦੇ ਗੰਦੇ ਕੱਪੜੇ ਧੋਣ ਲਈ ਕਢਵਾਏ ਗਏ ਤਾਂ ਉਸ ਵਿਚੋਂ ਆਧਾਰ ਕਾਰਡ, ਇਕ ਐਫ.ਡੀ ਅਤੇ ਤਿਜੌਰੀ ਦੀ ਚਾਬੀ ਮਿਲੀ। ਉਸ ਐਫ.ਡੀ. (ਫਿਕਸਡ ਡਿਪਾਜ਼ਿਟ) ਦੀ ਕੀਮਤ ਦੇਖ ਕੇ ਸਾਰਿਆਂ ਦੇ ਹੋਸ਼ ਉਡ ਗਏ। ਐਫ.ਡੀ. ਦੀ ਕੀਮਤ ਇਕ ਕਰੋੜ ਛੇ ਲੱਖ 92 ਹਜ਼ਾਰ ਰੁਪਏ ਸੀ। ਇਸ ਦੇ ਆਧਾਰ ਕਾਰਡ ਤੋਂ ਉਸ ਦਾ ਪਤਾ ਕਰਵਾਇਆ ਗਿਆ ਤਾਂ ਉਹ ਮੁਥੈਯਾ ਨਾਦਰ ਨਿਕਲਿਆ, ਜਿਹੜਾ ਥਿਰੂਵਨਾਵਲੀ ਤਾਮਿਲਨਾਡੂ ਦਾ ਵਸਨੀਕ ਸੀ। ਆਧਾਰ ਕਾਰਡ ਵਿਚ ਦਰਜ ਫੋਨ ਨੰਬਰ ਤੋਂ ਉਸ ਦੇ ਪਰਵਾਰ ਨਾਲ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੁਥੈਯਾ ਦੇ ਇਥੇ ਹੋਣ ਬਾਰੇ ਦੱਸਿਆ ਗਿਆ। ਜਾਣਕਾਰੀ ਮਿਲਦੇ ਹੀ ਪਰਵਾਰਕ ਮੈਂਬਰ ਰਾਏਬਰੇਲੀ ਪਹੁੰਚੇ ਅਤੇ ਉਸ ਨੂੰ ਜਹਾਜ਼ ਰਾਹੀਂ ਵਾਪਸ ਲੈ ਗਏ।

ਪਰਿਵਾਰ ਨੇ ਦੱਸਿਆ ਕਿ ਉਹ ਲੋਕ ਜੁਲਾਈ ਵਿਚ ਰੇਲ ਰਾਹੀਂ ਤੀਰਥ ਯਾਤਰਾ ਲਈ ਗਏ ਸਨ ਤੇ ਮੁਥੈਯਾ ਰਸਤੇ ਵਿਚ ਗੁਆਚ ਗਿਆ ਸੀ। ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਕਿਤੇ ਕਿਸੇ ਗਿਰੋਹ ਦਾ ਸ਼ਿਕਾਰ ਹੋ ਗਿਆ ਹੈ। ਪਰਵਾਰ ਵਾਲੇ ਉਸ ਦੀ ਭਾਲ ਕਰ ਰਹੇ ਸਨ। ਉਨ੍ਹਾਂ ਨੇ ਬਜ਼ੁਰਗ ਨੂੰ ਪਰਵਾਰ ਨਾਲ ਮਿਲਾਉਣ ਉਤੇ ਸਵਾਮੀ ਜੀ ਦਾ ਧੰਨਵਾਦ ਕੀਤਾ।



## ਸਲਮਾਨ ਤੇ ਸ਼ਿਲਪਾ ਖਿਲਾਫ ਕੇਸ ਦਰਜ

**ਮੁੰਬਈ:** ਟੀ.ਵੀ. ਸ਼ੋਅ ਦੌਰਾਨ ਇਕ ਭਾਈਚਾਰੇ ਖਿਲਾਫ਼ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕਰਨ ਉਤੇ ਸਲਮਾਨ ਖਾਨ ਅਤੇ ਸ਼ਿਲਪਾ ਸ਼ੈਟੀ ਖਿਲਾਫ਼ ਮੁੰਬਈ 'ਚ ਮਾਮਲਾ ਦਰਜ ਕੀਤਾ ਗਿਆ ਹੈ। ਦੋਵਾਂ ਉਤੇ ਦੋਸ਼ ਹੈ ਕਿ ਉਨ੍ਹਾਂ ਨੇ ਇਕ ਟੀ. ਵੀ. ਚੈਨਲ ਉਤੇ ਪ੍ਰੋਗਰਾਮ ਦੌਰਾਨ ਇਕ ਕੋਰੀਓਗ੍ਰਾਫਰ ਵੱਲੋਂ ਦੱਸੇ ਸਟੈਪ ਦੀ ਤੁਲਨਾ ਕਰਦਿਆਂ ਜਾਤੀ ਸੂਚਕ ਟਿੱਪਣੀ ਕੀਤੀ ਸੀ। ਇਸ ਤੋਂ ਇਲਾਵਾ ਰਾਜਸਥਾਨ ਦੇ ਚੂਰੂ ਜ਼ਿਲ੍ਹੇ ਦੇ ਕੋਤਵਾਲੀ ਪੁਲਿਸ ਸਟੇਸ਼ਨ ਵਿਚ ਵੀ ਇਨ੍ਹਾਂ ਦੋਵਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ।

# ਮੋਦੀ ਸਰਕਾਰ ਦੀ 'ਕਾਂਗਰਸ ਮੁਕਤ ਭਾਰਤ' ਵਾਲੀ ਮੁਹਿੰਮ ਨੇ ਫੜੀ ਰਫਤਾਰ

**ਨਵੀਂ ਦਿੱਲੀ:** ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਜਿੱਤ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ 'ਕਾਂਗਰਸ ਮੁਕਤ ਭਾਰਤ' ਵਾਲੀ ਮੁਹਿੰਮ ਨੂੰ ਹੋਰ ਤੇਜ਼ ਕਰ ਦੀ ਤਿਆਰੀ ਕਰ ਲਈ ਹੈ। ਭਾਜਪਾ ਦਾ ਅਗਲਾ ਨਿਸ਼ਾਨਾ ਉਹ ਤਿੰਨ ਸੂਬੇ ਹਨ, ਜਿਥੇ ਕਾਂਗਰਸ ਸਰਕਾਰ ਹੈ।

ਭਾਜਪਾ ਸੰਸਦੀ ਦਲ ਦੀ ਮੀਟਿੰਗ ਵਿਚ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਾਰਟੀ ਦੇ ਅੰਦਰ ਤੇ ਬਾਹਰ ਨੌਜਵਾਨ ਚਿਹਰਿਆਂ ਨੂੰ ਅੱਗੇ ਲਿਆਉਣ ਉਤੇ ਜ਼ੋਰ ਦਿੱਤਾ। ਸਾਲ 2018 ਵਿਚ ਪੰਜ ਮੁੱਖ ਰਾਜਾਂ- ਨਾਗਾਲੈਂਡ, ਕਰਨਾਟਕ, ਮੇਘਾਲਿਆ, ਤ੍ਰਿਪੁਰਾ ਤੇ ਮਿਜ਼ੋਰਮ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਨ੍ਹਾਂ ਵਿਚੋਂ ਕਰਨਾਟਕ, ਮੇਘਾਲਿਆ ਤੇ ਮਿਜ਼ੋਰਮ ਵਿਚ ਪਹਿਲ ਕਾਂਗਰਸ ਦੀ ਸਰਕਾਰ ਹੈ। ਅਜਿਹੇ ਵਿਚ ਭਾਜਪਾ ਦੀ ਕੋਸ਼ਿਸ਼ ਰਹੇਗੀ ਕਿ ਇਨ੍ਹਾਂ ਰਾਜਾਂ 'ਚੋਂ ਕਾਂਗਰਸ ਨੂੰ ਪਛਾੜ ਕੇ ਇਨ੍ਹਾਂ ਸੂਬਿਆਂ 'ਤੇ ਕਬਜ਼ਾ ਕਰੇ। ਪਤਾ ਲੱਗਾ ਹੈ ਕਿ ਮੇਘਾਲਿਆ ਵਿਚ ਫਰਵਰੀ 2018, ਕਰਨਾਟਕ ਵਿਚ ਅਪਰੈਲ 2018 ਅਤੇ ਮਿਜ਼ੋਰਮ ਵਿਚ ਨਵੰਬਰ 2018 ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਮਿਸ਼ਨ ਸਫਲ ਰਿਹਾ ਤਾਂ 2019 ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਨੂੰ ਛੱਡ ਕੇ ਸਾਰੇ ਰਾਜਾਂ ਵਿਚ ਭਾਜਪਾ ਦੀ ਸੱਤਾ ਕਾਇਮ ਹੋ ਜਾਵੇਗੀ।

ਸਾਲ 2019 ਦੇ ਜਨਵਰੀ ਮਹੀਨੇ ਵਿਚ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿਚ ਚੋਣਾਂ ਹੋਣੀਆਂ ਹਨ, ਜਿਥੇ ਪਹਿਲਾਂ ਹੀ ਭਾਜਪਾ ਦੀਆਂ ਸਰਕਾਰਾਂ ਹਨ। ਕਰਨਾਟਕ ਵਿਚ ਪਹਿਲਾਂ ਕਾਂਗਰਸ ਖਿਲਾਫ ਭਾਜਪਾ ਚੋਣ ਲੜ ਚੁੱਕੀ ਹੈ। ਸਾਲ 2013 ਦੀਆਂ ਚੋਣਾਂ ਵਿਚ 224 ਸੀਟਾਂ ਵਾਲੀ ਵਿਧਾਨ ਸਭਾ ਵਿਚ ਕਾਂਗਰਸ ਨੇ 122 ਸੀਟਾਂ ਜਿੱਤੀਆਂ ਸਨ ਜਦ ਕਿ ਭਾਜਪਾ 40 ਸੀਟਾਂ ਉਤੇ ਸਿਮਟ ਗਈ ਸੀ। ਇਸ ਪਾਰਟੀ ਦਾ ਅਗਲਾ ਨਿਸ਼ਾਨਾ ਕਰਨਾਟਕ ਹੈ, ਜਿਸ ਲਈ ਭਾਜਪਾ ਨੇ ਤਿਆਰੀ ਆਰੰਭ ਦਿੱਤੀ ਹੈ। ਉਸ ਨੇ ਜਿਥੇ ਕਰਨਾਟਕ ਵਿਧਾਨ ਸਭਾ ਚੋਣ ਲਈ ਹਮਲਾਵਰ ਪ੍ਰਚਾਰ ਮੁਹਿੰਮ ਚਲਾ ਰੱਖੀ ਹੈ, ਉਥੇ ਕਾਂਗਰਸ ਦੇ ਮੁੱਖ ਮੰਤਰੀ ਸਿਧਰਮੈਯਾ ਰਾਜਨੀਤੀ ਦੇ ਸਮੀਕਰਨ ਗੜਬੜ ਕਰ ਰਹੇ ਹਨ। ਭਾਜਪਾ ਨੇ ਕੇਂਦਰੀ ਮਨੁੱਖੀ ਸਾਧਨ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਵਰਗੇ ਜ਼ਮੀਨੀ ਨੇਤਾ ਨੂੰ ਗੁਜਰਾਤ ਦਾ ਭਾਰ ਸੌਂਪ ਦਿੱਤਾ ਸੀ, ਪਰ ਹੁਣ ਉਨ੍ਹਾਂ ਨੂੰ ਕਰਨਾਟਕ ਲਈ ਸਰਗਰਮ ਕੀਤਾ ਜਾ ਰਿਹਾ ਹੈ।



### ਹਿਮਾਚਲ: ਦੋ ਤਿਹਾਈ ਸੀਟਾਂ ਜਿੱਤ ਕੇ ਵੀ ਭਾਜਪਾ ਨਿਰਾਸ਼

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਭਾਵੇਂ ਦੋ ਤਿਹਾਈ ਸੀਟਾਂ ਜਿੱਤ ਗਈ ਹੋਵੇ ਪਰ ਭਾਜਪਾ ਨੂੰ ਇਸ ਉਤੇ ਜ਼ਿਆਦਾ ਖੁਸ਼ੀ ਨਹੀਂ ਹੋਈ। ਇਸ ਚੋਣ ਵਿਚ ਭਾਜਪਾ ਦੇ ਮੁੱਖ ਮੰਤਰੀ ਦੇ ਉਮੀਦਵਾਰ ਪ੍ਰੇਮ ਕੁਮਾਰ ਧੂਮਲ ਸਣੇ ਕਈ ਵੱਡੇ ਨੇਤਾ ਹਾਰ ਗਏ ਹਨ। ਅਜਿਹੇ ਵਿਚ ਕਾਂਗਰਸ ਨੂੰ ਵੀ ਆਪਣੀ ਹਾਰ ਦਾ ਜ਼ਿਆਦਾ ਦੁੱਖ ਨਹੀਂ ਹੋ ਰਿਹਾ ਜਾਪਦਾ। ਕਾਂਗਰਸ ਦੇ ਲੀਡਰ ਕਹਿ ਰਹੇ ਹਨ ਕਿ ਉਨ੍ਹਾਂ ਦੀ ਜਿੱਤ ਭਾਜਪਾ ਤੋਂ ਵੱਡੀ ਹੈ। ਕਾਂਗਰਸੀ ਲੀਡਰ ਮੁਕੇਸ਼ ਅਗਨੀਹੋਤਰੀ ਦਾ ਕਹਿਣਾ ਹੈ ਕਿ ਕਾਂਗਰਸ ਨੇ ਭਾਜਪਾ ਦੇ ਵੱਡੇ-ਵੱਡੇ ਲੀਡਰਾਂ ਨੂੰ ਲੰਮੇ ਪਾ ਦਿੱਤਾ। ਉਨ੍ਹਾਂ ਦੱਸਿਆ ਕਿ ਜਨਤਾ ਨੇ ਵਿਕਾਸ ਕਰਨ ਵਾਲੇ ਉਮੀਦਵਾਰਾਂ ਨੂੰ ਵੋਟ ਦਿੱਤੀ ਹੈ। ਸੁਜਾਨਪੁਰ ਵਿਚ ਰਾਜਿੰਦਰ ਰਾਣਾ ਦੀ ਜਿੱਤ ਨੇ ਭਾਜਪਾ ਨੂੰ ਜਸ਼ਨ ਮਨਾਉਣ ਦਾ ਮੌਕਾ ਹੀ ਨਹੀਂ ਦਿੱਤਾ। ਸੁਜਾਨਪੁਰ ਤੋਂ ਭਾਜਪਾ ਦੇ ਮੁੱਖ ਮੰਤਰੀ ਉਮੀਦਵਾਰ ਨੂੰ ਹਰਾਉਣ ਵਾਲੇ ਕਾਂਗਰਸ ਦੇ ਰਾਜਿੰਦਰ ਰਾਣਾ ਦਾ ਕਹਿਣਾ ਹੈ ਕਿ ਉਹ ਸੁਜਾਨਪੁਰ ਦੀ ਜਨਤਾ ਦਾ ਧੰਨਵਾਦ ਕਰਨਾ ਚਾਹੁੰਦੇ ਹਨ।

# ਥਰਮਲ ਪਲਾਂਟਾਂ ਦੀ ਤਾਲੇਬੰਦੀ ਬਣੀ ਕੈਪਟਨ ਸਰਕਾਰ ਲਈ ਸਿਰਦਰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਬਠਿੰਡਾ ਤੇ ਰੋਪੜ ਦੇ ਥਰਮਲ ਪਲਾਂਟ ਬੰਦ ਕਰਨ ਦੇ ਫੈਸਲੇ ਖਿਲਾਫ ਮੁਲਾਜ਼ਮ ਡਟੇ ਗਏ ਹਨ। ਬਠਿੰਡਾ ਵਿਚ ਵੱਡੀ ਗਿਣਤੀ ਮੁਲਾਜ਼ਮਾਂ ਨੇ ਬਠਿੰਡਾ-ਗੰਗਾਨਗਰ ਹਾਈਵੇ ਉਤੇ ਜਾਮ ਲਾ ਦਿੱਤਾ ਤੇ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦਾ ਪੁਤਲਾ ਫੂਕਿਆ। ਮੁਲਾਜ਼ਮਾਂ ਨੇ ਵੱਡੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ।

ਕਾਬਲੇਗੌਰ ਹੈ ਕਿ ਪੰਜਾਬ ਕੈਬਨਿਟ ਨੇ ਬਠਿੰਡਾ ਦੇ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੇ ਸਾਰੇ ਚਾਰੇ ਯੂਨਿਟ ਤੇ ਰੋਪੜ ਦੇ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਦੇ ਦੋ ਯੂਨਿਟਾਂ ਨੂੰ ਪਹਿਲੀ ਜਨਵਰੀ 2018 ਤੋਂ ਬੰਦ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਨ੍ਹਾਂ ਯੂਨਿਟਾਂ ਵਿਚ ਕੰਮ ਕਰਦੇ ਕੱਚੇ ਤੇ ਪੱਕੇ ਮੁਲਾਜ਼ਮਾਂ ਨੂੰ ਨੇੜਲੇ ਥਾਵਾਂ ਉਤੇ ਤਬਦੀਲ ਕੀਤਾ ਜਾਏਗਾ। ਥਰਮਲ ਮੁਲਾਜ਼ਮ ਯੂਨੀਅਨ ਨੇ ਸੰਘਰਸ਼ ਦਾ ਐਲਾਨ ਕਰਦਿਆਂ ਸੰਘਰਸ਼ ਦੀ ਰਣਨੀਤੀ ਘੜੀ ਹੈ। ਯੂਨੀਅਨ ਨੇ ਐਲਾਨ ਕੀਤਾ ਹੈ ਕਿ ਪੂਰੇ ਪੰਜਾਬ ਵਿਚ ਸਬ ਡਿਵੀਜ਼ਨ ਪੱਧਰ ਉਤੇ ਧਰਨੇ ਦਿੱਤੇ ਜਾਣਗੇ।



ਆਮ ਆਦਮੀ ਪਾਰਟੀ ਨੇ ਵੀ ਸੰਘਰਸ਼ ਵਿਚ ਥਰਮਲ ਮੁਲਾਜ਼ਮਾਂ ਦਾ ਸਾਥ ਦਿੱਤਾ ਹੈ। ਵਿੱਤ ਮੰਤਰੀ ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਬਠਿੰਡਾ ਤੇ ਰੋਪੜ ਦੇ ਥਰਮਲ ਪਲਾਂਟ ਆਪਣੀ ਮਿਆਦ ਪੁਗਾ ਚੁੱਕੇ ਹਨ। ਬਠਿੰਡਾ ਤੋਂ ਬਿਜਲੀ ਪੈਦਾ ਕਰਨੀ ਜ਼ਿਆਦਾ ਮਹਿੰਗੀ ਪੈਂਦੀ ਹੈ। ਸ਼ਾਨਨ ਪਲਾਂਟ ਤੋਂ ਢਾਈ ਰੁਪਏ ਯੂਨਿਟ ਜਦੋਂਕਿ ਬਠਿੰਡਾ ਪਲਾਂਟ ਤੋਂ ਸਾਢੇ ਗਿਆਰਾਂ ਰੁਪਏ ਯੂਨਿਟ ਬਿਜਲੀ ਪੈਂਦੀ ਹੈ। ਇਸ ਸਬੰਧੀ ਕੈਪਟਨ ਸਰਕਾਰ ਨੇ ਕੈਬਨਿਟ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਸੀ, ਜਿਸ ਵਿਚ ਵਿੱਤ ਮੰਤਰੀ ਤੋਂ ਇਲਾਵਾ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਤੇ ਉਚ ਸਿੱਖਿਆ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਸਨ। ਕਮੇਟੀ ਨੇ ਬਠਿੰਡਾ ਥਰਮਲ ਬੰਦ ਕਰਨ ਦੀ ਸਿਫਾਰਸ਼ ਕੀਤੀ ਸੀ, ਜਿਸ ਉਤੇ ਵਜ਼ਾਰਤ ਨੇ ਮੋਹਰ ਲਾ ਦਿੱਤੀ।

## ਕਿਸਾਨਾਂ ਨੇ ਥਰਮਲ ਲਈ ਦਿੱਤੀ ਜ਼ਮੀਨ ਵਾਪਸ ਮੰਗੀ

**ਬਠਿੰਡਾ:** ਦਹਾਕੇ ਪਹਿਲਾਂ ਆਪਣੇ ਖੇਤ ਥਰਮਲ ਖਾਤਰ ਦੇਣ ਵਾਲੇ ਕਿਸਾਨ ਭੜਕ ਉਠੇ ਹਨ। ਪੰਜਾਬ ਸਰਕਾਰ ਨੇ ਉਦੋਂ ਮਾਮੂਲੀ ਮੁਆਵਜ਼ਾ ਦੇ ਕੇ ਇਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਸਨ। ਪੰਜਾਬ ਸਰਕਾਰ ਵੱਲੋਂ ਥਰਮਲ ਪਲਾਂਟ ਨੂੰ ਬੰਦ ਕਰਨ ਦੇ ਫੈਸਲੇ ਮਗਰੋਂ ਕਿਸਾਨਾਂ ਵਿਚ ਰੋਹ ਹੈ। ਉਧਰ ਸਰਕਾਰ ਦਾ ਤਰਕ ਹੈ ਕਿ ਥਰਮਲ ਵਾਲੀ ਥਾਂ ਉਤੇ ਸੋਲਰ ਪਲਾਂਟ ਲਗਾਇਆ ਜਾਵੇਗਾ। ਥਰਮਲ ਮੁਲਾਜ਼ਮ ਹਾਲਾਂਕਿ ਇਸ ਨੂੰ ਲਾਲੀਪਾਪ ਦੱਸ ਰਹੇ ਹਨ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਸਰਕਾਰ ਦਾ ਅਸਲ ਮਕਸਦ ਜ਼ਮੀਨ ਵੇਚਣਾ ਹੈ।

## ਮੁਲਾਜ਼ਮਾਂ ਨੂੰ ਸਿਆਸੀ ਵਿਰੋਧੀਆਂ ਵੱਲੋਂ ਹੱਲਾਸ਼ੇਰੀ

**ਬਠਿੰਡਾ:** ਬਠਿੰਡਾ ਥਰਮਲ ਪਲਾਂਟ ਦੀ ਤਾਲੇਬੰਦੀ ਦਾ ਮੁੱਦਾ ਹੁਣ ਸਿਆਸੀ ਰੰਗ ਫੜਨ ਲੱਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਥਰਮਲ ਮੁਲਾਜ਼ਮਾਂ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਸਾਬਕਾ ਮੁੱਖ ਸੰਸਦੀ ਸਕੱਤਰ ਅਤੇ ਅਕਾਲੀ ਆਗੂ ਸਰੂਪ ਚੰਦ ਸਿੰਗਲਾ ਨੇ ਆਖਿਆ ਕਿ ਗੱਠਜੋੜ ਸਰਕਾਰ ਸਮੇਂ ਥਰਮਲ ਨੂੰ ਗੈਸ ਆਧਾਰਿਤ ਬਣਾਉਣ ਦੀ ਵਿਉਂਤ ਬਣੀ ਸੀ ਪਰ ਕਾਂਗਰਸ ਸਰਕਾਰ ਨੇ ਥਰਮਲ ਬੰਦ ਕਰ ਕੇ ਇਸ ਦੀ ਜਾਇਦਾਦ ਨੂੰ ਵੇਚਣ ਦਾ ਮਨ ਬਣਾ ਲਿਆ ਹੈ। 'ਆਪ' ਦੇ ਮਾਲਵਾ ਜ਼ੋਨ ਦੇ ਪ੍ਰਧਾਨ ਅਨਿਲ ਠਾਕੁਰ, ਸ਼ਹਿਰੀ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਬਾਂਸਲ ਅਤੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਨਵਦੀਪ ਸਿੰਘ ਜੀਦਾ ਨੇ ਆਖਿਆ ਕਿ ਉਹ ਥਰਮਲ ਦੀ ਲੜਾਈ ਨੂੰ ਸੜਕਾਂ 'ਤੇ ਲੈ ਕੇ ਜਾਣਗੇ ਅਤੇ ਥਰਮਲ ਮੁਲਾਜ਼ਮਾਂ ਨੂੰ ਹਰ ਤਰ੍ਹਾਂ ਦੀ ਹਮਾਇਤ ਦੇਣਗੇ।

# ਨਿਜੀ ਫਰਮਾਂ ਨਾਲ ਅਕਾਲੀਆਂ ਦੇ ਸਮਝੌਤਿਆਂ ਨੇ ਕੀਤਾ ਔਖਾ ਰਾਹ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਤਕਰੀਬਨ ਅੱਧੀ ਦਰਜਨ ਫਰਮਾਂ ਤੋਂ ਮਹਿੰਗੇ ਭਾਅ ਸੂਰਜੀ ਊਰਜਾ ਖਰੀਦੀ ਜਾ ਰਹੀ ਹੈ, ਜਿਸ ਲਈ ਪੈਸਾ ਪਾਵਰਕੌਮ ਦੇ ਖਜ਼ਾਨੇ ਵਿਚੋਂ ਜਾਂਦਾ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਇਨ੍ਹਾਂ ਫਰਮਾਂ ਨਾਲ ਉਚੇ ਭਾਅ ਵਿਚ ਸਮਝੌਤੇ ਹੋਏ ਸਨ। ਇਨ੍ਹਾਂ ਫਰਮਾਂ ਤੋਂ ਪਾਵਰਕੌਮ ਤਕਰੀਬਨ 18 ਰੁਪਏ ਪ੍ਰਤੀ ਯੂਨਿਟ ਸੂਰਜੀ ਊਰਜਾ ਖਰੀਦ ਰਿਹਾ ਹੈ। ਦੇਸ਼ ਭਰ 'ਚ ਵਿਰਲੇ ਸੋਲਰ ਪਲਾਂਟ ਹੋਣਗੇ, ਜਿਨ੍ਹਾਂ ਨੂੰ ਐਨਾ ਭਾਅ ਮਿਲਦਾ ਹੋਵੇਗਾ।



ਹੁਣ ਜਦੋਂ ਬਠਿੰਡਾ ਥਰਮਲ ਨੂੰ ਮਹਿੰਗੀ ਬਿਜਲੀ ਦਾ ਤਰਕ ਦੇ ਕੇ ਬੰਦ ਕੀਤਾ ਗਿਆ ਹੈ ਤਾਂ ਇਨ੍ਹਾਂ ਸੋਲਰ ਪਲਾਂਟਾਂ ਨਾਲ ਹੋਏ ਮਹਿੰਗੇ ਭਾਅ ਵਾਲੇ ਸਮਝੌਤਿਆਂ 'ਤੇ ਵੀ ਉਂਗਲ ਉਠੀ ਹੈ। ਆਰ.ਟੀ.ਆਈ. ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ ਪਾਵਰਕੌਮ ਨੇ ਸਾਲ 2011-12 ਤੋਂ 9 ਸੋਲਰ ਪਲਾਂਟਾਂ ਤੋਂ ਬਿਜਲੀ ਖਰੀਦਣੀ ਸ਼ੁਰੂ ਕੀਤੀ ਹੈ। ਉਦੋਂ ਪਾਵਰਕੌਮ ਨੇ ਅਜ਼ੂਰ ਸੋਲਰ ਪਲਾਂਟ ਤੋਂ 8.95 ਰੁਪਏ ਅਤੇ ਕਾਰਲਿਲ ਐਨਰਜੀ, ਈਕੋਨੈਨਰਜੀ, ਜੀ.ਐਸ. ਅਟਵਾਲ ਭੁੱਟੀਵਾਲ ਅਤੇ ਸੋਵੋਕਸ ਸੋਲਰ ਤੋਂ 7.91 ਰੁਪਏ ਪ੍ਰਤੀ ਯੂਨਿਟ ਸੂਰਜੀ ਊਰਜਾ ਖਰੀਦੀ ਸੀ।

2012-13 ਤੋਂ ਇਨ੍ਹਾਂ ਫਰਮਾਂ ਕੋਲੋਂ 17.91 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦਣੀ ਸ਼ੁਰੂ ਕਰ ਦਿੱਤੀ ਜਦੋਂਕਿ ਅਜ਼ੂਰ ਤੋਂ 17.59 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦੀ ਗਈ। ਸਾਲ 2012-13 ਤੋਂ 2016-17 ਤੱਕ ਇਨ੍ਹਾਂ ਫਰਮਾਂ ਤੋਂ ਪਾਵਰਕੌਮ ਨੇ 68.68 ਕਰੋੜ ਵਿਚ ਤਕਰੀਬਨ 3.28 ਕਰੋੜ ਯੂਨਿਟ ਸੂਰਜੀ ਊਰਜਾ ਖਰੀਦੀ ਹੈ। ਪਾਵਰਕੌਮ ਵੱਲੋਂ ਹੁਣ 81 ਸੋਲਰ ਪਲਾਂਟਾਂ ਤੋਂ ਔਸਤਨ 3 ਤੋਂ 8.70 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਸੂਰਜੀ ਊਰਜਾ ਖਰੀਦੀ ਜਾ ਰਹੀ ਹੈ ਜਦੋਂ ਕਿ ਕੁਝ 'ਖਾਸ' ਅੱਧੀ ਦਰਜਨ ਫਰਮਾਂ ਤੋਂ ਪਾਵਰਕੌਮ ਅਜੇ ਵੀ 17.91 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦ ਰਿਹਾ ਹੈ। ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਤਰਕ ਦਿੱਤਾ ਸੀ ਕਿ ਬਠਿੰਡਾ ਥਰਮਲ ਤੋਂ ਬਿਜਲੀ ਪ੍ਰਤੀ ਯੂਨਿਟ 11.50 ਰੁਪਏ ਵਿਚ ਪੈਂਦੀ ਹੈ, ਜਿਸ ਕਾਰਨ ਇਸ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਪੀ.ਐਸ.ਈ.ਬੀ. ਇੰਜੀਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੰਜੀਵ ਸੂਦ ਨੇ ਦੱਸਿਆ ਕਿ ਜਦੋਂ ਬਠਿੰਡਾ ਥਰਮਲ ਪੂਰੇ ਲੋਡ 'ਤੇ ਚੱਲਦਾ ਹੈ ਤਾਂ ਇਸ ਦੀ ਬਿਜਲੀ ਪ੍ਰਤੀ ਯੂਨਿਟ 4.50 ਰੁਪਏ ਵਿਚ ਪੈਂਦੀ ਹੈ। ਬਠਿੰਡਾ ਥਰਮਲ ਦੀ ਐਪੈਲਾਈਜ਼ ਤਾਲਮੇਲ ਕਮੇਟੀ ਦੇ ਆਗੂ ਗੁਰਸੇਵਕ ਸਿੰਘ ਨੇ ਕਿਹਾ ਕਿ ਪ੍ਰਾਈਵੇਟ ਫਰਮਾਂ ਤੋਂ ਬਿਜਲੀ ਖਰੀਦਣ ਦੇ ਮਾਮਲੇ 'ਚ ਵੱਡਾ ਘਪਲਾ ਹੋਇਆ ਹੈ, ਜਿਸ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।

# ਉਤਪਾਦਨ 'ਚ ਨਿਜੀ ਖੇਤਰ ਤੋਂ ਪਿੱਛੇ ਰਹਿ ਗਿਆ ਪਾਵਰਕੌਮ

**ਜਲੰਧਰ:** ਬਠਿੰਡਾ ਤੇ ਰੋਪੜ ਦੇ ਥਰਮਲ ਪਲਾਂਟ ਬੰਦ ਕਰਨ ਦੇ ਫੈਸਲੇ ਤੋਂ ਬਾਅਦ ਹੁਣ ਬਿਜਲੀ ਉਤਪਾਦਨ ਵਿਚ ਜਿਥੇ ਪਾਵਰਕੌਮ ਦਾ ਹਿੱਸਾ ਘਟ ਜਾਏਗਾ, ਉਥੇ ਨਿੱਜੀ ਖੇਤਰ ਹੁਣ ਬਿਜਲੀ ਉਤਪਾਦਨ ਵਿਚ ਅੱਗੇ ਨਿਕਲ ਜਾਣਗੇ। ਬਿਜਲੀ ਮਾਹਿਰ ਲੰਬੇ ਸਮੇਂ ਤੋਂ ਇਹ ਮੰਗ ਕਰਦੇ ਰਹੇ ਹਨ ਕਿ ਖੇਤੀ ਪ੍ਰਧਾਨ ਸੂਬੇ ਵਿਚ ਜੇਕਰ ਆਮ ਵਰਗ ਤੱਕ ਸਸਤੀ ਬਿਜਲੀ ਦੀ ਸਹੂਲਤ ਦੇਣੀ ਹੈ ਤਾਂ ਬਿਜਲੀ ਉਤਪਾਦਨ ਮਾਮਲੇ ਵਿਚ ਰਾਜ ਸਰਕਾਰ ਨੂੰ ਆਪਣੇ ਹਿੱਸੇ ਵਿਚ ਵਾਧਾ ਕਰਨਾ ਚਾਹੀਦਾ ਹੈ ਪਰ ਹੁਣ ਪਾਵਰਕੌਮ ਦਾ ਆਪਣੇ ਤਾਪ ਘਰਾਂ ਨੂੰ ਤਾਲੇ ਲਗਾਉਣ ਤੋਂ ਬਾਅਦ ਬਿਜਲੀ ਉਤਪਾਦਨ ਵਿਚ ਹਿੱਸਾ ਘਟ ਜਾਏਗਾ।


ਪੰਜਾਬ ਵਿਚ ਪਹਿਲਾਂ 40 ਫੀਸਦੀ ਬਿਜਲੀ ਉਤਪਾਦਨ ਪਾਵਰਕੌਮ (ਸਰਕਾਰੀ) ਖੇਤਰ ਵੱਲੋਂ ਤੇ 60 ਫੀਸਦੀ ਨਿੱਜੀ ਖੇਤਰ ਵਿਚ ਕੀਤਾ ਜਾਂਦਾ ਸੀ। ਹੁਣ ਇਹ ਅਨੁਪਾਤ 30 ਫੀਸਦੀ ਪਾਵਰਕੌਮ ਤੇ 70 ਫੀਸਦੀ ਨਿੱਜੀ ਖੇਤਰ ਦਾ ਹੋ ਜਾਵੇਗਾ। ਪਾਵਰਕੌਮ ਦੇ ਤਾਪ ਘਰ ਪਹਿਲਾਂ 2640 ਮੈਗਾਵਾਟ ਬਿਜਲੀ ਉਤਪਾਦਨ ਕਰਦੇ ਸਨ ਜਦੋਂ ਕਿ ਬਠਿੰਡਾ ਅਤੇ ਰੋਪੜ ਦੇ ਦੋ ਯੂਨਿਟਾਂ ਨੂੰ ਤਾਲਾ ਲੱਗਣ ਨਾਲ ਪਾਵਰਕੌਮ ਦਾ ਉਤਪਾਦਨ 1760 ਮੈਗਾਵਾਟ ਰਹਿ ਜਾਵੇਗਾ ਅਤੇ ਨਿੱਜੀ ਖੇਤਰ ਦਾ ਬਿਜਲੀ ਉਤਪਾਦਨ 3070 ਮੈਗਾਵਾਟ ਹੋ ਜਾਵੇਗਾ। ਕੇਂਦਰ ਬਿਜਲੀ ਮੰਤਰਾਲੇ ਦੀਆਂ ਹਦਾਇਤਾਂ ਮੁਤਾਬਕ ਪੰਜਾਬ ਸਮੇਤ ਹੋਰ ਰਾਜਾਂ ਵਿਚ ਉਨ੍ਹਾਂ ਬਿਜਲੀ ਤਾਪ ਘਰਾਂ ਨੂੰ ਹੌਲੀ-ਹੌਲੀ ਬੰਦ ਕਰਨ ਦੇ ਸੰਕੇਤ ਪਹਿਲਾਂ ਹੀ ਮਿਲ ਚੁੱਕੇ ਹਨ ਜਿਨ੍ਹਾਂ ਦੀ ਉਮਰ ਪੂਰੀ ਹੋ ਚੁੱਕੀ ਹੈ।



ਚੇਤੇ ਰਹੇ ਕਿ ਨਿੱਜੀ ਤਾਪ ਘਰਾਂ ਤੋਂ ਬਿਜਲੀ ਖਰੀਦ ਸਮਝੌਤਿਆਂ ਦੌਰਾਨ ਇਹ ਵੀ ਨਿਯਮ ਸ਼ਾਮਲ ਹੈ ਕਿ ਪਾਵਰਕੌਮ ਬਿਜਲੀ ਦੀ ਖਰੀਦ ਨਹੀਂ ਕਰਦਾ ਹੈ ਤਾਂ ਉਸ ਨੂੰ ਫਿਕਸ ਚਾਰਜਿਜ਼ ਦੇਣੇ ਪੈਣਗੇ। ਐਸੋਸੀਏਸ਼ਨ ਦੀ ਮੰਨੀਏ ਤਾਂ ਤਲਵੰਡੀ ਸਾਬੋ ਦੇ 1.23 ਰੁਪਏ ਪ੍ਰਤੀ ਯੂਨਿਟ, ਗੋਇੰਦਵਾਲ ਸਾਹਿਬ ਤੋਂ 2.20 ਰੁਪਏ ਪ੍ਰਤੀ ਯੂਨਿਟ ਤੇ ਰਾਜਪੁਰਾ ਥਰਮਲ ਪਲਾਂਟ ਤੋਂ 1.43 ਰੁਪਏ ਪ੍ਰਤੀ ਯੂਨਿਟ ਬਿਜਲੀ ਦੇ ਫਿਕਸ ਚਾਰਜਿਜ਼ ਲਾਗੂ ਕੀਤੇ ਗਏ ਹਨ। ਪੰਜਾਬ ਕੈਬਨਿਟ ਨੇ ਬਠਿੰਡਾ ਤੇ ਰੋਪੜ ਦੇ ਦੋ ਯੂਨਿਟਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਹੁਣ ਪਾਵਰਕੌਮ ਨੂੰ ਝਾਰਖੰਡ ਦੇ ਪਛਵਾੜਾ ਦੀ ਅਲਾਟ ਹੋਈ ਕੋਲਾ ਖਾਣ ਤੋਂ ਕੋਲਾ ਲੈਣ ਵਿਚ ਜ਼ਿਆਦਾ ਦਿਲਚਸਪੀ ਨਹੀਂ ਹੈ ਕਿਉਂਕਿ ਆਪਣੇ ਤਾਪ ਘਰ ਬੰਦ ਹੋ ਜਾਣਗੇ ਤਾਂ ਇਸ ਕਰ ਕੇ ਖਾਣ ਤੋਂ ਕੋਲਾ ਲਿਆਉਣ ਦੀ ਕੋਈ ਲੋੜ ਨਹੀਂ ਰਹੇਗੀ।

# ਖਗੋਲ ਵਿਗਿਆਨੀਆਂ ਨੇ ਲੱਭਿਆ ਸੂਰਜ ਵਰਗਾ ਨਵਾਂ ਤਾਰਾ

**ਨਿਊ ਯਾਰਕ:** ਖਗੋਲ ਵਿਗਿਆਨੀਆਂ ਨੇ ਸੂਰਜ ਜਿਹਾ ਇਕ ਨਵਾਂ ਤਾਰਾ ਲੱਭਿਆ ਹੈ। ਇਹ ਸਾਡੀ ਧਰਤੀ ਤੋਂ 550 ਪ੍ਰਕਾਸ਼ ਸਾਲ ਦੂਰ ਹੈ। ਇਹ ਤਾਰਾ ਪਰਿਕਰਮਾ ਕਰ ਰਹੇ ਆਪਣੇ ਗ੍ਰਹਿਆਂ ਨੂੰ ਹੌਲੀ-ਹੌਲੀ ਨਿਗਲ ਰਿਹਾ ਹੈ। ਇਨ੍ਹਾਂ ਨੂੰ ਗੈਸ ਦੇ ਵਿਸ਼ਾਲ ਬੱਦਲਾਂ ਜਾਂ ਧੂੜ 'ਚ ਤਬਦੀਲ ਕਰ ਰਿਹਾ ਹੈ। ਇਸ ਦੂਰ ਦੁਰਾਡੇ ਤਾਰੇ ਨੂੰ ਆਰਜੇ ਪਿਸਿਅਮ ਨਾਂ ਦਿੱਤਾ ਗਿਆ ਹੈ।



ਅਮਰੀਕਾ ਦੀ ਇੰਡੀਆਨਾ ਯੂਨੀਵਰਸਿਟੀ ਦੀ ਸ਼ੋਧਕਰਤਾ ਕੈਥਰੀਨ ਪਿਲਾਚੋਵਸਕੀ ਨੇ ਕਿਹਾ, 'ਅਸੀਂ ਜਾਣਦੇ ਹਾਂ ਕਿ ਨਵੇਂ ਸੂਰਜ ਮੰਡਲ 'ਚ ਗ੍ਰਹਿਆਂ ਦੇ ਅੰਦਰੂਨੀ ਵਿਸਥਾਪਨ ਦੀ ਘਟਨਾ ਅਸਾਧਾਰਨ ਨਹੀਂ ਹੈ। ਇਹ ਤਾਰਾ ਮੰਡਲ ਦੇ ਯਾਮਵਾਰ ਵਿਕਾਸ ਦਾ ਬੇਹੱਦ ਰੋਚਕ ਪੜਾਅ ਹੈ। ਅਸੀਂ ਕਿਸਮਤ ਵਾਲੇ ਹਾਂ ਕਿ ਇਕ ਸੂਰਜ ਮੰਡਲ ਨੂੰ ਉਸ ਦੀ ਪ੍ਰਕਿਰਿਆ ਦਰਮਿਆਨ ਵੇਖਣ ਵਿਚ ਸਫਲ ਹੋਏ ਹਨ।' ਪਿਲਾਚੋਵਸਕੀ ਮੁਤਾਬਕ ਇਸ ਖੋਜ ਨਾਲ ਯਕੀਨਨ ਦੁਰਲੱਭ ਤੇ ਰੋਚਕ ਝਲਕ ਮਿਲੀ ਹੈ ਕਿ ਨਵੇਂ ਗ੍ਰਹਿਆਂ ਦੇ ਬਣਨ ਵਿਚ ਕੀ ਹੁੰਦਾ ਹੈ। ਉਹ ਨਵੇਂ ਸੂਰਜ ਮੰਡਲ ਦੇ ਗਤੀਸ਼ੀਲ ਉਤਾਰ ਚੜ੍ਹਾਅ 'ਚ ਬਚ ਨਹੀਂ ਪਾਉਂਦੇ ਹਨ। ਇਸ ਤੋਂ ਸਾਨੂੰ ਇਹ ਸਮਝਣ 'ਚ ਮਦਦ ਮਿਲੀ ਹੈ ਕਿ ਕਿਉਂ ਕੁਝ ਨਵੇਂ ਸੂਰਜ ਮੰਡਲ ਦੀ ਹੋਂਦ ਬਣੀ ਰਹਿੰਦੀ ਹੈ ਜਦਕਿ ਕੁਝ ਦੀ ਖਤਮ ਹੋ ਜਾਂਦੀ ਹੈ।

# ਸਿਆਸੀ ਸਰਪ੍ਰਸਤੀ ਦਾ ਦਾਗ ਧੋਏਗੀ ਸ਼੍ਰੋਮਣੀ ਕਮੇਟੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਉਪਰ ਲੱਗੇ ਸਿਆਸੀ ਸਰਪ੍ਰਸਤੀ ਦੇ ਦਾਗ ਧੋਣਾ ਚਾਹੁੰਦੀ ਹੈ। ਇਸੇ ਲਈ ਅਕਾਲੀ ਦਲ ਨਾਲੋਂ ਵੱਖਰੀ ਲਕੀਰ ਉਤੇ ਚੱਲਣ ਦੀ ਤਿਆਰੀ ਵਿਚ ਹੈ। ਇਹ ਸਵਾਲ ਉਸ ਵੇਲੇ ਚਰਚਾ ਵਿਚ ਆਇਆ ਜਦੋਂ ਸ਼੍ਰੋਮਣੀ ਕਮੇਟੀ ਨੇ ਪਟਿਆਲਾ ਨਗਰ ਨਿਗਮ ਚੋਣਾਂ ਦੌਰਾਨ ਅੰਮ੍ਰਿਤਧਾਰੀ ਸਾਬਕਾ ਮੇਅਰ ਅਮਰਿੰਦਰ ਸਿੰਘ ਬਜਾਜ ਦੀ ਪੱਗ ਲੱਥਣ ਦੇ ਮਾਮਲੇ ਨੂੰ ਧਾਰਮਿਕ ਪੱਖ ਤੋਂ ਵਿਚਾਰਨਾ ਸਹੀ ਨਹੀਂ ਸਮਝਿਆ।

ਮੀਡੀਆ ਰਿਪੋਰਟਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਦਲੀਲ ਹੈ ਕਿ ਅਜਿਹਾ ਸਿਆਸੀ ਤਕਰਾਰ ਦੌਰਾਨ ਹੋਇਆ ਹੈ। ਇਸ ਕਾਰਨ ਸ਼੍ਰੋਮਣੀ ਕਮੇਟੀ ਦਖਲ ਦੇਣ ਦੇ ਰੌਂਅ ਵਿਚ ਨਹੀਂ ਹੈ। ਇਹ ਪਹਿਲੀ ਵਾਰ ਹੈ ਕਿ ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਆਗੂ ਨਾਲ ਵਾਪਰੇ ਇਸ ਕਾਂਡ ਬਾਰੇ ਅਜਿਹਾ ਸਟੈਂਡ



ਲਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਉਪਰ ਇਲਜ਼ਾਮ ਲੱਗਦੇ ਰਹਿੰਦੇ ਹਨ ਕਿ ਅਕਾਲੀ ਦਲ ਉਸ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤਦਾ ਹੈ।

ਉਧਰ, ਇਹ ਵੀ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੀ ਇਸ ਮਾਮਲੇ ਨੂੰ ਧਾਰਮਿਕ ਫਰੰਟ ਦੀ ਬਜਾਏ ਅਦਾਲਤ ਰਾਹੀਂ ਨਿਬੇੜਨਾ ਚਾਹੁੰਦਾ ਹੈ। ਅਕਾਲੀ ਦਲ ਇਸ ਮਾਮਲੇ ਵਿਚ ਪਟੀਸ਼ਨ ਦਾਇਰ ਕਰਨ ਨੂੰ ਤਿਆਰ ਹੈ। ਦੱਸਣਯੋਗ ਹੈ ਕਿ ਪਟਿਆਲਾ ਨਗਰ ਨਿਗਮ ਚੋਣਾਂ ਮੌਕੇ ਤਕਰਾਰ ਦੌਰਾਨ ਸ਼ਹਿਰ ਦੇ ਸਾਬਕਾ ਅਕਾਲੀ ਮੇਅਰ ਅਮਰਿੰਦਰ ਸਿੰਘ ਬਜਾਜ ਦੀ ਪੱਗ ਲੱਥ ਗਈ ਸੀ। ਬਜਾਜ ਆਪਣੀ ਉਮੀਦਵਾਰ ਪਤਨੀ ਦੇ ਹੱਕ ਵਿਚ ਚੋਣ ਬੂਥ ਉਤੇ ਨਿਗਰਾਨੀ ਕਰ ਰਹੇ ਸਨ ਕਿ ਵਿਰੋਧੀ ਧਿਰ ਦੇ ਸਮਰਥਕਾਂ ਨਾਲ ਹੋਈ ਝੜਪ ਦੌਰਾਨ ਪੱਗ ਲੱਥ ਗਈ। ਬਜਾਜ ਨੇ ਇਲਜ਼ਾਮ ਲਾਇਆ ਹੈ ਕਿ ਇਕ ਪੁਲਿਸ ਅਧਿਕਾਰੀ ਦੀ ਸ਼ਹਿ ਉਤੇ ਗਿਣੀ-ਮਿਥੀ ਸਾਜ਼ਿਸ਼ ਦੌਰਾਨ ਉਨ੍ਹਾਂ ਦੀ ਪੱਗ ਉਤਾਰੀ ਗਈ ਹੈ। ਅਕਾਲੀ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਕਿ ਖਾਲਸਾ ਪੰਥ ਦਸਤਾਰ ਦੀ ਸ਼ਾਨ ਲਈ ਵੱਡੀ ਤੋਂ ਵੱਡੀ ਲੜਾਈ ਲੜਨ ਲਈ ਤਿਆਰ ਹੈ। ਫਿਲਹਾਲ ਪਾਰਟੀ ਵੱਲੋਂ ਇਸ ਮਾਮਲੇ 'ਚ ਇਨਸਾਫ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਪਾਈ ਜਾ ਰਹੀ ਹੈ।


# ਨਵੇਂ ਵਰ੍ਹੇ ਤੋਂ ਪਾਸਪੋਰਟ ਲਈ ਪੁਲਿਸ ਵੈਰੀਫਿਕੇਸ਼ਨ ਹੋਵੇਗੀ ਡਿਜੀਟਲ

**ਚੰਡੀਗੜ੍ਹ:** ਨਵੇਂ ਵਰ੍ਹੇ ਤੋਂ ਖੇਤਰੀ ਪਾਸਪੋਰਟ ਦਫਤਰ ਚੰਡੀਗੜ੍ਹ ਨਾਲ ਜੁੜੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਥਾਣਿਆਂ ਦੀ ਪੁਲਿਸ ਪੇਪਰ ਰਹਿਤ ਡਿਜੀਟਲ ਢੰਗ ਨਾਲ ਪਾਸਪੋਰਟ ਵੈਰੀਫਿਕੇਸ਼ਨ ਕਰੇਗੀ। ਇਸ ਤਹਿਤ ਪੁਲਿਸ ਵੈਰੀਫਿਕੇਸ਼ਨ ਦਾ ਕੰਮ ਜਿਥੇ ਪੂਰੀ ਤਰ੍ਹਾਂ ਪੇਪਰਲੈੱਸ ਹੋ ਜਾਵੇਗਾ ਉਥੇ ਡਿਜੀਟਲ ਸਿਸਟਮ ਤਹਿਤ ਇਸ ਦੌਰਾਨ ਹੁੰਦੀ ਵਿਆਪਕ ਪੱਧਰ ਉਤੇ ਭ੍ਰਿਸ਼ਟਾਚਾਰ ਨੂੰ ਵੀ ਠੱਲ੍ਹ ਪਵੇਗੀ। ਖੇਤਰੀ ਪਾਸਪੋਰਟ ਦਫਤਰ ਚੰਡੀਗੜ੍ਹ ਵੱਲੋਂ ਤਿਆਰ ਕੀਤੀ 'ਪਾਸਪੋਰਟ ਪੁਲਿਸ ਐਪ' ਤਹਿਤ ਫਿਲਹਾਲ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਹਰੇਕ ਜ਼ਿਲ੍ਹੇ ਵਿਚੋਂ ਇਕ ਥਾਣੇ ਨੂੰ ਇਸ ਨਾਲ ਜੋੜ ਕੇ ਡਿਜੀਟਲ ਢੰਗ ਨਾਲ ਪਾਸਪੋਰਟ ਵੈਰੀਫਿਕੇਸ਼ਨ ਕਰਨ ਦਾ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਹੈ।

# 'ਆਪ' ਦੀ ਬੇੜੀ ਪਾਰ ਲਾਉਣ ਲਈ ਮਨੀਸ਼ ਸਿਸੋਦੀਆ ਵੱਲੋਂ ਕਮਰਕੱਸੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਚ ਪਾਰਟੀ ਨੂੰ ਮੁੜ ਲੀਹ ਉਤੇ ਲਿਆਉਣ ਲਈ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਮੋਢਿਆਂ ਉਤੇ ਭਾਰ ਪਾਇਆ ਹੈ। ਕੇਜਰੀਵਾਲ ਨੇ ਇਹ ਫੈਸਲਾ ਪੰਜਾਬ ਵਿਚ 'ਆਪ' ਨੂੰ ਮਿਲ ਰਹੀ ਹਾਰ-ਦਰ-ਹਾਰ ਮਗਰੋਂ ਲਿਆ ਹੈ। ਪਤਾ ਲੱਗਾ ਹੈ ਕਿ ਸ੍ਰੀ ਸਿਸੋਦੀਆ ਨੇ ਪਹਿਲੇ ਪੜਾਅ ਵਿਚ ਪਾਰਟੀ ਦੇ ਸਾਰੇ ਵਿਧਾਇਕਾਂ, ਸੂਬਾਈ ਨੇਤਾਵਾਂ ਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਚਲਾ ਕੇ ਪਾਰਟੀ ਦੀ ਸਮੀਖਿਆ ਕਰਨ ਦੀ ਰਣਨੀਤੀ ਬਣਾਈ ਹੈ।

ਇਸ ਦੌਰਾਨ ਮਾੜੀ ਕਾਰਗੁਜ਼ਾਰੀ ਵਾਲੇ ਆਗੂਆਂ ਉਤੇ ਵੀ ਗਾਜ਼ ਡਿੱਗ ਸਕਦੀ ਹੈ ਤੇ ਲੀਡਰਸ਼ਿਪ ਵਿਚ ਫੇਰਬਦਲ ਦੀ ਸੰਭਾਵਨਾ ਵੀ



ਹੈ। ਸ੍ਰੀ ਸਿਸੋਦੀਆ ਦੇ ਪੀਏ ਨੇ ਪੰਜਾਬ ਦੇ ਪਾਰਟੀ ਵਿਧਾਇਕਾਂ, ਸੂਬਾਈ ਆਗੂਆਂ ਤੇ ਜ਼ਿਲ੍ਹਾ ਪ੍ਰਧਾਨਾਂ ਨੂੰ ਫੋਨ ਨੰਬਰ ਦੇ ਕੇ ਕਿਹਾ ਹੈ ਕਿ ਉਹ ਕਿਸੇ ਵੇਲੇ ਵੀ ਸਿੱਧੇ ਤੌਰ ਉਤੇ ਸ੍ਰੀ ਸਿਸੋਦੀਆ ਨਾਲ ਗੱਲ ਕਰ ਸਕਦੇ ਹਨ। ਸ੍ਰੀ ਸਿਸੋਦੀਆ ਖੁਦ ਵੀ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨਾਲ ਫੋਨ ਉਤੇ ਗੱਲਬਾਤ ਦੀ ਪ੍ਰਕਿਰਿਆ ਵਿੱਢਣਗੇ।

ਸੂਤਰਾਂ ਅਨੁਸਾਰ ਜਦੋਂ ਪਾਰਟੀ ਨੂੰ ਗੁਰਦਾਸਪੁਰ ਲੋਕ ਸਭਾ ਦੀ ਉਪ ਚੋਣ ਵਿਚ ਨਮੋਸ਼ੀ ਭਰੀ ਹਾਰ ਮਿਲੀ ਸੀ ਤਾਂ ਸ੍ਰੀ ਸਿਸੋਦੀਆ ਸਮੇਤ ਕੌਮੀ ਆਗੂ ਆਸ਼ੂਤੋਸ਼ ਤੇ ਗੋਪਾਲ ਰਾਏ ਨੇ ਪੰਜਾਬ ਦੀ ਲੀਡਰਸ਼ਿਪ ਨਾਲ ਦਿੱਲੀ ਵਿਚ ਖੁੱਲ੍ਹੀ ਚਰਚਾ ਕੀਤੀ ਸੀ। ਉਸ ਵੇਲੇ ਪੰਜਾਬ ਦੀ ਲੀਡਰਸ਼ਿਪ ਨੇ ਮੰਗ ਕੀਤੀ ਸੀ ਕਿ ਭਗਵੰਤ ਮਾਨ, ਅਮਨ ਅਰੋੜਾ ਤੇ ਸੁਖਪਾਲ ਸਿੰਘ ਖਹਿਰਾ ਦੀ ਸੁਰ ਇਕਸਾਰ ਕਰਨ ਲਈ ਪੰਜਾਬ ਲਈ ਨਵਾਂ ਇੰਚਾਰਜ ਨਿਯੁਕਤ ਕੀਤਾ ਜਾਵੇ। ਉਸ ਵੇਲੇ ਸ੍ਰੀ ਸਿਸੋਦੀਆ ਨੇ ਭਗਵੰਤ ਮਾਨ, ਅਮਨ ਅਰੋੜਾ ਅਤੇ ਸੁਖਪਾਲ ਖਹਿਰਾ ਨੂੰ ਮਿਲ ਕੇ ਕੰਮ ਕਰਨ ਦੀ ਨਸੀਹਤ ਦਿੰਦਿਆਂ ਸੰਕੇਤ ਦਿੱਤੇ ਸਨ ਤੇ ਕਿਹਾ ਸੀ ਕਿ ਜੇ ਨਿਗਮ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਮਾੜੀ ਰਹੀ ਤਾਂ ਹਾਈਕਮਾਂਡ ਨਵੀਂ ਰਣਨੀਤੀ ਘੜੇਗੀ। ਜਿਉਂ ਹੀ ਨਿਗਮ ਚੋਣਾਂ ਦੌਰਾਨ 'ਆਪ' ਦੀ ਮਾੜੀ ਕਾਰਗੁਜ਼ਾਰੀ ਸਾਹਮਣੇ ਆਈ ਤਾਂ ਸਿਆਸੀ ਮਾਮਲਿਆਂ ਦੀ ਕਮੇਟੀ ਨੇ ਸ੍ਰੀ ਸਿਸੋਦੀਆ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕਰ ਦਿੱਤਾ।

ਪੰਜਾਬ ਵਿਚ 'ਆਪ' ਮੁੱਖ ਵਿਰੋਧੀ ਧਿਰ ਹੈ ਪਰ ਨਗਰ ਨਿਗਮ ਦੇ 225 ਵਾਰਡਾਂ ਵਿਚੋਂ ਇਕ ਸੀਟ ਉਤੇ ਵੀ ਜਿੱਤ ਪ੍ਰਾਪਤ ਨਹੀਂ ਕਰ ਸਕੀ। ਜਦਕਿ 17 ਨਗਰ ਪੰਚਾਇਤਾਂ ਤੇ ਨਗਰ ਪਾਲਿਕਾ ਦੇ 414 ਵਾਰਡਾਂ ਵਿਚ ਪਾਰਟੀ ਸਿਰਫ ਇਕ ਸੀਟ ਹੀ ਜਿੱਤ ਸਕੀ। 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਆਪ' ਨੇ 117 ਸੀਟਾਂ ਵਿਚੋਂ 22 ਉਤੇ ਜਿੱਤ ਪ੍ਰਾਪਤ ਕਰ ਕੇ ਪੰਜਾਬ ਦੀ ਵਿਰੋਧੀ ਧਿਰ ਵਿਚ ਬੈਠ ਗਈ ਪਰ ਨਗਰ ਨਿਗਮ ਦੀਆਂ ਚੋਣਾਂ ਨੇ ਪਾਰਟੀ ਨੂੰ ਫਿਕਰਾਂ ਵਿਚ ਪਾ ਦਿੱਤਾ।


## ਵੱਡੀ ਚੁਣੌਤੀ ਹੋਵੇਗਾ ਪਾਰਟੀ ਨੂੰ ਉਭਾਰਨਾ

**ਚੰਡੀਗੜ੍ਹ:** ਸਿਸੋਦੀਆ ਨੇ ਪਾਰਟੀ ਦੀ ਕਮਾਨ ਅਜਿਹੇ ਵੇਲੇ ਸੰਭਾਲੀ ਹੈ ਜਦੋਂ ਪਾਰਟੀ ਦੇ ਲੀਡਰਸ਼ਿਪ ਤੇ ਵਰਕਰਾਂ ਵਿਚ ਨਿਰਾਸ਼ਾ ਦਾ ਆਲਮ ਹੈ। ਵਿਰੋਧੀ ਧਿਰ ਦੇ ਲੀਡਰ ਸੁਖਪਾਲ ਖਹਿਰਾ ਦਾ ਨਸ਼ਾ ਤਸਕਰੀ ਦੇ ਕੇਸ ਵਿਚ ਨਾਂ ਘਸੀਟਣ ਮਗਰੋਂ ਪਾਰਟੀ ਅੰਦਰ ਖਿੱਚੋਤਾਣ ਵਧੀ ਹੈ। ਸ਼ਹਿਰੀ ਚੋਣਾਂ ਵਿਚ ਪਾਰਟੀ ਦੇ ਸਫਾਏ ਨੇ ਫਿਕਰਮੰਦੀ ਵਧਾਈ ਹੈ। ਇਸ ਲਈ ਸਿਸੋਦੀਆ ਲਈ ਪਾਰਟੀ ਨੂੰ ਉਭਾਰਨਾ ਵੱਡੀ ਚੁਣੌਤੀ ਰਹੇਗੀ। 'ਆਪ' ਨੇ ਵਿਧਾਨ ਸਭਾ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਈ ਸੀ। ਪਾਰਟੀ ਨੇ 22 ਸੀਟਾਂ ਜਿੱਤ ਕੇ ਮੁੱਖ ਵਿਰੋਧੀ ਧਿਰ ਦਾ ਤਾਜ ਆਪਣੇ ਸਿਰ ਸਜਾ ਲਿਆ ਸੀ। ਉਂਜ ਉਸ ਵੇਲੇ ਵੀ ਪਾਰਟੀ ਨੂੰ ਸਰਕਾਰ ਬਣਾਉਣ ਦੀ ਪੂਰੀ ਉਮੀਦ ਸੀ। ਮੰਨਿਆ ਜਾਂਦਾ ਹੈ ਕਿ ਉਸ ਵੇਲੇ ਲੀਡਰਸ਼ਿਪ ਦੇ ਗਲਤ ਫੈਸਲਿਆਂ ਕਰ ਕੇ ਪਾਰਟੀ ਜਿੱਤ ਤੋਂ ਵਾਂਝੀ ਰਹਿ ਗਈ। ਉਸ ਵੇਲੇ ਵੀ ਸੰਜੇ ਸਿੰਘ ਉਪਰ ਸਵਾਲ ਉਠੇ ਸਨ ਪਰ ਕੇਜਰੀਵਾਲ ਨੇ ਭਗਵੰਤ ਮਾਨ ਨੂੰ ਪੰਜਾਬ ਇਕਾਈ ਦੀ ਪ੍ਰਧਾਨ ਬਣਾ ਕੇ ਸੰਜੇ ਸਿੰਘ ਨੂੰ ਇੰਚਾਰਜ ਬਰਕਰਾਰ ਰੱਖਿਆ ਸੀ। ਹੁਣ ਸਿਸੋਦੀਆ ਦੇ ਆਉਣ ਨਾਲ ਕੁਝ ਫੇਰਬਦਲ ਜ਼ਰੂਰ ਹੋਏਗਾ।

# ਟਰੂਡੋ ਨੂੰ ਪ੍ਰਾਈਵੇਟ ਟਾਪੂ ਉਤੇ ਛੁੱਟੀਆਂ ਮਨਾਉਣੀਆਂ ਪਈਆਂ ਮਹਿੰਗੀਆਂ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਰਿਵਾਰ ਨਾਲ ਪ੍ਰਾਈਵੇਟ ਟਾਪੂ ਉਤੇ ਮਨਾਈਆਂ ਛੁੱਟੀਆਂ ਨੈਤਿਕਤਾ ਦੇ ਘੇਰੇ ਵਿਚ ਆ ਗਈਆਂ ਹਨ। ਅਰਬਪਤੀ ਸਮਾਜ ਸੇਵੀ ਅਤੇ ਧਾਰਮਿਕ ਆਗੂ ਆਗਾ ਖਾਨ ਦੇ ਟਾਪੂ ਉਤੇ ਛੁੱਟੀਆਂ ਮਨਾਉਣ ਸਬੰਧੀ ਨਿਯਮਾਂ ਦੀ ਉਲੰਘਣਾ ਦਾ ਕਿਸੇ ਕੈਨੇਡੀਅਨ ਪ੍ਰਧਾਨ ਮੰਤਰੀ ਵੱਲੋਂ ਇਹ ਪਹਿਲਾ ਮਾਮਲਾ ਸਾਹਮਣੇ ਆਇਆ ਹੈ।

ਟਰੂਡੋ ਨੇ ਇਸ ਗਲਤੀ ਲਈ ਮੁਆਫੀ ਮੰਗੀ ਹੈ। ਨੈਤਿਕਤਾ ਕਮਿਸ਼ਨਰ ਮੈਰੀ ਡਾਅਸਨ ਵੱਲੋਂ ਕਿਹਾ ਗਿਆ ਹੈ ਕਿ ਟਰੂਡੋ ਪਰਿਵਾਰ ਵੱਲੋਂ ਪਿਛਲੇ ਸਾਲ ਕ੍ਰਿਸਮਿਸ ਤੋਂ ਬਾਅਦ ਮਨਾਈਆਂ ਗਈਆਂ ਛੁੱਟੀਆਂ ਹਿੱਤਾਂ ਦੇ ਟਕਰਾਅ ਐਕਟ ਤਹਿਤ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਮਾਰਚ 2016 ਵਿਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਬੈੱਲਜ਼ ਕੇਅ ਦੇ ਕੀਤੇ ਗਏ ਦੌਰੇ ਨੇ ਵੀ ਪ੍ਰਧਾਨ ਮੰਤਰੀ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ।



ਕੈਨੇਡੀਅਨ ਹਿੱਤਾਂ ਸਬੰਧੀ ਟਕਰਾਅ ਦਾ ਕਾਨੂੰਨ ਅਹੁਦੇਦਾਰਾਂ ਨੂੰ ਤੋਹਫੇ ਸਵੀਕਾਰ ਕਰਨ ਤੋਂ ਰੋਕਦਾ ਹੈ। ਵਿਰੋਧੀ ਧਿਰ ਕੰਜ਼ਰਵੇਟਿਵ ਦੇ ਆਗੂ ਐਂਡਰਿਉ ਸ਼ੀਰ ਨੇ ਕਿਹਾ ਕਿ ਲਿਬਰਲਜ਼ ਸੋਚਦੇ ਹਨ ਕਿ ਉਨ੍ਹਾਂ ਲਈ ਵੱਖਰੇ ਨਿਯਮ ਹਨ ਅਤੇ ਆਮ ਲੋਕਾਂ ਲਈ ਹੋਰ ਹਨ। ਨਿਊ ਡੈਮੋਕਰੈਟਿਕ ਪਾਰਟੀ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਇਸ ਵਿਵਾਦ ਤੋਂ ਉਜਾਗਰ ਹੋ ਗਿਆ ਹੈ ਕਿ ਕੈਨੇਡਾ 'ਚ ਮੱਧ ਅਤੇ ਕੁਲੀਨ ਵਰਗ ਵਿਚ ਵੱਡਾ ਪਾੜਾ ਹੈ। ਇਸ ਦੌਰਾਨ ਟਰੂਡੋ ਨੇ ਸਪੱਸ਼ਟ ਕੀਤਾ ਕਿ ਉਹ ਹਿੱਤਾਂ ਦੇ ਟਕਰਾਅ ਤੋਂ ਬਚਣ ਲਈ ਆਪਣੇ ਪਰਿਵਾਰ ਦੀਆਂ ਸਾਰੀਆਂ ਛੁੱਟੀਆਂ ਨੈਤਿਕਤਾ ਕਮਿਸ਼ਨਰ ਕੋਲੋਂ ਪਾਸ ਕਰਾਉਣਗੇ।

## ਯੂ.ਪੀ. ਵਿਚ ਨਕਲੀ ਸ਼ਰਾਬ ਦੇ ਵਪਾਰ ਲਈ ਮਿਲੇਗੀ ਮੌਤ ਦੀ ਸਜ਼ਾ

**ਲਖਨਊ:** ਉਤਰ ਪ੍ਰਦੇਸ਼ ਵਿਧਾਨ ਸਭਾ ਵਿਚ ਘਟੀਆ (ਨਕਲੀ) ਸ਼ਰਾਬ ਦੇ ਵਪਾਰ ਕਰਨ ਵਾਲਿਆਂ ਲਈ ਮੌਤ ਅਤੇ ਉਮਰ ਕੈਦ ਦੀ ਸਜ਼ਾ ਦਾ ਬਿਲ ਪਾਸ ਕਰ ਦਿੱਤਾ ਗਿਆ।

ਯੂ.ਪੀ. ਐਕਸਾਈਜ਼ (ਸੋਧ) ਬਿਲ 2017, ਜੋ ਕਿ ਬੀਤੇ ਦਿਨ ਸੰਸਦੀ ਮਾਮਲਿਆਂ ਬਾਰੇ ਮੰਤਰੀ ਸੁਰੇਸ਼ ਖੰਨਾ ਵੱਲੋਂ ਪੇਸ਼ ਕੀਤਾ ਸੀ, ਨੂੰ ਜ਼ਬਾਨੀ ਵੋਟਾਂ ਨਾਲ ਪਾਸ ਕਰਦਿਆਂ ਇਸ ਸਬੰਧੀ ਸਰਕਾਰ ਵੱਲੋਂ ਸਤੰਬਰ 'ਚ ਲਿਆਂਦਾ ਗਿਆ ਬਿਲ ਰੱਦ ਕਰ ਦਿੱਤਾ ਗਿਆ। ਇਸ ਬਿਲ ਤਹਿਤ ਨਕਲੀ ਸ਼ਰਾਬ ਕਾਰਨ ਮੌਤ ਹੋਣ ਦੇ ਮਾਮਲੇ 'ਚ ਮੌਤ ਦੀ ਸਜ਼ਾ, ਉਮਰ ਕੈਦ ਅਤੇ 10 ਲੱਖ ਰੁਪਏ ਜੁਰਮਾਨਾ, ਜੋ 5 ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ, ਦੀ ਸਜ਼ਾ ਦਿੱਤੀ ਜਾ ਸਕੇਗੀ।

ਇਸ ਤੋਂ ਇਲਾਵਾ ਘਟੀਆ ਸ਼ਰਾਬ ਪੀਣ ਨਾਲ ਅਪੰਗਤਾ ਹੋਣ ਦੇ ਮਾਮਲੇ 'ਚ ਇਸ ਕਾਨੂੰਨ ਤਹਿਤ 10 ਸਾਲ ਦੀ ਸਖ਼ਤ ਸਜ਼ਾ ਅਤੇ 5 ਲੱਖ ਰੁਪਏ ਜੁਰਮਾਨਾ, ਜੋ ਕਿ 3 ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ, ਦਾ ਵੀ ਪ੍ਰਾਵਧਾਨ ਹੈ। ਦਿੱਲੀ ਅਤੇ ਗੁਜਰਾਤ ਤੋਂ ਬਾਅਦ ਉਤਰ ਪ੍ਰਦੇਸ਼ ਤੀਜਾ ਸੂਬਾ ਬਣ ਗਿਆ ਹੈ ਜਿਥੇ ਨਕਲੀ ਸ਼ਰਾਬ ਨਾਲ ਮੌਤ ਹੋਣ ਦੇ ਮਾਮਲੇ 'ਚ ਇੰਨੀ ਸਖ਼ਤ ਸਜ਼ਾ ਦਿੱਤੀ ਜਾਵੇਗੀ।

## ਬੇਨਾਮੀ ਜਾਇਦਾਦ ਬਣਾਉਣ ਵਾਲੇ ਸਾਬਕਾ ਜੱਜ ਵਾਲੀਆ ਨੂੰ ਕੈਦ

**ਚੰਡੀਗੜ੍ਹ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 19 ਸਾਲ ਪੁਰਾਣੇ ਮਾਮਲੇ ਵਿਚ ਸਾਬਕਾ ਸਿਵਲ ਸੀਨੀਅਰ ਡਵੀਜ਼ਨ ਜੱਜ ਐਮ.ਐਸ. ਵਾਲੀਆ ਨੂੰ 52.43 ਲੱਖ ਦੀ ਬੇਨਾਮੀ ਜਾਇਦਾਦ ਬਣਾਉਣ 'ਤੇ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸੀ.ਬੀ.ਆਈ. ਨੇ 24 ਮਾਰਚ 1998 ਨੂੰ ਵਾਲੀਆ ਖਿਲਾਫ਼ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਸੀ। ਹਾਈ ਕੋਰਟ ਵੱਲੋਂ ਮਾਮਲੇ 'ਚ ਨੋਟਿਸ ਲੈਣ ਦੇ ਬਾਅਦ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਦਿੱਤੀ ਗਈ ਸੀ ਅਤੇ ਜਾਂਚ 'ਚ ਵਾਲੀਆ ਦੇ ਨਾਮ ਉਤੇ ਮਾਰਚ 1988 ਤੋਂ ਮਾਰਚ 1998 ਤੱਕ 54 ਲੱਖ ਤੋਂ ਜ਼ਿਆਦਾ ਦੀ ਬੇਨਾਮੀ ਜਾਇਦਾਦ ਪਾਈ ਗਈ ਸੀ। ਮਾਮਲਾ ਸਾਹਮਣੇ ਆਉਣ ਦੇ ਬਾਅਦ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ।


**RJ Cargo Inc.**

ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ

IN, OH, KY To NJ, NY, PA
Pays .44 Cents/Mile
IN, OH, KY To CA, AZ, TX, CO, KS, MO, AR, FL, GA
And Back Pays .42 Cents/Mile



ਟਰੱਕ ਚਲਾਉਣ ਦਾ ਘੱਟ ਤੋਂ ਘੱਟ ਡੇਢ ਸਾਲ ਦਾ ਤਜਰਬਾ ਹੋਵੇ

ਇੰਡੀਆਨਾ ਤੋਂ ਲੋਡ ਚੁੱਕ ਕੇ ਇੰਡੀਆਨਾ, ਮਿਸ਼ੀਗਨ, ਕੈਨਟੱਕੀ ਤੇ ਓਹਾਇਓ ਛੱਡ ਕੇ ਆਉਣ ਤੇ ਵਾਪਸ ਚੁੱਕ ਕੇ ਲਿਆਉਣ ਲਈ ਡਰਾਈਵਰ ਚਾਹੀਦੇ ਹਨ। .50 ਸੈਂਟ ਪ੍ਰਤੀ ਮੀਲ

ਅਸੀਂ ਹਰ ਸ਼ੁੱਕਰਵਾਰ ਅਦਾਇਗੀ ਕਰਦੇ ਹਾਂ ਅਤੇ ਸਾਲ ਦੇ ਅਖੀਰ ਵਿਚ 1099 ਦਿੰਦੇ ਹਾਂ। ਕੋਈ ਪੈਸਾ ਰੋਕ ਕੇ ਨਹੀਂ ਰੱਖਦੇ

*ਸੰਪਰਕ ਕਰੋ: ਸੁਰਜੀਤ ਸਿੰਘ*

ਫੋਨ: 317-702-2803 ਜਾਂ 317-215-4536

49-52



**ਵੇਟਰ ਅਤੇ ਹੈਲਪਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

*ਸੰਪਰਕ ਕਰੋ:* ਸੰਨੀ, ਫੋਨ: 608-630-0287

52-4



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

1816 Main Ave., Secramento CA, 95838

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਸਿੱਖ ਸੰਗਤ ਨੂੰ ਏਅਰ ਇੰਡੀਆ ਦੀ ਸੌਗਾਤ

**ਚੰਡੀਗੜ੍ਹ:** ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਏਅਰ ਇੰਡੀਆ ਨੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਅੰਮ੍ਰਿਤਸਰ-ਨਾਂਦੇੜ ਸਿੱਧੀ ਉਡਾਣ ਸ਼ੁਰੂ ਕਰ ਦਿੱਤੀ ਹੈ। ਸ਼ਰਧਾਲੂਆਂ ਨੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਉਡਾਣ ਵਿਚ ਪ੍ਰਵੇਸ਼ ਕੀਤਾ। ਇਸ ਉਡਾਣ ਲਈ ਪਿਛਲੇ ਲੰਮੇ ਸਮੇਂ ਤੋਂ ਮੰਗ ਚੱਲ ਰਹੀ ਸੀ। ਰੇਲ ਰਾਹੀਂ ਲੰਮਾ ਸਫਰ ਹੋਣ ਕਾਰਨ ਲੋਕਾਂ ਲਈ ਨਾਂਦੇੜ ਸਾਹਿਬ ਜਾਣਾ ਬੜਾ ਮੁਸ਼ਕਲ ਸੀ ਪਰ ਹੁਣ ਇਸ ਉਡਾਣ ਰਾਹੀਂ ਤੀਰਥ ਸਥਾਨਾਂ ਦੇ ਦਰਸ਼ਨ ਕਰ ਸਕਣਗੇ।

ਪਹਿਲੀ ਉਡਾਣ ਵਿਚ 152 ਯਾਤਰੂ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਦਰਸ਼ਨਾਂ ਲਈ ਗਏ ਹਨ। ਇਸ ਉਡਾਣ ਦੀ ਸ਼ੁਰੂਆਤ ਅਰਦਾਸ ਕਰਕੇ ਕੀਤੀ ਗਈ ਅਤੇ ਮਗਰੋਂ ਕੇਕ ਵੀ ਕੱਟਿਆ ਗਿਆ। ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਯਾਤਰਾ ਦੀ ਸਫਲਤਾ ਲਈ ਅਰਦਾਸ ਕੀਤੀ ਅਤੇ ਉਹ ਖੁਦ ਵੀ ਪਲੇਠੀ ਉਡਾਣ ਰਾਹੀਂ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਹੋਏ। ਇਹ ਉਡਾਣ ਫਿਲਹਾਲ ਸਨਿਚਰਵਾਰ ਅਤੇ ਐਤਵਾਰ ਹੋਵੇਗੀ। ਭਵਿੱਖ ਵਿਚ ਮੰਗ ਮੁਤਾਬਕ ਇਸ ਨੂੰ ਰੋਜ਼ਾਨਾ ਵੀ ਚਲਾਏ ਜਾਣ ਦੀ ਉਮੀਦ ਹੈ। ਜਨਵਰੀ ਤੋਂ ਅੰਮ੍ਰਿਤਸਰ-ਬਰਮਿੰਘਮ ਸਿੱਧੀ ਉਡਾਣ ਸ਼ੁਰੂ ਹੋਵੇਗੀ।

### ਅੰਮ੍ਰਿਤਸਰ-ਨਾਂਦੇੜ ਸਿੱਧੀ ਉਡਾਣ ਸ਼ੁਰੂ



### ਸਿਹਰਾ ਲੈਣ ਲਈ ਸਿਆਸੀ ਧਿਰਾਂ 'ਚ ਜ਼ੋਰ ਅਜ਼ਮਾਈ

ਇਸ ਦਾ ਸਿਹਰਾ ਸਿਰ ਲੈਣ ਲਈ ਕਾਂਗਰਸ ਤੇ ਭਾਜਪਾ ਆਗੂ ਉਡਾਣ ਨੂੰ ਹਰੀ ਝੰਡੀ ਦੇਣ ਲਈ ਪਹੁੰਚੇ। ਕਾਂਗਰਸ ਆਗੂਆਂ ਨੇ ਦੋਸ਼ ਲਾਇਆ ਕਿ ਭਾਜਪਾ ਨੂੰ ਪੱਕੀਆਂ ਪਕਾਈਆਂ ਰੋਟੀਆਂ ਖਾਣ ਦੀ ਆਦਤ ਹੈ, ਉਹ ਪਿਛਲੇ ਦਸ ਸਾਲ ਤੋਂ ਇਹ ਉਡਾਣ ਨਹੀਂ ਚਲਾ ਸਕੀ। ਦੂਜੇ ਪਾਸੇ ਪੰਜਾਬ ਭਾਜਪਾ ਪ੍ਰਧਾਨ ਵਿਜੈ ਸਾਂਪਲਾ ਦਾ ਕਹਿਣਾ ਕਿ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੀ ਯਤਨਾਂ ਸਦਕਾ ਕੇਂਦਰ ਸਰਕਾਰ ਨੇ ਇਹ ਉਡਾਣ ਸ਼ੁਰੂ ਹੋਈ ਹੈ। ਕਾਂਗਰਸ ਜੋ ਮਰਜ਼ੀ ਬੋਲੀ ਜਾਵੇ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ।

# ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਲਈ ਨਿਯੁਕਤੀਆਂ ਉਤੇ ਸਵਾਲ

**ਅੰਮ੍ਰਿਤਸਰ:** ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਪਿਛਲੇ ਵਰ੍ਹੇ ਨਿਯੁਕਤ ਕੀਤੇ ਤਿੰਨ ਮੈਂਬਰੀ ਜੱਜਾਂ ਦੇ ਪੈਨਲ ਉਤੇ ਸਵਾਲ ਚੁੱਕਦਿਆਂ ਬਤੌਰ ਸਿੱਖ ਐਡਵੋਕੇਟ ਲਖਬੀਰ ਸਿੰਘ ਸਹਿਮੀ ਨੇ ਇਸ ਨਿਯੁਕਤੀ ਵਾਸਤੇ ਨਾਂਵਾਂ ਦਾ ਪੈਨਲ ਭੇਜਣ ਵਾਲੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸਮੇਤ ਸਾਬਕਾ ਮੁੱਖ ਸਕੱਤਰ, ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 143 ਹੇਠ ਕਾਨੂੰਨੀ ਨੋਟਿਸ ਭੇਜਿਆ ਹੈ।

ਉਨ੍ਹਾਂ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵੱਲੋਂ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਜੱਜਾਂ ਦੀ ਨਿਯੁਕਤੀ ਲਈ ਨਵੰਬਰ 2016 ਵਿਚ ਸੱਤ ਵਿਅਕਤੀਆਂ ਦੇ ਨਾਂਵਾਂ ਦੀ ਸੂਚੀ ਸਰਕਾਰ ਨੂੰ ਭੇਜੀ ਗਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਸੂਚੀ ਵਿਚੋਂ ਜੋ ਦੋ ਜੱਜ ਨਿਯੁਕਤ ਕੀਤੇ ਗਏ ਹਨ, ਉਨ੍ਹਾਂ ਵਿਚੋਂ ਇਕ 'ਪਤਿਤ ਸਿੱਖ' ਹੈ ਤੇ ਦੂਜਾ ਕੇਸ ਰੰਗਦਾ ਹੈ। ਇਸੇ ਤਰ੍ਹਾਂ ਸਰਕਾਰ ਵੱਲੋਂ ਨਿਯੁਕਤ ਕੀਤਾ ਨੁਮਾਇੰਦਾ ਵੀ 'ਪਤਿਤ ਸਿੱਖ' ਹੈ, ਜਦੋਂ ਕਿ ਗੁਰਦੁਆਰਾ ਐਕਟ ਤਹਿਤ 'ਪਤਿਤ ਸਿੱਖ' ਤੇ ਦਾੜ੍ਹੀ ਅਤੇ ਕੇਸ ਰੰਗਣ ਵਾਲੇ ਵਿਅਕਤੀ ਇਸ ਅਹੁਦੇ ਲਈ ਅਯੋਗ ਹਨ।

### ਸ਼੍ਰੋਮਣੀ ਕਮੇਟੀ ਤੇ ਸਰਕਾਰ ਨੂੰ ਕਾਨੂੰਨੀ ਨੋਟਿਸ

ਸ੍ਰੀ ਸਹਿਮੀ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਸਾਬਕਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰੀ, ਸਾਬਕਾ ਜੂਨੀਅਰ ਪ੍ਰਧਾਨ ਬਾਬਾ ਬੂਟਾ ਸਿੰਘ, ਸਾਬਕਾ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤੇ ਮੌਜੂਦਾ ਸਕੱਤਰ ਸਮੇਤ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਇਹ ਨੋਟਿਸ ਭੇਜ ਕੇ 60 ਦਿਨਾਂ ਵਿਚ ਇਸ ਸਬੰਧੀ ਅਗਲੀ ਕਾਰਵਾਈ ਕਰਨ ਲਈ ਆਖਿਆ ਹੈ। ਉਨ੍ਹਾਂ ਵੱਲੋਂ ਇਕ ਕਾਨੂੰਨੀ ਨੋਟਿਸ ਪੰਜਾਬ ਸਰਕਾਰ ਦੇ ਸਬੰਧਤ ਵਿਭਾਗ ਨੂੰ ਵੀ ਭੇਜਿਆ ਗਿਆ ਹੈ। ਜੇਕਰ 60 ਦਿਨਾਂ ਵਿਚ ਕਾਨੂੰਨੀ ਨੋਟਿਸ ਮੁਤਾਬਕ ਕੋਈ ਕਾਰਵਾਈ ਨਾ ਹੋਈ ਤਾਂ ਉਹ ਇਸ ਸਬੰਧੀ ਕੇਸ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਦਾਇਰ ਕਰਨਗੇ।

# ਨਾਭਾ ਜੇਲ੍ਹ ਤੋੜਨ ਦੇ ਮਾਮਲੇ 'ਚ ਮੁੱਖ ਸਾਜ਼ਿਸ਼ੀ ਇੰਦਰਜੀਤ ਗ੍ਰਿਫਤਾਰ

**ਪਟਿਆਲਾ:** ਨਾਭਾ ਜੇਲ੍ਹ ਬਰੇਕ ਮਾਮਲੇ ਦੇ ਮੁੱਖ ਸਾਜ਼ਿਸ਼ਕਾਰ ਨੂੰ ਪਟਿਆਲਾ ਪੁਲਿਸ ਵੱਲੋਂ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜੋ ਵਿੱਕੀ ਗੌਂਡਰ ਤੇ ਸ਼ੇਰਾ ਖੁੱਭਣ ਗਰੁੱਪ ਦੇ ਨਾਂ ਦੀਆਂ ਫੇਸਬੁੱਕ ਆਈ.ਡੀਜ਼ ਵਰਤ ਕੇ ਲੋਕਾਂ ਨੂੰ ਧਮਕੀਆਂ ਦਿੰਦਾ ਸੀ।

ਮੁਲਜ਼ਮ ਦੀ ਪਛਾਣ ਇੰਦਰਜੀਤ ਸਿੰਘ ਸੰਧੂ ਪੁੱਤਰ ਗੁਰਦੇਵ ਸਿੰਘ ਸੰਧੂ ਵਾਸੀ ਸੰਗਤਪੁਰ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਇੰਦਰਜੀਤ ਸਿੰਘ ਨਾਭਾ ਜੇਲ੍ਹ ਬਰੇਕ ਮਾਮਲੇ ਦਾ ਮੁੱਖ ਸਾਜ਼ਿਸ਼ਕਾਰ ਸੀ ਤੇ ਨਾਭਾ ਜੇਲ੍ਹ ਬਰੇਕ ਕੇਸ 'ਚ ਸ਼ਾਮਲ ਗੈਂਗਸਟਰਾਂ ਨੂੰ ਰਹਿਣ ਲਈ ਟਿਕਾਣੇ ਦਾ ਪ੍ਰਬੰਧ ਕਰਨ, ਵਿੱਤੀ ਸਹਾਇਤਾ ਤੇ ਸਾਜ਼ੋ ਸਾਮਾਨ ਮੁਹੱਈਆ ਕਰਵਾਉਣ 'ਚ ਮੁੱਖ ਭੂਮਿਕਾ ਨਿਭਾਉਂਦਾ ਰਿਹਾ ਹੈ।

ਇੰਦਰਜੀਤ ਖਿਲਾਫ ਪੰਜਾਬ ਦੇ ਵੱਖ-ਵੱਖ ਥਾਣਿਆਂ 'ਚ ਅਗਵਾ, ਨਸ਼ੀਲੇ ਪਦਾਰਥਾਂ ਦੇ ਕਾਫੀ ਮੁਕੱਦਮੇ ਦਰਜ ਹਨ, ਜਿਨ੍ਹਾਂ ਸਬੰਧੀ ਵੀ ਪਟਿਆਲਾ ਪੁਲਿਸ ਵੱਲੋਂ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਇੰਦਰਜੀਤ ਸਿੰਘ ਉਰਫ ਸੰਧੂ ਗੈਂਗਸਟਰ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ ਤੇ ਸ਼ੇਰਾ ਖੁੱਭਣ ਗਰੁੱਪ ਦੇ ਨਾਂ ਦੀਆਂ ਫੇਸਬੁੱਕ ਆਈ.ਡੀਜ਼ ਵਰਤ ਕੇ ਧਮਕੀਆਂ ਦਿੰਦਾ ਸੀ।

### ਗੈਂਗਸਟਰ ਵਿੱਕੀ ਗੌਂਡਰ ਵੱਲੋਂ ਬਾਦਲ ਦੀਆਂ ਸਿਫਤਾਂ



ਗੈਂਗਸਟਰ ਵਿੱਕੀ ਗੌਂਡਰ ਨੇ ਫੇਸਬੁੱਕ ਉਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਸ਼ੰਸਾ ਕੀਤੀ ਹੈ ਤੇ ਕੈਪਟਨ ਸਰਕਾਰ ਨੂੰ ਨਿਸ਼ਾਨੇ ਉਤੇ ਲਿਆ ਹੈ। ਵਿੱਕੀ ਗੌਂਡਰ ਨੇ ਬਾਦਲ ਨੂੰ ਪੁਲਿਸ ਮੁਕਾਬਲੇ ਵਿਚ ਮਾਰੇ ਪ੍ਰਭਦੀਪ ਦੀ ਪਤਨੀ ਅਮਨਦੀਪ ਕੌਰ ਦੀ ਮਦਦ ਵਾਸਤੇ ਅਪੀਲ ਕੀਤੀ ਹੈ। ਵਿੱਕੀ ਗੌਂਡਰ ਨੇ ਕੈਪਟਨ ਉਤੇ ਵਾਅਦਿਆਂ ਤੋਂ ਮੁੱਕਰਨ ਦਾ ਦੋਸ਼ ਲਾਇਆ ਹੈ। ਉਸ ਨੇ ਬਠਿੰਡਾ ਪੁਲਿਸ ਮੁਕਾਬਲੇ ਨੂੰ ਫਰਜ਼ੀ ਦੱਸਿਆ ਹੈ।

# ਐਨ.ਸੀ.ਈ.ਆਰ.ਟੀ. ਪਾਠਕ੍ਰਮ ਵਿਚ ਸ਼ਾਮਲ ਕਰੇਗੀ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ

**ਨਵੀਂ ਦਿੱਲੀ:** ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐਨ.ਸੀ.ਈ.ਆਰ.ਟੀ.) ਅਗਲੇ ਸਾਲ ਤੋਂ ਸਿਲੇਬਸ ਵਿਚ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦਾ ਇਤਿਹਾਸ ਸ਼ਾਮਲ ਕਰਨ ਲਈ ਤਿਆਰ ਹੈ। ਐਨ.ਸੀ.ਈ.ਆਰ.ਟੀ. ਵੱਲੋਂ ਇਹ ਭਰੋਸਾ ਦਿੱਲੀ ਦੇ ਵਿਧਾਇਕ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਦਿੱਤਾ ਹੈ।

ਦੱਸਣਯੋਗ ਹੈ ਕਿ ਇਹ ਮਾਮਲਾ ਸਿਰਸਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਚੁੱਕਿਆ ਸੀ ਤੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਕੰਮ ਨੂੰ ਪੂਰਾ ਕਰਨ ਵਾਸਤੇ ਢੁਕਵੀਆਂ ਹਦਾਇਤਾਂ ਜਾਰੀ ਕਰਨ। ਸਿਰਸਾ ਨੂੰ ਇਸ ਮਾਮਲੇ ਉਤੇ ਲਿਖੇ ਪੱਤਰ ਵਿਚ ਐਨ.ਸੀ.ਈ.ਆਰ.ਟੀ. ਦੇ ਸਕੱਤਰ ਮੇਜਰ ਹਰਸ਼ ਕੁਮਾਰ ਨੇ ਕਿਹਾ ਕਿ ਡਾਇਰੈਕਟਰ ਨੇ ਸਿਰਸਾ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦਾ ਇਤਿਹਾਸ ਸਿਲੇਬਸ 'ਚ ਸ਼ਾਮਲ ਕੀਤੇ ਜਾਣ ਦੀ ਤਜਵੀਜ਼ ਦੀ ਭਰਵੀਂ ਸ਼ਲਾਘਾ ਕੀਤੀ ਹੈ।

ਦੱਸਣਯੋਗ ਹੈ ਕਿ ਸਿਰਸਾ ਵੱਲੋਂ ਇਸ ਮਾਮਲੇ ਉਤੇ ਮੁਹਿੰਮ ਚਲਾਈ ਜਾ ਰਹੀ ਹੈ ਕਿ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦਾ ਇਤਿਹਾਸ ਸਕੂਲਾਂ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇ। ਸਿਰਸਾ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਅਗਲੀ ਪੀੜ੍ਹੀ ਨੂੰ ਦੇਸ਼ ਤੇ ਮਨੁੱਖਤਾ ਲਈ ਆਪਾ ਵਾਰਨ ਵਾਲੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਜਾਣੂ ਕਰਵਾਉਣਾ ਹੈ।



# ਕੇਂਦਰ ਵੱਲੋਂ ਟਰੈਕਟਰ ਨੂੰ ਟੋਲ ਟੈਕਸ ਤੋਂ ਛੋਟ

**ਚੰਡੀਗੜ੍ਹ:** ਟਰੈਕਟਰ ਨੂੰ ਵਪਾਰਕ ਸ਼੍ਰੇਣੀ ਵਿਚ ਸ਼ਾਮਲ ਕਰਨ ਵਾਲਾ ਡਰਾਫਟ ਕੇਂਦਰ ਨੇ ਵਾਪਸ ਲੈ ਲਿਆ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਨਵੀਂ ਦਿੱਲੀ ਵਿਚ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨਾਲ ਮੀਟਿੰਗ ਤੋਂ ਬਾਅਦ ਦੱਸਿਆ ਕਿ ਟਰੈਕਟਰ ਨੂੰ ਕਮਰਸ਼ੀਅਲ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਤਿਆਰ ਡਰਾਫਟ ਵਾਪਸ ਲੈ ਲਿਆ ਹੈ। ਕੇਂਦਰ ਦੇ ਇਸ ਫੈਸਲੇ ਨਾਲ ਹੁਣ ਦੇਸ਼ ਵਿਚ ਟਰੈਕਟਰ ਨੂੰ ਟੋਲ ਪਲਾਜ਼ਾ ਤੋਂ ਛੋਟ ਦੇ ਦਿੱਤੀ ਗਈ ਹੈ। ਸਭ ਤੋਂ ਪਹਿਲਾਂ ਇਹ ਮੰਗ ਇਨੈਲੋ ਦੇ ਮੈਂਬਰ ਪਾਰਲੀਮੈਂਟ ਦੁਸ਼ਯੰਤ ਚੌਟਾਲਾ ਨੇ ਕੀਤੀ ਸੀ।

# ਥੁੱਕਿਆ ਤਾਂ ਰੇਡੀਓ ਉਤੇ ਹੋਵੇਗਾ ਨਾਂ ਦਾ ਐਲਾਨ!

**ਇੰਦੌਰ:** ਸਾਫ ਸੁਥਰੇ ਸ਼ਹਿਰਾਂ ਦੀ ਲਿਸਟ ਵਿਚ ਮੋਹਰੀ ਰਹਿਣ ਤੋਂ ਬਾਅਦ ਇੰਦੌਰ ਨੇ ਜਨਤਕ ਸਥਾਨਾਂ ਉਤੇ ਪਾਨ-ਗੁਟਖੇ ਖਾ ਕੇ ਥੁੱਕਣ ਵਾਲੇ ਲੋਕਾਂ ਨੂੰ ਰੋਕਣ ਲਈ ਨਵੀਂ ਸਕੀਮ ਬਣਾਈ ਹੈ। ਮੇਅਰ ਮਾਲਿਨੀ ਲਕਸ਼ਮਣ ਸਿੰਘ ਨੇ ਦੱਸਿਆ ਕਿ 25 ਦਸੰਬਰ ਤੋਂ ਜਿਹੜਾ ਵੀ ਜਨਤਕ ਸਥਾਨਾਂ ਉਤੇ ਥੁੱਕਦਾ ਫੜਿਆ ਗਿਆ, ਉਸ ਉਤੇ 500 ਰੁਪਏ ਜੁਰਮਾਨਾ ਲਾਇਆ ਜਾਵੇਗਾ।


ਇਸ ਤੋਂ ਬਾਅਦ ਉਨ੍ਹਾਂ ਦੇ ਨਾਂ ਅਖਬਾਰਾਂ ਤੇ ਰੇਡੀਓ ਸਟੇਸ਼ਨਾਂ ਰਾਹੀਂ ਜਨਤਕ ਕੀਤੇ ਜਾਣਗੇ ਤਾਂ ਜੋ ਉਨ੍ਹਾਂ ਨੂੰ ਸ਼ਰਮਿੰਦਗੀ ਮਹਿਸੂਸ ਹੋ ਸਕੇ ਤੇ ਉਹ ਭਵਿੱਖ ਵਿਚ ਅਜਿਹਾ ਨਾ ਕਰਨ। ਗੌੜ ਨੇ ਦੱਸਿਆ ਕਿ ਪਾਨ-ਗੁਟਖਾ ਖਾ ਕੇ ਥੁੱਕਣਾ ਦੀ ਪਰੇਸ਼ਾਨੀ ਸਭ ਤੋਂ ਜ਼ਿਆਦਾ ਟ੍ਰੈਫਿਕ ਲਾਈਟਾਂ ਤੇ ਰੋਡ ਡਿਵਾਈਡਰਾਂ ਉਤੇ ਹੈ। ਨਗਰ ਨਿਗਮ ਦੇ ਕਰਮਚਾਰੀ ਜਨਤਕ ਸਥਾਨਾਂ ਉਤੇ ਨਜ਼ਰ ਰੱਖਣਗੇ। ਥੁੱਕਣ ਵਾਲਿਆਂ ਨੂੰ ਮੌਕੇ ਉਤੇ ਜੁਰਮਾਨਾ ਲਾਇਆ ਜਾਵੇਗਾ। ਗੱਡੀਆਂ ਵਾਲਿਆਂ ਵਾਸਤੇ ਖਾਸ ਤੌਰ 'ਤੇ ਛੋਟੇ ਡਸਟਬਿਨ ਬਣਵਾਏ ਹਨ।

# ਨਛੱਤਰ ਦੇ 'ਸਲੋਅ ਡਾਊਨ' ਨੂੰ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ:** ਪੰਜਾਬੀ ਦੇ ਨਾਵਲਕਾਰ ਨਛੱਤਰ ਦੇ ਨਾਵਲ 'ਸਲੋਅ ਡਾਊਨ' ਦੀ ਭਾਰਤੀ ਸਾਹਿਤ ਅਕਾਦਮੀ ਦੇ ਇਨਾਮ ਲਈ ਚੋਣ ਕੀਤੀ ਗਈ ਹੈ। ਸਾਹਿਤ ਅਕਾਦਮੀ ਵੱਲੋਂ ਜਿੰਦਰ ਦੀ ਪੰਜਾਬੀ ਵਿਚ ਅਨੁਵਾਦ ਕੀਤੀ ਕਿਤਾਬ 'ਰਾਮ ਦਰਸ਼ ਮਿਸ਼ਰ ਦੀਆਂ ਚੋਣਵੀਆਂ ਕਹਾਣੀਆਂ' ਨੂੰ ਵੀ ਇਨਾਮ ਲਈ ਚੁਣਿਆ ਗਿਆ ਹੈ। ਦੇਸ਼ ਦੀਆਂ 24 ਭਾਸ਼ਾਵਾਂ ਦੇ ਕੁੱਲ 24 ਲੇਖਕਾਂ ਨਾਲ ਦੋਹਾਂ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।

ਨਛੱਤਰ ਨੂੰ ਇਸ ਤੋਂ ਪਹਿਲਾਂ ਪੰਜਾਬੀ ਅਕਾਦਮੀ ਦਿੱਲੀ ਦੇ ਕਈ ਸਨਮਾਨ ਵੀ ਮਿਲ ਚੁੱਕੇ ਹਨ। ਇਸ ਵਾਰ ਐਲਾਨੇ ਗਏ ਇਨਾਮਾਂ ਵਿਚ 7 ਨਾਵਲ, ਕਵਿਤਾ ਦੀਆਂ 5 ਕਿਤਾਬਾਂ, ਛੋਟੀਆਂ ਕਹਾਣੀਆਂ ਦੀਆਂ 5, ਆਲੋਚਨਾ ਦੀਆਂ 5 ਅਤੇ ਇਕ-ਇਕ ਕਿਤਾਬ ਨਾਟਕ ਤੇ ਲੇਖਾਂ ਲਈ ਚੁਣੀ ਗਈ ਹੈ। ਇਹ ਇਨਾਮ 12 ਫਰਵਰੀ 2018 ਨੂੰ ਤਕਸੀਮ ਕੀਤੇ ਜਾਣਗੇ। ਪੰਜਾਬੀ ਅਕਾਦਮੀ ਦੇ ਕਨਵੀਨਰ ਪ੍ਰੋ. ਰਵੇਲ ਸਿੰਘ ਨੇ ਦੱਸਿਆ ਕਿ ਪੰਜਾਬੀ ਇਨਾਮ ਲਈ ਜਿਊਰੀ ਵਿਚ






ਪ੍ਰੋ. ਦਵਿੰਦਰ ਸਿੰਘ, ਜਸਬੀਰ ਸਿੰਘ ਸੰਧੂ ਤੇ ਕੇਵਲ ਧਾਲੀਵਾਲ ਸ਼ਾਮਲ ਸਨ।

ਅੰਗਰੇਜ਼ੀ ਦੇ ਨਾਵਲ 'ਦਿ ਬਲੈਕ ਹਿੱਲ' ਲਈ ਮਮਾਂਗ ਦਾਈ ਅਤੇ ਹਿੰਦੀ ਵਿਚ ਸਾਹਿਤਕ ਆਲੋਚਨਾ ਦੀ ਕਿਤਾਬ 'ਵਿਸ਼ਵ ਮਿਥਕ ਸਰਿਤ ਸਾਗਰ' ਲਈ ਰਮੇਸ਼ ਕੁੰਤਲ ਮੇਘ ਨੂੰ ਇਨਾਮ ਲਈ ਚੁਣਿਆ ਗਿਆ ਹੈ।

ਸੰਸਕ੍ਰਿਤ ਨਾਵਲ 'ਗੰਗਪੁੱਤਰਾਵਾਦਨਮ' ਲਈ ਨਰਿੰਜਨ ਮਿਸ਼ਰਾ, ਬੰਗਲਾ ਵਿਚ 'ਮੇਈ ਨਿਖੋਂਜ ਮਨੁਸ਼ਤਾ' ਲਈ ਅਫਸਾਰ ਅਹਿਮਦ, ਡੋਗਰੀ ਲਈ ਸ਼ਿਵ ਮਹਿਤਾ (ਬਾਨਾ-ਕਹਾਣੀ ਸੰਗ੍ਰਹਿ), ਰਾਜਸਥਾਨੀ ਲਈ ਨੀਰਜ ਦਹੀਆ (ਬਿਨਾਂ ਹਾਸਲ ਪਾਏ- ਆਲੋਚਨਾ), ਸਿੰਧੀ ਲਈ ਜਗਦੀਸ਼ ਲਛਾਨੀ (ਆਛੀਨਿੰਦੇ ਲਾਜ਼ਾ ਮਰਾਂਨ-ਲੇਖ), ਉਰਦੂ ਲਈ ਬੇਗ ਅਹਿਸਾਸ (ਦਾਖਮਾ-ਕਹਾਣੀ) ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।

ਕਸ਼ਮੀਰੀ ਲਈ ਔਤਾਰ ਕ੍ਰਿਸ਼ਨ ਰਹਿਬਰ (ਯਹੀ ਪਰਦਾ-ਕਹਾਣੀ) ਤੇ ਕਵਿਤਾ ਲਈ ਉਦੈ ਨਰਾਇਣ ਸਿੰਘ (ਮੈਥਿਲੀ), ਸ੍ਰੀਕਾਂਤ ਦੇਸ਼ਮੁਖ (ਮਰਾਠੀ), ਭੁਜੰਗਾ ਤੁਡੂ (ਸੰਥਾਲੀ) ਤੇ ਇਨਕਲਾਬ (ਤਾਮਿਲ) ਅਤੇ ਦੇਵੀਪ੍ਰਿਆ (ਤੇਲਗੂ) ਨੂੰ ਚੁਣਿਆ ਗਿਆ ਹੈ। ਚੁਣੀਆਂ ਗਈਆਂ ਕਿਤਾਬਾਂ ਪਹਿਲੀ ਜਨਵਰੀ 2011 ਤੋਂ 31 ਦਸੰਬਰ 2015 ਵਿਚ ਛਪੀਆਂ ਸਨ। ਇਨਾਮ ਵਿਚ ਇਕ ਲੱਖ ਰੁਪਏ, ਸ਼ਾਲ ਤੇ ਸਨਮਾਨ ਚਿੰਨ੍ਹ ਦਿੱਤੇ ਜਾਣਗੇ। ਸਾਹਿਤ ਅਕਾਦਮੀ ਵੱਲੋਂ 70ਵੇਂ ਆਜ਼ਾਦੀ ਦਿਵਸ ਮੌਕੇ ਫੈਸਟੀਵਲ ਆਫ ਲੈਟਰ ਸੈਮੀਨਾਰ ਕਰਵਾਉਣ ਦਾ ਐਲਾਨ ਵੀ ਕੀਤਾ ਗਿਆ ਹੈ।

# ਸਬਰ ਸਿਰੜ ਦੇ ਰਾਹਾਂ ਵਿਚੋਂ ਖੱਲ੍ਹਦੇ ਰਾਹ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਅੰਮ੍ਰਿਤ ਵੇਲੇ ਪਾਠੀ ਸਿੰਘ ਦੀ ਰਸਨਾ ਵਿਚੋਂ ਨਿਕਲੇ ਬਾਣੀ ਦੇ ਸ਼ਬਦਾਂ ਨਾਲ ਮਿਲਖੀ ਦੀ ਅੱਖ ਖੁੱਲ੍ਹ ਗਈ। ਉਸ ਨੇ ਨਿੱਘੀ ਰਜਾਈ ਵਿਚੋਂ ਨਾ ਚਾਹੁੰਦਿਆਂ ਵੀ ਲੱਤਾਂ ਕੱਢ ਕੇ ਪੈਰੀਂ ਧੌੜੀ ਦੀ ਜੁੱਤੀ ਪਾ ਲਈ। ਖੁਰਲੀ ਵਿਚ ਪੱਠੇ ਪਾਉਂਦਿਆਂ ਉਸ ਦੇ ਕੰਨੀਂ ਸ਼ਬਦ ਪੈ ਰਹੇ ਸਨ:

ਹੁਕਮੈ ਅੰਦਰ ਸਭ ਕੋ
ਬਾਹਰ ਹੁਕਮ ਨਾ ਕੋਇ॥
ਨਾਨਕ ਹੁਕਮੈ ਜੋ ਬੁਝੈ
ਤਾ ਹਉਮੈ ਕਹਿ ਨਾ ਕੋਇ॥

ਸ਼ਬਦ ਸੁਣਦਿਆਂ ਪਲ ਭਰ ਲਈ ਸੁੰਨ ਹੋ ਗਿਆ ਤੇ ਹੱਥੋਂ ਪੱਠਿਆਂ ਵਾਲੀ ਟੋਕਰੀ ਡਿੱਗ ਪਈ। ਸੋਚਾਂ ਦੇ ਸਾਗਰ ਵਿਚ ਡੁੱਬਣ ਲੱਗਿਆ- ਕੀ ਇਹ ਸਭ ਕੁਝ ਗੁਰੂ ਨਾਨਕ ਦੇ ਹੁਕਮ ਨਾਲ ਹੋਇਆ... ਗੁਰੂ ਨਾਨਕ ਮੇਰੇ ਨਾਲ ਇਸ ਤਰ੍ਹਾਂ ਨਹੀਂ ਕਰ ਸਕਦੇ। ਸ਼ਾਇਦ ਮੈਂ ਕੋਈ ਮਾੜੇ ਕਰਮ ਕੀਤੇ ਹੋਣ, ਤਾਂ ਹੀ ਇੰਨੀ ਵੱਡੀ ਸਜ਼ਾ ਮਿਲੀ ਹੈ।

ਉਹ ਜ਼ਿੰਦਗੀ ਦੀ ਕਿਤਾਬ ਦੇ ਪੰਨੇ ਫਰੋਲਦਾ ਪਸੂਆਂ ਵਿਚ ਘੁੰਮ ਰਿਹਾ ਸੀ। ਪਸੂਆਂ ਨੂੰ ਖੁਰਲੀ 'ਤੇ ਬੰਨ੍ਹ ਕੇ ਉਸ ਨੇ ਚੁੱਲ੍ਹੇ ਅੱਗ ਬਾਲ ਕੇ ਚਾਹ ਵਾਲੀ ਪਤੀਲੀ ਉਤੇ ਰੱਖ ਦਿੱਤੀ। ਸੁੱਕੀਆਂ ਛਿਟੀਆਂ ਦੀ ਅੱਗ ਛੱਤ ਨੂੰ ਛੂਹਣ ਲੱਗੀ। ਉਸ ਨੂੰ ਅੱਗ ਆਪਣੇ ਨੂੰਹ-ਪੁੱਤ ਦੇ ਬਲਦੇ ਸਿਵਿਆਂ ਦੀ ਅੱਗ ਦੀ ਹਾਣਨ ਜਾਪੀ। ਉਹ ਡਰ ਗਿਆ। ਉਸ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਕਿ ਸ਼ਾਇਦ ਆਪਣੇ ਗੱਭਰੂ ਪੁੱਤ ਨੂੰ ਅੱਗ ਦੀ ਲਪੇਟ ਵਿਚੋਂ ਬਾਹਰ ਕੱਢ ਲਵੇਗਾ, ਪਰ ਉਸ ਦੀ ਕੋਸ਼ਿਸ਼ ਬੇਕਾਰ ਗਈ। ਦੇਖਦਿਆਂ ਦੇਖਦਿਆਂ ਪੁੱਤ ਸੁਆਹ ਦੀ ਢੇਰੀ ਬਣ ਗਿਆ ਸੀ।

ਚਾਹ ਦੇ ਉਬਾਲ ਨੇ ਉਸ ਨੂੰ ਸੋਚਾਂ ਦੇ ਸਾਗਰ ਵਿਚੋਂ ਬਾਹਰ ਕੱਢਿਆ। ਚਾਹ ਦੋ ਕੱਪਾਂ ਵਿਚ ਪਾ ਉਹ ਅੰਦਰ ਚਲਾ ਗਿਆ। ਬਾਰਾਂ ਸਾਲਾਂ ਦੀ ਪੋਤੀ ਗਿਆਨੋ ਦੇ ਮੁੱਖ 'ਤੇ ਹੱਥ ਫੇਰਦਿਆਂ ਬੋਲਿਆ, "ਗਿਆਨੋ! ਉਠ ਪੁੱਤ ਚਾਹ ਪੀ ਲੈ, ਦੇਖ ਦਿਨ ਚੜ੍ਹ ਗਿਆ।" ਗਿਆਨੋ ਨੇ ਉਠਦਿਆਂ ਲੰਮੀ ਅੰਗੜਾਈ ਲਈ ਅਤੇ ਨਲਕੇ ਵੱਲ ਹੋ ਤੁਰੀ। ਫਿਰ ਰਜਾਈ 'ਚ ਵੜ੍ਹ ਕੇ ਚਾਹ ਪੀਣ ਲੱਗ ਪਈ। ਮਿਲਖੀ ਕੱਪ ਫੜ੍ਹ ਮੱਠੀ ਪਈ ਅੱਗ ਕੋਲ ਆ ਕੇ ਬੈਠ ਗਿਆ। ਠੰਢ ਨਾਲ ਪੈਰ ਬਰਫ ਬਣੇ ਪਏ ਸਨ। ਧੌੜੀ ਦੀ ਜੁੱਤੀ ਸਣੇ ਹੀ ਪੈਰ ਉਸ ਨੇ ਅੱਗ ਦੀ ਹਿੱਕ ਨਾਲ ਛੁਹਾ ਲਏ। ਠੰਢ ਤੋਂ ਰਾਹਤ ਮਿਲੀ ਤਾਂ ਬਾਲਟੀ ਚੁੱਕ ਕੇ ਧਾਰ ਕੱਢਣ ਤੁਰ ਪਿਆ। ਗਾਂ ਤੇ ਮੱਝ ਦੀ ਧਾਰ ਕੱਢ ਕੇ ਵਰਤੋਂ ਜੋਗਾ ਦੁੱਧ ਰੱਖਿਆ ਅਤੇ ਬਾਕੀ ਡੇਅਰੀ ਨੂੰ ਲੈ ਤੁਰਿਆ। ਉਥੇ ਉਹਨੇ ਡੇਅਰੀ ਵਾਲੇ ਤੋਂ ਸੌ ਰੁਪਏ ਐਡਵਾਂਸ ਲਈ ਤਰਲਾ ਕੀਤਾ। ਅੱਗਿਉਂ ਡੇਅਰੀ ਵਾਲਾ ਭੱਜ ਕੇ ਪਿਆ, "ਤਾਇਆ! ਅਜੇ ਤਾਂ ਮੱਝ ਵਾਲਾ ਦੋ ਹਜ਼ਾਰ ਤੇਰੇ ਸਿਰ ਖੜ੍ਹੈ, ਨਾਲੇ ਖਲ-ਖੁਰਾਕ ਦੇ ਵੀ ਰਹਿੰਦੇ। ਹੁਣ ਇਕ ਮਹੀਨਾ ਪੈਸੇ ਨਾ ਮੰਗੀਂ।"

ਮਿਲਖੀ ਨਿੰਮੋਝੂਣਾ ਜਿਹਾ ਹੋ ਕੇ ਘਰ ਆ ਗਿਆ। ਪੋਤੀ ਨੂੰ ਉਠਾਇਆ, ਚਾਰ ਟੋਕਰੀਆਂ ਉਹ ਰੂੜੀ ਸੁੱਟ ਆਈ। ਫਿਰ ਰੋਟੀ ਬਣਾ ਕੇ ਦਾਦੇ ਨੂੰ ਖੁਆ ਦਿੱਤੀ ਤੇ ਆਪ ਖਾ ਕੇ ਸਕੂਲ ਨੂੰ ਤੁਰ ਪਈ। ਉਸ ਨੂੰ ਯਾਦ ਸੀ, ਗਿਆਨੋ ਨੂੰ ਕਸ਼ਮੀਰੀ ਸ਼ਾਲ ਲੈ ਕੇ ਦੇਣਾ ਹੈ ਤੇ ਉਨਾਭੀ ਕੋਟੀ; ਜਵਾਕੜੀ ਕਿੰਨੇ ਚਿਰ ਤੋਂ ਮੰਗ ਰਹੀ ਹੈ! ਵਿਚਾਰੀ ਕਿੰਨਾ ਕੰਮ ਕਰਦੀ ਹੈ। ਉਹ ਹਿਸਾਬ ਕਿਤਾਬ ਦੀ ਬੁਣਤੀ ਪਾਉਂਦਾ, ਕੈਨੇਡਾ ਵਾਲਿਆਂ ਦੇ ਦਿਹਾੜੀ ਤੁਰ ਗਿਆ। ਦੁਪਹਿਰ ਤੱਕ ਇੱਟਾਂ, ਬਜਰੀ ਚੁੱਕਦਾ ਰਿਹਾ; ਚਾਰ ਰੋਟੀਆਂ ਤੇ ਕੱਪ ਦਾਲ ਦਾ ਲੈ ਕੇ ਉਹ ਘਰ ਆ ਗਿਆ। ਗਿਆਨੋ ਵੀ ਸਕੂਲੋਂ ਅੱਧੀ ਛੁੱਟੀ ਆ ਗਈ ਸੀ। ਮਿਲਖੀ ਨੇ ਦੋ ਰੋਟੀਆਂ ਗਿਆਨੋ ਦੇ ਹੱਥ ਉਤੇ ਰੱਖ ਦਿੱਤੀਆਂ। ਦਾਲ ਇਕੋ ਕੋਲੀ ਵਿਚ ਪਾ ਕੇ ਦੋਵੇਂ ਦਾਦਾ-ਪੋਤੀ ਰੋਟੀ ਖਾਣ ਲੱਗ ਪਏ। ਪਹਿਲੀ ਬੁਰਕੀ ਦਾਲ ਵਿਚ ਡੁਬੋ ਕੇ ਗਿਆਨੋ ਬੋਲੀ, "ਬਾਪੂ! ਅਮੀਰ ਲੋਕ ਵੀ ਰੋਜ਼ ਦਾਲ ਹੀ ਖਾਂਦੇ ਨੇ?"

"ਨਹੀਂ ਪੁੱਤ।" ਮਿਲਖੀ ਨੇ ਜਵਾਬ ਦਿੱਤਾ।

"ਫਿਰ ਆਹ ਤੁਹਾਨੂੰ ਕਾਲੀ-ਪੀਲੀ-ਹਰੀ ਦਾਲ ਰੋਜ਼ ਕਿਉਂ ਦਿੰਦੇ ਨੇ?"

"ਪੁੱਤ, ਦਿਹਾੜੀਦਾਰਾਂ ਦੇ ਹਿੱਸੇ ਦਾਲ ਹੀ ਆਉਂਦੀ ਹੈ। ਜਿੰਨਾ ਮਰਜ਼ੀ ਕੋਈ ਅਮੀਰ ਹੋਵੇ, ਉਹ ਕਾਮੇ ਦੀ ਰੋਟੀ ਸਮੇਂ ਹੱਥ ਘੁੱਟ ਹੀ ਲੈਂਦਾ ਹੈ।" ਮਿਲਖੀ ਨੇ ਲੰਮਾ ਹਉਕਾ ਭਰਿਆ।

ਗਿਆਨੋ ਨੇ ਕੈਨੇਡਾ ਵਾਲਿਆਂ ਨੂੰ ਗਰੀਬੜੇ ਵਿਚਾਰੇ ਆਖ ਕੇ ਆਪਣਾ ਗੁੱਸਾ ਠੰਢਾ ਕਰ ਲਿਆ, ਫਿਰ ਸਕੂਲੇ ਤੁਰ ਗਈ। ਮਿਲਖੀ ਨੇ ਫਿਰ ਸਿਰ ਸੀਮੈਂਟ ਦੀ ਬੋਰੀ ਥੱਲੇ ਜਾ ਦਿੱਤਾ। ਆਥਣੇ ਗਿਆਨੋ ਸਕੂਲੋਂ ਪੜ੍ਹ ਕੇ ਆਈ ਤਾਂ ਪੱਠੇ ਖੁਰਲੀਆਂ ਵਿਚ ਪਾ ਕੇ ਪਸੂ ਬੰਨ੍ਹ ਕੇ ਸਾਰੇ ਘਰ ਝਾੜੂ ਫੇਰਿਆ। ਫਿਰ ਗੁਆਂਢਣ ਤਾਈ ਨਾਲ ਉਹ ਕੱਖ ਖੋਤਣ ਤੁਰ ਪਈ। ਗਿਆਨੋ ਆਪਣੀ ਉਮਰ ਤੋਂ ਵੱਧ ਸਿਆਣੀ ਸੀ; ਤਾਂ ਹੀ ਤਾਂ ਦਾਦੀ ਨੇ ਨਾਂ ਗਿਆਨੋ ਰੱਖਿਆ। ਮਾਂ ਨੇ ਉਹਦਾ ਨਾਂ ਭੋਲੀ ਰੱਖਿਆ ਸੀ।

ਮਿਲਖੀ ਦਾ ਸੁਪਨਾ ਸੀ ਕਿ ਗਿਆਨੋ ਪੜ੍ਹ-ਲਿਖ ਕੇ ਕੁਝ ਬਣ ਜਾਵੇ। ਇਸੇ ਕਰ ਕੇ ਬੁੱਢੇ ਹੱਡਾਂ ਨਾਲ ਉਹ ਮਿਹਨਤ-ਮਜ਼ਦੂਰੀ ਕਰ ਰਿਹਾ ਸੀ। ਉਸ ਦੀ ਨੂੰਹ-ਪੁੱਤ ਪ੍ਰਾਈਵੇਟ ਬੱਸ ਦੀ ਲਪੇਟ ਵਿਚ ਆ ਗਏ ਸਨ। ਸਾਇਕਲ 'ਤੇ ਜਾ ਰਹੇ ਸਨ ਕਿ ਬੱਸ ਵਾਲੇ ਨੇ ਫੇਟ ਮਾਰ ਦਿੱਤੀ। ਦੋਵੇਂ ਥਾਂਏਂ ਪੂਰੇ ਹੋ ਗਏ। ਬੱਸ ਵਾਲਿਆਂ ਥੋੜ੍ਹੇ ਰੁਪਏ ਦੇ ਕੇ ਮਿਲਖੀ ਨਾਲ ਰਾਜ਼ੀਨਾਮਾ ਕਰ ਲਿਆ। ਗਿਆਨੋ ਉਦੋਂ ਤਿੰਨ ਸਾਲ ਦੀ ਸੀ, ਦਾਦੀ ਨੇ ਪਾਲਿਆ। ਗਿਆਨੋ ਨੌਂ ਸਾਲ ਦੀ ਸੀ, ਦਾਦੀ ਵੀ ਮਾਂ-ਪਿਉ ਵਾਂਗ ਤੁਰ ਗਈ। ਪਿੱਛੇ ਰਹਿ ਗਏ ਦਾਦਾ-ਪੋਤੀ।

ਮਿਲਖੀ ਘਾਣੀ ਵਿਚ ਲੱਤਾਂ ਫਸਾਈ ਖੜ੍ਹਾ ਸੀ, ਜਦੋਂ ਦੂਰੋਂ ਉਸ ਨੂੰ ਕਸ਼ਮੀਰੀਆ ਆਉਂਦਾ ਦਿਸਿਆ। ਕੋਲ ਆਏ ਨੂੰ ਸ਼ਾਲ ਤੇ ਕੋਟੀ ਦਿਖਾਉਣ ਲਈ ਕਿਹਾ।

"ਦੋ ਸੌ ਰੁਪਏ ਲਊਂ ਦੋਵਾਂ ਦੇ।" ਕਸ਼ਮੀਰੀਏ ਨੇ ਦੁੱਗਣਾ ਭਾਅ ਦੱਸਿਆ।

"ਮੈਂ ਅੱਸੀ ਰੁਪਏ ਦਊਂ ਦੋਹਾਂ ਦੇ।" ਮਿਲਖੀ ਨੇ ਹਾੜ੍ਹਾ ਜਿਹਾ ਕੱਢਿਆ।

"ਦੋਵਾਂ ਦੇ ਸੌ ਦੇ ਦੇ, ਅਜੇ ਤਾਂ ਬੋਹਣੀ ਵੀ ਨਹੀਂ ਹੋਈ।" ਕਸ਼ਮੀਰੀਆ ਬੋਲਿਆ।

ਮਿਲਖੀ ਕਹੀ ਸੁੱਟ ਕੇ ਲਿਬੜੇ ਪੈਰੀਂ ਅੰਦਰ ਗਿਆ। ਵੱਡੀ ਲਾਣੇਦਾਰਨੀ ਨੂੰ ਸੌ ਰੁਪਏ ਦੀ ਬੇਨਤੀ ਕੀਤੀ। ਉਸ ਨੇ ਚਾਰ ਗੱਲਾਂ ਸੁਣਾ ਕੇ ਮਿਲਖੀ ਦੇ ਮੁੱਖ ਦੀ ਲਾਲੀ ਮੇਟ ਦਿੱਤੀ, ਪਰ ਲਾਣੇਦਾਰਨੀ ਦੀ ਵਿਧਵਾ ਨੂੰਹ ਨੇ ਸੁਣ ਲਿਆ। ਉਹ ਜੁੜੇ ਹੱਥਾਂ ਵਿਚ ਸੌ ਰੁਪਏ ਪਾ ਗਈ, ਜਿਵੇਂ ਗੁਰਦੁਆਰੇ ਰੱਖੀ ਗੋਲਕ 'ਚ ਪਾਉਂਦੇ ਹਾਂ। ਜੁੜੇ ਹੱਥੀਂ ਮਿਲਖੀ ਨੇ ਸੌ ਦਾ ਨੋਟ ਕਸ਼ਮੀਰੀਏ ਨੂੰ ਦੇ ਦਿੱਤਾ। ਸ਼ਾਲ ਤੇ ਕੋਟੀ ਫੜ੍ਹ ਉਸ ਹਿੱਕ ਨਾਲ ਲਾ ਲਏ; ਜਿਵੇਂ ਵੱਡਾ ਸੁਪਨਾ ਪੂਰਾ ਹੋ ਗਿਆ ਹੋਵੇ!

ਮਿਲਖੀ ਦਿਨ ਛਿਪੇ ਚਾਈਂ ਚਾਈਂ ਘਰ ਮੁੜਿਆ। ਗਿਆਨੋ ਚੁੱਲ੍ਹੇ ਮੂਹਰੇ ਬੈਠੀ ਰੋਟੀਆਂ ਲਾਹ ਰਹੀ ਸੀ। ਮਿਲਖੀ ਨੇ ਅੰਦਰ ਵੜਦਿਆਂ ਉਚੀ ਆਵਾਜ਼ ਲਾਈ, "ਗਿਆਨੋ! ਵੇਖ ਮੈਂ ਕੀ ਲਿਆਇਆਂ।"

ਗਿਆਨੋ ਭੱਜ ਕੇ ਮਿਲਖੀ ਨੂੰ ਚਿੰਬੜ ਗਈ। ਕੋਟੀ ਤੇ ਸ਼ਾਲ ਵੇਖ ਕੇ ਖੁਸ਼ ਹੋ ਗਈ। ਘਰ ਵਿਚ ਖੁਸ਼ੀ ਨੱਚਣ ਲੱਗੀ। ਦਾਦਾ-ਪੋਤੀ ਗੱਲਾਂ ਕਰਦੇ ਰਹੇ। ਮਿਲਖੀ ਸ਼ਾਮ ਦਾ ਦੁੱਧ ਡੇਅਰੀ ਪਾਉਣ ਗਿਆ ਤਾਂ ਉਸ ਦੇ ਮੁੱਖ 'ਤੇ ਜੰਗ ਜਿੱਤਣ ਜਿੰਨੀ ਖੁਸ਼ੀ ਸੀ। ਖੁਸ਼ੀ ਵਿਚ ਨੱਚਦੇ ਨੂੰ ਖਿਆਲ ਆਇਆ ਕਿ ਲਾਣੇਦਾਰਨੀ ਦੀ ਵਿਧਵਾ ਨੂੰਹ ਨੇ ਸੌ ਰੁਪਏ ਕਿਸ ਤਰ੍ਹਾਂ ਦਿੱਤੇ ਹੋਣਗੇ? ਪੁੰਨ ਦਾਨ ਜਾਂ ਉਧਾਰ ਦਿੱਤਾ ਜਾਂ ਵਿਆਜ ਲਊਗੀ? ਸੌ ਰੁਪਏ ਦੇ ਚੱਕਰਾਂ ਵਿਚ ਰਾਤ ਮਸਾਂ ਨਿਕਲੀ। ਸਵੇਰੇ ਉਹ ਫਿਰ ਦਿਹਾੜੀ ਤੁਰ ਗਿਆ। ਲਾਣੇਦਾਰਨੀ ਤੋਂ ਅੱਖ ਬਚਾ ਕੇ ਮਿਲਖੀ ਨੇ ਵਿਧਵਾ ਨੂੰਹ ਦਾ ਧੰਨਵਾਦ ਕੀਤਾ ਤੇ ਲੰਮੀਆਂ ਅਸੀਸਾਂ ਦਿੱਤੀਆਂ।

ਲਾਣੇਦਾਰਨੀ ਜਗੀਰ ਕੌਰ ਨੂੰ ਪੇਕਿਆਂ ਦੀ ਪੰਜਾਹ ਕਿੱਲੇ ਜਮੀਨ ਦਾਜ ਵਿਚ ਮਿਲੀ ਸੀ। ਉਹ ਇਕੱਲੀ ਭੈਣ ਸੀ। ਪਿਉ ਅੰਗਰੇਜ਼ਾਂ ਦਾ ਝੋਲੀਚੁੱਕ ਸੀ। ਮਰਨ ਤੋਂ ਪਹਿਲਾਂ ਸਾਰੀ ਜਮੀਨ ਉਹ ਜਗੀਰੋ ਦੇ ਨਾਂ ਕਰਾ ਗਿਆ ਸੀ। ਜਗੀਰੋ ਦੇ ਸਹੁਰੇ ਸਾਊ ਸਨ। ਜਗੀਰੋ ਨੇ ਜਮੀਨ ਦੇ ਦਬਾਅ ਵਿਚ ਹੀ ਸਾਰੇ ਭਾਈ ਅੱਡ ਕਰਾ ਦਿੱਤੇ ਅਤੇ ਆਪ ਪਤੀ ਨਾਲ ਹਵੇਲੀ ਸਾਂਭੀ ਬੈਠੀ ਸੀ। ਜਗੀਰੋ ਦੇ ਦੋ ਪੁੱਤ ਹੋਏ। ਪੁੱਤ ਅਜੇ ਜਵਾਨ ਵੀ ਨਹੀਂ ਸਨ ਹੋਏ ਕਿ ਪਤੀ ਜਹਾਨੋਂ ਤੁਰ ਗਿਆ। ਫਿਰ ਜਗੀਰੋ ਨੇ ਇਕ ਪੁੱਤ ਕੈਨੇਡਾ ਵਿਆਹ ਦਿੱਤਾ ਤੇ ਜਗੀਰੋ ਕੈਨੇਡਾ ਵਾਲੀ ਬਣ ਗਈ। ਨੂੰਹ ਪੁੱਤ ਕੈਨੇਡਾ ਵਸ ਗਏ। ਦੂਜਾ ਪੁੱਤ ਪਿੰਡ ਹੀ ਵਿਆਹ ਲਿਆ। ਰੱਬ ਨੇ ਪਹਿਲੇ ਸਾਲ ਹੀ ਉਸ ਨੂੰ ਪੁੱਤ ਦੀ ਦਾਤ ਬਖਸ਼ ਦਿੱਤੀ। ਥੋੜ੍ਹੇ ਸਾਲ ਖੁਸ਼ੀਆਂ ਨਾਲ ਹਵੇਲੀ ਹੱਸਦੀ ਰਹੀ। ਅਚਾਨਕ ਜਗੀਰੋ ਦੇ ਪਿੰਡ ਵਾਲੇ ਪੁੱਤ ਦੀ ਮੌਤ ਹੋ ਗਈ। ਜਿਥੇ ਜਗੀਰੋ ਦਾ ਅੜਬ ਸੁਭਾਅ ਸੀ, ਉਥੇ ਉਸ ਦੀ ਵਿਧਵਾ ਨੂੰਹ ਨਿਮਰਤਾ ਦੀ ਮੂਰਤ ਸੀ। ਕਿਸੇ ਦਾ ਦੁੱਖ ਨਹੀਂ ਸੀ ਵੇਖ ਸਕਦੀ, ਤਾਂ ਹੀ ਉਸ ਮਿਲਖੀ ਨੂੰ ਚੋਰੀ ਸੌ ਰੁਪਏ ਫੜ੍ਹਾ ਦਿੱਤੇ ਸਨ।

ਦੋ ਮਹੀਨਿਆਂ ਵਿਚ ਕੈਨੇਡਾ ਵਾਲਿਆਂ ਦੇ ਮਿਸਤਰੀ ਦਾ ਕੰਮ ਮੁੱਕ ਗਿਆ ਅਤੇ ਮਿਲਖੀ ਹੁਣ ਘਰ ਹੀ ਹੁੰਦਾ ਸੀ। ਲਾਣੇਦਾਰਨੀ ਦਾ ਪੁੱਤ ਕੈਨੇਡਾ ਤੋਂ ਆਇਆ, ਦੋ ਮਹੀਨੇ ਰਿਹਾ ਤੇ ਕੈਨੇਡਾ ਮੁੜਿਆ ਤਾਂ ਲਾਣੇਦਾਰਨੀ ਜਹਾਨੋਂ ਕੂਚ ਕਰ ਗਈ। ਭੋਗ ਦੀ ਰਸਮ ਪਿਛੋਂ ਭਰਾਵਾਂ ਦੀ ਵੰਡ-ਵੰਡਾਈ ਹੋਈ। ਕੈਨੇਡੇ ਵਾਲਾ ਆਪਣਾ ਹਿੱਸਾ ਲੈ ਕੇ ਤੁਰ ਗਿਆ। ਵਿਧਵਾ ਨੂੰਹ ਨੇ ਆਪਣੇ ਪੁੱਤ ਨਾਲ ਹਵੇਲੀ ਵਿਚ ਹੀ ਟਿਕਾਣਾ ਰੱਖਿਆ। ਹੁਣ ਉਸ ਨੇ ਮਿਲਖੀ ਨੂੰ ਪੱਕਾ ਹੀ ਸੀਰੀ ਰੱਖ ਲਿਆ ਤੇ ਗਿਆਨੋ ਨੂੰ ਘਰ ਦਾ ਕੰਮ ਕਰਨ ਲਈ; ਪਰ ਉਸ ਨੂੰ ਪੜ੍ਹਨੋਂ ਨਾ ਹਟਾਇਆ। ਦਾਦਾ-ਪੋਤੀ ਸਾਰਾ ਦਿਨ ਹਵੇਲੀ ਰਹਿੰਦੇ ਤੇ ਸ਼ਾਮ ਨੂੰ ਆਪਣੇ ਘਰ ਚਲੇ ਜਾਂਦੇ।

ਗਿਆਨੋ ਪੜ੍ਹਦੀ ਗਈ। ਸਾਰਾ ਖਰਚਾ ਹਵੇਲੀ ਵਾਲੀ ਨੇ ਕੀਤਾ। ਸਮਾਂ ਬੀਤਿਆ, ਵਿਧਵਾ ਨੂੰਹ ਨੇ ਆਪਣਾ ਪੁੱਤ ਵਿਆਹ ਲਿਆ। ਗਿਆਨੋ ਬੀ.ਏ., ਬੀ.ਐਡ. ਕਰ ਗਈ। ਰਾਖਵੀਂਆਂ ਸੀਟਾਂ ਵਿਚ ਗਿਆਨੋ ਨੂੰ ਗੁਆਂਢੀ ਪਿੰਡ ਵਿਚ ਅਧਿਆਪਕਾ ਦੀ ਨੌਕਰੀ ਮਿਲ ਗਈ। ਮਿਲਖੀ ਨੇ ਚਾਰ ਖਣ ਪੱਕੇ ਛੱਤ ਲਏ। ਗਿਆਨੋ ਦੀ ਸਿਆਣਪ ਦੀਆਂ ਲੋਕ ਗੱਲਾਂ ਕਰਦੇ।

ਗਿਆਨੋ ਦੀ ਉਮਰ ਹੁਣ ਵਿਆਹ ਵਾਲੀ ਹੋ ਗਈ ਸੀ। ਮਿਲਖੀ ਨੇ ਇਹ ਜ਼ਿੰਮੇਵਾਰੀ ਵੀ ਹਵੇਲੀ ਵਾਲੀ ਮਾਲਕਣ ਨੂੰ ਸੌਂਪ ਦਿੱਤੀ।

"ਮਿਲਖਾਂ ਸਿਆਂ! ਤੂੰ ਫਿਕਰ ਨਾ ਕਰ, ਗੁਰੂ ਭਲੀ ਕਰੂਗਾ। ਜਿਥੇ ਬੱਚੀ ਦੇ ਸੰਜੋਗ ਹੋਏ, ਆਪੇ ਕਾਰਜ ਹੋ ਜਾਊਗਾ।" ਮਾਲਕਣ ਨੇ ਕਿਹਾ ਸੀ।

ਫਿਰ ਹਵੇਲੀ ਵਾਲੀ ਮਾਲਕਣ ਨੇ ਹੀ ਗਿਆਨੋ ਲਈ ਵਰ ਲੱਭ ਦਿੱਤਾ। ਉਹ ਮੁੰਡਾ ਪ੍ਰੀਤਮ ਵੀ ਸਰਕਾਰੀ ਨੌਕਰੀ ਕਰਦਾ ਸੀ। ਉਹ ਘਰ ਜਵਾਈ ਰਹਿਣ ਲਈ ਮੰਨ ਗਿਆ। ਗਿਆਨੋ ਦਾ ਵਿਆਹ ਉਸ ਦੀ ਰੀਝ ਮੁਤਾਬਕ ਹੋਇਆ। ਉਹ ਡੋਲੀ ਬੈਠ ਸਹੁਰੇ ਤੁਰ ਗਈ, ਫਿਰ ਦੋਵਾਂ ਨੇ ਮਿਲਖੀ ਵਾਲੇ ਘਰ ਡੇਰੇ ਲਾ ਲਏ। ਗਿਆਨੋ ਦੀ ਬਦਲੀ ਪਿੰਡ ਹੀ ਹੋ ਗਈ। ਉਹ ਬੱਚਿਆਂ ਨੂੰ ਆਪਣੇ ਸਮਝ ਕੇ ਪੜ੍ਹਾਉਂਦੀ। ਹੌਲੀ ਹੌਲੀ ਉਹ ਪਿੰਡ ਵਾਲਿਆਂ ਦੀ ਹਰਮਨ ਪਿਆਰੀ ਧੀ ਅਤੇ ਅਧਿਆਪਕਾ ਹੋ ਗਈ। ਜਿਨ੍ਹਾਂ ਨੇ ਗਿਆਨੋ ਨੂੰ ਨਿੱਕੀ ਹੁੰਦਿਆਂ ਗੋਹੇ ਦੀ ਟੋਕਰੀ ਜਾਂ ਕੱਖਾਂ ਦੀ ਪੰਡ ਚੁੱਕੀਂ ਜਾਂਦਿਆਂ ਵੇਖਿਆ ਹੋਇਆ ਸੀ, ਉਹ ਹੈਰਾਨ ਸਨ ਕਿ ਕੁੜੀ ਨੇ ਇੰਨੀ ਤਰੱਕੀ ਕੀਤੀ ਸੀ! ਗਿਆਨੋ ਇਸ ਸਭ ਲਈ ਹਵੇਲੀ ਵਾਲੀ ਮਾਲਕਣ ਨੂੰ ਮਾਂ ਤੋਂ ਵੱਧ ਸਮਝ ਕੇ ਸਤਿਕਾਰਦੀ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਘਰ ਸੱਦ ਕੇ ਮੁਫਤ ਪੜ੍ਹਾਉਂਦੀ। ਜਿਹੜੇ ਪਰਿਵਾਰ ਧੀਆਂ ਨੂੰ ਪੜ੍ਹਾਉਣਾ ਨਹੀਂ ਸਨ ਚਾਹੁੰਦੇ, ਉਨ੍ਹਾਂ ਨੂੰ ਵਿਦਿਆ ਦੇ ਚਾਨਣ ਦੀ ਮਹੱਤਤਾ ਦੱਸ ਕੇ ਪ੍ਰੇਰਦੀ। ਹੌਲੀ ਹੌਲੀ ਪਿੰਡ ਦੀ 'ਭੂਆ ਜੀ' ਵਜੋਂ ਮਸ਼ਹੂਰ ਹੋ ਗਈ। ਸਮਾਂ ਲੰਘਦਾ ਗਿਆ। ਗਿਆਨੋ ਦੇ ਦੋ ਪੁੱਤ ਅਤੇ ਇਕ ਧੀ ਨੇ ਵਿਹੜਾ ਖੁਸ਼ੀਆਂ ਨਾਲ ਭਰ ਦਿੱਤਾ। ਮਿਲਖੀ ਨੱਬੇ ਸਾਲ ਦੀ ਉਮਰ ਭੋਗ ਕੇ ਜਹਾਨੋਂ ਗਿਆ।

ਲੋਕ ਹਮੇਸ਼ਾ ਗੱਲਾਂ ਕਰਦੇ ਕਿ ਹਵੇਲੀ ਵਾਲੀ ਵੱਡੀ ਲਾਣੇਦਾਰਨੀ ਸੱਤਰਾਂ ਕਿੱਲਿਆਂ ਦੀ ਮਾਲਕਣ ਹੋ ਕੇ ਵੀ ਪਿੰਡ ਦਾ ਕੁਝ ਸੰਵਾਰ ਨਾ ਸਕੀ ਅਤੇ ਗਰੀਬ ਮਿਲਖੀ ਦੀ ਪੋਤੀ ਨੇ ਪਿੰਡ ਵਿਦਿਆ ਦਾ ਚਾਨਣ ਘਰ ਘਰ ਕਰ ਦਿੱਤਾ। ਹੰਕਾਰੀ ਬੰਦਾ ਜੱਗ ਤੋਂ ਬਦ-ਦੁਆਵਾਂ ਹੀ ਖੱਟ ਕੇ ਲਿਜਾਂਦਾ ਹੈ। ਨਿਮਰਤਾ ਨਾਲ ਕਿਸੇ ਹੋਰ ਦੇ ਕੰਮ ਆਉਣ ਵਾਲਾ ਬੰਦਾ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਜਿਉਂਦਾ ਰਹਿੰਦਾ ਹੈ। ਗਿਆਨੋ ਭੂਆ ਜੀ ਅੱਜ ਵੀ ਆਪਣੇ ਪਿੰਡ ਨੂੰ ਸਮਰਪਿਤ ਹੈ।

---

# ਅਕਾਲੀ ਦਲ ਦੇ ਫਿਰਕੂ ਨਾਅਰੇ

ਨਰਿੰਦਰ ਸਿੰਘ ਢਿੱਲੋਂ (ਕੈਲਗਰੀ)
ਫੋਨ: 403-616-4032

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ (ਫਰਵਰੀ 2017) ਹਾਰਨ ਪਿਛੋਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਨੇਤਾਵਾਂ ਅਤੇ ਕਲਮਕਾਰਾਂ ਨੇ ਧਰਮ ਦੇ ਨਾਂ 'ਤੇ ਫਿਰ ਪੁਰਾਣੇ ਰਾਗ ਅਲਾਪਣੇ ਸ਼ੁਰੂ ਕਰ ਦਿੱਤੇ। ਪੰਜਾਬ 1978 ਤੋਂ 1994-95 ਤੱਕ ਪਹਿਲਾਂ ਹੀ ਕਾਲਾ ਦੌਰ ਦੇਖ ਚੁਕਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਅਤੇ ਅਰਥ ਵਿਵਸਥਾ ਦਾ ਭਾਰੀ ਨੁਕਸਾਨ ਹੋਇਆ। ਉਦੋਂ ਵੀ ਅਕਾਲੀ ਆਗੂ ਗਰਮਖਿਆਲ ਨੌਜਵਾਨਾਂ ਨੂੰ ਸ਼ਿਸ਼ਕੇਰਦੇ ਰਹੇ ਅਤੇ ਉਨ੍ਹਾਂ ਵੱਲੋਂ ਕੀਤੀਆਂ ਵਾਰਦਾਤਾਂ ਬਾਰੇ ਡਰਪੋਕ ਬਣ ਕੇ ਚੁਪ ਰਹੇ। ਦੂਜੇ ਪਾਸੇ ਪੁਲਿਸ ਅਫਸਰਾਂ ਨਾਲ ਇਨ੍ਹਾਂ ਦੀ ਗੰਢ-ਤੁਪ ਦੇ ਚਰਚੇ ਵੀ ਚਲਦੇ ਰਹੇ। ਪਹਿਲਾਂ ਪੰਜਾਬ ਵਿਚ ਇਕ ਫਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ, ਫਿਰ ਹੋਰ ਲੋਕ ਵੀ ਹਮਲੇ ਦੀ ਲਪੇਟ ਵਿਚ ਆ ਗਏ। ਅਤਿਵਾਦੀਆਂ ਨੇ ਵੱਡੀ ਗਿਣਤੀ 'ਚ ਕਮਿਊਨਿਸਟ, ਕਾਂਗਰਸੀ ਤੇ ਭਾਜਪਾ ਆਗੂ ਤੇ ਕਾਰਕੁਨ, ਪੱਤਰਕਾਰ ਤੇ ਮੁਲਾਜ਼ਮ ਹੀ ਨਹੀਂ; ਸੰਤ ਹਰਚੰਦ ਸਿੰਘ ਲੌਂਗੋਵਾਲ, ਬਲਵੰਤ ਸਿੰਘ ਤੇ ਮਾਸਟਰ ਤਾਰਾ ਸਿੰਘ ਦੀ ਲੜਕੀ ਰਜਿੰਦਰ ਕੌਰ ਵਰਗੇ ਆਗੂਆਂ ਨੂੰ ਕਤਲ ਕਰ ਦਿੱਤਾ। ਅੱਜ ਤੱਕ ਅਕਾਲੀ ਦਲ ਦੇ ਮੁੱਖ ਆਗੂਆਂ ਨੇ ਇਨ੍ਹਾਂ ਕਤਲਾਂ ਦੀ ਨਿਖੇਧੀ ਨਹੀਂ ਕੀਤੀ। ਅਕਾਲੀ ਅਤੇ ਕਾਂਗਰਸੀ ਪੰਜਾਬ ਅੰਦਰ ਬੇਦੋਸ਼ਿਆਂ ਦੇ ਬਲਦੇ ਸਿਵਿਆਂ 'ਤੇ ਸਿਆਸੀ ਰੋਟੀਆਂ ਸੇਕਦੇ ਰਹੇ ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪਿਆ।

ਹੁਣ ਫਿਰ ਜਦੋਂ ਅਕਾਲੀ ਦਲ ਸੰਕਟ ਵਿਚ ਹੈ ਤਾਂ ਲੋਕਾਂ ਵਿਚ ਧਰਮ ਦੇ ਨਾਂ 'ਤੇ ਫੁੱਟ ਪੈਦਾ ਕਰਨ ਅਤੇ ਭੜਕਾਹਟ ਪੈਦਾ ਕਰਨ ਲਈ 'ਸਿੱਖ ਵੱਖਰੀ ਕੌਮ' ਅਤੇ ਸਿੱਖਾਂ ਦਾ ਧਰਮ ਤੇ ਰਾਜਨੀਤੀ ਇਕੱਠੇ ਹੋਣ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।

'ਸਿੱਖ ਵੱਖਰੀ ਕੌਮ' ਦਾ ਫੈਸਲਾ ਕਰਨ ਤੋਂ ਪਹਿਲਾਂ ਫੈਸਲਾ ਕਰਨਾ ਪਵੇਗਾ ਕਿ ਕੌਮ ਕਿਸ ਨੂੰ ਆਖਦੇ ਹਨ? ਕੌਮ ਉਨ੍ਹਾਂ ਲੋਕਾਂ ਦੇ ਜਨ ਸਮੂਹ ਨੂੰ ਆਖਦੇ ਹਨ ਜੋ ਇਤਿਹਾਸਕ ਤੌਰ 'ਤੇ ਹੋਂਦ 'ਚ ਆਇਆ ਹੋਵੇ। ਉਸ ਦਾ ਜੁੜਵਾਂ ਇਲਾਕਾ, ਇਕ ਬੋਲੀ, ਸਾਂਝਾ ਸਭਿਆਚਾਰ ਤੇ ਰਸਮੋ-ਰਿਵਾਜ, ਕਲਾਵਾਂ, ਗੀਤ-ਸੰਗੀਤ ਅਤੇ ਮੇਲੇ ਆਦਿ ਸਾਂਝੇ ਹੋਣ। ਪੰਜਾਬ ਵਿਚ ਵਸਦੇ ਵੱਖ ਵੱਖ ਧਰਮਾਂ ਦੇ ਲੋਕ ਇਤਿਹਾਸਕ ਤੌਰ 'ਤੇ ਜੁੜੇ ਹੋਏ ਹਨ। ਇਕ ਸਾਂਝੇ ਜੁੜਵੇਂ ਇਲਾਕੇ ਵਿਚ ਇਨ੍ਹਾਂ ਦੀ ਬੋਲੀ, ਸਮਾਜਿਕ ਅਤੇ ਆਰਥਿਕ ਜੀਵਨ, ਸਭਿਆਚਾਰ ਆਦਿ ਸਾਂਝਾ ਹੈ। ਇਉਂ ਪੰਜਾਬ ਵਿਚ ਵਸਦੇ ਸਿੱਖ, ਹਿੰਦੂ, ਮੁਸਲਮਾਨ ਅਤੇ ਇਸਾਈ ਆਦਿ ਪੰਜਾਬੀ ਕੌਮ ਹਨ, ਇਕੱਲੇ ਸਿੱਖ ਨਹੀਂ।

ਭਾਰਤ ਵਿਚ ਵੱਖ ਵੱਖ ਕੌਮਾਂ ਦੀ ਆਪਣੀ ਭਾਸ਼ਾ, ਜੁੜਵਾਂ ਸਾਂਝਾ ਇਲਾਕਾ, ਸਮਾਜਿਕ ਜੀਵਨ ਅਤੇ ਸਾਂਝਾ ਸਭਿਆਚਾਰ ਹੈ। ਉਹ ਵੱਖ ਵੱਖ ਧਰਮਾਂ ਨੂੰ ਮੰਨਣ ਦੇ ਬਾਵਜੂਦ ਬੰਗਾਲੀ, ਬਿਹਾਰੀ, ਅਸਾਮੀ, ਤਾਮਿਲ, ਗੁਜਰਾਤੀ, ਮਲਿਆਲੀ, ਹਰਿਆਣਵੀ ਅਤੇ ਪੰਜਾਬੀ ਆਦਿ ਹਨ। ਕੀ ਬੰਗਾਲ ਦਾ ਬੰਗਲਾ ਜਾਂ ਤਾਮਿਲਨਾਡੂ ਦਾ ਤਾਮਿਲ ਜਾਂ ਗੁਜਰਾਤ ਦਾ ਗੁਜਰਾਤੀ ਆਦਿ ਬੋਲੀ ਬੋਲਣ ਵਾਲਾ ਜੇ ਸਿੱਖ ਧਰਮ ਗ੍ਰਹਿਣ ਕਰ ਲਵੇ ਤਾਂ ਉਹ ਪੰਜਾਬੀ ਬਣ ਜਾਵੇਗਾ? ਨਹੀਂ। ਉਹ ਬੰਗਾਲੀ ਹੀ ਰਹੇਗਾ। ਤਾਮਿਲ ਬੋਲਣ ਵਾਲਾ ਸਿੱਖ ਤਾਮਿਲ ਹੀ ਹੈ। ਗੁਜਰਾਤੀ, ਕੰਨੜ, ਅੰਗਰੇਜ਼ੀ, ਹਿੰਦੀ ਆਦਿ ਬੋਲਣ ਵਾਲੇ ਸਿੱਖ ਉਨ੍ਹਾਂ ਸੂਬਿਆਂ ਦੀ ਕੌਮ ਵਿਚ ਹੀ ਗਿਣੇ ਜਾਣਗੇ, ਉਹ ਪੰਜਾਬੀ ਨਹੀਂ ਬਣ ਸਕਦੇ। ਉਨ੍ਹਾਂ ਦਾ ਪੰਜਾਬ ਨਾਲ ਇਤਿਹਾਸਕ ਤੌਰ 'ਤੇ ਜੁੜਿਆ ਇਲਾਕਾ, ਸਾਂਝੀ ਬੋਲੀ ਅਤੇ ਸਾਂਝਾ ਸਭਿਆਚਾਰ ਨਹੀਂ।

ਕੌਮ ਦਾ ਆਧਾਰ ਧਰਮ ਨਹੀਂ ਹੁੰਦਾ। ਅਕਾਲੀ ਆਗੂਆਂ ਨੂੰ ਪੁਛਣਾ ਬਣਦਾ ਹੈ ਕਿ ਜੇ ਪੰਜਾਬ ਦਾ ਸਿੱਖ ਕੋਈ ਹੋਰ ਧਰਮ ਗ੍ਰਹਿਣ ਕਰ ਲਵੇ, ਤਾਂ ਕੀ ਉਹ ਪੰਜਾਬੀ ਨਹੀਂ ਰਹੇਗਾ? ਕੀ ਪੰਜਾਬ ਵਿਚ ਵਸਦੇ ਹਿੰਦੂ, ਮੁਸਲਮਾਨ ਅਤੇ ਇਸਾਈ ਪੰਜਾਬੀ ਨਹੀਂ ਹਨ? ਕੀ ਗੈਰ ਪੰਜਾਬੀ ਸਿੱਖ ਕੋਈ ਹੋਰ ਧਰਮ ਗ੍ਰਹਿਣ ਕਰਨ ਨਾਲ ਪੰਜਾਬੀ ਬਣ ਜਾਵੇਗਾ? ਅਕਾਲੀ ਆਗੂ ਇਨ੍ਹਾਂ ਸੁਆਲਾਂ ਦਾ ਜੁਆਬ ਦੇਣ ਤੋਂ ਸਦਾ ਹੀ ਕੰਨੀ ਕਤਰਾਉਂਦੇ ਹਨ।

ਅਕਾਲੀ ਦਲ ਦਾ ਇਹ ਨਾਅਰਾ ਕਿ 'ਸਿੱਖ ਵਖਰੀ ਕੌਮ' ਹਨ, ਸਿਧਾਂਤਹੀਣ ਤੇ ਬੇਤੁਕਾ ਹੈ। ਅਕਾਲੀ ਦਲ ਦਾ ਇਤਿਹਾਸ ਦੇਖੀਏ ਤਾਂ ਪਤਾ ਲਗਦਾ ਹੈ ਕਿ ਅਕਾਲੀ ਦਲ ਨੇ ਸਦਾ ਫਿਰਕੂ ਏਕੇ ਦਾ ਝੰਡਾ ਬੁਲੰਦ ਰੱਖਿਆ। ਹੁਣ ਵੀ ਅਕਾਲੀ ਦਲ ਜੇ ਪੰਜਾਬ ਦੇ ਲੋਕਾਂ ਦਾ ਹਿਤੂ ਹੈ ਤਾਂ ਧਰਮ ਦੇ ਨਾਂ 'ਤੇ ਭੰਬਲਭੂਸਾ ਪਾਉਣ ਦੀ ਥਾਂ ਲੋਕਾਂ ਦੀ ਫਿਰਕੂ ਏਕਤਾ ਲਈ ਕੰਮ ਕਰਨਾ ਚਾਹੀਦਾ ਹੈ।

ਅਕਾਲੀ ਦਲ ਦਾ ਦੂਜਾ ਨਾਅਰਾ ਹੈ ਕਿ ਸਿੱਖਾਂ ਦਾ ਧਰਮ ਤੇ ਰਾਜਨੀਤੀ ਇਕੱਠੀ ਹੈ। ਧਰਮ ਨੂੰ ਰਾਜਨੀਤੀ ਨਾਲ ਰਲਗਡ ਕਰਨਾ ਗਲਤ ਹੀ ਨਹੀਂ, ਲੋਕ ਵਿਰੋਧੀ ਵੀ ਹੈ। ਧਰਮ ਮਨੁੱਖ ਦੀ ਰੱਬ ਨਾਲ ਮੇਲ ਕਰਾਉਣ ਵਿਚ ਅਗਵਾਈ ਕਰਦਾ ਹੈ। ਇਹ ਹਰ ਮਨੁੱਖ ਦੀ ਨਿਜੀ ਪਸੰਦ ਹੈ ਕਿ ਉਸ ਨੇ ਧਾਰਮਿਕ ਜੀਵਨ ਕਿਵੇਂ ਬਸਰ ਕਰਨਾ ਹੈ, ਪੂਜਾ ਪਾਠ ਕਿਵੇਂ ਤੇ ਕਦੋਂ ਕਰਨਾ ਹੈ। ਇਕੋ ਧਰਮ ਨੂੰ ਮੰਨਣ ਵਾਲੇ ਲੋਕਾਂ ਦੇ ਸਿਆਸੀ ਵਿਚਾਰ ਵੱਖ ਵੱਖ ਹੋ ਸਕਦੇ ਹਨ। ਸਿੱਖ ਧਰਮ ਨੂੰ ਮੰਨਣ ਵਾਲੇ ਕੇਵਲ ਅਕਾਲੀ ਹੀ ਨਹੀਂ, ਹੋਰਨਾਂ ਸਿਆਸੀ ਪਾਰਟੀਆਂ 'ਚ ਕੰਮ ਕਰਦੇ ਲੋਕ ਵੀ ਹਨ। ਦੂਜੀਆਂ ਪਾਰਟੀਆਂ 'ਚ ਕੰਮ ਕਰਦੇ ਸਿੱਖ ਸ਼ਾਇਦ ਅਕਾਲੀ ਦਲ ਵਿਚ ਕੰਮ ਕਰਦੇ ਨੇਤਾਵਾਂ ਤੋਂ ਬਤੌਰ ਸਿੱਖ ਕਿਸੇ ਪੱਖੋਂ ਘਟ ਨਾ ਹੋਣ, ਪਰ ਅਕਾਲੀ ਦਲ ਦੀ ਸਿਆਸੀ ਲਾਈਨ ਨੂੰ ਉਹ ਠੀਕ ਨਹੀਂ ਮੰਨਦੇ।

ਜਿਥੇ ਧਰਮ ਮਨੁੱਖ ਦੀ ਨਿਜੀ ਜ਼ਿੰਦਗੀ ਨਾਲ ਸਬੰਧਤ ਹੈ, ਉਥੇ ਰਾਜਨੀਤੀ ਵੱਖ ਵੱਖ ਧਰਮਾਂ ਦੇ ਲੋਕਾਂ ਦੀ ਜਮਾਤੀ ਵਿਚਾਰਧਾਰਾ ਹੈ। ਰਾਜਨੀਤੀ ਜਮਾਤੀ ਹਿੱਤਾਂ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ। ਇਕ ਪਾਸੇ ਗਰੀਬ ਲੋਕ, ਕਿਸਾਨ, ਮਜ਼ਦੂਰ, ਮੁਲਾਜ਼ਮ, ਛੋਟਾ ਦੁਕਾਨਦਾਰ ਅਤੇ ਕਿਰਤੀ ਵਰਗ ਆਦਿ ਲੋਕਾਂ ਦੀ ਜਮਾਤ ਹੈ; ਦੂਜੇ ਪਾਸੇ ਸਰਮਾਏਦਾਰ, ਜ਼ਿਮੀਂਦਾਰ, ਸਾਬਕਾ ਰਾਜੇ, ਟਰਾਂਸਪੋਰਟਰ, ਵਪਾਰਕ ਤੇ ਸਨਅਤੀ ਘਰਾਣੇ, ਬਲੈਕ ਮਾਰਕੀਟੀਏ ਅਤੇ ਜਗੀਰਦਾਰ ਆਦਿ ਲੋਟੂ ਲੋਕਾਂ ਦੀ ਜਮਾਤ ਹੈ। ਸਿੱਖ ਦੋਹਾਂ ਜਮਾਤਾਂ ਵਿਚ ਹੀ ਹਨ। ਇਕ ਲੁਟੇ ਜਾਣ ਵਾਲੇ ਅਤੇ ਦੂਜੇ ਲੋਟੂ ਹਨ। ਦੋਹਾਂ ਦੀ ਰਾਜਨੀਤੀ ਇਕ ਨਹੀਂ ਹੋ ਸਕਦੀ। ਅਕਾਲੀ ਦਲ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਲੋਟੂ ਸਿੱਖਾਂ ਦੀ ਰਾਜਨੀਤੀ ਕਰ ਰਿਹਾ ਹੈ, ਜਾਂ ਲੁੱਟੇ ਜਾਣ ਵਾਲਿਆਂ ਦੀ। ਮੇਰੇ ਵਿਚਾਰ ਅਨੁਸਾਰ, ਇਸ ਸਮੇਂ ਅਕਾਲੀ ਦਲ ਲੋਟੂ ਲੋਕਾਂ ਦੇ ਹਿਤ ਵਿਚ ਰਾਜਨੀਤੀ ਕਰ ਰਿਹਾ ਹੈ ਅਤੇ ਲੁੱਟੇ ਜਾਣ ਵਾਲੇ ਲੋਕਾਂ 'ਤੇ ਆਪਣੇ ਰਾਜ ਅੰਦਰ ਜਬਰ ਕਰਦਾ ਰਿਹਾ ਹੈ।

ਉਂਜ ਵੀ ਅਕਾਲੀ ਦਲ ਨੂੰ ਸਾਰੇ ਸਿੱਖਾਂ ਬਾਰੇ ਗੱਲ ਕਰਨ ਦਾ ਹੱਕ ਨਹੀਂ, ਜਦ ਕਿ ਸਿੱਖ ਦੂਜੀਆਂ ਸਿਆਸੀ ਪਾਰਟੀਆਂ ਵਿਚ ਵੀ ਹਨ ਅਤੇ ਦੇਸ਼-ਵਿਦੇਸ਼ ਵਿਚ ਵੀ ਹਨ ਜੋ ਅਕਾਲੀ ਦਲ ਦੇ ਨੇਤਾਵਾਂ ਨਾਲ ਕਈ ਮਾਮਲਿਆਂ 'ਤੇ ਸਹਿਮਤ ਹੀ ਨਹੀਂ ਹਨ। ਮੌਜੂਦਾ ਜਮਾਤੀ ਸਮਾਜ ਵਿਚ ਕਈ ਸਿੱਖ ਮਲਕ ਭਾਗੋ ਦਾ ਰੂਪ ਹਨ ਜਿਨ੍ਹਾਂ ਨੇ ਕਿਰਤੀ ਵਰਗ ਦੀ ਲੁੱਟ ਕਰ ਕੇ ਬੇਤਹਾਸ਼ਾ ਜਾਇਦਾਦ ਇਕੱਠੀ ਕਰ ਲਈ ਹੈ ਅਤੇ ਬਹੁਤੇ ਸਿੱਖ ਭਾਈ ਲਾਲੋ ਵਾਂਗ ਕਿਰਤ ਦੀ ਰੋਟੀ ਖਾ ਰਹੇ ਹਨ। ਅਕਾਲੀ ਮਲਕ ਭਾਗੋ ਰੂਪੀ ਸਿੱਖਾਂ ਦੀ ਰਾਜਨੀਤੀ ਕਰ ਰਹੇ ਹਨ ਅਤੇ ਇਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਸਿੱਖ ਧਰਮ ਲੁੱਟ ਤੇ ਹਰਾਮ ਦੀ ਕਮਾਈ ਦੇ ਖਿਲਾਫ ਹੈ।

ਅਕਾਲੀ ਆਗੂ ਆਪਣੀ ਦਲੀਲ ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ ਪੀਰੀ ਦੇ ਸਿਧਾਂਤ ਅਤੇ ਹਰਿਮੰਦਰ ਸਾਹਿਬ ਸਾਹਮਣੇ ਅਕਾਲ ਤਖਤ ਸਾਹਿਬ ਦਾ ਹਵਾਲਾ ਦਿੰਦੇ ਹਨ। ਗੁਰੂ ਜੀ ਨੇ ਧਰਮ ਤੋਂ ਰਾਜਨੀਤੀ ਨੂੰ ਵੱਖ ਰੱਖਣ ਅਤੇ ਸਿਆਸੀ ਫੈਸਲੇ ਹਰਿਮੰਦਰ ਸਾਹਿਬ ਤੋਂ ਬਾਹਰ ਕਰਨ ਹਿਤ ਸ੍ਰੀ ਅਕਾਲ ਤਖਤ ਦੀ ਸਥਾਪਨਾ ਕੀਤੀ ਸੀ। ਇਸੇ ਕਰ ਕੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਉਂਜ ਵੀ ਅਕਾਲੀ ਦਲ ਨੂੰ ਇਹ ਮੁੱਦਾ ਉਛਾਲ ਕੇ ਗੁਰੂ ਸਾਹਿਬ ਨਾਲ ਨਹੀਂ ਜੋੜਨਾ ਚਾਹੀਦਾ। ਅਕਾਲੀ ਦਲ ਨੂੰ ਪੁਰਾਤਨ ਇਤਿਹਾਸਕ ਰਵਾਇਤਾਂ ਅਨੁਸਾਰ ਭਾਈਚਾਰਕ ਏਕੇ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਧਰਮ ਦੇ ਨਾਂ 'ਤੇ ਵੋਟਾਂ ਬਟੋਰਨ ਤੇ ਲੋਕਾਂ ਵਿਚ ਫੁੱਟ ਪਾਉਣ ਦਾ ਰਾਹ ਛੱਡ ਦੇਣਾ ਚਾਹੀਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 30 ਦਸੰਬਰ 2017*

## ਸਿੱਖੀ, ਸ਼ਰਧਾ ਤੇ ਸਿਆਸਤ

ਐਤਕੀਂ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਮੌਕੇ ਸਿਆਸੀ ਕਾਨਫਰੰਸਾਂ ਦੇ ਘੜਮੱਸ ਅਤੇ ਇਕ-ਦੂਜੇ ਉਤੇ ਸਿਆਸੀ ਤੁਹਮਤਾਂ ਦੀ ਥਾਂ ਸ਼ਰਧਾ ਦਾ ਸੈਲਾਬ ਵਗਿਆ। ਸਭ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਸਿਆਸੀ ਕਾਨਫਰੰਸ ਨਾ ਕਰਨ ਦਾ ਫੈਸਲਾ ਕੀਤਾ ਸੀ ਅਤੇ ਇਸ ਤੋਂ ਬਾਅਦ ਸੱਤਾਧਾਰੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਕਾਨਫਰੰਸਾਂ ਕਰਨ ਦਾ ਵਿਚਾਰ ਤਿਆਗ ਦਿੱਤਾ। ਇਹ ਤੱਥ ਨੋਟ ਕਰਨ ਵਾਲਾ ਹੈ ਕਿ ਕੁਝ ਨਿਸ਼ਕਾਮ ਸੇਵਕਾਂ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਇਸ ਸ਼ਹੀਦੀ ਜੋੜ-ਮੇਲ ਦੀ ਸੁੱਚਮਤਾ ਲਈ ਹੀਲੇ ਕੀਤੇ ਜਾ ਰਹੇ ਹਨ। ਇਨ੍ਹਾਂ ਹੀਲਿਆਂ ਨੂੰ ਹੁਣ ਭਰਪੂਰ ਹੁੰਗਾਰਾ ਮਿਲਣਾ ਸ਼ੁਰੂ ਹੋਇਆ ਹੈ। ਦਰਅਸਲ ਸਿਆਸੀ ਪਾਰਟੀਆਂ ਨੇ ਆਪਣੇ ਸੌੜੇ ਸਿਆਸੀ ਹਿਤਾਂ ਖਾਤਰ ਇਨ੍ਹਾਂ ਜੋੜ-ਮੇਲਾਂ ਦਾ ਸਰੂਪ ਹੀ ਬਦਲ ਕੇ ਰੱਖ ਦਿੱਤਾ ਹੈ। ਸਿਆਸੀ ਕਾਨਫਰੰਸਾਂ ਦੌਰਾਨ ਇਕੱਠ ਜੋੜਨ ਲਈ ਮਾਇਆ ਤਾਂ ਪਾਣੀ ਵਾਂਗ ਵਗਾਈ ਹੀ ਜਾਂਦੀ ਸੀ, ਤੁਹਮਤਬਾਜ਼ੀ ਵੀ ਸਿਖਰਾਂ ਛੂਹਣ ਲਗਦੀ ਸੀ। ਐਤਕੀਂ ਇਹ ਦ੍ਰਿਸ਼ ਬਦਲਿਆ ਹੋਇਆ ਨਜ਼ਰ ਆਇਆ। ਬਿਨਾ ਸ਼ੱਕ, ਇਹ ਸਭ ਨਿਸ਼ਕਾਮ ਸੇਵਕਾਂ ਦੀ ਬਦੌਲਤ ਹੀ ਸੰਭਵ ਹੋ ਸਕਿਆ ਹੈ, ਪਰ ਇਸ ਵਾਰ ਸੂਬੇ ਦੇ ਸਿਆਸੀ ਦ੍ਰਿਸ਼ ਕਾਰਨ ਵੀ ਅਜਿਹਾ ਸੰਭਵ ਹੋ ਸਕਿਆ ਹੈ। ਵਿਧਾਨ ਸਭਾ ਚੋਣਾਂ ਵਿਚ ਆਸ ਮੁਤਾਬਕ ਨਤੀਜੇ ਨਾ ਨਿਕਲਣ ਅਤੇ ਹੁਣੇ ਹੁਣੇ ਮਿਉਂਸਪਲ ਚੋਣਾਂ ਵਿਚ ਫਾਡੀ ਰਹਿ ਜਾਣ ਕਾਰਨ ਆਮ ਆਦਮੀ ਪਾਰਟੀ ਅਤੇ ਇਸ ਦੇ ਆਗੂਆਂ ਦਾ ਉਤਸ਼ਾਹ ਪਹਿਲਾਂ ਵਾਲਾ ਨਹੀਂ ਸੀ ਰਹਿ ਗਿਆ। ਸ਼ਾਇਦ ਇਸੇ ਕਰ ਕੇ ਸ਼ਹੀਦੀ ਜੋੜ-ਮੇਲ ਮੌਕੇ ਸਿਆਸੀ ਕਾਨਫਰੰਸ ਨਾ ਕਰਨ ਦਾ ਫੈਸਲਾ ਇਸ ਪਾਰਟੀ ਵੱਲੋਂ ਹੀ ਸਭ ਤੋਂ ਪਹਿਲਾਂ ਆਇਆ। ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਹਾਲ ਵੀ ਆਮ ਆਦਮੀ ਪਾਰਟੀ ਵਾਲਾ ਹੀ ਹੈ। ਵਿਧਾਨ ਸਭਾ ਚੋਣਾਂ ਵਿਚ ਹੋਈ ਲੱਕ ਤੋੜਵੀਂ ਹਾਰ ਨੂੰ ਭਾਵੇਂ ਇਕ ਸਾਲ ਹੋ ਚੱਲਿਆ ਹੈ, ਪਰ ਅਜੇ ਤੱਕ ਲੋਕਾਂ ਨੇ ਇਸ ਪਾਰਟੀ ਅਤੇ ਇਸ ਦੇ ਆਗੂਆਂ ਨੂੰ ਮੂੰਹ ਤੱਕ ਨਹੀਂ ਲਾਇਆ ਹੈ। ਇਸ ਪਾਰਟੀ ਨੂੰ ਨਿੱਤ ਦਿਨ ਲੋਕ ਰੋਹ ਝੱਲਣਾ ਪੈ ਰਿਹਾ ਹੈ। ਇਸ ਸੂਰਤ ਵਿਚ ਸਿਆਸੀ ਕਾਨਫਰੰਸ ਨਾ ਕਰ ਕੇ ਸੱਤਾਧਾਰੀ ਕਾਂਗਰਸ ਦਾ 'ਨੁਕਸਾਨ' ਕੋਈ ਨਹੀਂ ਸੀ ਹੋ ਰਿਹਾ। ਕਾਂਗਰਸ ਸਰਕਾਰ ਦੇ ਮੁਖੀ ਵਜੋਂ ਇਲਾਕੇ ਨਾਲ ਸਬੰਧਤ ਕੁਝ ਐਲਾਨ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਤਸੱਲੀ ਕਰ ਲਈ ਹੈ। ਜ਼ਾਹਰ ਹੈ ਕਿ ਇਹ ਸਾਰੀਆਂ ਸਿਆਸੀ ਧਿਰਾਂ, ਨਿਰੋਲ ਧਾਰਮਿਕ ਜੋੜ-ਮੇਲਾਂ ਨੂੰ ਆਪਣੇ ਸਿਆਸੀ ਮੁਫਾਦ ਲਈ ਹੀ ਵਰਤੀਆਂ ਰਹੀਆਂ ਹਨ। ਸਿੱਖੀ ਅਤੇ ਸ਼ਰਧਾ ਨਾਲ ਇਨ੍ਹਾਂ ਦਾ ਕੋਈ ਖਾਸ ਲੈਣਾ-ਦੇਣਾ ਨਹੀਂ ਸੀ ਹੁੰਦਾ। ਇਹ ਤੱਥ ਤਾਂ ਹਰ ਪਾਰਟੀ ਦੀ ਕਾਨਫਰੰਸ ਦੌਰਾਨ ਹੁੰਦੇ ਭਾਸ਼ਣਾਂ ਤੋਂ ਹੀ ਸਪਸ਼ਟ ਹੁੰਦਾ ਰਿਹਾ ਹੈ। ਅਜਿਹੇ ਇਕੱਠਾਂ ਮੌਕੇ ਅਜਿਹੀਆਂ ਕਾਨਫਰੰਸਾਂ ਜਥੇਬੰਦ ਕਰਨ ਦਾ ਸਿਲਸਿਲਾ ਆਜ਼ਾਦੀ ਦੀ ਲੜਾਈ ਦੌਰਾਨ ਸ਼ੁਰੂ ਹੋਇਆ ਸੀ, ਜਦੋਂ ਲੋਕਾਂ ਅੰਦਰ ਆਜ਼ਾਦੀ ਦੀ ਚੇਤਨਾ ਪੈਦਾ ਕਰਨ ਲਈ ਅਜਿਹੇ ਇਕੱਠ ਵਧੀਆ ਸਬੱਬ ਬਣਦੇ ਸਨ, ਪਰ ਸਿਆਸਤ ਵਿਚ ਆਏ ਨਿਘਾਰ ਕਾਰਨ ਹੁਣ ਅਜਿਹੇ ਸੁਨੇਹੇ ਵੀ ਸੱਚੇ ਅਤੇ ਸੁੱਚੇ ਨਹੀਂ ਰਹਿ ਗਏ। ਨਤੀਜੇ ਵਜੋਂ ਅਜਿਹੀਆਂ ਕਾਨਫਰੰਸਾਂ ਵਿਚ ਸਿਰਫ ਸਿਆਸਤ ਦਾ ਹੀ ਬੋਲ-ਬਾਲਾ ਰਹਿ ਗਿਆ। ਇਸ ਵਾਰ ਸਿਰਫ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹੀ ਕਾਨਫਰੰਸ ਕੀਤੀ ਹੈ। ਸਭ ਜਾਣਦੇ ਹਨ ਕਿ ਇਸ ਪਾਰਟੀ ਦੇ ਆਗੂਆਂ ਨੂੰ ਇਹ ਸਿਆਸੀ ਕਾਨਫਰੰਸ ਹਰ ਹਾਲ ਆਪਣੀ ਹਾਜ਼ਰੀ ਲਾਉਣ ਖਾਤਰ ਕਰਨ ਦੀ ਲੋੜ ਮਹਿਸੂਸ ਹੋਈ ਹੈ।

ਫਤਿਹਗੜ੍ਹ ਸਾਹਿਬ ਵਿਚ ਚਲਦੇ ਤਿੰਨ ਰੋਜ਼ਾ ਜੋੜ-ਮੇਲ ਲਈ ਸ਼ਰਧਾਲੂ ਦੂਰੋਂ ਦੂਰੋਂ ਪੁੱਜਦੇ ਹਨ। ਸੰਗਤ ਲਈ ਥਾਂ ਥਾਂ ਲੰਗਰ ਵੀ ਲਗਾਏ ਜਾਂਦੇ ਹਨ। ਸਿੱਖੀ ਵਿਚ ਲੰਗਰ ਦੀ ਆਪਣੀ ਮਹੱਤਤਾ ਹੈ, ਪਰ ਜੋੜ-ਮੇਲ ਦੌਰਾਨ ਸਿਆਸਤ ਚਮਕਾਉਣ ਖਾਤਰ ਇਨ੍ਹਾਂ ਲੰਗਰਾਂ ਦਾ ਸਰੂਪ ਵੀ ਬਦਲ ਦਿੱਤਾ ਗਿਆ ਸੀ। ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਵਾਰ ਵਾਰ ਕੀਤੀਆਂ ਬੇਨਤੀਆਂ ਤੋਂ ਬਾਅਦ ਬਰੈਡ ਪਕੌੜਿਆਂ, ਜਲੇਬੀਆਂ, ਖੀਰ, ਪੂੜਿਆਂ, ਪਕੌੜਿਆਂ ਤੋਂ ਇਲਾਵਾ ਮਠਿਆਈਆਂ ਦੇ ਲੰਗਰ ਆਖਰਕਾਰ ਬੰਦ ਹੋ ਗਏ। ਇਸ ਕਿਸਮ ਦੇ ਲੰਗਰਾਂ ਖਿਲਾਫ ਲੋਕ ਰਾਏ ਲਾਮਬੰਦ ਕਰਨ ਵਾਲਿਆਂ ਦੀ ਇਕ ਹੀ ਦਲੀਲ ਸੀ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਵਸ ਤਾਂ ਸੋਗ ਨਾਲ ਮਨਾਉਣੇ ਚਾਹੀਦੇ ਹਨ। ਲੋਕਾਂ ਵੱਲੋਂ ਇਸ ਲਾਮਬੰਦੀ ਨੂੰ ਭਰਪੂਰ ਹੁੰਗਾਰਾ ਮਿਲਿਆ ਅਤੇ ਸਾਦਾ ਲੰਗਰਾਂ ਦੀ ਸ਼ੁਰੂਆਤ ਹੋ ਗਈ। ਇਸ ਕਾਮਯਾਬੀ ਵਿਚੋਂ ਹੀ ਹੁਣ ਸਿਆਸੀ ਕਾਨਫਰੰਸਾਂ ਬੰਦ ਹੋਣ ਦਾ ਰਾਹ ਖੁੱਲ੍ਹਿਆ ਹੈ। ਵਿਚਲਾ ਨੁਕਤਾ ਇਹ ਹੈ ਕਿ ਅਜਿਹੇ ਇਕੱਠਾਂ ਨੂੰ ਸਿਆਸੀ ਪਾਰਟੀਆਂ ਆਪਣੇ ਸਿਆਸੀ ਹਿਤਾਂ ਲਈ ਵਰਤਣਾ ਚਾਹੁੰਦੀਆਂ ਹਨ। ਪੰਜਾਬ ਵਿਚ ਹੀ ਨਹੀਂ, ਮੁਲਕ ਦੇ ਹੋਰ ਸੂਬਿਆਂ ਅੰਦਰ ਵੀ ਧਾਰਮਿਕ ਸਮਾਗਮਾਂ ਦੌਰਾਨ ਸਿਆਸੀ ਪ੍ਰਚਾਰ ਕੀਤਾ ਜਾਂਦਾ ਹੈ। ਹੁਣ ਫਤਿਹਗੜ੍ਹ ਸਾਹਿਬ ਵਿਖੇ ਸਿਆਸੀ ਕਾਨਫਰੰਸਾਂ ਦਾ ਸਿਲਸਿਲਾ ਖਤਮ ਹੋਣ ਨਾਲ ਸਿੱਖੀ ਦੇ ਹੋਰ ਮੌਲਣ ਦਾ ਆਧਾਰ ਵੀ ਬਣ ਗਿਆ ਹੈ। ਸਿੱਖੀ ਲਈ ਅਜਿਹੀ ਸੁਧਾਰ ਲਹਿਰ ਅੱਜ ਸਮੇਂ ਦੀ ਲੋੜ ਵੀ ਹੈ ਤਾਂ ਕਿ ਲੋਕਾਂ ਨੂੰ ਸਿੱਖੀ ਅਤੇ ਸਿੱਖ ਸਿਧਾਂਤਾਂ ਬਾਰੇ ਜਾਗਰੂਕ ਕੀਤਾ ਜਾ ਸਕੇ। ਫਤਿਹਗੜ੍ਹ ਸਾਹਿਬ ਤੋਂ ਇਸ ਬਾਰੇ ਪਹਿਲ ਹੋ ਗਈ ਹੈ। ਇਸ ਦਾ ਵਿਸਥਾਰ ਹੋਰ ਧਾਰਮਿਕ ਇਕੱਠਾਂ ਤੱਕ ਵੀ ਹੋਣਾ ਚਾਹੀਦਾ ਹੈ। ਇਸ ਨਾਲ ਸਰਕਾਰੀ, ਗੈਰ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਤਾਂ ਰੁਕੇਗੀ ਹੀ, ਲੋਕਾਂ ਵੱਲੋਂ ਅਜਿਹੇ ਇਕੱਠਾਂ ਉਤੇ ਜਾਣ ਲਈ ਮੁਸੀਬਤਾਂ ਵੀ ਘਟਣਗੀਆਂ। ਕੁਝ ਸਮਾਂ ਪਹਿਲਾਂ ਸਿੱਖੀ ਵਿਚ ਆ ਰਹੇ ਨਿਘਾਰ ਦੇ ਹੱਲ ਬਾਰੇ ਚਰਚਾ ਕਰਦਿਆਂ ਕੁਝ ਸਿੱਖ ਸੇਵਕਾਂ ਨੇ ਸੁਝਾਅ ਦਿੱਤਾ ਸੀ ਕਿ ਲੋਕਾਂ ਨੂੰ ਗੁਰੂ ਘਰਾਂ ਵਿਚ ਮਾਇਆ ਚੜ੍ਹਾਉਣੀ ਬੰਦ ਕਰ ਦੇਣੀ ਚਾਹੀਦੀ ਹੈ, ਕਿਉਂਕਿ ਬਹੁਤੇ ਝਗੜੇ-ਝੇੜੇ ਮਾਇਆ ਕਾਰਨ ਹੀ ਅਰੰਭ ਹੁੰਦੇ ਹਨ। ਸਿੱਖੀ ਨੂੰ ਪ੍ਰਨਾਏ ਜਿਊੜਿਆਂ ਨੂੰ ਇਸ ਬਾਰੇ ਵੀ ਗੰਭੀਰਤਾ ਨਾਲ ਸੋਚਣ-ਵਿਚਾਰਨ ਦੀ ਲੋੜ ਹੈ। ਇਸ ਵੇਲੇ ਵੱਡਾ ਮਸਲਾ ਸੁਧਾਰ ਲਹਿਰ ਦੀ ਸ਼ੁਰੂਆਤ ਦਾ ਹੈ। ਸਿਆਸੀ ਕਾਨਫਰੰਸਾਂ ਬੰਦ ਹੋਣੀਆਂ ਅਤੇ ਮਾਇਆ ਨਾ ਚੜ੍ਹਾਉਣ ਬਾਰੇ ਸੋਚਣਾ ਇਸ ਸੁਧਾਰ ਦੇ ਅਹਿਮ ਨੁਕਤੇ ਹਨ। ਇਨ੍ਹਾਂ ਨੂੰ ਵਿਸਥਾਰ ਮਿਲਣਾ ਹੀ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਮੇਂ ਦਾ ਹੇਰ-ਫੇਰ!*

ਹਾਥੀ ਦਿਆਂ ਦੰਦਾਂ ਵਾਲੀ ਹੈਗੀ ਏ ਅਖੌਤ ਬਣੀ, ਖਾਣ ਵਾਲੇ ਹੋਰ ਅਤੇ ਹੋਰ ਨੇ ਦਿਖਾਣ ਦੇ।
ਲੀਡਰਾਂ ਦੀ ਜਾਇਦਾਦ ਮਾਰਦੀ ਛੜੱਪੇ ਵਧੇ, ਵੋਟਰ ਵਿਚਾਰੇ ਰਹਿੰਦੇ ਓਹੀਓ ਖਾਕ ਛਾਣਦੇ।
ਕਰਦਾ 'ਤਰੱਕੀ' ਫੋਨ ਅੱਖਾਂ ਮੋਹਰੇ ਆਣ ਪਹੁੰਚਾ, ਘੱਟ ਹੋਏ ਮੌਕੇ ਇਹਨੂੰ ਕੰਨਾਂ ਨਾਲ ਲਾਣ ਦੇ।
ਵਿਆਹੇ ਜਾਂ ਕੁਆਰੇ ਮੁੰਡੇ-ਕੁੜੀਆਂ ਤੇ ਬੁੱਢੇ ਯਾਰੋ, ਬਣੋ ਆ 'ਫਰੈਂਡ' ਫੇਸ-ਬੁੱਕੀ ਘਮਸਾਨ ਦੇ।
ਕੋਈ ਜਣਾ ਹੋਵੇ 'ਪੌੜੀ' ਬਾਹਰ ਦੀ ਬਣਨ ਵਾਲਾ, ਬਾਕੀ ਦੀਆਂ ਗੱਲਾਂ ਹੋਰ ਖਸਮਾਂ ਨੂੰ ਖਾਣ ਦੇ।
ਇਕ 'ਬੈਂਡ' ਵੱਜਦਾ ਬਰਾਤ ਨਾਲ ਫੱਬਦਾ ਏ, ਦੂਜੇ 'ਬੈਂਡ' ਬਣੇ ਨੇ ਵਸੀਲਾ 'ਬਾਹਰ' ਜਾਣ ਦੇ!

# ਮਾਰਕਸ ਦੀ 'ਕੈਪੀਟਲ' ਦੇ 150 ਸਾਲ

*ਕਾਰਲ ਮਾਰਕਸ (1818-1883) ਅਜਿਹਾ ਦਾਰਸ਼ਨਿਕ ਹੋਇਆ ਹੈ ਜਿਸ ਨੇ ਸੰਸਾਰ ਦੇ ਹਰ ਹਿੱਸੇ ਉਤੇ ਕਿਸੇ ਨਾ ਕਿਸੇ ਢੰਗ ਨਾਲ ਅਸਰ ਪਾਇਆ ਹੈ। ਉਹਦੀ ਪੁਸਤਕ 'ਕੈਪੀਟਲ- ਭਾਗ-1' ਜਰਮਨ ਭਾਸ਼ਾ ਵਿਚ 150 ਵਰ੍ਹੇ ਪਹਿਲਾਂ ਪ੍ਰਕਾਸ਼ਿਤ ਹੋਈ ਸੀ। ਇਹ ਇਸ ਪੁਸਤਕ ਦੀ ਇਕਲੌਤੀ ਜਿਲਦ ਸੀ ਜਿਸ ਨੂੰ ਮਾਰਕਸ ਆਪਣੀ ਇੱਛਾ ਅਨੁਸਾਰ ਅੰਤਿਮ ਰੂਪ ਦੇ ਸਕਿਆ। ਬਾਕੀ ਦੋ ਜਿਲਦਾਂ- 'ਭਾਗ-2' ਅਤੇ 'ਭਾਗ-3' ਲਈ ਮਾਰਕਸ ਨੋਟਸ ਛੱਡ ਗਿਆ ਸੀ ਜਿਨ੍ਹਾਂ ਦੇ ਆਧਾਰ 'ਤੇ ਉਸ ਦੇ ਜਿਗਰੀ ਦੋਸਤ ਫਰੈਡਰਿਕ ਐਂਗਲਜ਼ (1820-1895) ਨੇ ਇਹ ਦੋਵੇਂ ਭਾਗ ਛਪਵਾਏ। ਇੰਗਲੈਂਡ ਦੀ ਆਕਸਫੋਰਡ ਬਰੁੱਕਸ ਯੂਨੀਵਰਸਿਟੀ ਦੇ ਪ੍ਰੋ. ਪ੍ਰੀਤਮ ਸਿੰਘ ਨੇ ਆਪਣੇ ਇਸ ਲੇਖ ਵਿਚ ਕਾਰਲ ਮਾਰਕਸ ਦੀ ਪ੍ਰਤਿਭਾ ਨੂੰ ਸਲਾਮੀ ਦਿੱਤੀ ਹੈ। -ਸੰਪਾਦਕ*

ਸਤੰਬਰ 1867 ਵਿਚ ਕਾਰਲ ਮਾਰਕਸ (1818-1883) ਦੀ ਪੁਸਤਕ 'ਕੈਪੀਟਲ ਭਾਗ-1' ਜਰਮਨ ਭਾਸ਼ਾ ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਦੀ ਇਹ ਇਕਲੌਤੀ ਜਿਲਦ ਸੀ ਜਿਸ ਨੂੰ ਮਾਰਕਸ ਆਪਣੀ ਇੱਛਾ ਅਨੁਸਾਰ ਅੰਤਿਮ ਰੂਪ ਦੇ ਸਕਿਆ ਅਤੇ ਆਪਣੇ ਜਿਉਂਦੇ ਜੀਅ ਇਸ ਨੂੰ ਪ੍ਰਕਾਸ਼ਿਤ ਹੁੰਦਿਆਂ ਵੀ ਵੇਖ ਸਕਿਆ। ਬਾਕੀ ਦੋ ਜਿਲਦਾਂ- 'ਭਾਗ-2' ਤੇ 'ਭਾਗ-3' ਲਈ ਮਾਰਕਸ ਨੋਟਸ ਛੱਡ ਗਿਆ ਸੀ ਜਿਨ੍ਹਾਂ ਦੀ ਵਰਤੋਂ ਕਰ ਕੇ ਉਸ ਦੇ ਜਿਗਰੀ ਦੋਸਤ ਅਤੇ ਸਹਿਯੋਗੀ ਫਰੈਡਰਿਕ ਐਂਗਲਜ਼ (1820-1895) ਨੇ ਮਾਰਕਸ ਦੀ ਮੌਤ ਮਗਰੋਂ, ਭਾਗ-2 1885 ਵਿਚ

**ਪ੍ਰੋ. ਪ੍ਰੀਤਮ ਸਿੰਘ**

ਤੇ ਭਾਗ-3 ਆਪਣੀ ਮੌਤ ਤੋਂ ਕੁਝ ਹੀ ਸਮਾਂ ਪਹਿਲਾਂ 1894 ਵਿਚ ਛਪਵਾਏ। ਮਾਰਕਸ ਵੱਲੋਂ 'ਕੈਪੀਟਲ- ਭਾਗ ਇਕ' ਵਿਚ ਅਤੇ ਬਾਕੀ ਦੋਵੇਂ ਭਾਗਾਂ ਲਈ ਛੋਟੇ ਨੋਟਸ ਵਿਚ ਭਾਗ-4 ਦਾ ਜ਼ਿਕਰ ਜ਼ਰੂਰ ਕੀਤਾ ਗਿਆ ਸੀ, ਪਰ ਉਸ ਜਿਲਦ ਲਈ ਜੋ ਕੰਮ ਉਹ ਛੱਡ ਗਿਆ ਸੀ, ਉਹ ਬਾਅਦ ਵਿਚ ਕਾਰਲ ਕਾਉਟਸਕੀ (1854-1938) ਵੱਲੋਂ 1905 ਤੋਂ 1910 ਦਰਮਿਆਨ ਤਿੰਨ ਭਾਗਾਂ ਵਿਚ ਲਿਖੀ 'ਥਿਊਰੀਜ਼ ਆਫ ਸਰਪਲੱਸ ਵੈਲਿਊ' ਤਹਿਤ ਛਪਿਆ।

ਕੈਪੀਟਲ (ਭਾਗ-1) ਨੂੰ 1872 ਵਿਚ ਪਹਿਲੀ ਵਾਰ ਵਿਦੇਸ਼ੀ ਭਾਸ਼ਾ 'ਰੂਸੀ' ਵਿਚ ਅਨੁਵਾਦ ਕਰ ਕੇ ਛਾਪਿਆ ਗਿਆ ਜਿਸ ਦਾ ਕਾਰਲ ਮਾਰਕਸ ਨੇ ਇਨ੍ਹਾਂ ਸ਼ਬਦਾਂ ਨਾਲ ਸਵਾਗਤ ਕੀਤਾ, "1872 ਦੀ ਬਸੰਤ ਵਿਚ 'ਦਿ ਕੈਪੀਟਲ' ਦਾ ਸ਼ਾਨਦਾਰ ਰੂਸੀ ਅਨੁਵਾਦ ਸਾਹਮਣੇ ਆਇਆ ਹੈ।" ਫਰਾਂਸੀਸੀ ਵਿਚ ਵੀ ਪਹਿਲਾ ਐਡੀਸ਼ਨ 1872 ਵਿਚ ਹੀ ਸਾਹਮਣੇ ਆਇਆ। ਮਾਰਕਸ ਦੀ ਮੌਤ ਤੋਂ ਕੁਝ ਸਾਲ ਬਾਅਦ 1887 ਵਿਚ 'ਕੈਪੀਟਲ' ਦਾ ਪਹਿਲਾ ਅੰਗਰੇਜ਼ੀ ਅਨੁਵਾਦ ਛਪਿਆ। ਹੁਣ ਤਕ ਇਸ ਨੂੰ ਦੁਨੀਆਂ ਦੀਆਂ ਸਾਰੀਆਂ ਵੱਡੀਆਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿਚ ਪੰਜਾਬੀ ਅਤੇ ਹਿੰਦੀ ਵੀ ਸ਼ਾਮਿਲ ਹਨ।

ਕੈਪੀਟਲ (ਭਾਗ-1) ਛਾਪਣ ਤੋਂ ਪਹਿਲਾਂ ਮਾਰਕਸ ਨੇ 1859 ਵਿਚ ਛਪੀ ਨਿੱਕੀ ਕਿਤਾਬ 'ਕੰਟਰੀਬਿਊਸ਼ਨ ਟੂ ਦਿ ਕ੍ਰਿਟੀਕ ਆਫ ਪੁਲਿਟੀਕਲ ਇਕਾਨਮੀ' ਦੀ ਪ੍ਰਸਤਾਵਨਾ ਵਿਚ 'ਕੈਪੀਟਲ' ਵਰਗਾ ਸਿਧਾਂਤਕ ਪ੍ਰੋਜੈਕਟ ਸਾਹਮਣੇ ਲਿਆਉਣ ਬਾਰੇ ਕਾਫੀ ਸਪਸ਼ਟ ਕਰ ਦਿੱਤਾ ਸੀ। ਇਸ ਪ੍ਰਸਤਾਵਨਾ ਦੀਆਂ ਸ਼ੁਰੂਆਤੀ ਸਤਰਾਂ ਹਨ, "ਮੈਂ ਬੁਰਜੂਆ ਅਰਥ ਵਿਵਸਥਾ ਨੂੰ ਨਿਮਨ ਲਿਖਤ ਤਰਤੀਬ ਵਿਚ ਵਾਚਿਆ ਹੈ- ਪੂੰਜੀ, ਜ਼ਮੀਨੀ ਜਾਇਦਾਦ, ਉਜਰਤੀ ਕਿਰਤ, ਰਾਜ, ਵਿਦੇਸ਼ੀ ਵਪਾਰ, ਵਿਸ਼ਵ ਬਾਜ਼ਾਰ। ਹੋਰਨਾਂ ਕਈ ਵੱਡੇ ਸਿਧਾਂਤਕ ਉਦਮਾਂ ਵਾਂਗ ਹੀ ਉਪਰੋਕਤ ਦੱਸੇ ਗਏ ਛੇ ਵਿਸ਼ਿਆਂ ਵਿਚੋਂ ਮਾਰਕਸ ਨੇ ਪਹਿਲੇ ਵਿਸ਼ੇ (ਸਰਮਾਏ) ਨੂੰ ਹੀ ਛੋਹਿਆ ਅਤੇ ਉਸ ਨੂੰ ਵੀ ਪੂਰੇ ਤਸੱਲੀਬਖਸ਼ ਢੰਗ ਨਾਲ ਛੋਹਿਆ ਨਹੀਂ ਕਿਹਾ ਜਾ ਸਕਦਾ। ਬੇਸ਼ਕ 'ਕੈਪੀਟਲ' ਵਿਚ ਕੀਤੇ ਗਏ ਕੰਮ ਵਿਚ ਉਜਰਤੀ ਕਿਰਤ ਦੇ ਵਿਸ਼ੇ ਨੂੰ ਮੁੱਖ ਰੂਪ ਨਾਲ ਵਾਚਿਆ ਗਿਆ ਹੈ ਅਤੇ ਬਾਕੀ ਚਾਰ ਵਿਸ਼ਿਆਂ 'ਤੇ ਵੀ ਬਾਖੂਬੀ ਝਾਤ ਮਾਰੀ ਗਈ ਹੈ, ਪਰ ਜਿੰਨੀ ਕਠੋਰਤਾ ਨਾਲ ਮਾਰਕਸ ਨੇ ਸਰਮਾਏ ਨੂੰ ਪਰਖਿਆ ਹੈ, ਉਨਾ ਜ਼ੋਰ ਇਨ੍ਹਾਂ ਵਿਚੋਂ ਹੋਰ ਕਿਸੇ ਵਿਸ਼ੇ 'ਤੇ ਨਹੀਂ ਲਾਇਆ ਜਾਪਦਾ। 'ਕੈਪੀਟਲ' (ਭਾਗ-1) ਦੇ ਜਰਮਨ ਭਾਸ਼ਾ 'ਚ ਛਪੇ ਸੰਸਕਰਣ ਵਿਚ ਪ੍ਰਸਤਾਵਨਾ ਦੀ ਪਹਿਲੀ ਸਤਰ 1859 ਦੇ ਕੰਮ ਦੀ ਗੱਲ ਕਰਦੀ ਹੈ: "ਆਪਣੇ ਜਿਸ ਕੰਮ ਦੇ ਪਹਿਲੇ ਭਾਗ ਨੂੰ ਮੈਂ ਲੋਕਾਂ ਹਵਾਲੇ ਕਰ ਰਿਹਾ ਹਾਂ, ਉਹ 1859 ਵਿਚ ਛਪੀ 'ਏ ਕੰਟਰੀਬਿਊਸ਼ਨ ਟੂ ਦਿ ਕ੍ਰਿਟੀਕ ਆਫ ਪੁਲਿਟੀਕਲ ਇਕਾਨਮੀ' ਦੀ ਹੀ ਨਿਰੰਤਰਤਾ ਹੈ ਤੇ ਪਹਿਲੇ ਭਾਗ ਅਤੇ ਬਾਕੀ ਭਾਗਾਂ ਵਿਚ ਇੰਨਾ ਵਕਫ਼ਾ ਮੇਰੇ ਲੰਮਾ ਸਮਾਂ ਬਿਮਾਰ ਰਹਿਣ ਕਾਰਨ ਪਿਆ ਜੋ ਬਿਮਾਰੀ ਵਾਰ ਵਾਰ ਮੇਰੇ ਕੰਮ ਵਿਚ ਅੜਿਕਾ ਪਾਉਂਦੀ ਰਹੀ।" 'ਕੈਪੀਟਲ' ਦੇ ਛਪਣ ਮਗਰੋਂ ਪੂੰਜੀਵਾਦੀ ਅਰਥਵਿਵਸਥਾ ਦਾ ਮੁਲੰਕਣ ਕਰਨ ਵਾਲਾ ਹੋਰ ਕੋਈ ਕੰਮ ਸਾਹਮਣੇ ਨਹੀਂ ਆਇਆ ਜਿਸ ਨੇ ਕਠੋਰ ਵਿਸ਼ਲੇਸ਼ਣ, ਇਤਿਹਾਸਕ ਤਹਿਦਾਰੀ ਅਤੇ ਸਰਬ-ਅੰਗੀ ਵੇਰਵਿਆਂ ਰਾਹੀਂ ਸਰਮਾਏ ਦਾ ਵਿਸ਼ਲੇਸ਼ਣ ਕੀਤਾ ਹੋਵੇ।

'ਕੈਪੀਟਲ' ਵਿਚ ਮਾਰਕਸ ਦੇ ਵਿਸ਼ਲੇਸ਼ਣ ਦਾ ਕੇਂਦਰੀ ਉਦੇਸ਼ ਪੂੰਜੀ ਦੀ ਗਤੀ ਦੇ ਨਿਯਮ ਨੂੰ ਸਮਝਣਾ ਸੀ। ਮਾਰਕਸ ਵੱਲੋਂ ਆਪਣੇ ਸਮਕਾਲੀ ਜੀਵ ਵਿਗਿਆਨੀ ਚਾਰਲਸ ਡਾਰਵਿਨ (1809-82) ਦੇ ਕੰਮ ਦੀ ਵੀ ਪ੍ਰਸ਼ੰਸਾ ਕੀਤੀ ਗਈ ਹੈ




*ਜਰਮਨ ਭਾਸ਼ਾ ਵਿਚ ਛਪੀ 'ਕੈਪੀਟਲ ਭਾਗ ਇਕ' ਦਾ ਮੁਖੜਾ।*

ਜਿਸ ਨਾਲ ਉਸ ਨੇ ਮਿਲ ਕੇ ਕੁਝ ਕੰਮ ਵੀ ਕੀਤਾ ਸੀ। ਮਾਰਕਸ ਨੇ ਜੀਵਾਂ ਦੇ ਜਨਮ ਤੇ ਵਿਕਾਸ ਦੇ ਸਿਧਾਂਤ ਬਾਰੇ ਡਾਰਵਿਨ ਦੇ ਕੰਮ ਅਤੇ ਪੂੰਜੀ ਦੇ ਜਨਮ ਤੇ ਵਿਕਾਸ ਦੇ ਸਿਧਾਂਤ ਬਾਰੇ ਆਪਣੇ ਕੰਮ ਵਿਚ ਸਮਰੂਪਤਾ ਵੇਖੀ। ਮਾਰਕਸ ਨੇ ਤਰਕ ਦਿੱਤਾ ਕਿ ਜਿਵੇਂ ਸਰੀਰ ਦੇ ਇਕ ਸੈੱਲ ਨੂੰ ਸਮਝਣ ਨਾਲ ਮਨੁੱਖੀ ਸਰੀਰ ਦੇ ਵਿਕਾਸ ਦਾ ਕੇਂਦਰੀ ਨੁਕਤਾ ਪਤਾ ਲਗਦਾ ਹੈ, ਇਸੇ ਤਰ੍ਹਾਂ ਵਸਤੂ ਦੇ ਉਤਪਾਦਨ ਦੇ ਆਧਾਰ 'ਤੇ ਪੈਦਾ ਹੋਈ ਅਰਥਵਿਵਸਥਾ ਵਿਚ ਵਸਤੂ ਨੂੰ ਸੈੱਲ ਵਜੋਂ ਸਮਝਣ ਨਾਲ ਵੀ ਵਿਆਪਕ ਵਸਤੂ ਉਤਪਾਦਨ ਦੇ ਇਤਿਹਾਸਕ ਯੁੱਗ ਨੂੰ ਸਮਝਣ ਦਾ ਵੀ ਰਾਹ ਮਿਲਦਾ ਹੈ ਜੋ ਉਤਪਾਦਨ ਦਾ ਪੂੰਜੀਵਾਦੀ ਤਰੀਕਾ ਹੈ। ਇਸੇ ਲਈ ਕੈਪੀਟਲ (ਭਾਗ 1) ਦਾ ਪਹਿਲਾ ਅਧਿਆਏ 'ਵਸਤੂ' ਉਤੇ ਆਧਾਰਤ ਹੈ।

ਵਸਤੂ ਵਿਚ ਵਰਤੋਂ ਮੁੱਲ ਤੇ ਵਟਾਂਦਰਾ ਮੁੱਲ ਦੋਵੇਂ ਮੌਜੂਦ ਹਨ। ਵਸਤੂ ਦੇ ਇਸ ਦੋਹਰੇ ਚਰਿਤਰ ਵਿਚ ਹੀ ਵਸਤੂ ਉਤਪਾਦਨ ਕਰਨ ਵਾਲੀ ਪੂੰਜੀਵਾਦੀ ਅਰਥਵਿਵਸਥਾ ਦੇ ਸੰਕਟ ਦਾ ਰਹੱਸ ਵੀ ਮੌਜੂਦ ਹੈ। ਵਸਤੂ ਦੇ ਉਤਪਾਦਨ ਲਈ ਲੋੜੀਂਦੀ ਕਿਰਤ ਸ਼ਕਤੀ ਦੇ ਵੀ ਵਰਤੋਂ ਮੁੱਲ ਤੇ ਵਟਾਂਦਰਾ ਮੁੱਲ, ਦੋਵੇਂ ਹਨ। ਕਿਰਤ ਸ਼ਕਤੀ ਦਾ ਵਟਾਂਦਰਾ ਮੁੱਲ ਉਹ ਹੁੰਦਾ ਹੈ, ਜੋ ਕਿਰਤ ਸ਼ਕਤੀ ਦੇ ਮਾਲਕ ਭਾਵ ਕਿਰਤ ਸ਼ਕਤੀ ਕਰਨ ਵਾਲੇ ਮਜ਼ਦੂਰ ਨੂੰ ਉਜਰਤ ਵਜੋਂ ਦਿੱਤਾ ਜਾਂਦਾ ਹੈ। ਬੇਸ਼ਕ, ਕਿਰਤ ਵਿਚ ਆਪਣੇ ਵਟਾਂਦਰਾ ਮੁੱਲ ਨਾਲੋਂ ਵਧੇਰੇ ਵਰਤ ਹੋਣ ਦਾ ਵਿਸ਼ੇਸ਼ ਗੁਣ ਮੌਜੂਦ ਹੁੰਦਾ ਹੈ, ਜੋ ਹੈ ਉਜਰਤ। ਮਨੁੱਖੀ ਕਿਰਤ ਦੇ ਇਸ ਵਿਸ਼ੇਸ਼ ਚਰਿਤਰ ਕਰ ਕੇ ਹੀ ਵਾਧੂ ਕੀਮਤ ਪੈਦਾ ਹੁੰਦੀ ਹੈ ਅਤੇ ਇਸ ਵਾਧੂ ਕੀਮਤ ਦੀ ਪੈਦਾਵਾਰ ਹੀ ਵਸਤੂ ਉਤਪਾਦਨ ਕਰਨ ਵਾਲੀ ਪੂੰਜੀਵਾਦੀ ਅਰਥਵਿਵਸਥਾ ਦੇ ਜਨਮ ਤੇ ਮੌਤ ਨੂੰ ਨਿਰਧਾਰਤ ਕਰਦੀ ਹੈ। ਮਾਰਕਸ ਨੇ ਤਰਕ ਦਿੱਤਾ ਕਿ ਵਾਧੂ ਕੀਮਤ ਦੀ ਪੈਦਾਵਾਰ ਤੇ ਵਾਧੂ ਕੀਮਤ ਦੇ ਮੁਨਾਫ਼ੇ 'ਤੇ ਉਸਰੀ ਪੂੰਜੀਵਾਦੀ ਅਰਥਵਿਵਸਥਾ ਵਿਚ ਸੰਕਟ ਆਉਣੇ ਸੁਭਾਵਿਕ ਹੀ ਹਨ।

ਮਾਰਕਸ ਨੇ ਪੂੰਜੀਵਾਦੀ ਅਰਥਵਿਵਸਥਾ ਵਿਚ ਤਿੰਨ ਕਿਸਮ ਦੇ ਸੰਕਟਾਂ ਨੂੰ ਪਛਾਣਿਆ ਅਤੇ ਇਹ ਤਿੰਨੇ ਤਰੀਕੇ ਇਕ ਦੂਜੇ ਨਾਲ ਅੰਤਰ-ਸਬੰਧਿਤ ਹਨ। ਇਨ੍ਹਾਂ ਵਿਚੋਂ ਇਕ ਹੈ ਮੁਨਾਫ਼ੇ ਦੀ ਦਰ ਵਿਚ ਗਿਰਾਵਟ ਆਉਣ ਦਾ ਰੁਝਾਨ। ਪੂੰਜੀਪਤੀਆਂ ਵੱਲੋਂ ਮੁਕਾਬਲੇ ਦੀ ਸਥਿਤੀ ਦੇ ਦਬਾਅ ਹੇਠ ਵੱਧ ਤੋਂ ਵੱਧ ਮੁਨਾਫ਼ਾ ਦਰ ਹਾਸਲ ਕਰਨ ਦੀ ਲੋੜ ਪੂੰਜੀ ਦੇ ਮਾਲਕਾਂ ਅਤੇ ਪ੍ਰਬੰਧਕਾਂ ਨੂੰ ਤਕਨੀਕੀ ਵਿਕਾਸ ਰਾਹੀਂ ਵਾਧੂ ਕੀਮਤ ਵਿਚ ਤੇਜ਼ੀ ਲਿਆਉਣ ਲਈ ਪ੍ਰੇਰਦੀ ਹੈ ਜਿਸ ਨਾਲ ਮਜ਼ਦੂਰਾਂ ਦੀ ਥਾਂ ਮਸ਼ੀਨਾਂ ਲੈ ਲੈਂਦੀਆਂ ਹਨ। ਮੂਲ ਅਤੇ ਵਾਧੂ ਮੁੱਲ ਦਾ ਇਕਲੌਤਾ ਸਰੋਤ ਕਿਉਂਕਿ ਕਿਰਤ ਹੈ, ਇਸ ਲਈ ਮਸ਼ੀਨਾਂ ਵੱਲੋਂ ਕਿਰਤ ਦੀ ਥਾਂ ਲੈਣ ਮਗਰੋਂ ਇਸ ਦੇ ਸੁੰਗੜਨ ਨਾਲ ਮੂਲ ਅਤੇ ਵਾਧੂ ਮੁੱਲ ਦਾ ਉਹ ਸਰੋਤ ਵੀ ਸੁੱਕਣਾ ਸ਼ੁਰੂ ਹੋ ਜਾਂਦਾ ਹੈ। ਇਹ ਮੁਨਾਫ਼ੇ ਦੀ ਦਰ ਵਿਚ ਗਿਰਾਵਟ ਆਉਣ ਦੇ ਰੁਝਾਨ ਪਿਛਲੀ ਕੇਂਦਰੀ ਸ਼ਕਤੀ ਹੈ।

ਦੂਜੇ ਕਿਸਮ ਦੇ ਸੰਕਟ ਨੂੰ ਘੱਟ ਖਪਤ ਦਾ ਸੰਕਟ ਕਿਹਾ ਜਾ ਸਕਦਾ ਹੈ। ਇਹ ਸੰਕਟ ਉਦੋਂ ਆਉਂਦਾ ਹੈ, ਜਦੋਂ ਮਜ਼ਦੂਰ ਨੂੰ ਦਿੱਤੀ ਜਾਣ ਵਾਲੀ ਉਜਰਤ ਵਿਚ ਕਟੌਤੀ ਕਰ ਕੇ ਪੂੰਜੀਪਤੀ ਵਾਧੂ ਮੁੱਲ ਦੀ ਦਰ ਵਿਚ ਵਾਧਾ ਕਰਦੇ ਹਨ। ਮੁਨਾਫ਼ੇ ਦੇ ਸਬੰਧ ਵਿਚ ਕੁਲ ਉਜਰਤੀ ਹਿੱਸੇ ਵਿਚ ਆਈ ਗਿਰਾਵਟ ਵੱਡੀ ਗਿਣਤੀ ਮਜ਼ਦੂਰਾਂ ਦੀ ਖਰੀਦ ਸ਼ਕਤੀ ਨੂੰ ਇੰਨਾ ਘਟਾ ਦਿੰਦੀ ਹੈ ਕਿ ਵਸਤੂ ਬਾਜ਼ਾਰ ਵਿਚ ਹੀ ਪਈ ਰਹਿ ਜਾਂਦੀ ਹੈ ਜਿਸ ਨਾਲ ਮੁਨਾਫ਼ੇ ਵਿਚ ਗਿਰਾਵਟ ਆਉਂਦੀ ਹੈ। ਤੀਜਾ ਸੰਕਟ ਹੈ ਅਪਾਰਜਤਾ ਦਾ ਸੰਕਟ, ਜੋ ਖਪਤ ਦੇ ਤਰੀਕਿਆਂ ਦੇ ਉਤਪਾਦਨ ਦੀ ਲੋੜ ਦੇ ਸਬੰਧ ਵਿਚ ਮਸ਼ੀਨਰੀ ਦਾ ਲੋੜ ਤੋਂ ਵੱਧ ਉਤਪਾਦਨ ਕਰਨਾ ਹੈ। ਇਹ ਸੰਕਟ ਵੀ ਮੁਨਾਫ਼ੇ ਦੀ ਦਰ ਵਿਚ ਗਿਰਾਵਟ ਦੇ ਰੂਪ ਵਿਚ ਹੀ ਉਜਾਗਰ ਹੁੰਦਾ ਹੈ।

ਸੰਕਟ ਦੀਆਂ ਇਨ੍ਹਾਂ ਤਿੰਨਾਂ ਕਿਸਮਾਂ ਵਿਚ ਮਸ਼ੀਨੀਕਰਨ ਸਾਂਝਾ ਲੱਛਣ ਹੈ। ਆਧੁਨਿਕ ਯੁੱਗ ਵਿਚ ਮਸ਼ੀਨੀਕਰਨ ਤੋਂ ਅੱਗੇ ਸਨਅਤੀ ਕਾਰਜ ਦੇ ਰੋਬੋਟੀਕਰਨ ਨੇ ਵੱਡੀ ਗਿਣਤੀ ਵਿਚ ਬੇਰੁਜ਼ਗਾਰੀ ਪੈਦਾ ਹੋਣ ਦਾ ਖਤਰਾ ਸਾਡੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਇਹ ਕਾਰਲ ਮਾਰਕਸ ਵੱਲੋਂ 150 ਸਾਲ ਪਹਿਲਾਂ ਪਛਾਣੇ ਗਏ ਰੁਝਾਨ ਦੀ ਸਪਸ਼ਟ ਤਸਦੀਕ ਹੈ।

ਆਧੁਨਿਕ ਯੁੱਗ ਦੇ ਨਵੇਂ ਸੰਕਟ- ਵਿੱਤੀ ਸੰਕਟ ਤੇ ਵਾਤਾਵਰਨ ਦਾ ਸੰਕਟ ਬਾਰੇ ਮਾਰਕਸ ਵੱਲੋਂ ਕੈਪੀਟਲ (ਭਾਗ-3) ਵਿਚ ਸੰਕੇਤ ਕੀਤਾ ਗਿਆ ਸੀ। ਵਿਸ਼ੇਸ਼ ਤੌਰ 'ਤੇ ਪੂੰਜੀਵਾਦੀ ਅਰਥਵਿਵਸਥਾ ਦੇ ਵਿੱਤੀਕਰਨ ਅਤੇ ਸੰਸਾਰ ਪੱਧਰ 'ਤੇ ਵਾਤਾਵਰਨ ਵਿਚ ਆ ਰਹੀਆਂ ਤਬਦੀਲੀਆਂ ਦੇ ਰੂਪ ਵਿਚ ਮਨੁੱਖ ਸਾਹਮਣੇ ਪੈਦਾ ਹੋ ਰਹੇ ਵਾਤਾਵਰਨਿਕ ਸੰਕਟ ਨਾਲ ਇਸ ਦੇ ਸਬੰਧ ਬਾਰੇ ਹਾਲੇ ਬਹੁਤ ਕੰਮ ਕੀਤੇ ਜਾਣ ਦੀ ਲੋੜ ਹੈ। ਪੂੰਜੀਵਾਦ ਦੇ ਸੰਕਟਾਂ ਦੇ ਹੱਲ ਲਈ ਮਾਰਕਸ ਵੱਲੋਂ ਸੁਝਾਏ ਗਏ ਸਮਾਜਵਾਦ ਦੇ ਰਾਹ ਨੂੰ ਮੌਜੂਦਾ ਵਾਤਾਵਰਨ ਸਬੰਧੀ ਸੰਕਟ ਦੀ ਚੁਣੌਤੀ ਨੂੰ ਹੱਲ ਕਰਨ ਲਈ ਵਾਤਾਵਰਨਿਕ ਸਮਾਜਵਾਦ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ।

# ਗੁਜਰਾਤ ਚੋਣਾਂ: ਨਫਰਤ ਦੀ ਸਿਆਸਤ ਫਿਰ ਜੇਤੂ

ਹੁਣੇ ਹੁਣੇ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਹਨ। ਹਿਮਾਚਲ ਵਿਚ ਕਾਂਗਰਸ ਸੱਤਾਧਾਰੀ ਸੀ ਅਤੇ ਗੁਜਰਾਤ ਵਿਚ 22 ਸਾਲ ਤੋਂ ਭਾਜਪਾ। ਦੋਹਾਂ ਸੂਬਿਆਂ ਵਿਚ ਮੁੱਖ ਤੌਰ 'ਤੇ ਇਨ੍ਹਾਂ ਪਾਰਟੀਆਂ ਦਰਮਿਆਨ ਇਕ ਦੂਜੀ ਤੋਂ ਸੱਤਾ ਖੋਹਣ ਲਈ ਮੁਕਾਬਲਾ ਸੀ।

ਹਿਮਾਚਲ ਵਿਚ ਕਾਂਗਰਸ ਸਰਕਾਰ ਤੋਂ ਪਹਿਲਾਂ ਭਾਜਪਾ ਦੀ ਸਰਕਾਰ ਸੀ ਅਤੇ ਪਿਛਲੀ ਵਾਰ ਸੱਤਾਧਾਰੀ ਧਿਰ ਤੋਂ ਅਵਾਮ ਦੀ ਬਦਜ਼ਨੀ ਨੂੰ ਆਪਣੇ ਹੱਕ ਵਿਚ ਭੁਗਤਾ ਕੇ ਕਾਂਗਰਸ ਪਾਰਟੀ,

**ਬੂਟਾ ਸਿੰਘ**
ਫੋਨ: +91-94634-74342

ਵੀਰਭੱਦਰ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਸੀ। ਇਸ ਵਾਰ ਭਾਜਪਾ ਵਲੋਂ ਕਾਂਗਰਸ ਰਾਜ ਦੌਰਾਨ ਲੁੱਟਮਾਰ, ਭ੍ਰਿਸ਼ਟਾਚਾਰ, ਮਾਫੀਆ ਰਾਜ, ਨਸ਼ਿਆਂ ਦੀ ਭਰਮਾਰ ਤੋਂ ਨਿਜਾਤ ਦੇਣ ਅਤੇ ਵਿਕਾਸ ਦੇ ਨਾਅਰੇ ਨਾਲ ਚੋਣ ਮੁਹਿੰਮ ਚਲਾਈ ਗਈ ਅਤੇ ਸੱਤਾਧਾਰੀ ਕਾਂਗਰਸ ਦੇ ਰਾਜ ਤੋਂ ਨਾਰਾਜ਼ਗੀ ਦਾ ਲਾਹਾ ਲੈ ਕੇ ਭਾਜਪਾ 44 ਸੀਟਾਂ ਜਿੱਤ ਕੇ ਮੁੜ ਸੱਤਾ ਵਿਚ ਆ ਗਈ ਹੈ।

ਗੁਜਰਾਤ ਵਿਚ ਮਾਰਚ 1998 ਤੋਂ ਲੈ ਕੇ ਹਾਲੀਆ ਚੋਣਾਂ ਤਕ ਭਾਜਪਾ ਲਗਾਤਾਰ ਸੱਤਾਧਾਰੀ ਰਹੀ ਹੈ ਅਤੇ 1991 ਦੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਲਗਾਤਾਰ ਭਾਰੀ ਬਹੁਮਤ ਨਾਲ ਚੋਣਾਂ ਜਿੱਤਦੀ ਰਹੀ ਹੈ। ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਨਰੇਂਦਰ ਮੋਦੀ ਅਕਤੂਬਰ 2001 ਤੋਂ ਲੈ ਕੇ 22 ਮਈ 2014 ਤਕ ਲਗਾਤਾਰ ਇਸ ਸੂਬੇ ਦਾ ਮੁੱਖ ਮੰਤਰੀ ਰਹਿ ਚੁੱਕਾ ਸੀ। ਗੁਜਰਾਤ ਦੇ ਜਿਸ 'ਵਿਕਾਸ ਮਾਡਲ' ਦੇ ਝੂਠ ਨੂੰ ਪ੍ਰਚਾਰ ਕੇ ਸੰਘ ਬ੍ਰਿਗੇਡ ਵਲੋਂ ਮਈ 2014 ਵਿਚ ਕੇਂਦਰ ਵਿਚ ਸਰਕਾਰ ਬਣਾਈ ਗਈ, ਗੁਜਰਾਤ ਦੇ ਲੋਕ ਉਸ ਅਖੌਤੀ ਵਿਕਾਸ ਦਾ ਸੁਆਦ ਇਨ੍ਹਾਂ ਸਾਲਾਂ ਦੌਰਾਨ ਵਾਹਵਾ ਚੱਖ ਚੁੱਕੇ ਹਨ। ਹਿੰਦੁਤਵੀ ਏਜੰਡੇ ਦੇ ਹਿੱਸੇ ਵਜੋਂ ਦਲਿਤਾਂ ਅਤੇ ਮੁਸਲਮਾਨਾਂ ਉਪਰ ਫਾਸ਼ੀਵਾਦੀ ਹਮਲਿਆਂ ਕਾਰਨ ਇਹ ਦੱਬੇ-ਕੁਚਲੇ ਹਿੱਸੇ ਤਾਂ ਪਹਿਲਾਂ ਹੀ ਸੰਘ ਬ੍ਰਿਗੇਡ ਨੇ ਕੰਨੀ 'ਤੇ ਧੱਕੇ ਹੋਏ ਸਨ।

ਨੋਟਬੰਦੀ ਤੇ ਜੀ.ਐਸ.ਟੀ. ਵਰਗੇ ਆਰਥਿਕ ਹਮਲਿਆਂ ਕਾਰਨ ਭਾਜਪਾ ਦੇ ਰਵਾਇਤੀ ਆਧਾਰ ਵਪਾਰੀ ਤਬਕੇ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰੀ ਹਿੱਸਿਆਂ ਵਿਚ ਵੀ ਸਰਕਾਰ ਵਿਰੁਧ ਵਿਆਪਕ ਗੁੱਸਾ ਸੀ। ਪਾਟੀਦਾਰ, ਦਲਿਤ, ਕਿਸਾਨ, ਪ੍ਰੋਜੈਕਟਾਂ ਦੁਆਰਾ ਉਜਾੜੇ ਗਏ ਆਮ ਲੋਕ, ਮੁਸਲਿਮ ਘੱਟ ਗਿਣਤੀ, ਮੁਲਾਜ਼ਮ, ਛੋਟੇ ਅਤੇ ਦਰਮਿਆਨੇ ਕੰਮ-ਧੰਦਿਆਂ ਵਾਲੇ ਹਰ ਵਰਗ ਵਿਚ ਡੂੰਘੀ ਬੇਚੈਨੀ ਪਸਰੀ ਹੋਈ ਸੀ ਅਤੇ ਬਹੁਤ ਸਾਰੇ ਹਿੱਸੇ ਆਪੋ ਆਪਣੇ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁਧ ਸੜਕਾਂ ਉਪਰ ਨਿਕਲਦੇ ਆ ਰਹੇ ਸਨ। ਇਨ੍ਹਾਂ ਹਾਲਾਤ ਵਿਚ ਇਸ ਵਾਰ ਗੁਜਰਾਤ ਦੀ ਚੋਣ ਮੁਹਿੰਮ ਸੰਘ ਬ੍ਰਿਗੇਡ ਲਈ ਪਹਿਲਾਂ ਵਾਂਗ ਸੌਖੀ ਨਹੀਂ ਸੀ। ਆਪਣੇ ਖਿਲਾਫ ਬਣੇ ਇਸ ਮਾਹੌਲ ਨੂੰ ਬਦਲਣ ਲਈ ਸੰਘ ਬ੍ਰਿਗੇਡ ਨੇ ਪਾਰਲੀਮੈਂਟ ਦਾ ਸੈਸ਼ਨ ਲੇਟ ਕਰ ਦਿੱਤਾ ਅਤੇ ਸਾਰੇ ਵਸੀਲੇ ਗੁਜਰਾਤ ਵਿਚ ਝੋਕ ਦਿੱਤੇ ਗਏ। ਚੋਣ ਕਮਿਸ਼ਨ ਕੋਲੋਂ ਗੁਜਰਾਤ ਚੋਣਾਂ ਅੱਗੇ ਕਰਵਾ ਦਿੱਤੀਆਂ ਗਈਆਂ। ਇਹ ਦੇਰੀ ਕੇਂਦਰ ਸਰਕਾਰ ਲਈ ਕੁਝ ਚੀਜ਼ਾਂ ਉਪਰ ਟੈਕਸ ਦਰਾਂ ਘਟਾ ਕੇ ਜੀ.ਐਸ.ਟੀ. ਦੇ ਖਿਲਾਫ ਗੁੱਸੇ ਉਪਰ ਠੰਢਾ ਛਿੜਕਣ ਵਿਚ ਸਹਾਈ ਹੋਈ।

ਇਸ ਚੁਣੌਤੀ ਦੇ ਬਾਵਜੂਦ ਸੰਘ ਬ੍ਰਿਗੇਡ ਦੇ 'ਮਿਸ਼ਨ 150', ਭਾਵ ਇਸ ਵਾਰ ਗੁਜਰਾਤ ਵਿਚ 150 ਸੀਟਾਂ ਜਿੱਤਣ ਦੇ ਦਾਅਵਿਆਂ ਦੀ ਮੁੱਖ ਵਜ੍ਹਾ ਇਹ ਸੀ ਕਿ ਸੂਬੇ ਅੰਦਰ ਪਾਰਲੀਮੈਂਟਰੀ ਵਿਰੋਧੀ ਧਿਰ ਬਹੁਤ ਹੀ ਖਿੰਡੀ-ਪੁੰਡੀ ਹਾਲਤ 'ਚ ਸੀ। ਸਭ ਤੋਂ ਪੁਰਾਣੀ ਹੁਕਮਰਾਨ ਧਿਰ, ਕਾਂਗਰਸ ਪਾਰਟੀ ਜੋ ਇਕ ਸਮੇਂ ਲੋਕ ਸਭਾ ਦੀਆਂ ਸਵਾ ਚਾਰ ਸੌ ਸੀਟਾਂ ਜਿੱਤ ਚੁੱਕੀ ਸੀ, ਹੁਣ ਖੁਦ 44 ਸੀਟਾਂ ਤਕ ਸੁੰਗੜੀ ਹੋਈ ਹੈ; ਲੇਕਿਨ ਸੱਤਾ ਦੇ ਹੇਰਵੇ ਕਾਰਨ ਅਤੇ ਆਪਣੀ ਖੁਰ ਰਹੀ ਰਾਜਸੀ ਹੋਂਦ ਬਚਾਉਣ ਦੀ ਫਿਕਰਮੰਦੀ ਵਿਚੋਂ ਕਾਂਗਰਸ ਹਾਈਕਮਾਨ ਨੇ ਆਪਣੀ ਸਿਆਸੀ ਕਾਰਗੁਜ਼ਾਰੀ ਸੁਧਾਰਨ ਉਪਰ ਕੇਂਦਰਤ ਕੀਤਾ ਅਤੇ ਹਾਲੀਆ ਚੋਣਾਂ ਦੌਰਾਨ ਭਗਵੇਂ ਕੈਂਪ ਦੇ ਵਿਰੋਧੀ ਕੁਝ ਸਿਆਸੀ ਧੜਿਆਂ ਨਾਲ ਗੱਠਜੋੜ ਬਣਾਉਣ ਅਤੇ ਆਪਣੀ ਚੋਣ ਮੁਹਿੰਮ ਨੂੰ ਪ੍ਰਭਾਵੀ ਬਣਾਉਣ ਵਿਚ ਕਾਮਯਾਬ ਹੋ ਗਈ।

ਕਾਂਗਰਸ ਅਤੇ ਉਸ ਦੇ ਹਮਾਇਤੀ ਧੜਿਆਂ ਦੀਆਂ ਚੋਣ ਰੈਲੀਆਂ ਵਿਚ ਹਜੂਮਾਂ ਦੀ ਹਾਜ਼ਰੀ ਦੇਖ ਕੇ ਸੰਘ ਬ੍ਰਿਗੇਡ ਦਾ ਫਿਕਰਮੰਦ ਹੋਣਾ ਸੁਭਾਵਿਕ ਸੀ। ਰਾਹੁਲ ਗਾਂਧੀ ਵਲੋਂ ਖੇਡਿਆ ਜਾ ਰਿਹਾ 'ਨਰਮ ਹਿੰਦੁਤਵ' ਦਾ ਪੱਤਾ ਭਗਵੇਂ ਰਾਜ ਪ੍ਰਤੀ ਹਿੰਦੂ ਵੋਟਰਾਂ ਦੀ ਅਸੰਤੁਸ਼ਟੀ ਦਾ ਲਾਹਾ ਲੈ ਕੇ ਚੋਣ ਸਮੀਕਰਨਾਂ ਉਪਰ ਚੋਖਾ ਅਸਰਅੰਦਾਜ਼ ਹੋ ਸਕਦਾ ਸੀ। ਇਥੇ ਪਾਟੀਦਾਰ ਅਨਾਮਤ ਅੰਦੋਲਨ ਸਮਿਤੀ, ਰਾਸ਼ਟਰੀ ਦਲਿਤ ਅਧਿਕਾਰ ਮੰਚ, ਐਸ.ਟੀ.-ਐਸ.ਸੀ.-ਓ.ਬੀ.ਸੀ. ਏਕਤਾ ਮੰਚ, ਆਲ ਇੰਡੀਆ ਹਿੰਦੁਸਤਾਨ ਕਾਂਗਰਸ ਪਾਰਟੀ, ਵਗੈਰਾ ਨਵੇਂ ਮੰਚ ਪ੍ਰਭਾਵ ਬਣਾ ਚੁੱਕੇ ਸਨ, ਜੋ ਨਾ ਸਿਰਫ ਮੋਦੀ ਦੇ ਅਖੌਤੀ ਵਿਕਾਸ ਮਾਡਲ ਦੀ ਕਾਮਯਾਬੀ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਹੇ ਸਨ, ਸਗੋਂ ਰੁਜ਼ਗਾਰ ਅਤੇ ਦਲਿਤਾਂ ਦੇ ਪਿਛੜੇਪਣ ਤੇ ਉਨ੍ਹਾਂ ਉਪਰ ਜ਼ੁਲਮਾਂ ਦੇ ਮੁੱਦੇ ਉਭਾਰ ਕੇ ਆਪਣੇ ਅੰਦੋਲਨਾਂ ਦੁਆਰਾ ਅਵਾਮ ਨੂੰ ਆਕਰਸ਼ਿਤ ਕਰ ਰਹੇ ਸਨ। ਹਾਰਦਿਕ ਪਟੇਲ, ਜਿਗਨੇਸ਼ ਮੇਵਾਨੀ ਆਦਿ ਦੇ ਅੰਦੋਲਨ ਪਾਟੀਦਾਰ ਅਤੇ ਦਲਿਤ ਭਾਈਚਾਰਿਆਂ ਵਿਚ ਚੋਖੀ ਥਾਂ ਬਣਾ ਚੁੱਕੇ ਹੋਣ ਕਾਰਨ ਉਨ੍ਹਾਂ ਦਾ ਭਾਜਪਾ ਵਿਰੋਧੀ ਪ੍ਰਚਾਰ ਸੰਘ ਬ੍ਰਿਗੇਡ ਲਈ ਸਿਰਦਰਦੀ ਬਣਿਆ ਹੋਇਆ ਸੀ।

ਸੰਘ ਬ੍ਰਿਗੇਡ ਵਲੋਂ ਹਾਰਦਿਕ ਪਟੇਲ ਦੀਆਂ ਅਸ਼ਲੀਲ ਵੀਡੀਓ ਫੈਲਾ ਕੇ ਉਸ ਦੀ ਕਿਰਦਾਰਕੁਸ਼ੀ ਕੀਤੀ ਗਈ, ਪਰ ਇਸ ਚੋਣ ਪੈਂਤੜੇ ਨੂੰ ਬਹੁਤੀ ਕਾਮਯਾਬੀ ਨਹੀਂ ਮਿਲੀ। ਫੇਰ ਮੋਦੀ-ਅਮਿਤ ਸ਼ਾਹ ਜੁੰਡਲੀ ਆਪਣੇ ਰਵਾਇਤੀ ਵੋਟ ਬੈਂਕ ਨੂੰ ਖੁਰਨ ਤੋਂ ਬਚਾਉਣ ਲਈ ਖੁੱਲ੍ਹੇਆਮ ਫਿਰਕੂ ਨਫਰਤ ਭੜਕਾਉਣ 'ਤੇ ਉਤਰ ਆਈ। ਸੰਘ ਦੀ ਪੂਰੀ ਤਾਕਤ ਚੋਣ ਮੁਹਿੰਮ ਵਿਚ ਜੁਟੀ ਹੋਈ ਸੀ। ਮੋਦੀ ਵਲੋਂ 34 ਅਤੇ ਅਮਿਤ ਸ਼ਾਹ ਵਲੋਂ 31 ਰੈਲੀਆਂ ਨੂੰ ਸੰਬੋਧਨ ਕੀਤਾ ਗਿਆ। 30 ਕੈਬਨਿਟ ਮੰਤਰੀ ਅਤੇ ਫਿਰਕੂ ਜ਼ਹਿਰ ਫੈਲਾਉਣ ਦੇ ਮਾਹਰ ਮਹੰਤ ਅਦਿੱਤਿਆਨਾਥ ਸਮੇਤ 7 ਮੁੱਖ ਮੰਤਰੀ ਚੋਣ ਮੁਹਿੰਮ ਵਿਚ ਲੱਗੇ ਰਹੇ। ਤਮਾਮ ਹੱਥਕੰਡਿਆਂ ਦੇ ਬਾਵਜੂਦ ਮੋਦੀ ਦੀਆਂ ਰੈਲੀਆਂ ਵਿਚ ਹਜੂਮਾਂ ਦੀ ਘਾਟ ਸਪਸ਼ਟ ਨਜ਼ਰ ਆ ਰਹੀ ਸੀ। ਚੋਣ ਨਤੀਜਿਆਂ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਮੋਦੀ ਦਾ ਤਲਿਸਮੀ ਪ੍ਰਭਾਵ ਫਿੱਕਾ ਪੈਣਾ ਸ਼ੁਰੂ ਹੋ ਚੁੱਕਾ ਹੈ। 150 ਸੀਟਾਂ ਜਿੱਤਣ ਦੇ ਦਾਅਵੇ ਕਰਨ ਵਾਲੇ ਸੰਘ ਬ੍ਰਿਗੇਡ ਦਾ ਚੋਣ ਗ੍ਰਾਫ ਪਿਛਲੀਆਂ ਚੋਣਾਂ ਵਿਚ ਜਿੱਤੀਆਂ 115 ਸੀਟਾਂ ਤੋਂ ਇਸ ਵਾਰ 99 ਸੀਟਾਂ 'ਤੇ ਆ ਗਿਆ ਹੈ। 30 ਸੀਟਾਂ ਉਪਰ ਇਸ ਦੀ ਜਿੱਤ ਬਹੁਤ ਥੋੜ੍ਹੇ ਫਰਕ ਨਾਲ ਹੋਈ ਹੈ। ਬੇਸ਼ੱਕ ਇਸ ਦਾ ਵੋਟ ਆਧਾਰ ਨਾ ਸਿਰਫ ਬਰਕਰਾਰ ਹੈ, ਸਗੋਂ ਥੋੜ੍ਹਾ ਵਧਿਆ ਹੀ ਹੈ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਸੰਘ ਬ੍ਰਿਗੇਡ ਨੇ ਗੁਜਰਾਤ ਚੋਣਾਂ, ਸੰਘੀ ਧੌਂਸ ਅਤੇ ਦਹਿਸ਼ਤ ਦੇ ਜ਼ੋਰ ਨਾਲ ਵੀ ਜਿੱਤੀਆਂ ਹਨ। ਮੋਦੀ ਕੁਲੀਨ ਹਿੰਦੂਆਂ ਲਈ ਤਾਕਤਵਰ ਆਗੂ ਹੈ, ਜਦਕਿ ਸਿਆਸੀ ਵਿਰੋਧੀਆਂ ਅਤੇ ਆਮ ਲੋਕਾਂ ਲਈ ਦਹਿਸ਼ਤ ਦਾ ਚਿੰਨ੍ਹ ਹੈ। ਫਿਰ ਵੀ ਇਸ ਚੋਣ ਨੇ ਇਹ ਸੰਕੇਤ ਦੇ ਦਿੱਤਾ ਹੈ ਕਿ ਸੰਘ ਬ੍ਰਿਗੇਡ ਲਈ 2019 ਦੀਆਂ ਚੋਣਾਂ ਜਿੱਤਣੀਆਂ ਐਨੀਆਂ ਸੌਖੀਆਂ ਨਹੀਂ।

ਵਿਕਾਸ ਦਾ ਪ੍ਰਚਾਰ ਕਾਰਗਰ ਸਾਬਤ ਹੁੰਦਾ ਨਾ ਦੇਖ ਕੇ ਸੰਘ ਨੇ ਹਿੰਦੂ ਵੋਟਰਾਂ ਨੂੰ ਭਰਮਾਉਣ ਲਈ ਪੁਰਾਣਾ ਫਿਰਕੂ ਪੱਤਾ ਜ਼ੋਰ-ਸ਼ੋਰ ਨਾਲ ਖੇਡਿਆ। ਮੋਦੀ ਨੂੰ ਗੁਜਰਾਤ ਦੇ ਗੌਰਵ ਅਤੇ ਹਿੰਦੂਆਂ ਦੇ ਭਰੋਸੇਯੋਗ ਰਖਵਾਲੇ ਦੇ ਤੌਰ 'ਤੇ ਪੇਸ਼ ਕੀਤਾ ਗਿਆ। 'ਗੁਜਰਾਤ ਗੌਰਵ' ਨੂੰ ਤੂਲ ਦੇ ਕੇ ਮੁਸਲਿਮ ਭਾਈਚਾਰੇ ਖਿਲਾਫ ਜ਼ਹਿਰੀਲੀ ਫਿਰਕੂ ਮੁਹਿੰਮ ਚਲਾਈ ਗਈ। ਸਿੱਟੇ ਵਜੋਂ ਸੰਘ ਬ੍ਰਿਗੇਡ, ਖਾਸ ਕਰ ਕੇ ਗੁਜਰਾਤ ਦੀ ਸ਼ਹਿਰੀ ਤੇ ਨੀਮ-




ਸ਼ਹਿਰੀ ਹਿੰਦੂ ਵੋਟ ਬਟੋਰਨ ਵਿਚ ਪੂਰਾ ਕਾਮਯਾਬ ਹੋਇਆ ਹੈ। ਭਾਜਪਾ ਨੇ 85 ਫੀਸਦੀ ਸ਼ਹਿਰੀ ਅਤੇ 67 ਫੀਸਦੀ ਅਰਧ-ਸ਼ਹਿਰੀ ਸੀਟਾਂ ਜਿੱਤੀਆਂ, ਜਦਕਿ ਪੇਂਡੂ ਖੇਤਰ ਵਿਚ ਇਸ ਨੂੰ ਸਿਰਫ 37 ਫੀਸਦੀ ਹੀ ਮਿਲੀਆਂ। ਇਹ ਗੁਜਰਾਤ ਦੇ ਦੋ ਸਭ ਤੋਂ ਅਹਿਮ ਮੁੱਦਿਆਂ ਦਿਨੋ-ਦਿਨ ਵਧ ਰਹੇ ਜ਼ਰਈ ਸੰਕਟ ਅਤੇ ਬੇਰੁਜ਼ਗਾਰੀ ਤੋਂ ਅਵਾਮ ਦਾ ਧਿਆਨ ਭਟਕਾਉਣ ਵਿਚ ਕਾਮਯਾਬ ਹੋਈ ਹੈ। ਇਹ ਪੱਖ ਵੀ ਗ਼ੌਰਤਲਬ ਹੈ ਕਿ ਟਿਕਟਾਂ ਦਿੱਤੇ ਜਾਣ ਸਮੇਂ ਮੁਸਲਿਮ ਘੱਟ ਗਿਣਤੀ ਨੂੰ ਬੇਗਾਨੇਪਣ ਦਾ ਅਹਿਸਾਸ ਕਰਾਉਣ ਦਾ ਖਤਰਨਾਕ ਵਤੀਰਾ ਮੁੜ ਸਾਹਮਣੇ ਆਇਆ। 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਦਾਅਵੇ ਕਰਨ ਵਾਲੀ ਭਾਜਪਾ ਵਲੋਂ ਆਪਣੇ ਫਿਰਕੂ ਏਜੰਡੇ ਅਨੁਸਾਰ ਇਕ ਵੀ ਮੁਸਲਿਮ ਨੂੰ ਉਮੀਦਵਾਰ ਨਹੀਂ ਬਣਾਇਆ ਗਿਆ, ਕਿਉਂਕਿ ਇਸ ਦੀ ਸੋਚੀ-ਸਮਝੀ ਟੇਕ ਦੂਰਗਾਮੀ ਨਿਸ਼ਾਨੇ ਤਹਿਤ ਫਿਰਕੂ ਪਾਲਾਬੰਦੀ ਕਰਨ ਉਪਰ ਸੀ। ਕਾਂਗਰਸ ਵਲੋਂ ਵੀ ਸਿਰਫ ਛੇ ਮੁਸਲਮਾਨਾਂ ਨੂੰ ਹੀ ਟਿਕਟ ਦਿੱਤੀ ਗਈ, ਜਦਕਿ ਮੁਸਲਮਾਨ ਕੁਲ ਵਸੋਂ ਦਾ 9.7 ਫੀਸਦੀ ਹਨ।

ਸੰਨ 2002 ਵਿਚ ਮੋਦੀ ਨੇ 'ਗੌਰਵ ਯਾਤਰਾ' ਜ਼ਰੀਏ ਮੁਸਲਿਮ ਭਾਈਚਾਰੇ ਵਿਰੁਧ ਘੋਰ ਨਫਰਤ ਭੜਕਾ ਕੇ ਚੋਣਾਂ ਜਿੱਤੀਆਂ ਸਨ। ਰੈਲੀਆਂ ਵਿਚ ਮੋਦੀ ਪਾਕਿਸਤਾਨ ਦੇ ਤਤਕਾਲੀ ਸਦਰ ਪਰਵੇਜ਼ ਮੁਸ਼ੱਰਫ ਨੂੰ 'ਮੀਆਂ ਮੁਸ਼ੱਰਫ' ਵਜੋਂ ਸੰਬੋਧਨ ਕਰਦਿਆਂ 'ਮੀਆਂ' ਲਫਜ਼ ਨੂੰ ਜਾਣ-ਬੁਝ ਕੇ ਵਾਰ ਵਾਰ ਦੁਹਰਾਉਂਦਾ ਸੀ ਅਤੇ ਅਸਿਧੇ ਤੌਰ 'ਤੇ ਮੁਸਲਿਮ ਭਾਈਚਾਰੇ ਉਪਰ ਹਮਲੇ ਕਰਦਾ ਸੀ, ਤਾਂ ਜੋ ਉਨ੍ਹਾਂ ਦਾ ਅਕਸ 'ਗੁਜਰਾਤ ਗੌਰਵ' ਦੇ ਦੁਸ਼ਮਣਾਂ ਅਤੇ ਪਾਕਿਸਤਾਨ ਦੇ ਏਜੰਟਾਂ ਦਾ ਬਣਾਇਆ ਜਾ ਸਕੇ। ਉਨ੍ਹਾਂ ਜ਼ਹਿਰੀਲੀਆਂ ਤਕਰੀਰਾਂ ਦੀਆਂ ਵੀਡੀਓ ਅੱਜ ਵੀ ਇੰਟਰਨੈੱਟ ਉਪਰ ਮੌਜੂਦ ਹਨ। ਹਾਲੀਆ ਚੋਣ ਪ੍ਰਚਾਰ ਵੀ ਜ਼ਿਆਦਾਤਰ 2002 ਵਿਚ ਖੇਡੇ ਫਿਰਕੂ ਪੱਤੇ ਦੀ ਦੁਹਰਾਓ ਸੀ। ਇਸ ਵਾਰ ਫਰਕ ਇਹ ਸੀ ਕਿ ਹੁਣ ਮੋਦੀ-ਅਮਿਤ ਸ਼ਾਹ ਜੁੰਡਲੀ ਕੇਂਦਰੀ ਸੱਤਾ ਉਪਰ ਕਾਬਜ਼ ਸੀ ਅਤੇ ਇਹ ਸ਼ਾਇਦ ਪਹਿਲੀ ਵਾਰ ਸੀ ਕਿ ਕੋਈ ਪ੍ਰਧਾਨ ਮੰਤਰੀ ਬਾਕੀ ਕੰਮ-ਕਾਰ ਛੱਡ ਕੇ ਇਕ ਸੂਬੇ ਦੀਆਂ ਚੋਣਾਂ ਜਿੱਤਣ ਦੀ ਮੁਹਿੰਮ 'ਤੇ ਨਿਕਲਿਆ ਹੋਇਆ ਸੀ।

ਹਿੰਦੁਤਵੀ ਹਾਈਕਮਾਨ ਦੀ ਸਿਆਸੀ ਯੁੱਧਨੀਤੀ ਕਾਂਗਰਸ ਦੀ ਕਮਜ਼ੋਰ ਲੀਡਰਸ਼ਿਪ ਨੂੰ ਨਿਸ਼ਾਨਾ ਬਣਾ ਕੇ ਇਸ ਨੂੰ ਸਿਆਸੀ ਤੌਰ 'ਤੇ ਖਾਰਜ ਕਰਨ ਦੀ ਹੈ, ਤਾਂ ਜੋ ਇਹ ਭਵਿਖ ਵਿਚ ਹੋਰ ਖੇਤਰੀ ਪਾਰਟੀਆਂ ਨੂੰ ਇਕਜੁਟ ਕਰ ਕੇ ਸੰਘ ਬ੍ਰਿਗੇਡ ਨੂੰ ਚੋਣ ਟੱਕਰ ਦੇਣ ਵਾਲੀ ਵਿਰੋਧੀ ਧਿਰ ਖੜ੍ਹੀ ਨਾ ਕਰ ਸਕੇ। ਰਾਹੁਲ ਗਾਂਧੀ ਦੀ ਤਾਜਪੋਸ਼ੀ ਦਾ ਮਜ਼ਾਕ ਉਡਾਉਣ ਲਈ ਵੀ ਮੋਦੀ ਵਲੋਂ 'ਸ਼ਾਹ ਜਹਾਂ' ਅਤੇ 'ਔਰੰਗਜ਼ੇਬ' ਦੇ ਮੁਸਲਿਮ ਪ੍ਰਤੀਕ ਇਸਤੇਮਾਲ ਕੀਤੇ ਗਏ। ਇਹ ਵੀ ਸੱਚ ਸੀ ਕਿ ਦੋਹਾਂ ਪਾਰਟੀਆਂ ਵਲੋਂ ਘਟੀਆ ਕਿਸਮ ਦੀ ਦੂਸ਼ਣਬਾਜ਼ੀ ਦੀ ਇਸ ਹੱਦ ਤਕ ਭਰਮਾਰ ਸੀ, ਜਿਵੇਂ ਦੂਸ਼ਣਬਾਜ਼ੀ ਦਾ ਮੁਕਾਬਲਾ ਚੱਲ ਰਿਹਾ ਹੋਵੇ। ਫਿਰ ਮੋਦੀ ਵਲੋਂ ਇਹ ਮੁੱਦਾ ਉਛਾਲਿਆ ਗਿਆ ਕਿ ਕਾਂਗਰਸੀ ਆਗੂ ਮਣੀਸ਼ੰਕਰ ਆਇਰ ਦੇ ਘਰ ਜੋ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਗਈ ਸੀ, ਉਹ ਦਰਅਸਲ ਪਾਕਿਸਤਾਨ ਦੀ ਕਾਂਗਰਸ ਨੂੰ ਸੱਤਾ ਵਿਚ ਲਿਆਉਣ ਦੀ ਯੋਜਨਾ ਤਹਿਤ ਕੀਤੀ ਗਈ ਸਾਜ਼ਿਸ਼ੀ ਮੀਟਿੰਗ ਸੀ, ਜਿਸ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਅਤੇ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਕਸੂਰੀ ਨਾਲ ਪਾਕਿਸਤਾਨ ਦੇ ਫੌਜੀ ਅਧਿਕਾਰੀ ਸ਼ਾਮਲ ਹੋਏ। ਬੇਸ਼ਕ, ਮੋਦੀ ਦਾ ਇਸ ਤਰ੍ਹਾਂ ਦਾ ਭੜਕਾਊ ਸਿਆਸੀ ਹਮਲਾ ਕੋਈ ਅਲੋਕਾਰੀ ਗੱਲ ਤਾਂ ਨਹੀਂ ਸੀ, ਲੇਕਿਨ ਇਸ ਨੇ ਇਹ ਜ਼ਰੂਰ ਦਿਖਾ ਦਿੱਤਾ ਕਿ ਮੁਲਕ ਦੇ ਰਾਜਸੀ ਮੁਖੀ ਦੇ ਅਹੁਦੇ ਉਪਰ ਬੈਠੇ ਸ਼ਖਸ ਦੀ ਸਿਆਸੀ ਬੁੱਧੀ ਕਿਹੋ ਜਿਹੀ ਹੈ।

ਜਦੋਂ ਸੀਨੀਅਰ ਕਾਂਗਰਸੀ ਆਗੂ ਮਣੀਸ਼ੰਕਰ ਆਇਰ ਨੇ ਮੋਦੀ ਨੂੰ 'ਨੀਚ' ਆਦਮੀ ਕਹਿ ਦਿੱਤਾ, ਤਾਂ ਸੰਘ ਬ੍ਰਿਗੇਡ ਨੇ ਇਸ ਨੂੰ ਵੀ ਚਲਾਕੀ ਨਾਲ ਜਾਤਪਾਤੀ ਮੁੱਦਾ ਬਣਾ ਕੇ ਕਾਂਗਰਸ ਨੂੰ ਭੰਡਣਾ ਸ਼ੁਰੂ ਕਰ ਦਿੱਤਾ; ਜਦਕਿ ਸੰਘੀ ਖੇਮੇ ਵਲੋਂ ਫਿਰਕੂ ਪਾਲਾਬੰਦੀ ਲਈ ਜਿਸ ਤਰ੍ਹਾਂ ਦੀ ਖਤਰਨਾਕ ਫਿਰਕੂ ਮੁਹਿੰਮ ਚਲਾਈ ਜਾ ਰਹੀ ਸੀ/ਹੈ, ਉਸ ਦੇ ਮੁਕਾਬਲੇ ਇਹ ਬਿਆਨ ਕੁਝ ਵੀ ਨਹੀਂ ਸੀ।

ਕਾਂਗਰਸ ਪਾਰਟੀ ਕਿਉਂਕਿ ਖੁਦ ਇਨ੍ਹਾਂ ਚੋਣਾਂ ਵਿਚ ਨਰਮ ਹਿੰਦੁਤਵ ਦਾ ਪੱਤਾ ਇਸਤੇਮਾਲ ਕਰ ਕੇ ਗੁਜਰਾਤ ਦੇ ਗ਼ੈਰ ਮੁਸਲਿਮ ਵੋਟਰਾਂ ਨੂੰ ਭਰਮਾਉਣ ਲਈ ਸਿਰਤੋੜ ਯਤਨ ਕਰ ਰਹੀ ਸੀ, ਇਸ ਚੋਣ ਯੁਧਨੀਤੀ ਤਹਿਤ ਰਾਹੁਲ ਗਾਂਧੀ ਨੇ ਆਪਣੀ ਚੋਣ ਮੁਹਿੰਮ ਦੌਰਾਨ 12 ਹਿੰਦੂ ਮੰਦਰਾਂ ਵਿਚ ਜਾ ਕੇ ਉਚੇਚਾ ਮੱਥਾ ਟੇਕਿਆ। ਭਾਜਪਾ ਦੇ ਰਾਜ ਤੋਂ ਅਵਾਮ ਦੀ ਅਸੰਤੁਸ਼ਟੀ ਦਾ ਇਸ ਨੂੰ ਚੋਖਾ ਲਾਹਾ ਮਿਲਿਆ ਅਤੇ ਇਸ ਨੇ 77 ਸੀਟਾਂ ਹਾਸਲ ਕਰ ਲਈਆਂ, ਜਦਕਿ ਪਿਛਲੀਆਂ ਚੋਣਾਂ ਵਿਚ ਇਸ ਨੂੰ 61 ਸੀਟਾਂ ਹੀ ਹਾਸਲ ਹੋਈਆਂ ਸਨ। ਕਾਂਗਰਸ ਨੂੰ ਕੁਲ 98 ਪੇਂਡੂ ਸੀਟਾਂ ਵਿਚੋਂ 57 ਸੀਟਾਂ ਮਿਲੀਆਂ ਹਨ। ਇਸ ਨੂੰ ਸਭ ਤੋਂ ਵੱਧ ਸੀਟਾਂ ਸੌਰਾਸ਼ਟਰ ਖੇਤਰ ਵਿਚ ਮਿਲੀਆਂ, ਜੋ ਖੇਤੀ ਸੰਕਟ ਦੀ ਸਭ ਤੋਂ ਵਧੇਰੇ ਲਪੇਟ ਵਿਚ ਹੈ। ਇਹ ਖੇਤੀ ਆਰਥਿਕਤਾ ਨਾਲ ਜੁੜੀ ਵਸੋਂ ਵਲੋਂ ਮੋਦੀ ਮਾਡਲ ਨੂੰ ਰੱਦ ਕੀਤੇ ਜਾਣ ਦਾ ਸੂਚਕ ਹੈ। ਆਮ ਆਦਮੀ ਪਾਰਟੀ ਦੇ ਸਾਰੇ ਦੇ ਸਾਰੇ 27 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣ ਤੋਂ ਸਪਸ਼ਟ ਹੋ ਗਿਆ ਕਿ ਗੁਜਰਾਤ ਦੇ ਲੋਕਾਂ ਨੇ ਇਸ ਪਾਰਟੀ ਦੀ ਸਿਆਸਤ ਨੂੰ ਪ੍ਰਵਾਨ ਨਹੀਂ ਕੀਤਾ। 1.8 ਫੀਸਦੀ ਵੋਟਾਂ 'ਨੋਟਾ' ਨੂੰ ਪਾਏ ਜਾਣ ਤੋਂ ਇਹ ਵੀ ਜ਼ਾਹਿਰ ਹੈ ਕਿ ਭਾਜਪਾ ਤੋਂ ਅਸੰਤੁਸ਼ਟ ਇਹ ਵੋਟਰ ਕਾਂਗਰਸ ਤੋਂ ਵੀ ਪ੍ਰਭਾਵਿਤ ਨਹੀਂ ਸਨ।

ਇਸ ਤਰ੍ਹਾਂ ਦੋਹਾਂ ਸੂਬਿਆਂ ਦੀਆਂ ਚੋਣਾਂ ਵਿਚ ਸੰਘ ਬ੍ਰਿਗੇਡ ਦੀ ਜਿੱਤ ਇਸ ਦੇ ਵਿਕਾਸ ਮਾਡਲ ਜਾਂ ਮੋਦੀ ਦੀ ਹਰਮਨਪਿਆਰਤਾ ਦੀ ਜਿੱਤ ਨਹੀਂ, ਜਿਵੇਂ ਸੰਘ ਬ੍ਰਿਗੇਡ ਆਪਣੀ ਪਿੱਠ ਆਪ ਹੀ ਥਾਪੜ ਰਿਹਾ ਹੈ। ਦਰਅਸਲ ਇਹ ਨਫਰਤ ਦੀ ਸਿਆਸਤ ਹੈ ਜੋ ਹਿੰਦੂ ਵੋਟਰਾਂ ਦੇ ਫਿਰਕੂ ਜਜ਼ਬਾਤ ਭੜਕਾ ਕੇ ਮੋਦੀ ਦੇ ਸਿਰ ਉਪਰ ਜਿੱਤ ਦਾ ਮੁਕਟ ਸਜਾਉਣ ਦਾ ਮੁੱਖ ਸਾਧਨ ਰਹੀ ਹੈ। ਇਹ ਵੀ ਸਪਸ਼ਟ ਹੈ ਕਿ ਜਿਉਂ ਜਿਉਂ 2019 ਵਾਲੀਆਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾਣਗੀਆਂ ਅਤੇ ਸੰਘ ਬ੍ਰਿਗੇਡ ਦੀਆਂ ਲੋਕ ਦੁਸ਼ਮਣ ਨੀਤੀਆਂ ਕਾਰਨ ਲੋਕਾਂ ਵਲੋਂ ਵਿਰੋਧ ਵਧਦਾ ਜਾਵੇਗਾ, ਇਨ੍ਹਾਂ ਵਲੋਂ ਫਿਰਕੂ ਜ਼ਹਿਰ ਫੈਲਾਉਣ ਦਾ ਸਿਲਸਿਲਾ ਵੀ ਤੇਜ਼ ਹੁੰਦਾ ਜਾਵੇਗਾ। ਸੰਘ ਬ੍ਰਿਗੇਡ ਦੀ ਫਿਰਕੂ ਨਫਰਤ ਅਤੇ ਦਹਿਸ਼ਤ ਦੀ ਸਿਆਸਤ ਦੇ ਖਿਲਾਫ ਗੁਜਰਾਤ ਦੇ ਵੋਟਰਾਂ ਵਲੋਂ ਕੋਈ ਮਜ਼ਬੂਤ ਪ੍ਰਤੀਕਰਮ ਨਾ ਦਿਖਾਉਣਾ ਅਤੇ ਸਿਰਫ ਭਾਜਪਾ ਸਰਕਾਰ ਦੀ ਆਰਥਿਕ ਕਾਰਗੁਜ਼ਾਰੀ ਤੋਂ ਅਸੰਤੁਸ਼ਟੀ ਵਿਚੋਂ ਹੀ ਵੋਟਰਾਂ ਦੇ ਇਕ ਹਿੱਸੇ ਵਲੋਂ ਭਾਜਪਾ ਨੂੰ ਨਕਾਰਨਾ ਭਵਿਖ ਲਈ ਸਿਹਤਮੰਦ ਸਿਆਸੀ ਸੰਕੇਤ ਨਹੀਂ ਹੈ। ਦੂਜੇ ਪਾਸੇ, ਜੇ ਲੋਕ ਦੁਸ਼ਮਣ ਕਾਂਗਰਸ ਜਿੱਤ ਵੀ ਜਾਂਦੀ, ਤਾਂ ਆਮ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਬਹੁਤਾ ਫਰਕ ਨਹੀਂ ਸੀ ਪੈਣਾ। ਲਿਹਾਜ਼ਾ, ਇਨ੍ਹਾਂ ਚੋਣਾਂ ਨੇ ਇਕ ਵਾਰ ਫਿਰ ਦਿਖਾ ਦਿਤਾ ਹੈ ਕਿ ਚੋਣਾਂ ਲੋਕਾਂ ਦੀ ਮੁਕਤੀ ਦਾ ਸਾਧਨ ਨਹੀਂ ਬਣ ਸਕਦੀਆਂ। ਹਿੰਦੁਤਵੀ ਫਾਸ਼ੀਵਾਦ ਦੇ ਦਨਦਨਾ ਰਹੇ ਰੱਥ ਦਾ ਡਟਵਾਂ ਮੁਕਾਬਲਾ ਲੋਕਪੱਖੀ ਸਿਆਸੀ ਬਦਲ ਦੁਆਰਾ ਹੀ ਸੰਭਵ ਹੈ। ਲੋਕਪੱਖੀ ਤਾਕਤਾਂ ਨੂੰ ਇਸ ਸਿਆਸੀ ਖਲਾਅ ਨੂੰ ਭਰਨ ਲਈ ਧੜੱਲੇ ਨਾਲ ਯਤਨ ਜੁਟਾਉਣੇ ਚਾਹੀਦੇ ਹਨ।

## ਚੋਣਾਂ ਅਤੇ ਚੋਣ ਸਰਵੇਖਣ

ਗੁਜਰਾਤ ਵਿਚ ਦੂਜੇ ਗੇੜ ਦੀਆਂ ਵੋਟਾਂ ਪੈਂਦੇ ਸਾਰ ਐਗਜ਼ਿਟ ਪੋਲ ਦੇ ਨਾਂ 'ਤੇ ਮੀਡੀਆ ਹਾਊਸਾਂ ਵਲੋਂ ਜਿੱਤ ਦੀਆਂ ਭਵਿਖਬਾਣੀਆਂ ਪੇਸ਼ ਕੀਤੀਆਂ ਗਈਆਂ। ਅੱਠ ਵਿਚੋਂ ਸੱਤ ਐਗਜ਼ਿਟ ਪੋਲ ਵਿਚ ਭਾਜਪਾ ਨੂੰ ਗੁਜਰਾਤ ਵਿਚ 100 ਤੋਂ ਵੱਧ ਜਿੱਤਦੀ ਦਿਖਾਇਆ ਗਿਆ ਸੀ। ਸਵਾਲ ਹੈ ਕਿ ਮੀਡੀਆ ਦੀ ਇਸ ਕਾਰਜਕੁਸ਼ਲਤਾ ਦੀ ਪ੍ਰਮਾਣਿਕਤਾ ਕੀ ਹੈ? ਸੀਟਾਂ 5 ਵਜੇ ਵੋਟਿੰਗ ਖਤਮ ਹੋ ਗਈ, 6 ਵਜੇ ਐਗਜ਼ਿਟ ਪੋਲ ਜਾਰੀ ਹੋ ਗਏ। ਇਕ ਘੰਟੇ ਵਿਚ ਹਰ ਨਗਰ ਖੇੜੇ ਤੋਂ ਡੇਟਾ ਪਹੁੰਚ ਗਿਆ, ਕੰਪਾਈਲ ਹੋ ਗਿਆ, ਐਨਾਲਿਸਿਜ਼ ਵੀ ਹੋ ਗਿਆ ਅਤੇ ਸਲਾਈਡਜ਼ ਵੀ ਬਣ ਗਈ; ਤੇ ਇਧਰ ਭਾਰਤੀ ਰਿਜ਼ਰਵ ਬੈਂਕ ਹੈ ਜਿਸ ਨੂੰ ਇਕ ਸਾਲ ਹੋ ਗਿਆ, ਅਜੇ ਤੱਕ ਨੋਟਬੰਦੀ ਸਮੇਂ ਬੈਂਕਾਂ ਵਿਚ ਜਮ੍ਹਾਂ ਹੋਏ ਨੋਟ ਹੀ ਨਹੀਂ ਗਿਣੇ ਜਾ ਰਹੇ! ਰਿਜ਼ਰਵ ਬੈਂਕ ਫੁਰਤੀ ਨਾਲ ਨੋਟ ਗਿਣਨ ਲਈ ਮੀਡੀਆ ਸਮੂਹਾਂ ਦੀਆਂ ਸੇਵਾਵਾਂ ਕਿਉਂ ਨਹੀਂ ਲੈ ਲੈਂਦਾ?

## ਸੰਘ ਬ੍ਰਿਗੇਡ ਵਲੋਂ ਫੈਲਾਈ ਨਫਰਤ ਦੇ ਕੁਝ ਨਮੂਨੇ...

ਜੋ ਜ਼ਹਿਰ ਹਿੰਦੂਤਵ ਦੇ ਖੁੱਲ੍ਹੇ ਸਿਆਸੀ ਤਰਜਮਾਨਾਂ ਦੀਆਂ ਜੀਭਾਂ ਉਗਲ ਰਹੀਆਂ ਸਨ, ਤੇ ਜੋ ਸ਼ਰੇਆਮ ਮੀਡੀਆ ਵਿਚ ਸਾਹਮਣੇ ਆ ਰਿਹਾ ਸੀ, ਉਹ ਸੰਘ ਬ੍ਰਿਗੇਡ ਦੀ ਫਿਰਕੂ ਮੁਹਿੰਮ ਦਾ ਮਹਿਜ਼ ਇਕ ਹਿੱਸਾ ਸੀ। ਇਸ ਦੇ ਪਿੱਛੋਕੜ ਵਿਚ ਚੁੱਪ ਚੁਪੀਤੇ ਸੰਘ ਪਰਿਵਾਰ ਦਾ ਵਿਆਪਕ ਤਾਣਾਬਾਣਾ ਕਾਰਜਸ਼ੀਲ ਸੀ ਜਿਸ ਵਲੋਂ ਜ਼ੁਬਾਨੀ ਅਫਵਾਹਾਂ ਦੇ ਨਾਲ ਨਾਲ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਸੀ। ਸੰਘ ਬ੍ਰਿਗੇਡ ਦੀ ਫਿਰਕੂ ਪਾਲਾਬੰਦੀ ਦੀ ਮੁਹਿੰਮ ਐਨ ਫਾਸ਼ੀਵਾਦੀ ਲੀਹਾਂ ਉਪਰ ਸੀ ਅਤੇ ਮੁਸਲਿਮ ਭਾਈਚਾਰੇ ਨੂੰ ਬਾਕੀ ਵਸੋਂ ਲਈ ਬਹੁਤ ਵੱਡਾ ਖਤਰਾ ਬਣਾ ਕੇ ਪੇਸ਼ ਕਰਦੀ ਸੀ।

ਚੋਣਾਂ ਦੌਰਾਨ ਗ਼ੈਰ ਮੁਸਲਿਮ ਵੋਟਰਾਂ ਦੀਆਂ ਵੋਟਾਂ ਬਟੋਰਨ ਲਈ ਵਾਇਰਲ ਕੀਤਾ ਵੀਡੀਓ ਕਲਿੱਪ ਸਾਹਮਣੇ ਆਇਆ। ਵਿਆਪਕ ਪੱਧਰ 'ਤੇ ਫੈਲਾਏ ਇਸ ਵੀਡੀਓ ਉਪਰ ਕਿਸੇ ਦਾ ਨਾਂ ਨਹੀਂ ਸੀ। ਸਵਾ ਮਿੰਟ ਦਾ ਇਹ ਵੀਡੀਓ ਕਲਿੱਪ ਇਸ ਵਾਕ ਨਾਲ ਸ਼ੁਰੂ ਹੁੰਦਾ ਹੈ: 'ਸੱਤ ਵਜੇ ਸ਼ਾਮ ਤੋਂ ਬਾਅਦ ਇਹ ਗੁਜਰਾਤ ਵਿਚ ਵਾਪਰ ਸਕਦਾ ਹੈ'। ਅੱਗੇ ਧੁੰਦਲਕੇ ਚਾਨਣ ਵਿਚ ਸੜਕ ਦਾ ਦ੍ਰਿਸ਼ ਹੈ ਜਿਸ ਉਪਰ ਇਕ ਹਿੰਦੂ ਕੁੜੀ ਪੈਦਲ ਜਾ ਰਹੀ ਹੈ। ਪਿੱਛੋਕੜ ਵਿਚ ਮਸਜਿਦ ਵਿਚੋਂ ਅਜ਼ਾਨ ਦੀ ਆਵਾਜ਼ ਸੁਣਾਈ ਦਿੰਦੀ ਹੈ ਤਾਂ ਕੁੜੀ ਭੈਭੀਤ ਹੋ ਜਾਂਦੀ ਹੈ। ਇਸ ਤੋਂ ਅੱਗੇ ਇਕ ਘਰ ਵਿਚ ਇਕ ਹਿੰਦੂ ਜੋੜਾ ਦਿਖਾਇਆ ਗਿਆ ਹੈ: ਮਰਦ ਫਿਕਰਮੰਦ ਹੈ ਤੇ ਔਰਤ ਕ੍ਰਿਸ਼ਨ ਭਗਵਾਨ ਅੱਗੇ ਅਰਦਾਸ ਕਰ ਰਹੀ ਹੈ। ਤੀਜੇ ਦ੍ਰਿਸ਼ ਵਿਚ ਉਹੀ ਔਰਤ ਬੈਠੀ ਹੈ ਅਤੇ ਬੁਰੀ ਤਰ੍ਹਾਂ ਫਿਕਰਮੰਦ ਮਰਦ ਡਰਾਇੰਗ ਰੂਮ ਵਿਚ ਤਰਲੋਮੱਛੀ ਹੋ ਰਿਹਾ ਹੈ। ਠੀਕ ਇਸੇ ਵਕਤ ਕੋਈ ਦਰਵਾਜ਼ੇ ਦੀ ਘੰਟੀ ਵਜਾਉਂਦਾ ਹੈ। ਨੌਜਵਾਨ ਕੁੜੀ ਘਰ ਵਿਚ ਦਾਖਲ ਹੁੰਦੀ ਹੈ ਅਤੇ ਔਰਤ ਨੂੰ ਚਿੰਬੜ ਜਾਂਦੀ ਹੈ। ਜੋੜਾ ਕੁੜੀ ਦੇ ਬਗਲ ਵਿਚ ਬੈਠ ਕੇ ਉਸ ਦਾ ਸਿਰ ਪਲੋਸਦਾ ਹੈ। ਇਉਂ ਜਾਪਦਾ ਹੈ, ਜਿਵੇਂ ਸਾਰਿਆਂ ਨੇ ਕੁੜੀ ਦੇ ਸਹੀ-ਸਲਾਮਤ ਘਰ ਮੁੜਨ 'ਤੇ ਮਸਾਂ ਸੁੱਖ ਦਾ ਸਾਹ ਲਿਆ ਹੋਵੇ! ਔਰਤ ਕੈਮਰੇ ਵੱਲ ਮੂੰਹ ਕਰ ਕੇ ਕਹਿੰਦੀ ਹੈ: "ਇਕ ਮਿੰਟ, ਕੀ ਤੁਸੀਂ ਹੈਰਾਨ ਹੋ ਕਿ ਇਹ ਗੁਜਰਾਤ ਦਾ ਵਾਕਿਆ ਹੈ?" ਮਰਦ ਕਹਿੰਦਾ ਹੈ, "ਬਾਈ ਸਾਲ ਪਹਿਲਾਂ ਇਹ ਗੁਜਰਾਤ ਵਿਚ ਵਾਪਰਿਆ ਕਰਦਾ ਸੀ, ਜੇ ਉਹ ਵਾਪਸ ਆ ਜਾਂਦੇ ਹਨ ਤਾਂ ਇਹ ਮੁੜ ਵਾਪਰ ਸਕਦਾ ਹੈ।" ਕੁੜੀ ਕਹਿੰਦੀ ਹੈ: "ਪਰ ਫਿਕਰ ਨਾ ਕਰੋ, ਕੋਈ ਵਾਪਸ ਨਹੀਂ ਆਵੇਗਾ, ਕਿਉਂਕਿ ਨਰੇਂਦਰ ਮੋਦੀ ਹੈ ਨਾ।" ਵੀਡੀਓ ਕਲਿੱਪ ਭਗਵੇਂ ਰੰਗ ਵਿਚ ਉਕਰੀ ਇਸ ਗੁਜਰਾਤੀ ਇਬਾਰਤ ਨਾਲ ਖਤਮ ਹੁੰਦਾ ਹੈ- "ਅਪਨੋ ਵੋਟ, ਅਪਨੀ ਸੁਰੱਕਸ਼ਾ।"

---

ਭਾਜਪਾ ਦੀਆਂ ਬੂਥ ਮੀਟਿੰਗਾਂ ਵਿਚ ਕਾਰਕੁਨਾਂ ਨੂੰ ਕਿਸ ਤਰ੍ਹਾਂ ਤਿਆਰ ਕੀਤਾ ਜਾ ਰਿਹਾ ਸੀ, ਇਸ ਬਾਰੇ ਭਾਜਪਾ ਦਾ ਮੈਂਬਰ ਮਾਣਿਕ ਭਾਈ ਖੁਲਾਸਾ ਕਰਦਾ ਹੈ: "ਲੋਗੋਂ ਕੋ ਬਤਾਨਾ ਹੈ ਕਿ ਹਰ ਮੁਸਲਮਾਨ ਇਸ ਤਾਕ ਮੇਂ ਬੈਠਾ ਹੈ ਕਿ ਕਾਂਗਰਸ ਦੀ ਸਰਕਾਰ ਆਏ, ਔਰ ਵੋਹ ਦੰਗੋਂ ਕਾ ਬਦਲਾ ਲੇ ਸਕੇਂ।" ਆਮ ਹਿੰਦੂਆਂ ਦੀ ਜ਼ਿਹਨੀਅਤ ਉਪਰ ਸੰਘ ਬ੍ਰਿਗੇਡ ਦੇ ਫਿਰਕੂ ਪ੍ਰਚਾਰ ਦਾ ਕਿੰਨਾ ਡੂੰਘਾ ਅਸਰ ਹੈ, ਇਸ ਦੀ ਮਿਸਾਲ ਜੁਹਾਪੁਰਾ ਹੈ। ਇਹ ਮਹਾਂਨਗਰ ਅਹਿਮਦਾਬਾਦ ਦਾ ਬਾਹਰੀ ਇਲਾਕਾ ਹੈ ਜਿਥੇ 2002 ਦੇ ਕਤਲੇਆਮ ਤੋਂ ਬਾਅਦ ਮੁਸਲਮਾਨ ਆਪਣੀ ਸੁਰੱਖਿਆ ਲਈ ਇਕ ਥਾਂ ਵਸ ਗਏ ਸਨ। ਗ਼ੈਰ ਮੁਸਲਿਮ, ਖਾਸ ਕਰ ਕੇ ਉਚ ਜਾਤੀ ਹਿੰਦੂ ਹਿੱਸੇ ਜੁਹਾਪੁਰਾ ਨੂੰ 'ਪਾਕਿਸਤਾਨ' ਕਹਿੰਦੇ ਹਨ ਅਤੇ ਇਸ ਇਲਾਕੇ ਬਾਰੇ ਐਨੀ ਨਫਰਤ ਭੜਕਾ ਦਿੱਤੀ ਗਈ ਹੈ ਕਿ ਹਿੰਦੂ ਆਟੋ ਵਾਲੇ ਜਾਂ ਟੈਕਸੀ ਵਾਲੇ ਇਸ ਬਸਤੀ ਵਿਚ ਸਵਾਰੀ ਛੱਡਣ ਜਾਣ ਜਾਂ ਉਥੋਂ ਸਵਾਰੀ ਚੁੱਕਣ ਤੋਂ ਸਾਫ ਨਾਂਹ ਕਰ ਦਿੰਦੇ ਹਨ।

# ਲੁਟੇਰਿਆਂ ਦੇ ਜਥਿਆਂ ਦਾ ਸਿੱਖਾਂ ਉਪਰ ਅਸਰ

**ਇਤਿਹਾਸ ਦੇ ਪੰਨੇ**

**ਕੁਝ ਲੇਖਕ ਬਾਰੇ**

ਲੇਖਕ ਜਨਾਬ ਮੁਸਤਫਾ ਡੋਗਰ ਦੇ ਬਜ਼ੁਰਗ ਅੰਮ੍ਰਿਤਸਰ ਨੇੜਲੇ ਪਿੰਡ ਵੱਲ੍ਹਾ ਵੇਰਕਾ ਤੋਂ ਉਠ ਕੇ ਜ਼ਿਲਾ ਸਿਆਲਕੋਟ (ਪਾਕਿਸਤਾਨ) ਦੀ ਤਹਿਸੀਲ ਪਸਰੂਰ ਦੇ ਇਕ ਪਿੰਡ ਜਾ ਵੱਸੇ ਸਨ। ਹੁਣ ਜਨਾਬ ਡੋਗਰ ਇੰਗਲੈਂਡ ਰਹਿੰਦੇ ਹਨ ਅਤੇ ਅਰਥ ਸਾਸ਼ਤਰ ਵਿਚ ਪੀਐਚ.ਡੀ. ਕਰ ਰਹੇ ਹਨ। ਹਥਲੇ ਮਜ਼ਮੂਨ ਉਤੇ ਖੋਜ ਉਨ੍ਹਾਂ ਸੰਨ 2000 ਤੋਂ 2006 ਦੌਰਾਨ ਕੀਤੀ ਸੀ। ਲੇਖਕ ਇਹਿਤਾਸ ਦਾ ਕਦੇ ਵੀ ਵਿਦਿਆਰਥੀ ਨਹੀਂ ਰਿਹਾ। ਉਹ ਤਾਂ ਅਰਥ ਸਾਸ਼ਤਰ ਦਾ ਵਿਦਿਆਰਥੀ ਹੀ ਰਿਹਾ ਹੈ। ਪੰਜਾਬ ਦੀ ਧਰਤੀ ਪ੍ਰਤੀ ਮੋਹ ਹੀ ਉਸ ਨੂੰ ਪੰਜਾਬ ਦੇ ਲੋਕਾਂ ਦੇ ਇਤਿਹਾਸ ਦੇ ਅਧਿਐਨ ਵੱਲ ਲੈ ਤੁਰਿਆ।

***ਅੰਗਰੇਜ਼ਾਂ ਤੋਂ ਪਹਿਲਾਂ ਮੌਜੂਦਾ ਪਾਕਿਸਤਾਨ ਅਤੇ ਭਾਰਤ ਦੇ ਦੂਰ ਦੁਰੇਡੇ ਇਲਾਕਿਆਂ ਵਿਚ ਰਾਜ ਪ੍ਰਬੰਧ ਦੀ ਪਕੜ ਮਜ਼ਬੂਤ ਨਾ ਹੋਣ ਕਾਰਨ ਕਈ ਲੋਕ ਅਤੇ ਕਬੀਲੇ ਚੋਰੀ, ਠੱਗੀ ਤੇ ਲੁੱਟ-ਖੋਹ ਨੂੰ ਹੀ ਆਪਣਾ ਪੇਸ਼ਾ ਬਣਾਈ ਬੈਠੇ ਸਨ। ਐਸੇ ਲੋਕਾਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਉਣ ਲਈ ਅੰਗਰੇਜ਼ਾਂ ਨੇ 'ਕ੍ਰਿਮੀਨਲ ਟਰਾਈਬਜ਼ ਐਕਟ' ਲਾਗੂ ਕਰਕੇ ਬਹੁਤ ਸਾਰੇ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਕੇ ਉਨ੍ਹਾਂ 'ਤੇ ਕਈ ਸਖਤ ਪਾਬੰਦੀਆਂ ਲਾਈਆਂ। ਇਸ ਐਕਟ ਅਧੀਨ ਜ਼ਰਾਇਮ ਪੇਸ਼ਾ ਕਰਾਰ ਦੇਣ ਲਈ ਜੋ ਵਿਧੀ ਅਪਨਾਈ ਜਾਂਦੀ ਸੀ ਅਤੇ ਜਿਨ੍ਹਾਂ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਐਲਾਨਿਆ ਗਿਆ, ਉਸ ਬਾਰੇ ਇੰਗਲੈਂਡ ਰਹਿੰਦੇ ਪਾਕਿਸਤਾਨੀ ਲੇਖਕ ਗੁਲਾਮ ਮੁਸਤਫਾ ਡੋਗਰ ਨੇ ਇੱਕ ਖੋਜ ਭਰਪੂਰ ਲੰਮਾ ਲੇਖ ਲਿਖਿਆ ਹੈ। ਸ਼ਾਹਮੁਖੀ ਵਿਚ ਲਿਖੀ ਇਸ ਲਿਖਤ ਦਾ ਲਿਪੀਅੰਤਰ ਰਾਜਵਿੰਦਰ ਸਿੰਘ ਸਿੱਧੂ ਅਤੇ ਸਰਬਜੀਤ ਸਿੰਘ ਸੰਧੂ ਨੇ ਕੀਤਾ ਹੈ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਪੇਸ਼ ਹੈ, ਇਸ ਰੌਚਿਕ ਇਤਿਹਾਸ ਦੀ ਜਾਣਕਾਰੀ ਭਰਪੂਰ ਅਗਲੀ ਕਿਸ਼ਤ। -ਸੰਪਾਦਕ***

ਇਕ ਪੰਜਾਬੀ ਅਖਾਣ ਹੈ, 'ਖਰਬੂਜ਼ਾ ਖਰਬੂਜ਼ੇ ਨੂੰ ਵੇਖ ਕੇ ਰੰਗ ਫੜਦਾ ਹੈ।' ਜਦੋਂ ਸਿੱਖਾਂ ਨੇ ਵੇਖਿਆ ਕਿ ਅਫਗਾਨੀ ਆਉਂਦੇ ਹਨ ਤੇ ਉਨ੍ਹਾਂ ਦੀ ਲੁੱਟਮਾਰ ਕਰਕੇ ਤੁਰ ਜਾਂਦੇ ਹਨ। ਪਿੰਡਾਰੀਆਂ ਤੇ ਠੱਗਾਂ ਦੇ ਜਥੇ ਵੀ ਇਹੀ ਕੰਮ ਕਰਦੇ ਹਨ। ਗੋਰਖੇ ਵੀ ਆਪਣਾ ਦਾਅ ਲਾ ਜਾਂਦੇ ਹਨ। ਮਰਹੱਟਿਆਂ ਨੇ ਤਾਂ ਹੱਦ ਹੀ ਕਰ ਛੱਡੀ। ਉਹ ਪੰਜਾਬ ਦੀ ਲੁੱਟਮਾਰ ਕਰਦੇ ਲਾਹੌਰ 'ਤੇ ਕਾਬਜ਼ ਹੋ ਗਏ ਨੇ। ਮੁਗਲ ਵੀ ਘੱਟ ਨਹੀਂ ਕਰਦੇ ਭਾਵੇਂ ਕਿ ਉਹ ਹਕੂਮਤ 'ਤੇ ਕਾਬਜ਼ ਹਨ। ਪੰਜਾਬ ਦੇ ਸਿੱਖਾਂ ਨੇ ਸੋਚਿਆ ਹਮੇਸ਼ਾ ਉਹ ਹੀ ਕਿਉਂ ਲੁੱਟ ਦਾ ਸ਼ਿਕਾਰ ਹੋਣ? ਜਦੋਂ ਅਫਗਾਨੀ ਹਮਲਾਵਰ ਆਉਂਦੇ ਤਾਂ ਸਿੱਖ ਬਚਾਅ ਲਈ ਜੰਗਲਾਂ ਵੱਲ ਨੱਸ ਜਾਂਦੇ। ਜਦ



**ਗੁਲਾਮ ਮੁਸਤਫਾ ਡੋਗਰ ਯੂ. ਕੇ.**
ਫੋਨ: +44 78781-32209
E-mail: kotroy@hotmail.co.uk

ਲਿਪੀਅੰਤਰ:ਰਾਜਵਿੰਦਰ ਸਿੰਘ ਸਿੱਧੂ
ਫੋਨ: 91-98555-03224
ਸਰਬਜੀਤ ਸਿੰਘ ਸੰਧੂ
ਫੋਨ: 91-95010-11799

ਅਫਗਾਨੀ ਵਾਪਸ ਚਲੇ ਜਾਂਦੇ ਤਾਂ ਸਿੱਖ ਅਫਗਾਨਾਂ ਦਾ ਗੁੱਸਾ ਪੰਜਾਬੀ ਮੁਸਲਮਾਨਾਂ 'ਤੇ ਕੱਢਦੇ। ਇਤਿਹਾਸਕਾਰ ਲਿਖਦੇ ਹਨ ਕਿ ਸਿੱਖ ਮੁਸਲਮਾਨਾਂ ਦੇ ਪਿੰਡਾਂ ਨੂੰ ਘੇਰ ਕੇ ਅੱਗ ਲਾ ਦਿੰਦੇ ਸਨ, ਜਿਸ 'ਚ ਮੁਸਲਮਾਨ ਸੜ ਜਾਂਦੇ ਸਨ। ਇਸ ਨੂੰ ਸਿੱਖ ਹੋਲਾ ਆਖਦੇ ਸਨ। ਜਿਵੇਂ ਕਿ ਅਸੀਂ ਸਭ ਜਾਣਦੇ ਹਾਂ ਕਿ ਪੰਜਾਬ 'ਚ ਜਦੋਂ ਅਸੀਂ ਕੱਚੇ ਛੋਲਿਆਂ ਨੂੰ ਅੱਗ 'ਤੇ ਭੁੰਨਦੇ ਹਾਂ ਤਾਂ ਉਸ ਨੂੰ ਹੋਲਾਂ ਆਖਿਆ ਜਾਂਦਾ ਹੈ। ਬਾਅਦ 'ਚ ਹੌਲੀ-ਹੌਲੀ ਸਿੱਖਾਂ ਦੀਆਂ 12 ਮਿਸਲਾਂ ਬਣ ਗਈਆਂ, ਜਿਨ੍ਹਾਂ 'ਚੋਂ ਕੁਝ 'ਤੇ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਤੇ ਕੁਝ ਆਜ਼ਾਦ ਵੀ ਰਹਿ ਗਈਆਂ ਜਿਵੇਂ ਫੂਲਕੀਆਂ ਮਿਸਲ ਪਰ ਇਹ ਖਾਲਸਾ ਰਾਜ ਦਾ ਵੱਖਰਾ ਵਿਸ਼ਾ ਹੈ।

**ਡਾਕੂ:** ਪੰਜਾਬ 'ਚ ਉਸ ਸਮੇਂ ਡਾਕੂ ਬਣਨ ਦਾ ਰਿਵਾਜ ਵੀ ਜ਼ੋਰਾਂ 'ਤੇ ਸੀ। ਉਸ ਸਮੇਂ ਜਗੀਰਦਾਰੀ ਸਿਸਟਮ ਸੀ। ਲੋਕ ਜਗੀਰਦਾਰਾਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਡਾਕੂ ਬਣ ਜਾਂਦੇ ਸਨ। ਇੱਕ ਅੰਗਰੇਜ਼ ਲੇਖਕ ਜਿਮ ਕਾਰਬਟ ਨੇ ਆਪਣੀ ਕਿਤਾਬ 'ਮਾਈ ਇੰਡੀਆ' 'ਚ ਵੇਰਵੇ ਸਹਿਤ ਡਾਕੂਆਂ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ, "ਯੂ. ਪੀ. ਦੇ ਸ਼ਹਿਰ ਜੱਬਲਪੁਰ 'ਚ ਇੱਕ ਭਾਂਤੂ ਕੌਮ ਹੁੰਦੀ ਸੀ, ਜੋ ਬਹੁਤ ਹੀ ਜ਼ਰਾਇਮ ਪੇਸ਼ਾ ਸੀ। ਪ੍ਰਸਿੱਧ ਡਾਕੂ ਸੁਲਤਾਨਾ ਵੀ ਇਸ ਕੌਮ 'ਚੋਂ ਹੀ ਹੋਇਆ ਹੈ। (ਡਾਕੂ ਸੁਲਤਾਨਾ 'ਤੇ ਅੱਜ ਕਲ ਬਾਲੀਵੁੱਡ 'ਚ ਫਿਲਮ ਬਣਾਉਣ ਦੀ ਤਿਆਰੀ ਹੋ ਰਹੀ ਹੈ। ਪਾਕਿਸਤਾਨ 'ਚ ਅੱਜ ਤੋਂ 25-30 ਸਾਲ ਪਹਿਲਾਂ ਸੁਲਤਾਨਾ ਡਾਕੂ ਉਪਰ ਫਿਲਮ ਬਣ ਚੁਕੀ ਹੈ।) ਉਸ ਨੇ ਬੜੀ ਦੇਰ ਤੱਕ ਅੰਗਰੇਜ਼ਾਂ ਦੇ ਨੱਕ 'ਚ ਦਮ ਕਰੀ ਰੱਖਿਆ। ਅੰਗਰੇਜ਼ਾਂ ਨੇ ਆਪਣੇ ਮੁਖਬਰਾਂ ਨੂੰ ਉਸ ਦੇ ਗਿਰੋਹ 'ਚ ਸ਼ਾਮਲ ਕਰਵਾ ਕੇ ਧੋਖੇ ਨਾਲ ਉਸ ਨੂੰ ਮਰਵਾ ਦਿੱਤਾ। ਇਨ੍ਹਾਂ ਡਾਕੂਆਂ 'ਚ ਬਹੁਤੇ ਅਫਗਾਨੀ ਪਠਾਣ ਤੇ ਸਿੱਖ ਵੀ ਹੁੰਦੇ ਸਨ। ਪੰਜਾਬ 'ਚ ਉਸ ਸਮੇਂ ਬਹੁਤ ਸਾਰੇ ਲੋਕ ਸ਼ੌਕ ਵਜੋਂ ਹੀ ਡਾਕੂ ਬਣ ਜਾਂਦੇ ਸਨ। ਕੁਝ ਲੋਕ ਸ਼ਾਹੂਕਾਰਾਂ ਤੋਂ ਤੰਗ ਆ ਕੇ ਵੀ ਡਾਕੂ ਬਣ ਜਾਂਦੇ ਸਨ। ਉਹ ਸ਼ਾਹੂਕਾਰਾਂ ਨੂੰ ਲੁੱਟ ਕੇ ਕੁਝ ਪੈਸਾ ਆਮ ਗਰੀਬਾਂ 'ਚ ਵੀ ਵੰਡ ਦਿੰਦੇ ਸਨ। ਜਿਸ ਦੀਆਂ ਕਈ ਮਿਸਾਲਾਂ ਸਾਡੇ ਕੋਲ ਮੌਜੂਦ ਹਨ। ਜਿਸ ਤਰ੍ਹਾਂ ਅਮਰੀਕਾ 'ਚ ਰਾਬਿਨ ਹੁੱਡ ਕਰਦਾ ਸੀ। ਬਾਕੀ ਮਜ਼ਹਬਾਂ ਦੀ ਨਿਸਬਤ ਸਿੱਖ ਆਟੇ 'ਚ ਲੂਣ ਹੀ ਸਨ।

**ਰੱਸਾ ਗਿਰੀ ਜਾਂ ਡੰਗਰ ਚੋਰੀ:** ਇਨ੍ਹਾਂ ਸਮਿਆਂ ਦੌਰਾਨ ਹੀ ਇੱਕ ਹੋਰ ਜੁਰਮ ਜਿਹੜਾ ਬਹੁਤ ਫੈਲਿਆ ਸੀ, ਉਸ ਦਾ ਜ਼ਿਕਰ ਵੀ ਕਰਨਾ ਚਾਹਾਂਗਾ, ਉਹ ਸੀ ਰੱਸਾ ਗਿਰੀ ਜਾਂ ਡੰਗਰ ਚੋਰੀ ਕਿਉਂਕਿ ਉਸ ਦੌਰ 'ਚ ਸਿੰਚਾਈ ਦਾ ਠੀਕ ਪ੍ਰਬੰਧ ਨਾ ਹੋਣ ਕਾਰਨ ਖੇਤੀਬਾੜੀ ਕੋਈ ਜ਼ਿਆਦਾ ਪ੍ਰਫੁਲਿਤ ਧੰਦਾ ਨਹੀਂ ਸੀ। ਲੋਕਾਂ ਦਾ ਮੁੱਖ ਕੰਮ ਪਸ਼ੂ ਪਾਲਣ ਹੋ ਗਿਆ। ਮੁਗਲਾਂ ਦੇ ਆਖਰੀ ਦੌਰ 'ਚ ਇਹ ਕੰਮ ਸਿਖਰ 'ਤੇ ਸੀ। ਇਸ ਕੰਮ 'ਚ ਸ਼ਾਮਿਲ ਚੌਧਰੀ ਕਿਸਮ ਦੇ ਲੋਕਾਂ ਨੇ ਰੱਸਾ ਗਿਰੀ ਕਰਵਾਉਣ ਲਈ ਬੰਦੇ ਰੱਖੇ ਹੁੰਦੇ ਸਨ ਜਾਂ ਕਹਿ ਲਓ ਚੋਰ ਰੱਖੇ ਸਨ। ਜਦ ਕਿਸੇ ਦਾ ਪਸ਼ੂ ਚੋਰੀ ਹੋ ਜਾਵੇ ਤੇ ਭਾਲ ਕਰਨ 'ਤੇ ਵੀ ਉਸ ਦਾ ਖੁਰਾ ਖੋਜ ਨਾ ਮਿਲੇ ਤਾਂ ਉਹ ਚੌਧਰੀ ਜਾਂ ਵੱਡੇ ਸਰਦਾਰ ਨੂੰ ਮਦਦ ਲਈ ਕਹਿੰਦੇ, ਜਿਨ੍ਹਾਂ ਦਾ ਇਨ੍ਹਾਂ ਚੋਰਾਂ ਨਾਲ ਰਾਬਤਾ ਹੁੰਦਾ ਸੀ ਤੇ ਇਹ ਚੋਰਾਂ ਤੋਂ ਡੰਗਰ ਵਾਪਸ ਕਰਵਾ ਦਿੰਦੇ ਸਨ ਪਰ ਇਸ ਦੇ ਇਵਜ਼ 'ਚ ਪਸ਼ੂ ਦੀ ਕੀਮਤ ਦਾ ਤੀਜਾ ਜਾਂ ਚੌਥਾ ਹਿੱਸਾ ਵਸੂਲ ਕਰਦੇ ਸਨ। ਜਿਹੜੀ ਰਕਮ ਲੋਕ ਆਪਣੇ ਪਸ਼ੂ ਨੂੰ ਲੱਭਣ ਲਈ ਚੌਧਰੀ ਨੂੰ ਦਿੰਦੇ, ਉਸ ਨੂੰ 'ਭੁੰਗ' ਆਖਿਆ ਜਾਂਦਾ ਸੀ। ਪੰਜਾਬ 'ਚ ਇਹ ਕੰਮ ਕਾਫੀ ਵੱਡੇ ਪੱਧਰ 'ਤੇ ਹੁੰਦਾ ਰਿਹਾ, ਖਾਸ ਕਰਕੇ ਦਰਿਆਈ ਇਲਾਕਿਆਂ 'ਚ। ਦਰਿਆ ਦੇ ਇੱਕ ਪਾਰ ਤੋਂ ਦੂਸਰੇ ਪਾਰ ਪਸ਼ੂ ਲੈ ਜਾਏ ਜਾਂਦੇ ਕਿਉਂਕਿ ਪੈੜ ਪਾਰ ਕਰਨ ਮਗਰੋਂ ਕੋਈ ਸਬੂਤ ਨਹੀਂ ਸੀ ਲੱਭਦਾ। ਪੰਜਾਬ ਦੀਆਂ ਬਾਰਾਂ ਵੀ ਇਸ ਕੰਮ ਤੋਂ ਬਚੀਆਂ ਨਹੀਂ ਸਨ। ਕਈ ਵਾਰ ਲੋਕਾਂ ਨੂੰ 'ਭੁੰਗ' ਰਕਮ ਦੇ ਕੇ ਪਸ਼ੂ ਵਾਪਸ ਮਿਲ ਜਾਂਦੇ ਤੇ ਨਾਲ ਦੀ ਨਾਲ ਇਹ ਵੀ ਪਤਾ ਲੱਗ ਜਾਂਦਾ ਕਿ ਇਹ ਕੰਮ ਕਿਸ ਨੇ ਕਰਵਾਇਆ ਹੈ ਤੇ ਫਿਰ ਉਹ ਵੀ ਕਿਸੇ ਦੂਸਰੇ ਗਰੋਹ ਰਾਹੀਂ ਉਸ ਦੇ ਡੰਗਰ ਚੋਰੀ ਕਰਵਾ ਦਿੰਦੇ। ਇਹ ਸ਼ਰੀਕਾ ਪੰਜਾਬ ਦੇ ਪਿੰਡਾਂ 'ਚ ਆਮ ਹੀ ਚੱਲਦਾ ਸੀ।

**ਚੋਰਾਂ-ਡਾਕੂਆਂ ਦੀ ਸਮਾਜਕ ਹੈਸੀਅਤ:** ਉਨ੍ਹਾਂ ਸਮਿਆਂ ਵਿਚ ਪੰਜਾਬੀ ਸਮਾਜ ਅੰਦਰ ਚੋਰੀ ਤੇ ਡਾਕੇ ਨੂੰ ਕੋਈ ਬੁਰਾ ਕੰਮ ਨਹੀਂ ਸੀ ਸਮਝਿਆ ਜਾਂਦਾ। ਇਹ ਕੰਮ ਕਰਨ ਵਾਲੇ ਨੂੰ ਸੂਰਬੀਰ ਮੰਨਿਆ ਜਾਂਦਾ ਤੇ ਨਾ ਕਰਨ ਵਾਲੇ ਨੂੰ ਡਰਪੋਕ। ਪੰਜਾਬ ਦੇ ਕਈ ਹਿੱਸਿਆਂ 'ਚ ਇਹ ਰਿਵਾਜ ਸੀ ਕਿ ਕੋਈ ਗੱਭਰੂ ਉਨਾ ਚਿਰ ਸਿਰ 'ਤੇ ਪੱਗ ਨਹੀਂ ਸੀ ਬੰਨ੍ਹਦਾ, ਜਿੰਨਾ ਚਿਰ ਉਹ ਚੋਰੀ-ਡਾਕੇ ਦੀ ਵਾਰਦਾਤ ਨਾ ਕਰ ਲੈਂਦਾ। ਨਾ ਹੀ ਉਨਾ ਚਿਰ ਉਸ ਦਾ ਵਿਆਹ ਹੁੰਦਾ ਸੀ। ਇਹ

***ਉਨ੍ਹਾਂ ਸਮਿਆਂ ਵਿਚ ਪੰਜਾਬੀ ਸਮਾਜ ਅੰਦਰ ਚੋਰੀ ਤੇ ਡਾਕੇ ਨੂੰ ਕੋਈ ਬੁਰਾ ਕੰਮ ਨਹੀਂ ਸੀ ਸਮਝਿਆ ਜਾਂਦਾ। ਇਹ ਕੰਮ ਕਰਨ ਵਾਲੇ ਨੂੰ ਸੂਰਬੀਰ ਮੰਨਿਆ ਜਾਂਦਾ ਤੇ ਨਾ ਕਰਨ ਵਾਲੇ ਨੂੰ ਡਰਪੋਕ। ਪੰਜਾਬ ਦੇ ਕਈ ਹਿੱਸਿਆਂ 'ਚ ਇਹ ਰਿਵਾਜ ਸੀ ਕਿ ਕੋਈ ਗੱਭਰੂ ਉਨਾ ਚਿਰ ਸਿਰ 'ਤੇ ਪੱਗ ਨਹੀਂ ਸੀ ਬੰਨ੍ਹਦਾ, ਜਿੰਨਾ ਚਿਰ ਉਹ ਚੋਰੀ-ਡਾਕੇ ਦੀ ਵਾਰਦਾਤ ਨਾ ਕਰ ਲੈਂਦਾ। ਨਾ ਹੀ ਉਨਾ ਚਿਰ ਉਸ ਦਾ ਵਿਆਹ ਹੁੰਦਾ ਸੀ।***

ਪੇਸ਼ਾ ਸਮਾਜ 'ਚ ਬਹਾਦਰੀ ਦੇ ਚਿੰਨ੍ਹਾਂ ਵਜੋਂ ਪ੍ਰਚਲਿਤ ਸੀ। ਇਸ ਬਾਰੇ ਜਿਮ ਕਾਰਬਟ ਆਪਣੀ ਪੁਸਤਕ 'ਮਾਈ ਇੰਡੀਆ' 'ਚ ਲਿਖਦਾ ਹੈ ਕਿ ਬ੍ਰਿਟਿਸ਼ ਹਕੂਮਤ ਨੇ ਬੜੀ ਕੋਸ਼ਿਸ਼ ਕੀਤੀ ਕਿ ਇਸ ਚੋਰੀ ਦੇ ਪੇਸ਼ੇ ਨੂੰ ਲੋਕ ਮਾਨਸਿਕਤਾ 'ਚੋਂ ਕੱਢਿਆ ਜਾਵੇ। ਇਸ ਲਈ ਹਕੂਮਤ ਵੱਲੋਂ ਚੋਰੀ ਦੇ ਪੇਸ਼ੇ 'ਚ ਲੱਗੇ ਲੋਕਾਂ ਨੂੰ ਮੁਫਤ ਜ਼ਮੀਨਾਂ ਵੀ ਦਿੱਤੀਆਂ ਗਈਆਂ ਤਾਂ ਕਿ ਉਹ ਖੇਤੀਬਾੜੀ ਕਰਕੇ ਖੁਸ਼ਹਾਲ ਹੋਣ ਤੇ ਚੋਰੀ ਦੇ ਧੰਦੇ ਤੋਂ ਨਿਜਾਤ ਪਾ ਸਕਣ ਪਰ ਫਿਰ ਵੀ ਜ਼ਰਾਇਮ 'ਚ ਕੋਈ ਖਾਸ ਕਮੀ ਨਾ ਆਈ। ਅੰਗਰੇਜ਼ਾਂ ਨੇ ਇਸ ਪਾਸੇ ਖਾਸ ਧਿਆਨ ਦਿੱਤਾ ਤੇ ਇਸ ਗੱਲ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕੀਤੀ ਕਿ ਉਹ ਕਿਹੜਾ ਕਾਰਨ ਹੈ ਜੋ ਲੋਕਾਂ ਨੂੰ ਜ਼ਰਾਇਮ ਤੋਂ ਦੂਰ ਨਹੀਂ ਜਾਣ ਦਿੰਦਾ। ਉਨ੍ਹਾਂ ਨੇ ਜਾਣਿਆ ਕਿ ਇਸ ਸਭ ਦਾ ਕਾਰਨ ਕੁੜੀਆਂ ਹਨ। ਉਸ ਵਕਤ ਕੁੜੀਆਂ ਉਸ ਬੰਦੇ



*ਸਾਂਸੀ ਕਬੀਲੇ ਦਾ ਇਕ ਟੱਪਰੀਵਾਸ ਪਰਿਵਾਰ*

ਨਾਲ ਵਿਆਹ ਕਰਨ ਲਈ ਤਿਆਰ ਨਹੀਂ ਸਨ ਹੁੰਦੀਆਂ, ਜਿਹੜਾ ਧਾੜਵੀ ਜਾਂ ਡਾਕੂ ਨਾ ਹੋਵੇ। ਸ਼ਰੀਫ ਆਦਮੀ ਨੂੰ ਕੋਈ ਕੁੜੀ ਪਸੰਦ ਨਹੀਂ ਸੀ ਕਰਦੀ।

**ਚੋਰੀ-ਡਾਕੇ ਦੀ ਸਿਖਲਾਈ:** ਜਿਮ ਕਾਰਬਟ ਆਪਣੀ ਕਿਤਾਬ 'ਮਾਈ ਇੰਡੀਆ' 'ਚ ਲਿਖਦਾ ਹੈ, "ਕਬੀਲਿਆਂ ਦੇ ਬਜ਼ੁਰਗ ਆਪਣੀ ਨੌਜਵਾਨ ਪੀੜ੍ਹੀ ਨੂੰ ਚੋਰੀ ਡਾਕੇ ਮਾਰਨ ਦੀ ਸਿਖਲਾਈ ਦਿੰਦੇ ਸਨ। ਉਹ ਤਿੰਨ ਗੱਲਾਂ 'ਤੇ ਜ਼ੋਰ ਦਿੰਦੇ- ਪਹਿਲੀ, ਹਰ ਨੌਜਵਾਨ ਇਕੱਲਾ ਚੋਰੀ ਕਰੇਗਾ। ਦੂਜੀ, ਉਹ ਆਬਾਦੀ ਤੋਂ ਹਟਵੇਂ ਇਲਾਕੇ 'ਚ ਚੋਰੀ ਕਰੇਗਾ। ਤੀਜੀ, ਉਹ ਵਾਰਦਾਤ ਕਰਦਿਆਂ ਕਿਸੇ ਨੂੰ ਜਾਨੋਂ ਨਹੀਂ ਮਾਰੇਗਾ।"

**ਜ਼ਰਾਇਮ ਨਾਲ ਜੁੜੇ ਵਹਿਮ-ਭਰਮ ਤੇ ਲੋਕ ਵਿਸ਼ਵਾਸ:** ਵਹਿਮ-ਭਰਮ ਤੇ ਵਿਸ਼ਵਾਸ ਲੋਕ ਮਾਨਸ ਦੇ ਪ੍ਰਗਟਾਅ ਦੇ ਦੋ ਅਹਿਮ ਪਹਿਲੂ ਹਨ। ਦੋਵੇਂ ਹੀ ਆਪਸ 'ਚ ਇਸ ਤਰ੍ਹਾਂ ਸਮਾਏ ਹੋਏ ਹਨ ਕਿ ਦੋਹਾਂ ਨੂੰ ਵੱਖਰੇ ਰੂਪ 'ਚ ਵੇਖਣਾ ਮੁਸ਼ਕਿਲ ਲੱਗਦਾ ਹੈ। ਵਹਿਮ-ਭਰਮ ਦਾ ਆਧਾਰ ਡਰ, ਤੌਖਲਾ ਤੇ ਸ਼ੰਕੇ ਦੀ ਭਾਵਨਾ ਹੁੰਦੀ ਹੈ, ਜਿਸ ਦੇ ਸਾਹਮਣੇ ਇਨਸਾਨ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਦਾ ਹੈ ਤੇ ਗੈਰ ਮਨੁੱਖੀ ਵਰਤਾਰਿਆਂ ਨੂੰ ਗੈਬੀ ਸ਼ਕਤੀਆਂ ਦਾ ਚਮਤਕਾਰ ਮੰਨਦਿਆਂ ਇਹ ਵਿਸ਼ਵਾਸ ਕਰ ਲੈਂਦਾ ਹੈ ਕਿ ਜਿੰਨੀ ਦੇਰ ਇਨ੍ਹਾਂ ਸ਼ਕਤੀਆਂ ਨੂੰ ਖਤਮ ਨਹੀਂ ਕਰ ਲੈਂਦਾ, ਕੰਮ ਰਾਸ ਨਹੀਂ ਆਵੇਗਾ। ਇਸੇ ਤਰ੍ਹਾਂ ਹੀ ਕੁਝ ਵਹਿਮ-ਭਰਮ ਤੇ ਵਿਸ਼ਵਾਸ ਜ਼ਰਾਇਮ ਪੇਸ਼ਾ ਲੋਕਾਂ ਨਾਲ ਵੀ ਜੁੜੇ ਹੋਏ ਸਨ। ਜਿਸ ਦਾ ਰਿਕਾਰਡ ਮੇਰੇ ਕੋਲ ਮੌਜੂਦ ਹੈ।

**ਸਾਂਸੀਆਂ ਦੇ ਵਹਿਮ:** ਸਾਂਸੀ ਇਕ ਟੱਪਰੀਵਾਸ ਕਬੀਲਾ ਹੋਇਆ ਕਰਦਾ ਸੀ। ਇਨ੍ਹਾਂ ਬਾਰੇ ਰਵਾਇਤੀ ਤੌਰ 'ਤੇ ਕਿਹਾ ਜਾਂਦਾ ਹੈ ਕਿ ਚੋਰੀ ਕਰਨਾ ਉਨ੍ਹਾਂ ਵਿਚ ਆਮ ਰਿਵਾਜ ਸੀ। ਸਾਂਸੀਆਂ ਬਾਰੇ ਲਿਖਿਆ ਮਿਲਦਾ ਹੈ ਕਿ ਚੋਰੀ ਦੇ ਨਾਲ ਸਬੰਧਤ ਇਨ੍ਹਾਂ ਦੇ ਕੀ ਵਹਿਮ ਸਨ। ਜਦੋਂ ਸਾਂਸੀਆਂ ਨੇ ਚੋਰੀ ਕਰਨੀ ਹੁੰਦੀ ਤਾਂ ਇਹ ਚੰਨ ਦੀ 9 ਜਾਂ 10 ਤਰੀਕ ਨੂੰ ਰਾਤ ਦੇ ਇੱਕ ਪਹਿਰ ਬਾਕੀ ਰਹਿੰਦਿਆਂ ਹਲਵਾ ਬਣਾਉਂਦੇ। ਆਪਣੇ ਘਰਾਂ ਦੀਆਂ ਕੁਆਰੀਆਂ ਕੁੜੀਆਂ ਨੂੰ ਇਕੱਠਾ ਕਰਕੇ ਉਨ੍ਹਾਂ ਦੇ ਹੱਥਾਂ 'ਤੇ ਮਹਿੰਦੀ ਲਾਉਂਦੇ। ਫਿਰ ਇਨ੍ਹਾਂ ਲੜਕੀਆਂ ਨੂੰ ਪੰਜ-ਪੰਜ ਕੌਡੀਆਂ (ਰੁਪਏ-ਪੈਸੇ) ਦਿੰਦੇ। ਸਾਂਸੀਆਂ ਦੇ ਜਿਨ੍ਹਾਂ ਬੰਦਿਆਂ ਨੇ ਚੋਰੀ ਲਈ ਜਾਣਾ ਹੁੰਦਾ, ਉਹ ਇਨ੍ਹਾਂ ਲੜਕੀਆਂ ਤੋਂ ਭੀਖ ਮੰਗਦੇ। ਬਣਾਇਆ ਗਿਆ ਜਿੰਨਾ ਹਲਵਾ ਕੁਆਰੀਆਂ ਲੜਕੀਆਂ ਨੂੰ ਦਿੱਤਾ ਜਾਂਦਾ, ਉਨ੍ਹਾਂ ਹੀ ਹਲਵਾ ਇਹ ਆਪ ਖਾਂਦੇ। ਜਿਸ ਹਥਿਆਰ ਨੂੰ ਇਹ ਸੰਨ ਲਾਉਣ ਲਈ ਵਰਤਦੇ, ਉਸ ਨੂੰ ਆਪਣੇ ਸਰ੍ਹਾਣੇ ਰੱਖ ਕੇ ਕੁਝ ਦੇਰ ਲਈ ਸੌਂ ਜਾਂਦੇ ਤੇ ਫਿਰ ਇਕੱਠੇ ਹੋ ਕੇ ਚੋਰੀ ਕਰਨ ਨਿਕਲਦੇ। ਇਸ ਤਰ੍ਹਾਂ ਇਨ੍ਹਾਂ ਨੂੰ ਆਪਣੇ ਕੰਮ 'ਚ ਸਫਲ ਹੋਣ ਦਾ ਵਿਸ਼ਵਾਸ ਬੱਝ ਜਾਂਦਾ ਸੀ।

**ਅਸ਼ੁੱਭ ਸਗਨ:** ਸਾਂਸੀਆਂ ਦੇ ਹਫਤੇ ਦੇ ਦਿਨਾਂ ਨਾਲ ਸਬੰਧਤ ਵੀ ਕੁਝ ਵਹਿਮ-ਭਰਮ ਸਨ। ਸਾਂਸੀ ਵੀਰਵਾਰ ਤੇ ਮੰਗਲਵਾਰ ਨੂੰ ਚੋਰੀ ਨਹੀਂ ਸਨ ਕਰਦੇ। ਜੇ ਇਨ੍ਹਾਂ ਦਿਨਾਂ ਦੌਰਾਨ ਚੋਰੀ ਕਰਦੇ ਵੀ ਸਨ ਤਾਂ ਸਿਰਫ ਹਿੰਦੂਆਂ ਦੇ ਘਰ ਹੀ ਲੁੱਟਦੇ। ਇਨ੍ਹਾਂ ਦਿਨਾਂ 'ਚ ਮੁਸਲਮਾਨਾਂ ਦੇ ਘਰਾਂ ਨੂੰ ਨਹੀਂ ਸੀ ਲੁੱਟਿਆ ਜਾਂਦਾ। ਬਾਕੀ ਪੰਜਾਂ ਦਿਨਾਂ 'ਚ ਹਰ ਥਾਂ ਲੁੱਟਮਾਰ ਕਰਦੇ। ਜਿਸ ਰਾਤ ਚੰਨ ਚੜ੍ਹਦਾ, ਸਾਂਸੀ ਉਸ ਰਾਤ ਚੋਰੀ ਨਹੀਂ ਸਨ ਕਰਦੇ। ਅੱਗੇ ਹੋਰ ਵੀ ਕਈ ਵਹਿਮ-ਭਰਮ ਸਨ ਜੋ ਸਾਂਸੀਆਂ ਨੂੰ ਚੋਰੀ ਕਰਨ ਤੋਂ ਰੋਕਦੇ। ਜੇ ਨਹੀਂ ਸਨ ਰੁਕਦੇ ਤਾਂ ਸਾਂਸੀ ਸਮਝਦੇ ਸਨ ਕਿ ਉਹ ਕਿਸੇ ਗੰਭੀਰ ਸੰਕਟ ਦਾ ਸ਼ਿਕਾਰ ਹੋ ਜਾਣਗੇ। ਜੇ ਸਾਂਸੀਆਂ ਨੂੰ ਚੋਰੀ ਕਰਨ ਜਾਂਦਿਆਂ ਰਾਹ 'ਚ ਕੋਈ ਨੰਬਰਦਾਰ, ਸਰਕਾਰੀ ਮੁਲਾਜ਼ਮ ਜਾਂ ਕੁਆਰੀ ਲੜਕੀ ਮਿਲ ਜਾਂਦੀ ਤਾਂ ਇਹ ਚੋਰੀ ਦਾ ਕੰਮ ਅੱਗੇ ਪਾ ਦਿੰਦੇ। ਜੇ ਚੋਰੀ ਕਰਨ ਜਾਂਦਿਆਂ ਰਸਤੇ 'ਚ ਇਨ੍ਹਾਂ ਦੇ ਹੱਥਾਂ 'ਚੋਂ ਸੋਟਾ ਜਾਂ ਡਾਂਗ ਡਿੰਗ ਪੈਂਦਾ, ਸੱਜੇ ਪਾਸੇ ਗਿੱਦੜ ਹਵਾਂਕਦੇ ਜਾਂ ਕੁੱਤਾ ਭੌਂਕਦਾ, ਮੂੰਹ ਸਾਹਮਣੇ ਕੋਈ ਗਧਾ ਹਿਣਕਦਾ, ਰਸਤੇ 'ਚ ਕੋਈ ਬੰਦਾ ਪੁੱਛ ਲਵੇ 'ਤੁਸੀਂ ਕੌਣ ਹੋ ਭਾਈ', ਕੋਈ ਜਾਨਵਰ ਜਾਂ ਆਦਮੀ ਸੱਜੇ ਪਾਸੇ ਤੋਂ ਨਿਕਲ ਕੇ ਖੱਬੇ ਪਾਸੇ ਵੱਲ ਚਲਾ ਜਾਂਦਾ ਤਾਂ ਇਸ ਨੂੰ ਬਦਸ਼ਗਨੀ ਸਮਝ ਕੇ ਚੋਰੀ ਕਰਨ ਨਾ ਜਾਂਦੇ।

**ਸ਼ੁਭ ਸਗਨ:** ਇਸੇ ਤਰ੍ਹਾਂ ਹੀ ਕੁਝ ਵਹਿਮ ਭਰਮ ਅਜਿਹੇ ਵੀ ਸਨ, ਜਿਨ੍ਹਾਂ ਨੂੰ ਸਾਂਸੀ ਆਪਣੇ ਕਾਰਜ ਲਈ ਸ਼ੁਭ ਮੰਨਦੇ ਅਤੇ ਵਿਸ਼ਵਾਸ ਕਰਦੇ ਸਨ ਕਿ ਇਸ ਤਰ੍ਹਾਂ ਹੋਣ ਨਾਲ ਇਨ੍ਹਾਂ ਨੂੰ ਆਪਣੇ ਕੰਮ 'ਚ ਸਫਲਤਾ ਜ਼ਰੂਰ ਮਿਲੇਗੀ। ਉਹ ਸਨ, ਚੋਰੀ ਕਰਨ ਜਾਂਦਿਆਂ ਕੋਈ ਗੱਡਾ ਮਿਲ ਜਾਵੇ, ਜਿਸ ਅੱਗੇ ਖੱਚਰ, ਗਧਾ, ਬਲਦ ਜਾਂ ਊਠ ਜੁੜਿਆ ਹੋਵੇ ਤੇ ਗੱਡੇ 'ਤੇ ਬਹੁਤ ਸਾਰਾ ਸਮਾਨ ਲੱਦਿਆ ਹੋਵੇ-ਸਾਂਸੀ ਇਸ ਨੂੰ ਬੜਾ ਮੁਬਾਰਕ ਵਕਤ ਸਮਝਦੇ। ਇਸ ਤੋਂ ਇਲਾਵਾ ਜੇ ਕੋਈ ਵਣਜਾਰਾ ਰਸਤੇ 'ਚ ਮਿਲੇ ਪਰ ਉਹ ਖਾਲੀ ਹੱਥ ਨਾ ਹੋਵੇ, ਰਸਤੇ 'ਚ ਕੋਈ ਜੰਞ ਆਉਂਦੀ ਮਿਲ ਜਾਵੇ, ਜਿਸ ਪਿੰਡ ਚੋਰੀ ਕਰਨ ਜਾਣਾ ਹੋਵੇ ਉਥੇ ਕੋਈ ਗਧਾ ਹਿਣਕਦਾ, ਕੋਈ ਔਰਤ ਪਾਣੀ ਦਾ ਘੜਾ ਲੈ ਕੇ ਆਉਂਦੀ ਮਿਲ ਜਾਵੇ, ਕੋਈ ਕਿਸਾਨ ਆਪਣੀ ਫਸਲ ਸਿਰ 'ਤੇ ਚੁੱਕ ਕੇ ਲਿਜਾਂਦਾ ਮਿਲ ਜਾਵੇ, ਰਸਤੇ 'ਚ ਜਾਂਦਿਆਂ ਕੋਈ ਸੱਪ ਮਿਲ ਜਾਵੇ ਅਤੇ ਇਹ ਉਸ ਨੂੰ ਮਾਰ ਦੇਣ, ਰਸਤੇ 'ਚ ਕੋਈ ਬੰਦਾ ਗੁੜ ਜਾਂ ਸ਼ੱਕਰ ਖਾਂਦਾ ਮਿਲ ਜਾਵੇ-ਸਾਂਸੀ ਇਸ ਸਭ ਨੂੰ ਸ਼ੁਭ ਮੰਨਦੇ ਅਤੇ ਸਮਝਦੇ ਸਨ ਕਿ ਇਸ ਸੁਭਾਗ ਸਮੇਂ ਚੋਰੀ ਕਰਨ 'ਚ ਸਫਲਤਾ ਲਾਜ਼ਮੀ ਮਿਲੇਗੀ।

**ਮਿਉ ਤੇ ਗੁੱਜਰ:** ਅੱਜ ਜ਼ਮਾਨਾ ਬਦਲ ਗਿਆ ਹੈ ਅਤੇ ਮਿਉ ਤੇ ਗੁੱਜਰ ਕਬੀਲੇ ਵਿਕਸਿਤ ਅਤੇ ਅਮਨ ਪਸੰਦ ਕਬੀਲਿਆਂ ਦੇ ਤੌਰ 'ਤੇ ਜਾਣੇ ਜਾਂਦੇ ਹਨ ਪਰ ਪਿਛਲੇ ਸਮਿਆਂ ਵਿਚ ਉਨ੍ਹਾਂ ਵਿਚ ਵੀ ਚੋਰੀ ਕਰਨ ਦਾ ਰਿਵਾਜ਼ ਹੁੰਦਾ ਸੀ। ਉਨ੍ਹਾਂ ਦੇ ਵੀ ਸਾਂਸੀਆਂ ਵਾਂਗ ਜ਼ਰਾਇਮ ਕਰਨ ਨਾਲ ਸਬੰਧਤ ਕੁਝ ਵਹਿਮ-ਭਰਮ ਸਨ, ਜਿਨ੍ਹਾਂ ਨੂੰ ਉਹ ਆਪਣੇ ਲਈ ਸ਼ੁਭ ਜਾਂ ਅਸ਼ੁਭ ਮੰਨਦੇ। ਚੋਰੀ ਕਰਨ ਦਾ ਇਨ੍ਹਾਂ ਦਾ ਆਪਣਾ ਤਰੀਕਾ ਹੁੰਦਾ। ਪਰ ਇਨ੍ਹਾਂ ਦੋਹਾਂ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦਿੱਤਾ ਗਿਆ।

**ਚੋਰੀ ਦੀ ਤਿਆਰੀ ਦਾ ਢੰਗ:** ਮਿਉ ਤੇ ਗੁੱਜਰਾਂ ਨੇ ਜਿਸ ਰਾਤ ਚੋਰੀ ਲਈ ਜਾਣਾ ਹੁੰਦਾ, ਉਸ ਰਾਤ ਇੱਕ ਮਿੱਟੀ ਦੇ ਭਾਂਡੇ 'ਚ ਦਹੀਂ ਜਮਾਉਂਦੇ। ਦਹੀਂ ਜਮਾਉਣ ਵੇਲੇ ਇਹ ਧਿਆਨ ਰੱਖਿਆ ਜਾਂਦਾ ਕਿ ਇਸ ਉਪਰ ਕਿਸੇ ਔਰਤ ਦਾ ਪਰਛਾਵਾਂ ਨਾ ਪਵੇ। ਜਿਸ ਜਗ੍ਹਾ ਦਹੀਂ ਜਮਾਇਆ ਜਾਂਦਾ, ਉਥੇ ਇੱਕ ਚੌਂਕੇ ਉਪਰ ਘਿਉ ਦਾ ਦੀਵਾ ਬਾਲ ਕੇ ਰੱਖਿਆ ਜਾਂਦਾ। ਇਸ ਜਗ੍ਹਾ 'ਤੇ ਹੀ ਥਾਲੀ 'ਚ ਇੱਕ ਮੁਰਗਾ ਕੱਟਦੇ। ਮੁਰਗੇ ਦੇ ਖੂਨ ਨੂੰ ਕੋਰੇ ਬਰਤਨ 'ਚ ਜਮਾਂ ਕਰ ਲੈਂਦੇ ਤੇ ਫਿਰ ਇਸ ਖੂਨ ਨੂੰ ਹਲਾਲ ਕੀਤੇ ਉਸੇ ਚਿੱਟੇ ਮੁਰਗੇ ਉਪਰ ਛਿੜਕਦੇ। ਇਸ ਖੂਨ 'ਚੋਂ ਹੀ ਇਹ ਆਪਣੇ ਮੱਥੇ ਉਪਰ ਤਿਲਕ ਲਾ ਲੈਂਦੇ। ਇਹ ਉਸ ਚੌਂਕੇ ਦੇ ਸੱਤ ਚੱਕਰ ਕੱਟਦੇ, ਜਿਸ ਉਤੇ ਘਿਉ ਦਾ ਦੀਵਾ ਤੇ ਚਿੱਟੇ ਮੁਰਗੇ ਨੂੰ ਕੱਟ ਕੇ ਰੱਖਿਆ ਹੁੰਦਾ। ਇਸ ਤੋਂ ਬਾਅਦ ਇਹ ਗੁੱਗਲ ਬਾਲ ਕੇ ਉਸ ਦੀ ਧੂੜੀ ਆਪਣੇ ਸਰੀਰ 'ਤੇ ਲਾ ਲੈਂਦੇ ਤੇ ਚੋਰੀ ਕਰਨ ਲਈ ਤਿਆਰ ਹੋ ਜਾਂਦੇ।

**ਅਸ਼ੁਭ ਸਗਨ:** ਮਿਉ ਤੇ ਗੁੱਜਰ ਵੀ ਹਫਤੇ ਦੇ ਦੋ ਦਿਨ ਵੀਰਵਾਰ ਦੀ ਰਾਤ ਤੇ ਸ਼ੁੱਕਰਵਾਰ ਨੂੰ ਚੋਰੀ ਕਰਨਾ ਅਸ਼ੁੱਭ ਮੰਨਦੇ ਸਨ। ਇਹ ਮਹੀਨੇ ਦੀਆਂ 8, 18, ਤੇ 28 ਮਿਤੀਆਂ ਨੂੰ ਚੋਰੀ ਦੇ ਹਵਾਲੇ ਨਾਲ ਚੰਗਾ ਨਹੀਂ ਸੀ ਸਮਝਦੇ। ਜਦੋਂ ਇਹ ਚੋਰੀ ਕਰਨ ਜਾਂਦੇ ਤਾਂ ਪਿੱਛੇ ਮੁੜ ਕੇ ਨਹੀਂ ਸਨ ਵੇਖਦੇ। ਜੇ ਕੋਈ ਪਿੱਛੇ ਮੁੜ ਕੇ ਵੇਖ ਲੈਂਦਾ ਤਾਂ ਇਸ ਗੱਲ ਨੂੰ ਬਦਸ਼ਗਨੀ ਮੰਨਦਿਆਂ ਚੋਰੀ ਦਾ ਕੰਮ ਟਾਲ ਦਿੰਦੇ ਤੇ ਵਾਪਸ ਮੁੜ ਆਉਂਦੇ। ਬਿੱਲੀ ਦੇ ਰਸਤਾ ਕੱਟ ਜਾਣ ਨੂੰ ਵੀ ਮਾੜਾ ਸਮਝਦੇ। ਕਿਸੇ ਆਦਮੀ ਦਾ ਨਿੱਛ ਮਾਰ ਦੇਣਾ ਵੀ ਇਨ੍ਹਾਂ ਲਈ ਮਨਹੂਸ ਘੜੀ ਦਾ ਸੂਚਕ ਸੀ। ਇਸ ਤੋਂ ਬਿਨਾ ਕਿਸੇ ਕੁੱਤੇ ਦਾ ਰੋਣਾ, ਕਿਸੇ ਦੀ ਖੱਬੀ ਅੱਖ ਤੇ ਹੱਥ ਦਾ ਫਰਕਣਾ, ਰਸਤੇ 'ਚ ਕਿਸੇ ਆਦਮੀ ਦਾ ਰੋਕਣਾ ਤੇ ਟੋਕਣਾ ਕਿ ਤੁਸੀਂ ਕੌਣ ਹੋ ਭਾਈ ਤੇ ਕਿਧਰ ਚੱਲੇ ਹੋ, ਨੂੰ ਆਪਣੇ ਲਈ ਮਾੜਾ ਸਮਝਦੇ ਤੇ ਚੋਰੀ ਦਾ ਕੰਮ ਅੱਗੇ ਪਾ ਦਿੰਦੇ।

**ਸ਼ੁਭ ਸਗਨ:** ਮਿਉ ਤੇ ਗੁੱਜਰ ਚੋਰੀ ਕਰਨ ਵੇਲੇ ਸ਼ੁੱਭ ਸ਼ਗਨਾਂ ਦਾ ਖਾਸ ਖਿਆਲ ਰੱਖਦੇ। ਮਸਲਨ ਜਦੋਂ ਚੋਰੀ ਕਰਨ ਜਾਣਾ ਹੁੰਦਾ ਤਾਂ ਸੱਜੇ ਪਾਸੇ ਤਿੱਤਰ ਬੋਲੇ, ਹਿਰਨ ਸੱਜੇ ਪਾਸੇ ਤੋਂ ਨਿਕਲ ਕੇ ਖੱਬੇ ਪਾਸੇ ਚਲਾ ਜਾਵੇ, ਲੂੰਬੜ ਪਿਛਲੇ ਪਾਸੇ ਤੋਂ ਬੋਲੇ, ਕੋਈ ਪਾਣੀ ਭਰਨ ਵਾਲਾ ਪਾਣੀ ਦੀ ਮਸ਼ਕ ਲੈ ਕੇ ਸਾਹਮਣੇ ਆਉਂਦਾ ਮਿਲ ਜਾਵੇ, ਕੋਈ ਝਾੜੂ ਮਾਰਨ ਵਾਲਾ ਰਸਤੇ 'ਚ ਮਿਲ ਜਾਵੇ, ਜਾਂ ਕੋਈ ਧੋਬੀ ਮਿਲ ਪਵੇ, ਜਿਸ ਨੇ ਸਿਰ ਉਪਰ ਕੱਪੜੇ ਰੱਖੇ ਹੋਣ, ਕੋਈ ਐਸਾ ਬੰਦਾ ਰਸਤੇ 'ਚ ਮਿਲ ਜਾਵੇ, ਜਿਸ ਨੇ ਸਫੈਦ ਕੱਪੜੇ ਪਹਿਨੇ ਹੋਣ। ਉਪਰੋਕਤ ਸਮੇਂ ਨੂੰ ਇਹ ਆਪਣੇ ਲਈ ਸਾਜ਼ਗਾਰ ਸਮਝਦੇ ਤੇ ਚੋਰੀ ਕਰਨ ਜ਼ਰੂਰ ਜਾਂਦੇ।

ਸਾਨੂੰ ਇਹ ਕਿਤੇ ਵੀ ਲਿਖਿਆ ਨਹੀਂ ਮਿਲਦਾ ਕਿ ਸਿੱਖਾਂ ਦੇ ਵੀ ਚੋਰੀ ਕਰਨ ਜਾਂ ਨਾ ਕਰਨ ਦੇ ਕੁਝ ਢੰਗ ਤੇ ਮਨਹੂਸ ਵਹਿਮ ਭਰਮ ਸਨ। ਕਿਉਂਕਿ ਸਿੱਖ ਅਜਿਹੇ ਹੈ ਹੀ ਨਹੀਂ ਸਨ। ਫਿਰ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਘੋਸ਼ਿਤ ਕਰਨ ਦੀ ਕਾਰਵਾਈ ਸਮਝ ਤੋਂ ਬਾਹਰ ਹੈ।

(ਚਲਦਾ)

# ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰਿਆਂ ਲਈ ਔਖੀ ਘੜੀ

**ਇਸਲਾਮਾਬਾਦ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਧੱਕੇਸ਼ਾਹੀਆਂ ਦਾ ਮਸਲਾ ਕਾਫੀ ਭਖਿਆ ਹੋਇਆ ਹੈ। ਇਥੇ ਕੁਝ ਸਿੱਖਾਂ 'ਤੇ ਧਰਮ ਪਰਿਵਰਤਨ ਲਈ ਦਬਾਅ ਪਾਉਣ ਦੇ ਮਾਮਲੇ ਸਾਹਮਣੇ ਆ ਸਨ। ਪਾਕਿਸਤਾਨ ਦੇ ਫੈਡਰਲ ਕਬਾਇਲੀ ਇਲਾਕੇ (ਫਾਟਾ) ਦੇ ਦੁਆਬਾ ਕਸਬੇ ਦੀ ਮਾਰਕਿਟ ਦੇ ਕੁਝ ਸਿੱਖ ਦੁਕਾਨਦਾਰਾਂ ਨੂੰ ਇਕ ਸਹਾਇਕ ਕਮਿਸ਼ਨਰ ਨੇ ਧਰਮ ਪਰਿਵਰਤਨ ਕਰ ਕੇ ਇਸਲਾਮ ਕਬੂਲ ਕਰਨ ਲਈ ਧਮਕਾਇਆ ਅਤੇ ਉਥੋਂ ਦੇ ਮੁਸਲਿਮ ਦੁਕਾਨਦਾਰਾਂ ਨੂੰ ਇਸ ਗੱਲ ਲਈ ਉਤਸ਼ਾਹਿਤ ਵੀ ਕੀਤਾ।

ਦੱਸ ਦਈਏ ਕਿ ਪਾਕਿਸਤਾਨ ਵਿਚ ਸਿੱਖਾਂ ਨਾਲ ਵਧੀਕੀਆਂ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਅਪਰੈਲ, 2016 ਵਿਚ ਪਿਸ਼ਾਵਰ ਦੇ ਇਕ ਸਿੱਖ ਆਗੂ ਸੂਰਮ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਉਸ ਨੂੰ ਧਮਕੀਆਂ ਮਿਲਦੀਆਂ ਰਹੀਆਂ ਸਨ। ਬਾਅਦ 'ਚ ਤਾਲਿਬਾਨ ਨੇ ਇਸ ਦੀ ਜ਼ਿੰਮੇਵਾਰੀ ਲਈ ਸੀ। ਪਿਛਲੇ ਦਿਨੀਂ ਇਹ ਵੀ ਖਬਰ ਆਈ ਸੀ ਕਿ ਪਾਕਿਸਤਾਨ ਦੀ ਜਨਗਣਨਾ ਦੀ ਸੂਚੀ ਵਿਚ ਸਿੱਖ ਭਾਈਚਾਰੇ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਇਸ ਦਾ ਸਖਤ ਵਿਰੋਧ ਕਰਨ ਤੋਂ ਬਾਅਦ ਜਨਗਣਨਾ ਦੇ ਨਵੇਂ ਫਾਰਮਾਂ 'ਚ ਸਿੱਖ ਧਰਮ ਦੇ ਨਾਲ-ਨਾਲ ਹੋਰ ਘੱਟ ਗਿਣਤੀਆਂ ਨਾਲ ਸਬੰਧਤ ਭਾਈਚਾਰਿਆਂ ਦੇ ਲੋਕਾਂ ਨੂੰ ਵੀ ਸ਼ਾਮਲ ਕਰਨ ਦੇ ਆਦੇਸ਼ ਦਿੱਤੇ ਗਏ।

ਪਾਕਿਸਤਾਨ ਵਿਚ ਹਿੰਦੂਆਂ ਨੂੰ ਵੀ ਨਿੱਤ ਦਿਨ ਤਰ੍ਹਾਂ-ਤਰ੍ਹਾਂ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਅਗਵਾ ਕਰਨ ਅਤੇ ਕੁੱਟਮਾਰ ਦੀਆਂ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਨਾਬਾਲਗ ਹਿੰਦੂ ਲੜਕੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਦੇ ਜਬਰੀ ਮੁਸਲਮਾਨ ਲੜਕਿਆਂ ਨਾਲ ਵਿਆਹ ਕਰਵਾਉਣ ਦੇ ਵੀ ਕਈ ਮਾਮਲੇ ਸਾਹਮਣੇ ਆਏ ਹਨ। ਸਿੰਧ ਤੇ ਬਲੋਚਿਸਤਾਨ ਵਿਚ ਜਗੀਰਦਾਰ ਮੁਸਲਮਾਨਾਂ ਵੱਲੋਂ ਦਰਜਨਾਂ ਹਿੰਦੂਆਂ ਨੂੰ ਬੰਦੂਆ ਮਜ਼ਦੂਰ ਬਣਾ ਕੇ ਰੱਖਣ ਦੀਆਂ ਵੀ ਖਬਰਾਂ ਹਨ। ਪਾਕਿਸਤਾਨ ਵਿਚ 22 ਲੱਖ ਦੇ ਕਰੀਬ ਹਿੰਦੂਆਂ ਦੀ ਵਸੋਂ ਹੈ ਪਰ ਉਹ ਅਕਸਰ ਅਤਿਵਾਦੀਆਂ ਜਾਂ ਭੂਮੀ ਮਾਫੀਆ ਦਾ ਨਿਸ਼ਾਨਾ ਬਣਦੇ ਰਹਿੰਦੇ ਹਨ।

## ਕਮਿਸ਼ਨਰ ਨਾਲ ਮੁਲਾਕਾਤ

**ਨਵੀਂ ਦਿੱਲੀ:** ਸਿੱਖਾਂ ਦਾ ਜਬਰੀ ਧਰਮ ਬਦਲਣ ਦੇ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਵਫਦ ਨੇ ਦਿੱਲੀ ਵਿਚ ਪਾਕਿ ਦੇ ਹਾਈ ਕਮਿਸ਼ਨਰ ਨਾਲ ਮੁਲਾਕਾਤ ਕੀਤੀ। ਵਫਦ ਵੱਲੋਂ ਹਾਈ ਕਮਿਸ਼ਨਰ ਨੂੰ ਇਕ ਮੰਗ ਪੱਤਰ ਸੌਂਪ ਕੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਅਤੇ ਉਥੇ ਰਹਿ ਰਹੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਵੀ ਕੀਤੀ ਗਈ।

## ਪਾਕਿਸਤਾਨ ਕਮੇਟੀ ਵੱਲੋਂ ਸਿਆਸਤ ਨਾ ਕਰਨ ਦੀ ਅਪੀਲ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਨੇ ਭਾਰਤੀ ਸਿੱਖ ਜਥੇਬੰਦੀਆਂ ਨੂੰ ਸਿਆਸਤ ਨਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨਰ ਯਾਕੂਬ ਖਾਂ ਵੱਲੋਂ ਧਰਮ ਪਰਿਵਰਤਨ ਲਈ ਧਮਕਾਉਣ ਬਾਰੇ ਜਾਣਕਾਰੀ ਮਿਲਣ 'ਤੇ ਇਸ ਪ੍ਰਸ਼ਾਸਨਿਕ ਅਧਿਕਾਰੀ ਮੁਅੱਤਲ ਕਰ ਦਿੱਤਾ ਗਿਆ ਤੇ ਸਿੱਖਾਂ ਨੂੰ ਭਰੋਸਾ ਦਿਵਾਇਆ ਕਿ ਅਗਾਂਹ ਸੂਬੇ ਵਿਚ ਅਜਿਹੀ ਕੋਈ ਕਾਰਵਾਈ ਨਹੀਂ ਹੋਵੇਗੀ। ਬੈਠਕ ਦੌਰਾਨ ਯਾਕੂਬ ਖਾਂ ਨੇ ਪੀੜਤ ਸਿੱਖ ਭਾਈਚਾਰੇ ਦੇ ਲੋਕਾਂ ਪਾਸੋਂ ਮੁਆਫੀ ਵੀ ਮੰਗੀ। ਇਸ ਮਾਮਲੇ ਉਤੇ ਸਿਆਸਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ ਮੰਤਰੀ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨੀ ਸਿੱਖਾਂ ਦੀ ਸੁਰੱਖਿਆ ਤੇ ਧਾਰਮਿਕ ਆਜ਼ਾਦੀ ਦੇ ਹੱਕ ਨੂੰ ਸੁਰੱਖਿਅਤ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖ ਗੁਰਧਾਮਾਂ ਦੀਆਂ ਇਮਾਰਤਾਂ 'ਤੇ ਕਬਜ਼ੇ ਅਤੇ ਜਬਰੀ ਧਰਮ ਪਰਿਵਰਤਨ ਦੇ ਮੁੱਦੇ ਗੰਭੀਰ ਹਨ ਤੇ ਇਸ ਸਬੰਧੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਇਕ ਪੱਤਰ ਲਿਖਿਆ ਹੈ। ਉਨ੍ਹਾਂ ਆਖਿਆ ਕਿ ਛੇਤੀ ਹੀ ਇਨ੍ਹਾਂ ਮੁੱਦਿਆਂ 'ਤੇ ਉਹ ਕੇਂਦਰੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਵੀ ਕਰਨਗੇ।


TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366
6-

ਤੁਹਾਡੀ ਆਪਣੀ
MJSB Transportation
ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ
Wanted Owner Operators and Experienced Drivers.
Long and Local Routes, all 50 states. Drivers: 42 cents to 50 cents per mile.


Owner Operators: With own Truck/Trailer get 92% of gross (6% Dispatch+ Insurance). Using company trailer get 80% of gross.
Direct deposit available. Money goes next day after load in your account.
■ਜੇ ਤੁਹਾਨੂੰ ਟਰੱਕ ਦੇ ਲੋਡ ਬੁਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ
(ਤੁਸੀਂ 6000 ਤੋਂ 8000 ਡਾਲਰ ਪ੍ਰਤੀ ਹਫਤੇ ਕਮਾ ਸਕਦੇ ਹੋ, ਗਾਰੰਟੀ)
■ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ
(ਨਵੇਂ ਲਾਈਸੈਂਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)
■ਜੇ ਤੁਹਾਨੂੰ ਟਰੱਕ ਜਾਂ ਟਰੇਲਰ ਫਾਇਨਾਂਸ ਕਰਵਾਉਣਾ ਹੋਵੇ
ਸੰਪਰਕ ਕਰੋ:
ਗਗਨ ਸਿੰਘ 917-518-5125
ਸਿਮਰਨ ਸਿੰਘ 469-235-3077
51-2

# ਕਲਗੀਧਰ ਸੁਸਾਇਟੀ ਬੜੂ ਸਾਹਿਬ ਦੇ ਸਿੱਖਿਆ ਖੇਤਰ ਵਿਚ ਕਾਰਜਾਂ ਬਾਰੇ ਸੈਮੀਨਾਰ

**ਸ਼ਿਕਾਗੋ (ਬਿਊਰੋ):** ਕਲਗੀਧਰ ਸੁਸਾਇਟੀ, ਬੜੂ ਸਾਹਿਬ ਵਲੋਂ ਲੰਘੀ 24 ਦਸੰਬਰ ਨੂੰ ਇਥੇ ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਪੈਲਾਟਾਈਨ ਵਿਖੇ ਕਲਗੀਧਰ



*ਬੀਬੀ ਰਵੀਦੀਪ ਕੌਰ ਮੁਕਤਾ*

ਸੁਸਾਇਟੀ ਵਲੋਂ ਚਲਾਈਆਂ ਜਾਂਦੀਆਂ ਅਕਾਲ ਅਕਾਦਮੀਆਂ ਅਤੇ ਬਣਾਈ ਜਾ ਰਹੀ ਯੂਨੀਵਰਸਿਟੀ ਬਾਰੇ ਜਾਣਕਾਰੀ ਦੇਣ ਲਈ ਇਕ ਸੈਮੀਨਾਰ ਕੀਤਾ ਗਿਆ। ਕਲਗੀਧਰ ਸੁਸਾਇਟੀ ਦੀ ਤਰਫੋਂ ਡੈਲਸ ਤੋਂ ਬੀਬੀ ਰਵੀਦੀਪ ਕੌਰ ਮੁਕਤਾ ਅਤੇ ਸਿਆਟਲ ਤੋਂ ਡਾ. ਸਰਬਜੀਤ ਸਿੰਘ ਵਿਰਕ ਪਹੁੰਚੇ।

ਸੈਮੀਨਾਰ ਦੇ ਸ਼ੁਰੂ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਦੇ ਧਾਰਮਿਕ ਸਕੱਤਰ ਸ. ਹਰਜੀਤ ਸਿੰਘ ਗਿੱਲ ਨੇ ਸੈਮੀਨਾਰ ਦੇ ਮਨੋਰਥ ਬਾਰੇ ਦੱਸਦਿਆਂ ਸੰਗਤ ਨੂੰ ਅਕਾਲ ਯੂਨੀਵਰਸਿਟੀ ਅਤੇ ਅਕਾਲ ਅਕਾਦਮੀਆਂ ਲਈ ਕਲਗੀਧਰ ਸੁਸਾਇਟੀ ਵਾਸਤੇ ਦਿਲ ਖੋਲ੍ਹ ਕੇ ਦਸਵੰਧ ਕੱਢਣ ਦੀ ਬੇਨਤੀ ਕੀਤੀ। ਇਸ ਉਪਰੰਤ ਮੇਜਰ ਗੁਰਚਰਨ ਸਿੰਘ ਝੱਜ ਨੇ ਬੀਬੀ ਰਵੀਦੀਪ ਕੌਰ ਮੁਕਤਾ ਅਤੇ



*ਡਾ. ਸਰਬਜੀਤ ਸਿੰਘ ਵਿਰਕ*

ਡਾ. ਸਰਬਜੀਤ ਸਿੰਘ ਵਿਰਕ ਦੀ ਸੰਗਤ ਨਾਲ ਜਾਣ-ਪਛਾਣ ਕਰਵਾਈ।

ਬੀਬੀ ਰਵੀਦੀਪ ਕੌਰ ਅਤੇ ਡਾ. ਵਿਰਕ ਨੇ ਕਲਗੀਧਰ ਸੁਸਾਇਟੀ, ਬੜੂ ਸਾਹਿਬ ਵਲੋਂ ਖਾਸ ਕਰ ਪਿੰਡਾਂ ਵਿਚ ਸਿੱਖਿਆ ਦੇ ਪਸਾਰ ਲਈ ਕੀਤੇ ਜਾਂਦੇ ਕਾਰਜਾਂ ਬਾਰੇ ਵਿਸਥਾਰ ਵਿਚ ਦੱਸਿਆ। ਉਨ੍ਹਾਂ ਅਕਾਲ ਯੂਨੀਵਰਸਿਟੀਆਂ ਅਤੇ ਅਕਾਲ ਅਕਾਦਮੀਆਂ ਸਬੰਧੀ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਸੰਗਤ ਨੂੰ ਇਸ ਉਤਮ ਕਾਰਜ ਲਈ ਵਧ ਚੜ੍ਹ ਕੇ ਮਾਇਕ ਮਦਦ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਸ਼ੁਰੂ ਕੀਤੀ ਗਈ ਸੀ ਤਾਂ ਬੈਂਕਾਂ ਪਾਸੋਂ 200 ਕਰੋੜ ਰੁਪਏ ਦਾ ਕਰਜਾ ਲਿਆ ਗਿਆ ਸੀ। ਦੇਸ਼-ਵਿਦੇਸ਼ ਵਿਚ ਵਸਦੀ ਸੰਗਤ ਵਲੋਂ ਦਿੱਤੇ ਗਏ ਖੁੱਲ੍ਹ ਦਿਲੇ ਸਹਿਯੋਗ ਸਦਕਾ ਇਹ ਕਰਜਾ ਹੁਣ ਸਿਰਫ ਪੰਜਾਹ ਕਰੋੜ ਰੁਪਏ ਦੇਣਾ ਹੀ ਬਚਿਆ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਇਕ ਨਵਾਂ ਕਾਲਜ ਪਿੰਡ ਵਿਚ ਖੋਲ੍ਹਿਆ ਜਾ ਰਿਹਾ ਹੈ। ਇਸ ਕਾਲਜ ਅਤੇ ਇਕ ਅਕਾਲ ਅਕਾਦਮੀ ਲਈ ਲੋੜੀਂਦੀ 9 ਏਕੜ ਜਮੀਨ ਸ਼ਿਕਾਗੋ ਵਸਦੇ ਸੰਗਤ ਦੇ ਇਕ ਮੈਂਬਰ ਵਲੋਂ 301,000 ਡਾਲਰ ਖਰਚ ਕੇ ਲੈ ਕੇ ਦਿੱਤੀ ਹੈ।

ਦੋਹਾਂ ਬੁਲਾਰਿਆਂ ਨੇ ਕਲਗੀਧਰ ਸੁਸਾਇਟੀ ਦੇ ਮਕਸਦ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਮਨੋਰਥ 'ਬੱਚੇ ਪੜ੍ਹਾਓ, ਪੰਜਾਬ ਬਚਾਓ' ਹੈ। ਇਸ ਸਮੇਂ ਪੰਜਾਬ ਦੇ 65,000 ਪੇਂਡੂ ਬੱਚੇ ਗੁਰਸਿੱਖੀ ਦੇ ਮਾਹੌਲ ਵਿਚ ਅਕਾਲ ਅਕਾਦਮੀਆਂ ਵਿਚ ਸਿੱਖਿਆ ਹਾਸਲ ਕਰ ਰਹੇ ਹਨ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਜਦੋਂ ਵੀ ਕਦੀ ਪੰਜਾਬ ਜਾਓ, ਕਿਸੇ ਇਕ ਅਕਾਲ ਅਕਾਦਮੀ ਵਿਚ ਜਰੂਰ ਜਾਣਾ, ਤੁਸੀਂ ਖੁਦ ਦੇਖੋਗੇ ਕਿ ਅਕਾਲ ਅਕਾਦਮੀ ਸਾਡੇ ਪੇਂਡੂ ਬੱਚਿਆਂ ਅਤੇ ਸਿੱਖੀ ਲਈ ਕਿਸ ਤਰ੍ਹਾਂ ਦੀ ਸੇਵਾ ਕਰ ਰਹੀ ਹੈ।

ਮੇਜਰ ਗੁਰਚਰਨ ਸਿੰਘ ਝੱਜ ਨੇ ਦੱਸਿਆ ਕਿ ਸ਼ਿਕਾਗੋ ਦੀ ਸਿੱਖ ਸੰਗਤ ਵਲੋਂ ਕਲਗੀਧਰ ਸੁਸਾਇਟੀ ਲਈ ਇਕ ਲੱਖ ਤਿੰਨ ਹਜ਼ਾਰ ਨੌਂ ਸੌ ਸੱਤਰ ਡਾਲਰ ਦਾਨ ਕੀਤੇ ਗਏ ਤੇ ਪੱਚੀ ਸੌ ਡਾਲਰ ਹੋਰ ਰਕਮ ਦਾ ਸੰਗਤ ਨੇ ਵਾਅਦਾ ਕੀਤਾ ਹੈ।

ਬਾਬਾ ਇਕਬਾਲ ਸਿੰਘ ਨੇ ਕਲਗੀਧਰ ਸੁਸਾਇਟੀ ਵਲੋਂ ਅਰੰਭੇ ਗਏ ਉਤਮ ਕਾਰਜ ਵਾਸਤੇ ਦਿੱਤੇ ਗਏ ਭਰਪੂਰ ਯੋਗਦਾਨ ਲਈ ਸ਼ਿਕਾਗੋ ਦੀ ਸੰਗਤ ਦਾ ਧੰਨਵਾਦ ਕਰਦਿਆਂ ਅੱਗੋਂ ਵੀ ਸਹਿਯੋਗ ਜਾਰੀ ਰੱਖਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮਿਡਵੈਸਟ ਦੀ ਸਾਧ ਸੰਗਤ ਕਲਗੀਧਰ ਸੁਸਾਇਟੀ ਦੇ ਸੇਵਾਦਾਰਾਂ-ਬੇਅੰਤ ਸਿੰਘ ਬੋਪਾਰਾਏ ਫੋਨ: 414-349-3449 ਅਤੇ ਮੇਜਰ ਗੁਰਚਰਨ ਸਿੰਘ ਝੱਜ ਫੋਨ: 847-330-1421 ਰਾਹੀਂ ਦਾਨ ਦੀ ਰਕਮ ਭੇਜ ਸਕਦੀ ਹੈ।




## ਫੋਰਬਸ 'ਚ ਸਲਮਾਨ ਦੀ ਬੱਲੇ ਬੱਲੇ

**ਮੁੰਬਈ:** ਅਦਾਕਾਰ ਸਲਮਾਨ ਖਾਨ ਨੇ ਫੋਰਬਸ ਦੀ ਸਾਲਾਨਾ ਸੂਚੀ ਵਿਚ ਮੁੜ ਸਿਖਰਲਾ ਸਥਾਨ ਹਾਸਲ ਕੀਤਾ ਹੈ। 2017 ਦੇ 100 ਲੋਕਾਂ ਦੀ ਜਾਰੀ ਰੈਂਕਿੰਗ ਸੂਚੀ ਮਨੋਰੰਜਨ ਜਗਤ ਨਾਲ ਜੁੜੀਆਂ ਵੱਡੀ ਕਮਾਈ ਕਰਨ ਵਾਲੀਆਂ ਮਸ਼ਹੂਰ ਸ਼ਖਸੀਅਤਾਂ ਉਤੇ ਅਧਾਰਤ ਹੈ। 51 ਸਾਲਾ ਅਦਾਕਾਰ ਨੇ ਇਸ਼ਤਿਹਾਰਾਂ ਰਾਹੀਂ 232.83



ਕਰੋੜ ਦੀ ਕਮਾਈ ਨਾਲ ਸ਼ਾਹਰੁਖ ਖਾਨ ਨੂੰ ਪਛਾੜਦਿਆਂ ਸ਼ਿਖਰ 'ਤੇ ਆਪਣਾ ਸਥਾਨ ਬਰਕਰਾਰ ਰੱਖਿਆ ਹੈ।

ਸਲਮਾਨ ਨੇ ਉਪਰੋਕਤ ਕਮਾਈ ਅਕਤੂਬਰ 2016 ਤੋਂ ਸਤੰਬਰ 2017 ਦਰਮਿਆਨ ਕੀਤੀ ਹੈ। ਸ਼ਾਹਰੁਖ ਖਾਨ 170.5 ਕਰੋੜ ਦੀ ਕਮਾਈ ਨਾਲ ਦੂਜੇ ਸਥਾਨ ਉਤੇ ਹੈ। ਉਨ੍ਹਾਂ ਤੋਂ ਬਾਅਦ ਹਾਲ ਹੀ ਵਿਚ ਵਿਆਹ ਬੰਧਨ ਵਿਚ ਬੱਝੇ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਦਾ ਨਾਂ ਆਉਂਦਾ ਹੈ। ਜਿਨ੍ਹਾਂ ਦੀ ਕਮਾਈ 100.72 ਕਰੋੜ ਹੈ। ਇਸ ਲਿਸਟ ਵਿਚ ਦੱਖਣ ਦੇ 13 ਅਦਾਕਾਰ ਵੀ ਸ਼ਾਮਲ ਹਨ। ਪਹਿਲੇ 10 ਵਿਚ ਇਕੋ ਇਕ ਮਹਿਲਾ ਅਦਾਕਾਰਾ ਪ੍ਰਯੰਕਾ ਚੋਪੜਾ ਨੂੰ ਸਥਾਨ ਮਿਲਿਆ ਹੈ। ਉਹ 68 ਕਰੋੜ ਰੁਪਏ ਦੀ ਕਮਾਈ ਨਾਲ ਸਤਵੇਂ ਸਥਾਨ ਉਤੇ ਹੈ। ਬੈਡਮਿੰਟਨ ਖਿਡਾਰੀ ਪੀਵੀ ਸਿੰਧੂ 57.25 ਕਰੋੜ ਦੀ ਕਮਾਈ ਨਾਲ 13ਵੇਂ ਸਥਾਨ ਉਤੇ ਹੈ ਤੇ ਉਸ ਦੀ ਕਮਾਈ ਇਸ ਵਰ੍ਹੇ 17 ਗੁਣਾ ਵਧੀ ਹੈ।

## ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਮੇਰੇ ਵਾਰਤਕ ਦੇ ਰੰਗ' ਰਿਲੀਜ਼

**ਮੁਕੰਦਪੁਰ (ਬਿਊਰੋ):** ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੇ ਸਾਬਕਾ ਪ੍ਰਿੰਸੀਪਲ ਅਤੇ ਖੇਡ ਲੇਖਕ ਸਰਵਣ ਸਿੰਘ ਦੇ ਚੋਣਵੇਂ ਲੇਖਾਂ ਦੀ ਪੁਸਤਕ 'ਮੇਰੇ ਵਾਰਤਕ ਦੇ ਰੰਗ' ਡਾ. ਸਰਦਾਰਾ ਸਿੰਘ ਜੌਹਲ, ਚਾਂਸਲਰ, ਕੇਂਦਰੀ ਯੂਨੀਵਰਸਿਟੀ, ਪੰਜਾਬ ਨੇ ਇਥੇ ਅਮਰਦੀਪ ਮੇਲੇ ਵਿਚ ਰਿਲੀਜ਼ ਕੀਤੀ। ਪ੍ਰਿੰ. ਸਰਵਣ ਸਿੰਘ ਦੀ ਇਹ 36ਵੀਂ ਪੁਸਤਕ ਹੈ ਜੋ ਵਿਦਵਤਾ ਦੇ ਬੁਰਜ ਡਾ. ਸਰਦਾਰਾ ਸਿੰਘ ਜੌਹਲ ਨੂੰ ਹੀ ਸਮਰਪਿਤ ਹੈ। ਪਿਛਲੇ ਸਾਲ ਉਸ ਦੀਆਂ ਦੋ ਪੁਸਤਕਾਂ 'ਪੰਜਾਬ ਦੇ ਕੋਹੇਨੂਰ' ਤੇ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ' ਪ੍ਰਕਾਸ਼ਿਤ ਹੋਈਆਂ ਅਤੇ ਅਮਰਦੀਪ ਮੇਲੇ ਵਿਚ ਹੀ ਰਿਲੀਜ਼ ਕੀਤੀਆਂ ਗਈਆਂ।

ਪ੍ਰਿੰ. ਸਰਵਣ ਸਿੰਘ ਜਦੋਂ ਤੋਂ ਪ੍ਰਿੰਸੀਪਲੀ ਤੋਂ ਰਿਟਾਇਰ ਹੋਏ ਹਨ, ਹਰ ਸਾਲ ਅਮਰਦੀਪ ਮੇਲੇ ਵਿਚ ਨਵੀਂ ਪੁਸਤਕ ਲਿਆਉਂਦੇ ਹਨ। ਉਮਰ ਦੇ 78ਵੇਂ ਸਾਲ ਵਿਚ ਵੀ ਉਹ ਰੋਜ਼ 7-8 ਕਿਲੋਮੀਟਰ ਤੁਰਦੇ ਹਨ ਤੇ 7-8 ਘੰਟੇ ਪੜ੍ਹਦੇ/ਲਿਖਦੇ ਹਨ। ਪੁਸਤਕ 'ਮੇਰੇ ਵਾਰਤਕ ਦੇ ਰੰਗ' ਪੀਪਲਜ਼ ਫੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੀ ਹੈ ਜਿਸ ਵਿਚ ਖੇਡਾਂ, ਖਿਡਾਰੀਆਂ, ਸਿਹਤ,




ਚਾਹੁੰਦੇ ਹੋ, ਕਹਾਣੀ-ਪਲਾਟ ਤੋਂ ਬਗੈਰ ਬਿਰਤਾਂਤ ਨੂੰ ਸੰਭਵ ਹੋਇਆ ਵੇਖਣਾ ਚਾਹੁੰਦੇ ਹੋ ਤਾਂ ਸਰਵਣ ਸਿੰਘ ਦੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ। ਵਰਿਆਮ ਸੰਧੂ ਦਾ ਕਥਨ ਹੈ ਕਿ ਕਾਮ ਤੇ ਕਰੁਣਾ ਦਾ ਬਿਆਨ ਅਤੇ ਵਰਣਨ ਕਿਸੇ ਵੀ ਲਿਖਤ ਨੂੰ



*ਪੁਸਤਕ ਰਿਲੀਜ਼ ਕਰਦੇ ਹੋਏ ਸਰਦਾਰਾ ਸਿੰਘ ਜੌਹਲ (ਖੱਬਿਓਂ ਪੰਜਵੇਂ)*

ਸਭਿਆਚਾਰ, ਰੇਖਾ ਚਿੱਤਰ, ਕਹਾਣੀਆਂ, ਸਫਰਨਾਮੇ, ਜੀਵਨੀ, ਸਵੈਜੀਵਨੀ ਤੇ ਹਾਸ ਵਿਅੰਗ ਦੇ ਰੰਗ ਹਨ। ਪੁਸਤਕ ਵਿਚ ਉਨ੍ਹਾਂ ਦੀ ਵਾਰਤਕ ਬਾਰੇ ਡਾ. ਹਰਿਭਜਨ ਸਿੰਘ ਅਤੇ ਵਰਿਆਮ ਸਿੰਘ ਸੰਧੂ ਦੇ ਲੇਖ ਵੀ ਸ਼ਾਮਲ ਹਨ।

ਡਾ. ਹਰਿਭਜਨ ਸਿੰਘ ਦਾ ਕਹਿਣਾ ਹੈ ਕਿ ਜੇ ਤੁਸੀਂ ਕੁੜੀ-ਮੁੰਡੇ ਦੇ ਘਿਸੇ-ਪਿਟੇ ਇਸ਼ਕ-ਪੇਚੇ ਦੇ ਬਗੈਰ ਸਰੋਦੀ ਰਚਨਾ ਦਾ ਅਨੰਦ ਲੈਣਾ ਸਭ ਤੋਂ ਵੱਧ ਪੜ੍ਹਨਯੋਗ ਬਣਾਉਣ ਦੀ ਢੁਕਵੀਂ ਜੁਗਤ ਹੈ ਪਰ ਇਹ ਸਰਵਣ ਸਿੰਘ ਦੀ ਲਿਖਤ ਦਾ ਕਮਾਲ ਹੀ ਹੈ ਕਿ ਉਸ ਨੇ ਆਪਣੀ ਰਚਨਾ ਵਿਚ ਇਨ੍ਹਾਂ ਸੰਦਾਂ ਦੀ ਵਰਤੋਂ ਤੋਂ ਬਗੈਰ ਹੀ ਲਟ-ਲਟ ਬਲਦੇ ਜਲੌਅ ਵਾਲੀ ਅਜਿਹੀ ਸੋਹਣੀ ਤੇ ਸੁਹੰਢਣੀ ਵਾਰਤਕ ਸਿਰਜੀ ਹੈ ਕਿ ਪੜ੍ਹਨਯੋਗਤਾ ਦਾ ਇੱਕ ਨਵਾਂ ਤੇ ਨਿਆਰਾ ਮਿਆਰ ਸਥਾਪਤ ਕਰ ਦਿੱਤਾ ਹੈ।

## ਮਾਂ ਨੂੰ ਖੁਸ਼ ਨਾ ਰੱਖਣ ਉਤੇ ਪਤਨੀਆਂ ਨੂੰ ਸਾੜਿਆ

**ਜੈਪੁਰ:** ਮਾਂ ਨੂੰ ਖੁਸ਼ ਨਾ ਰੱਖਣ 'ਤੇ ਇਕ ਵਿਅਕਤੀ ਨੇ ਆਪਣੀਆਂ ਦੋ ਪਤਨੀਆਂ ਨੂੰ ਅੱਗ ਲਾ ਕੇ ਸਾੜ ਦਿੱਤਾ। ਤਿੰਨ ਬੱਚਿਆਂ ਦਾ ਪਿਉ ਦੀਪਾ ਰਾਮ, ਜੋ ਗੁਜਰਾਤ ਵਿਚ ਮਜ਼ਦੂਰੀ ਕਰਦਾ ਸੀ, ਪਤਨੀਆਂ ਦੜੀਆ ਦੇਵੀ (25) ਅਤੇ ਮਾਲੀ ਦੇਵੀ (27) ਨੂੰ ਕਾਰ ਵਿਚ ਗਹਿਣੇ ਦਿਵਾਉਣ ਲੈ ਕੇ ਗਿਆ ਸੀ ਤੇ ਰਸਤੇ ਵਿਚ ਝਗੜੇ ਪਿਛੋਂ ਦੋਵਾਂ ਨੂੰ ਕਾਰ 'ਚ ਤਾੜ ਕੇ ਅੱਗ ਲਾ ਦਿੱਤੀ। ਦੀਪਾ ਰਾਮ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ।

## ਪਰਵਾਸੀ ਭਾਰਤੀ ਨੂੰ ਪੰਜਾਬ ਸਰਕਾਰ ਨੇ ਦਿੱਤਾ ਹਰਜਾਨਾ

**ਚੰਡੀਗੜ੍ਹ:** ਸਿੰਜਾਈ ਘਪਲੇ ਵਿਚ ਫਸੇ ਚੀਫ ਇੰਜੀਨੀਅਰ ਗੁਰਦੇਵ ਸਿੰਘ ਸਿਆਣ ਦੀ ਥਾਂ ਦਿੱਲੀ ਹਵਾਈ ਅੱਡੇ ਤੋਂ ਲੰਡਨ ਲਈ ਜਹਾਜ਼ ਬੈਠਣ ਸਮੇਂ ਕਿਸੇ ਹੋਰ ਗੁਰਦੇਵ ਸਿੰਘ ਨੂੰ ਹਿਰਾਸਤ 'ਚ ਲੈਣ ਦੀ ਗਲਤੀ ਬਦਲੇ ਪੰਜਾਬ ਸਰਕਾਰ ਨੇ ਇਸ ਪਰਵਾਸੀ ਭਾਰਤੀ ਨੂੰ ਪੰਜ ਲੱਖ ਰੁਪਏ ਹਰਜਾਨਾ ਅਤੇ ਟਿਕਟ ਦੇ ਪੈਸੇ 21 ਹਜ਼ਾਰ 717 ਰੁਪਏ ਅਦਾ ਕਰ ਦਿੱਤੇ ਹਨ। ਇਸ ਗਲਤੀ ਕਾਰਨ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਫਟਕਾਰ ਲਗਾਉਂਦਿਆਂ ਕਿਹਾ ਸੀ ਕਿ ਪੰਜਾਬ ਪੁਲਿਸ ਨੇ ਵਿਦੇਸ਼ 'ਚ ਵੀ ਦੇਸ਼ ਦੀ ਭੰਡੀ ਕੀਤੀ ਹੈ, ਲਿਹਾਜ਼ਾ ਪਰਵਾਸੀ ਭਾਰਤੀ ਨੂੰ ਪਰੇਸ਼ਾਨੀ ਲਈ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

## ਚੇਚਨੀਆ ਦੇ ਰਾਸ਼ਟਰਪਤੀ ਕਾਦੀਰੋਵ ਤੇ ਪੰਜ ਰੂਸੀਆਂ 'ਤੇ ਅਮਰੀਕਾ ਦੀ ਪਾਬੰਦੀ

**ਵਾਸ਼ਿੰਗਟਨ:** ਚੇਚਨੀਆ ਦੇ ਰਾਸ਼ਟਰਪਤੀ ਰਮਜ਼ਾਨ ਕਾਦੀਰੋਵ ਸਮੇਤ ਛੇ ਜਣਿਆ ਉਤੇ ਅਮਰੀਕਾ ਦੇ ਵਿੱਤ ਮੰਤਰਾਲੇ ਨੇ ਰੋਕ ਲਾ ਕੇ ਉਨ੍ਹਾਂ ਦੀਆਂ ਸਰਗਰਮੀਆਂ ਰੱਦ ਕਰਨ ਦਾ ਐਲਾਨ ਕੀਤਾ ਹੈ। ਕਾਦੀਰੋਵ ਉਤੇ ਵਿਰੋਧੀਆਂ ਨੂੰ ਗਾਇਬ ਕਰਵਾਉਣ ਤੇ ਉਨ੍ਹਾਂ ਦੀ ਗੈਰ ਕਾਨੂੰਨੀ ਢੰਗ ਨਾਲ ਹੱਤਿਆ ਕਰਵਾਉਣ ਦਾ ਦੋਸ਼ ਹੈ।

ਵਰਨਣਯੋਗ ਹੈ ਕਿ ਕਾਦੀਰੋਵ ਨੂੰ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਦਾ ਖਾਸ ਸਮਝਿਆ ਜਾਂਦਾ ਹੈ। ਜਿਨ੍ਹਾਂ ਹੋਰ ਪੰਜ ਲੋਕਾਂ 'ਤੇ ਰੋਕ ਲਗਾਈ ਗਈ ਹੈ, ਉਹ ਸਾਰੇ ਰੂਸ ਦੇ ਨਾਗਰਿਕ ਹਨ। ਇਸ ਦੇ ਜਵਾਬ ਵਿਚ ਕਾਦੀਰੋਵ ਨੇ ਮਜ਼ਾਕ ਉਡਾਉਂਦਿਆਂ ਕਿਹਾ ਕਿ 'ਐਵੇਂ ਬੇਚੈਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਅਮਰੀਕਾ ਕਦੇ ਨਹੀਂ ਜਾਣ ਵਾਲੇ, ਅਮਰੀਕਾ ਦੀ ਮਦਦ ਬਗੈਰ ਉਨ੍ਹਾਂ ਨੇ ਆਪਣਾ ਸਥਾਨ ਹਾਸਲ ਕੀਤਾ ਹੈ। ਪੂਰਾ ਜੀਵਨ ਅਤਿਵਾਦੀਆਂ ਨਾਲ ਲੜਦਿਆਂ ਤੇ ਉਨ੍ਹਾਂ ਨੂੰ ਖਤਮ ਕਰਦਿਆਂ ਲੰਘਾਇਆ ਹੈ।

ਇਨ੍ਹਾਂ ਵਿਚ ਅਮਰੀਕਾ ਦੀ ਹਮਾਇਤ ਹਾਸਲ ਅਤਿਵਾਦੀ ਵੀ ਸ਼ਾਮਲ ਹਨ।' ਕਾਦੀਰੋਵ ਨੇ ਇਹ ਗੱਲ ਇੰਸਟਾਗ੍ਰਾਮ ਉਤੇ ਆਪਣੀ ਪੋਸਟ ਵਿਚ ਲਿਖੀ ਹੈ।

## ਸੈਨੇਟ ਨੇ ਟਰੰਪ ਦੇ ਟੈਕਸ ਸੁਧਾਰ ਬਿੱਲ ਉਤੇ ਲਾਈ ਮੋਹਰ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪਹਿਲੀ ਅਹਿਮ ਵਿਧਾਨਕ ਜਿੱਤ ਨਸੀਬ ਹੋਈ ਜਦੋਂ ਅਮਰੀਕੀ ਸੈਨੇਟ ਨੇ ਅਮਰੀਕੀ ਕਰ ਸੁਧਾਰ ਬਿੱਲ ਉਤੇ ਮੋਹਰ ਲਗਾ ਦਿੱਤੀ। 30 ਵਰ੍ਹਿਆਂ ਤੋਂ ਵੀ ਵੱਧ ਸਮੇਂ ਬਾਅਦ ਅਮਰੀਕਾ ਦੇ ਕਰ ਕਾਨੂੰਨ ਵਿਚ ਕੀਤੇ ਜਾ ਰਹੇ ਹੂੰਝਾ ਫੇਰ ਸੁਧਾਰਾਂ ਨੂੰ ਡੈਮੋਕਰੈਟਾਂ ਵੱਲੋਂ ਅਮੀਰਾਂ ਤੇ ਕਾਰਪੋਰੇਟਾਂ ਨੂੰ ਗੈਰ-ਸੰਗਤ ਲਾਭ ਪਹੁੰਚਣ ਵਾਲੇ ਦੱਸਦਿਆਂ ਇਸ ਦੀ ਆਲੋਚਨਾ ਕੀਤੀ ਜਾ ਰਹੀ ਹੈ। ਸੈਨੇਟ ਨੇ 1.5 ਟ੍ਰਿਲੀਅਨ ਡਾਲਰ ਦੇ ਕਰ ਬਿੱਲ ਨੂੰ 51-48 ਵੋਟਾਂ ਨਾਲ ਪਾਸ ਕਰ ਦਿੱਤਾ। ਇਸ ਵਿਚ ਕਾਰਪੋਰੇਸ਼ਨਜ਼ ਲਈ ਸਥਾਈ ਕਰ ਕਟੌਤੀ ਅਤੇ ਵਿਅਕਤੀਗਤ ਤੌਰ ਉਤੇ ਅਸਥਾਈ ਕਰ ਕਟੌਤੀ ਸ਼ਾਮਲ ਹੈ। ਦੱਸਣਯੋਗ ਹੈ ਕਿ ਕਾਂਗਰਸ ਦੇ ਨੁਮਾਇੰਦਾ ਸਦਨ ਨੇ ਇਸ ਬਿੱਲ ਨੂੰ ਪਹਿਲਾਂ ਹੀ ਪ੍ਰਵਾਨਗੀ ਦੇ ਦਿੱਤੀ ਸੀ।

ਕਾਂਗਰਸ ਦੇ ਦੋਵੇਂ ਸਦਨਾਂ ਵਿਚ ਰਿਪਬਲਿਕਨਾਂ ਨੂੰ ਬਹੁਮਤ ਹਾਸਲ ਹੈ। ਇਸ ਬਿੱਲ ਨੂੰ ਕਾਨੂੰਨ ਵਜੋਂ ਮਾਨਤਾ ਲਈ ਰਾਸ਼ਟਰਪਤੀ ਦੇ ਦਸਤਖਤ ਵਾਸਤੇ ਵ੍ਹਾਈਟ ਹਾਊਸ ਭੇਜਣ ਤੋਂ ਪਹਿਲਾਂ ਕਾਰਜ ਵਿਧੀ ਮੁੱਦੇ ਉਤੇ ਅੰਤਿਮ ਪ੍ਰਵਾਨਗੀ ਵਾਸਤੇ ਇਸ ਨੂੰ ਨੁਮਾਇੰਦਾ ਸਦਨ ਕੋਲ ਭੇਜਣਾ ਪਵੇਗਾ। ਇਸ ਬਿੱਲ ਦੇ ਕਾਨੂੰਨ ਬਣਨ ਉਤੇ ਸੰਨ 1986 ਬਾਅਦ ਅਮਰੀਕੀ ਕਰ ਕਾਨੂੰਨ ਵਿਚ ਵੱਡੀ ਤਬਦੀਲੀ ਆਵੇਗੀ।

## ਪੁਲਿਸ ਵਾਲੇ 'ਤੇ ਥੁੱਕਣਾ ਪਿਆ ਮਹਿੰਗਾ

**ਹਿਊਸਟਨ:** ਹਿਊਸਟਨ ਦੇ ਪੁਲਿਸ ਮੁਖੀ ਦੇ ਮੂੰਹ ਉਤੇ ਥੁੱਕਣਾ ਇਕ ਔਰਤ ਨੂੰ ਮਹਿੰਗਾ ਪੈ ਗਿਆ। ਔਰਤ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਔਰਤ ਉਤੇ ਡਰੱਗ ਸਟੋਰ ਤੋਂ ਚੀਜ਼ਾਂ ਚੋਰੀ ਕਰਨ ਦਾ ਦੋਸ਼ ਲਾਇਆ ਗਿਆ ਹੈ। ਡੈਨੀਏਲੇ ਪੈਰਿਸ (40) ਨਾਂ ਦੀ ਔਰਤ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਸ ਉਤੇ ਪੁਲਿਸ ਮੁਲਾਜ਼ਮ ਨਾਲ ਬਦਤਮੀਜ਼ੀ ਕਰਨ ਤੇ ਉਸ ਦੇ ਮੂੰਹ ਉਤੇ ਥੁੱਕਣ ਦਾ ਦੋਸ਼ ਲਾਇਆ ਗਿਆ ਹੈ। ਅਦਾਲਤ ਵਿਚ ਵਕੀਲ ਨੇ ਕਿਹਾ ਕਿ ਐਸੇਵੇਡੋ ਉਸ ਵੇਲੇ ਡਿਊਟੀ ਉਤੇ ਨਹੀਂ ਸੀ ਅਤੇ ਉਹ ਇਕ ਦੁਕਾਨ ਵਿਚੋਂ ਖਰੀਦਦਾਰੀ ਕਰ ਰਿਹਾ ਸੀ। ਉਸ ਨੇ ਪੈਰਿਸ ਨੂੰ ਉਥੋਂ ਕੁਝ ਸਾਮਾਨ ਚੋਰੀ ਕਰਦੇ ਵੇਖਿਆ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਐਸੇਵੇਡੋ ਨੇ ਪੈਰਿਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕਈ ਵਾਰ ਉਸ ਉਤੇ ਥੁੱਕਿਆ। ਕੋਰਟ ਦੇ ਰਿਕਾਰਡ ਅਨੁਸਾਰ ਪਿਛਲੇ ਮਹੀਨੇ ਪੈਰਿਸ ਨੂੰ ਇਕ ਹੋਰ ਅਧਿਕਾਰੀ ਉਤੇ ਥੁੱਕਣ ਲਈ ਗ੍ਰਿਫਤਾਰ ਕੀਤਾ ਗਿਆ ਸੀ।

# ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸੰਤ ਸਾਗਰ ਵਿਖੇ ਵੱਡੇ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦਾਂ ਦਾ ਪਵਿੱਤਰ ਸ਼ਹੀਦੀ ਦਿਹਾੜਾ ਲੰਘੀ 21 ਤੇ 22 ਦਸੰਬਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਅਤੇ ਸ਼ਰਧਾਲੂ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੋਏ।

ਇਸੇ ਦੌਰਾਨ 25 ਦਸੰਬਰ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ 24 ਦਸੰਬਰ ਸ਼ਾਮ ਨੂੰ



ਹੋਈ। ਪੰਥ ਪ੍ਰਸਿੱਧ ਰਾਗੀ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ), ਭਾਈ ਹਰਪ੍ਰੀਤ ਸਿੰਘ ਦੇਹਰਾਦੂਨ ਵਾਲੇ, ਭਾਈ ਗੁਰਪ੍ਰੀਤ ਸਿੰਘ ਬੁੱਲੜਵਾਲ ਵਾਲਿਆਂ ਦੇ ਰਾਗੀ ਜਥਿਆਂ ਅਤੇ ਕਥਾਵਾਚਕ ਭਾਈ ਹਰਦੇਵ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਸੀਸ ਗੰਜ, ਦਿੱਲੀ) ਨੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਦੇ ਢਾਡੀ ਜਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ। ਰਾਤ 12:05 'ਤੇ ਭਾਈ ਸੱਜਣ ਸਿੰਘ ਨੇ ਆਰਤੀ ਦਾ ਕੀਰਤਨ ਕੀਤਾ ਅਤੇ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਉਪਰੰਤ ਦੀਵਾਨ ਦੀ ਸਮਾਪਤੀ ਹੋਈ।

25 ਦਸੰਬਰ ਪ੍ਰਕਾਸ਼ ਪੁਰਬ ਵਾਲੇ ਦਿਨ ਸਵੇਰੇ ਅਖੰਡ ਪਾਠ ਦੇ ਭੋਗ ਪਾਏ ਗਏ ਜਿਸ ਉਪਰੰਤ ਬਾਅਦ ਦੁਪਹਿਰ ਇਕ ਵਜੇ ਤੱਕ ਦੀਵਾਨ ਸਜੇ। ਸੰਗਤਾਂ ਨੇ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਬਾਬਾ ਸੱਜਣ ਸਿੰਘ ਨੇ ਸਮੂਹ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਤੇ ਪ੍ਰੋਗਰਾਮ ਦੌਰਾਨ ਗੁਰੂ ਘਰ ਹਾਜ਼ਰੀਆਂ ਭਰਨ ਲਈ ਸੰਗਤਾਂ ਦਾ ਧੰਨਵਾਦ ਕੀਤਾ।
















## ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

## ਸਮੂਹ ਸੰਗਤ ਨੂੰ ਨਵਾਂ ਸਾਲ 2018 ਮੁਬਾਰਕ

### 31 ਦਸੰਬਰ, ਐਤਵਾਰ

ਸ਼ਾਮ 5:45 ਵਜੇ ਤੋਂ 12:15 ਵਜੇ ਤੱਕ ਕੀਰਤਨ ਦਰਬਾਰ
ਆਰਤੀ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

### ਪਹਿਲੀ ਜਨਵਰੀ 2018

ਭੋਗ ਸ੍ਰੀ ਅਖੰਡ ਪਾਠ ਸਵੇਰੇ 10:00 ਵਜੇ
ਉਪਰੰਤ 1:00 ਵਜੇ ਤੱਕ ਕੀਰਤਨ ਦੀਵਾਨ ਸਜੇਗਾ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਰੇ ਪ੍ਰੋਗਰਾਮਾਂ ਦੌਰਾਨ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।



ਹੋਰ ਜਾਣਕਾਰੀ ਲਈ ਸੰਪਰਕ ਕਰੋ

**ਮੁੱਖ ਸੇਵਾਦਾਰ ਭਾਈ ਸੱਜਣ ਸਿੰਘ** *(ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)*

ਫੋਨ: 718-343-1030 ਜਾਂ 718-347-5659

# ਲੰਮੀ ਹੇਕ ਵਾਲੀ ਗੁਰਮੀਤ ਬਾਵਾ

## ਅਧਿਆਪਕਾ ਤੋਂ ਗਾਇਕਾ ਬਣਨ ਤਕ ਦਾ ਸਫਰ...

ਕਲਾ ਪਰਿਕਰਮਾ



ਮਾਝੇ ਦੀ ਜੰਮਪਲ, ਗੋਰੇ ਨਿਛੋਹ ਰੰਗ ਵਾਲੀ, ਉਚੀਆਂ ਤੇ ਲੰਮੀਆਂ ਹੇਕਾਂ ਦੀ ਰਾਣੀ, ਅਸਲ ਮਾਅਨਿਆਂ ਵਿਚ ਲੋਕ ਗੀਤ ਗਾਉਣ ਵਾਲੀ ਗਾਇਕਾ ਹੈ ਗੁਰਮੀਤ ਬਾਵਾ। ਗੁਰਮੀਤ ਬਾਵਾ ਜਿਸ ਨੇ ਤੀਆਂ, ਤ੍ਰਿੰਝਣਾਂ ਅਤੇ ਵਿਆਹ ਦੇ ਗੀਤਾਂ ਨੂੰ ਲੋਕ ਸਾਜ਼ਾਂ ਦੇ ਸੁਰਾਂ ਨਾਲ ਸਟੇਜਾਂ ਦਾ ਸ਼ਿੰਗਾਰ ਬਣਾਇਆ; ਰੇਡੀਓ, ਟੀ.ਵੀ. ਅਤੇ ਰਿਕਾਰਡਾਂ ਰਾਹੀਂ ਘਰ ਘਰ ਤਕ ਪਹੁੰਚਾਇਆ। ਜਦੋਂ ਉਹ ਦੋਵੇਂ ਬਾਹਵਾਂ ਉਪਰ ਚੁੱਕ ਕੇ, ਅੱਖਾਂ ਬੰਦ ਕਰ ਕੇ, ਵਜਦ ਵਿਚ ਆ ਕੇ ਹੇਕ ਲਾਉਂਦੀ ਹੈ ਤਾਂ ਸਰੋਤਿਆਂ ਦੇ ਸਾਹ ਰੁਕ ਜਾਂਦੇ ਹਨ।

ਹੇਕਾਂ ਦੀ ਰਾਣੀ ਗੁਰਮੀਤ ਦਾ ਜਨਮ ਫਰਵਰੀ 1944 ਨੂੰ ਜ਼ਿਲ੍ਹਾ ਗੁਰਦਾਸਪੁਰ ਦੀ ਬਟਾਲਾ ਤਹਿਸੀਲ ਦੇ ਪਿੰਡ ਅਲੀਵਾਲ ਕੋਠੇ ਵਿਖੇ ਪਿਤਾ ਉਤਮ ਸਿੰਘ ਸ਼ਾਹ ਅਤੇ ਮਾਤਾ ਰਾਮ

**ਹਰਦਿਆਲ ਸਿੰਘ ਥੂਹੀ**
ਫੋਨ: +91-84271-00341

ਕੌਰ ਦੇ ਘਰ ਹੋਇਆ। ਪੰਜ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟੀ ਤੇ ਲਾਡਲੀ ਗੁਰਮੀਤ ਨੇ ਮੁਢਲੀ ਪੜ੍ਹਾਈ ਪ੍ਰਾਇਮਰੀ ਸਕੂਲ ਅਲੀਵਾਲ ਅਤੇ ਮੈਟ੍ਰਿਕ ਸਾਲਵੇਸ਼ਨ ਆਰਮੀ ਹਾਈ ਸਕੂਲ ਬਟਾਲਾ ਤੋਂ ਕੀਤੀ। ਪੱਟੀ ਤੋਂ ਜੇ.ਬੀ.ਟੀ. ਕਰ ਕੇ ਸਕੂਲ ਅਧਿਆਪਕਾ ਬਣੀ। ਪਿਤਾ ਜੀ ਦਾ ਜ਼ਿਮੀਂਦਾਰੇ ਅਤੇ ਸ਼ਾਹੂਕਾਰੇ ਦਾ ਕੰਮ ਸੀ। ਘਰ ਵਿਚ ਸੰਗੀਤ ਨਾਲ ਕਿਸੇ ਦਾ ਦੂਰ ਦਾ ਵੀ ਵਾਸਤਾ ਨਹੀਂ ਸੀ। ਵਿਆਹਾਂ ਸ਼ਾਦੀਆਂ 'ਤੇ ਘੜੇ ਜਾਂ ਗਾਗਰਾਂ ਵਜਾ ਕੇ ਭੈਣਾਂ ਅਤੇ ਸਹੇਲੀਆਂ ਨਾਲ ਅੱਧੀ ਅੱਧੀ ਰਾਤ ਤਕ ਗੀਤ ਗਾਉਣੇ ਆਮ ਜਿਹੀ ਗੱਲ ਸੀ। ਸਕੂਲ ਵਿਚ ਵੀ ਗਾਹੇ-ਬਗਾਹੇ ਗਾ ਲੈਣਾ। ਇਸ ਤਰ੍ਹਾਂ ਬਚਪਨ ਤੋਂ ਪਿਆ ਲੋਕ ਗੀਤ ਗਾਉਣ ਦਾ ਸ਼ੌਕ ਉਸ ਨੂੰ ਗਾਇਕੀ ਵੱਲ ਲੈ ਗਿਆ।

ਅਧਿਆਪਕਾ ਲੱਗੀ ਗੁਰਮੀਤ ਦਾ ਮੇਲ ਮਾਸਟਰ ਕਿਰਪਾਲ ਬਾਵਾ ਨਾਲ ਹੋਇਆ। ਖ਼ੁਦ ਗਾਇਕ ਕਿਰਪਾਲ ਬਾਵਾ ਨੇ ਗੁਰਮੀਤ ਅੰਦਰਲੀ ਕਲਾਕਾਰੀ ਨੂੰ ਪਛਾਣਿਆ। ਹੌਲੀ ਹੌਲੀ ਇਹ ਮੇਲ-ਜੋਲ ਵਧਦਾ ਗਿਆ ਅਤੇ 1968 ਵਿਚ ਨਤੀਜਾ ਨਿਕਲਿਆ ਪਿਆਰ ਵਿਆਹ। ਗੁਰਮੀਤ ਕੌਰ ਬਣ ਗਈ ਗੁਰਮੀਤ ਬਾਵਾ। ਆਪਣੇ ਪਤੀ ਕਿਰਪਾਲ ਬਾਵਾ ਦੀ ਪ੍ਰੇਰਨਾ ਸਦਕਾ ਉਸ ਨੇ ਲੋਕ ਗੀਤ ਗਾਉਣ ਦੀ ਬਕਾਇਦਾ ਰਿਹਰਸਲ ਸ਼ੁਰੂ ਕਰ ਦਿੱਤੀ। ਨਰਿੰਦਰ ਚੰਚਲ ਨੂੰ ਉਸ ਨੇ ਆਪਣਾ ਉਸਤਾਦ ਧਾਰਿਆ ਅਤੇ ਖ਼ੂਬ ਮਿਹਨਤ ਕੀਤੀ। 1969 ਵਿਚ ਆਕਾਸ਼ਬਾਣੀ ਜਲੰਧਰ ਤੋਂ ਪਹਿਲੀ ਵਾਰ ਗਾਇਆ। ਗੀਤ ਦੇ ਬੋਲ ਸਨ- 'ਕੋਰਾ ਕੋਰਾ ਕੁੱਜਾ ਠੰਢੜਾ ਠਾਰ ਪਾਣੀ, ਮੈਨੂੰ ਛਿਟੜੇ ਮਾਰ ਜਗਾਂਵਦਾ ਈ'। ਫਿਰ ਲਗਾਤਾਰ ਰੇਡੀਓ ਤੋਂ ਇਹ ਆਵਾਜ਼ ਗੂੰਜਦੀ ਰਹੀ। ਲੋਕ ਸਾਜ਼ ਅਲਗੋਜ਼ਿਆਂ ਤੇ ਚਿਮਟੇ ਨਾਲ ਢੋਲ ਸੰਮੀ, ਜੁਗਨੀ ਤੇ ਮਿਰਜ਼ਾ ਗਾਏ। ਇਸੇ ਸਾਲ ਐਚ.ਐਮ.ਵੀ. ਕੰਪਨੀ ਵੱਲੋਂ ਕਿਰਪਾਲ ਬਾਵਾ ਤੇ ਗੁਰਮੀਤ ਬਾਵਾ ਦੀ ਦੋਗਾਣਿਆਂ ਦੀ ਪਹਿਲੀ ਰਿਕਾਰਡਿੰਗ ਹੋਈ 'ਛੜਿਆਂ ਦੀ ਗੱਡੀ'। ਫਿਰ ਤਾਂ ਚੱਲ ਸੋ ਚੱਲ। ਲਗਾਤਾਰ ਸੈਂਕੜਿਆਂ ਦੀ ਗਿਣਤੀ ਵਿਚ ਇਸ ਜੋੜੀ ਦੇ ਦੋਗਾਣੇ ਅਤੇ ਸੋਲੋ ਗੀਤ ਤਵਿਆਂ ਰਾਹੀਂ ਲੋਕਾਂ ਤਕ ਪਹੁੰਚੇ।

ਜਲੰਧਰ ਦੂਰਦਰਸ਼ਨ ਦੇ ਉਦਘਾਟਨੀ ਸਮਾਰੋਹ 'ਤੇ ਗੁਰਮੀਤ ਬਾਵਾ ਦੀ ਜੁਗਨੀ, ਪ੍ਰੋਗਰਾਮ ਦੀ ਸਭ ਤੋਂ ਵਧੀਆ ਪੇਸ਼ਕਾਰੀ ਸੀ। 1970 ਵਿਚ ਇਸ ਜੋੜੀ ਨੇ ਸਰਕਾਰੀ ਨੌਕਰੀ ਛੱਡ ਕੇ ਗਾਇਕੀ ਨੂੰ ਕਿੱਤੇ ਵਜੋਂ ਅਪਣਾ ਲਿਆ। ਇਸ ਜੋੜੀ ਦਾ ਪ੍ਰੋਫੈਸ਼ਨਲ ਆਰਟਿਸਟਾਂ ਵਜੋਂ ਪਹਿਲਾ ਸਟੇਜ ਪ੍ਰੋਗਰਾਮ ਪਿੰਡ ਉਚੀ ਬਸੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ ਜੋ ਸੌਂਗ ਐਂਡ ਡਰਾਮਾ ਡਿਵੀਜ਼ਨ ਵੱਲੋਂ ਸੀ।

ਕੁਝ ਫ਼ਿਲਮਾਂ ਵਿਚ ਗੁਰਮੀਤ ਬਾਵਾ ਨੇ ਪਿੱਠਵਰਤੀ ਗਾਇਕਾ ਵਜੋਂ ਵੀ ਗਾਇਆ। 'ਲਾਜੋ', 'ਸਰਪੰਚ', 'ਬਲਬੀਰੋ ਭਾਬੀ' ਆਦਿ ਫ਼ਿਲਮਾਂ ਵਿਚ ਉਸ ਦੇ ਸਿੱਧੇ ਅਖਾੜੇ ਰਿਕਾਰਡ ਕੀਤੇ ਹੋਏ ਹਨ। ਪੰਜਾਬੀ ਗਾਇਕਾਵਾਂ ਵਿਚੋਂ ਲੰਮੀ ਹੇਕ ਦਾ ਰਿਕਾਰਡ ਉਸ ਦੇ ਨਾਂ ਹੈ। ਮੁੰਬਈ ਦੇ ਵਿਸਾਖੀ ਮੇਲੇ 'ਤੇ ਉਸ ਦੀ ਲੰਮੀ ਹੇਕ ਸੁਣ ਕੇ ਫ਼ਿਲਮੀ ਕਲਾਕਾਰਾਂ ਨੇ ਭਰਪੂਰ ਤਾੜੀਆਂ ਨਾਲ ਦਾਦ ਦਿੱਤੀ।

ਆਪਣੀ ਕਲਾ ਦੇ ਸਹਾਰੇ ਉਹ ਰੂਸ, ਜਪਾਨ, ਲੀਬੀਆ, ਥਾਈਲੈਂਡ, ਸੀਰੀਆ ਆਦਿ ਮੁਲਕਾਂ ਦਾ ਦੌਰਾ ਕਰ ਚੁੱਕੀ ਹੈ। 1987 ਵਿਚ ਰੂਸ ਵਿਖੇ ਕਲਾ ਦੀ ਆਜ਼ਾਦੀ ਦਿਵਸ ਦਾ ਸਾਲਾਨਾ ਕਲਾ ਮੇਲਾ ਮਨਾਇਆ ਗਿਆ ਜਿਸ ਵਿਚ 20 ਮੁਲਕਾਂ ਦੇ ਕਲਾਕਾਰ ਸ਼ਾਮਲ ਹੋਏ। ਪੰਜਾਬ ਦੀ ਇਕੋ ਇਕ ਗਾਇਕਾ ਗੁਰਮੀਤ ਬਾਵਾ ਨੂੰ ਇਸ ਵਿਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੈ। ਜੁਗਨੀ ਗਾਉਂਦਿਆਂ ਉਸ ਦੀ ਲੰਮੀ ਹੇਕ ਸੁਣ ਕੇ ਇਕ ਰੂਸੀ ਔਰਤ ਦਾਦ ਦੇਣ ਲਈ ਸਟੇਜ ਉਤੇ ਹੀ ਚੜ੍ਹ ਆਈ। ਉਜਬੇਕਿਸਤਾਨ ਦੇ ਰਾਸ਼ਟਰਪਤੀ ਵੱਲੋਂ ਸਨਮਾਨਿਤ ਕੀਤਾ ਗਿਆ।

ਗੁਰਮੀਤ ਬਾਵਾ ਨੇ ਲੋਕ ਗੀਤਾਂ ਤੋਂ ਇਲਾਵਾ ਚਮਨ ਲਾਲ ਸ਼ੁਗਲ, ਪ੍ਰੇਮੀ ਜੰਡਿਆਲੇ ਵਾਲਾ, ਚੰਨ ਗੁਰਾਇਆਂ ਵਾਲਾ, ਇੰਦਰਜੀਤ ਹਸਨਪੁਰੀ, ਰਾਜ ਦੇਵੀਦਾਸ ਪੁਰ ਵਾਲਾ ਆਦਿ ਗੀਤਕਾਰਾਂ ਦੇ ਲਿਖੇ ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਹਨ। ਉਸ ਦੇ ਗਾਏ ਗੀਤਾਂ ਵਿਚੋਂ ਕੁਝ ਮੁਖੜੇ ਇਸ ਪ੍ਰਕਾਰ ਹਨ: ਵੇ ਲਿਆਦੇ ਚੰਬਾ ਲਾਵਾਂ ਘੜੇ ਦੇ ਕੋਲ; ਕੁਹਾਰੋ ਡੋਲੀ ਨਾ ਚਾਇਓ, ਅਜੇ ਮੇਰਾ ਬਾਬਲ ਆਇਆ ਨਹੀਂ; ਡਿੱਗ ਪਈ ਨੀ ਗੋਰੀ ਸ਼ੀਸ਼ ਮਹਿਲ ਤੋਂ; ਜੁਗਨੀ; ਢੋਲ ਸੰਮੀ; ਸੁਣ ਮੇਰੇ ਰੂਪ ਦੀ ਦੁਹਾਈ ਪੁੰਨਣਾ।

ਗੁਰਮੀਤ ਬਾਵਾ ਦੇ ਗਾਏ ਲੋਕ ਗੀਤ ਤੇ ਲੋਕ ਗਾਥਾਵਾਂ ਹੀ ਉਸ ਦੀ ਪ੍ਰਾਪਤੀ ਹਨ। ਦੋਗਾਣਿਆਂ ਵਿਚ ਤਾਂ ਰੌਲਾਰੱਪਾ ਹੀ ਹੈ। ਇਨ੍ਹਾਂ ਵਿਚ ਇਕ ਵੀ ਲੋਕ ਚੇਤਿਆਂ ਵਿਚ ਸਮਾਉਣ ਵਾਲੀ ਰਚਨਾ ਨਹੀਂ। ਲੋਕ ਗੀਤਾਂ ਰਾਹੀਂ ਗੁਰਮੀਤ ਬਾਵਾ ਨੇ ਆਪਣੇ ਵਿਰਸੇ ਨੂੰ ਸਾਂਭਣ ਦਾ ਸੁਹਿਰਦ ਯਤਨ ਕੀਤਾ ਹੈ। ਇਸ ਬਾਰੇ ਉਸ ਦਾ ਕਹਿਣਾ ਹੈ ਕਿ ਜੇ ਅਸੀਂ ਆਪਣੇ ਵਿਰਸੇ ਨੂੰ ਨਹੀਂ ਸਾਂਭਾਂਗੇ ਤਾਂ ਆਪਣੇ ਵਾਰਸਾਂ ਨੂੰ ਕੀ ਦੇ ਕੇ ਜਾਵਾਂਗੇ!

ਗੁਰਮੀਤ ਬਾਵਾ ਦਾ ਅਸਲ ਸਨਮਾਨ ਤਾਂ ਲੋਕਾਂ ਵੱਲੋਂ ਮਿਲਿਆ ਮਾਣ ਤੇ ਸਤਿਕਾਰ ਹੈ। ਇਸ ਤੋਂ ਇਲਾਵਾ ਕੁਝ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਨੇ ਵੀ ਉਸ ਦੀ ਕਲਾ ਦਾ ਮੁੱਲ ਪਾਇਆ ਹੈ। ਪੰਜਾਬ ਸਰਕਾਰ ਵੱਲੋਂ 1991 ਵਿਚ ਉਸ ਨੂੰ ਕਲਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੋਹਨ ਸਿੰਘ ਫਾਊਂਡੇਸ਼ਨ ਵੱਲੋਂ ਪ੍ਰੋ. ਮੋਹਨ ਸਿੰਘ ਮੇਲੇ 'ਤੇ ਉਸ ਨੂੰ ਸਨਮਾਨਿਆ ਗਿਆ। ਵਿਰਾਸਤ ਅਕਾਦਮੀ ਪੰਜਾਬ, ਲੁਧਿਆਣਾ ਵੱਲੋਂ ਸਨਮਾਨ ਦਿੱਤਾ ਗਿਆ। ਅਮਰ ਸਿੰਘ ਸ਼ੌਂਕੀ ਯਾਦਗਾਰੀ ਐਵਾਰਡ ਉਸ ਦੀ ਝੋਲੀ ਪਾਇਆ ਗਿਆ।

ਅੱਗੇ ਗੁਰਮੀਤ ਬਾਵਾ ਦੀ ਵਿਰਾਸਤ ਨੂੰ ਸੰਭਾਲ ਰਹੀਆਂ ਹਨ ਉਸ ਦੀਆਂ ਧੀਆਂ ਲਾਚੀ ਬਾਵਾ ਤੇ ਗਲੋਰੀ ਬਾਵਾ। 22 ਨਵੰਬਰ 1971 ਨੂੰ ਜਨਮੀ ਲਾਚੀ ਨੂੰ ਘਰ ਦੇ ਸੰਗੀਤਕ ਮਾਹੌਲ ਨੇ ਬਚਪਨ ਤੋਂ ਹੀ ਸੰਗੀਤ ਨਾਲ ਜੋੜ ਦਿੱਤਾ। ਸਕੂਲ ਅਤੇ ਕਾਲਜ ਦੀ ਪੜ੍ਹਾਈ ਦੌਰਾਨ ਸੰਗੀਤ ਨਾਲ ਉਸ ਦਾ ਮੋਹ ਹੋਰ ਪੀਢਾ ਹੁੰਦਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਉਸ ਨੇ ਸੰਗੀਤ ਵਿਚ ਐਮ.ਏ. ਕੀਤੀ। ਇਥੋਂ ਹੀ ਸੰਗੀਤ ਵਿਚ ਉਸ ਨੇ ਐਮ.ਫਿਲ ਦੀ ਡਿਗਰੀ ਹਾਸਲ ਕੀਤੀ। ਇਸੇ ਤਰ੍ਹਾਂ 3 ਸਤੰਬਰ 1974 ਵਿਚ ਜਨਮੀ ਗਲੋਰੀ ਨੇ ਵੀ ਐਮ.ਏ., ਐਮ.ਫਿਲ ਸੰਗੀਤ ਦੀ ਡਿਗਰੀ ਇਸੇ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਪੜ੍ਹਾਈ ਦੇ ਨਾਲ ਨਾਲ ਉਹ ਆਪਣੀ ਮਾਂ ਦੇ ਰੇਡੀਓ ਅਤੇ ਦੂਰਦਰਸ਼ਨ ਦੇ ਪ੍ਰੋਗਰਾਮਾਂ ਵਿਚ ਅਕਸਰ ਸਾਥ ਨਿਭਾਉਂਦੀਆਂ ਹਨ। ਬਾਅਦ ਵਿਚ ਦੋਵੇਂ ਭੈਣਾਂ ਆਪਣੇ ਤੌਰ 'ਤੇ ਵੀ ਪ੍ਰੋਗਰਾਮ ਕਰਨ ਲੱਗ ਪਈਆਂ। ਇਹ ਭਾਵੇਂ ਕਲਾਸੀਕਲ ਗਾਇਕੀ (ਗ਼ਜ਼ਲ ਤੇ ਸੂਫ਼ੀ) ਵਿਚ ਵੀ ਮਾਹਰ ਹਨ, ਪਰ ਇਹ ਤਰਜੀਹ ਲੋਕ ਗਾਇਕੀ ਨੂੰ ਹੀ ਦਿੰਦੀਆਂ ਹਨ।

ਦੋਵੇਂ ਭੈਣਾਂ ਰੇਡੀਓ ਅਤੇ ਦੂਰਦਰਸ਼ਨ ਦੀਆਂ ਏ ਗਰੇਡ ਕਲਾਕਾਰ ਹਨ। ਬਹੁਤ ਸਾਰੀਆਂ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਇਨ੍ਹਾਂ ਨੂੰ ਸਮੇਂ ਸਮੇਂ 'ਤੇ ਸਨਮਾਨਿਤ ਕੀਤਾ ਗਿਆ। ਭਾਰਤੀ ਸੰਗੀਤ ਨਾਟਕ ਅਕਾਦਮੀ, ਦਿੱਲੀ ਵੱਲੋਂ ਇਨ੍ਹਾਂ ਨੂੰ ਉਸਤਾਦ ਬਿਸਮਿੱਲਾ ਖਾਂ ਯੁਵਾ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ। ਜੁਲਾਈ 2017 ਵਿਚ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵੱਲੋਂ ਕਰਵਾਏ ਗਏ ਤੀਆਂ ਦੇ ਮੇਲੇ ਵਿਚ ਗੁਰਮੀਤ ਬਾਵਾ ਨਾਲ ਲਾਚੀ ਬਾਵਾ ਅਤੇ ਗਲੋਰੀ ਬਾਵਾ ਦੀ ਪੇਸ਼ਕਾਰੀ ਨੇ ਧੰਨ ਧੰਨ ਕਰਵਾ ਦਿੱਤੀ ਸੀ।



ਗੁਰਮੀਤ ਬਾਵਾ ਆਪਣੀਆਂ ਧੀਆਂ ਲਾਚੀ ਬਾਵਾ ਤੇ ਗਲੋਰੀ ਬਾਵਾ ਨਾਲ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਜਨਵਰੀ 2018** ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-306



*ਡੰਡਾ ਹੱਥ ਵਿਚ ਦੇ ਕੇ, ਦਿੱਤਾ ਭੇਡਾਂ ਚਾਰਨ ਤੋਰ।*
*ਊਂਧੀਆਂ ਪਾ ਕੇ ਤੁਰਨ ਜੋ, ਭਲਾ ਡੰਡੇ ਦੀ ਕੀ ਲੋੜ?*

## ਕੈਪਸ਼ਨ ਮੁਕਾਬਲਾ-304



ਮਾਂ-ਬਾਪ ਕੰਮਾਂ 'ਤੇ ਤੁਰ'ਗੇ
ਦਾਦੀ ਸਾਂਭੇ ਰਸੋਈ।
ਬੱਚੀ ਕੁੱਤਿਆਂ ਨਾਲ ਪਰਚ ਗਈ
ਹੋਰ ਚਾਰਾ ਨਹੀਂ ਕੋਈ।
**-ਦਵਿੰਦਰ ਕੌਰ**

---

ਹਾਣ ਨੂੰ ਹਾਣ ਪਿਆਰਾ ਹੁੰਦਾ
ਇਹ ਜਾਣੇ ਜੱਗ ਸਾਰਾ।
ਦੋ ਮਿੱਤਰਾਂ ਵਿਚਕਾਰ ਹੈ ਬੈਠਾ
ਅਣਭੋਲ ਬੱਚਾ ਹੈ ਪਿਆਰਾ।
ਪਿਆਰ ਦੀ ਕੋਈ ਬੋਲੀ ਨਹੀਂ ਹੈ
ਚੁੱਪ ਹੀ ਸਭ ਬੁੱਝ ਲੈਂਦੇ।
ਇਨਸਾਨ ਜਾਂ ਬੇਜ਼ੁਬਾਨ ਹੋਵਣ
ਭਾਵੇਂ ਮੂੰਹੋਂ ਕੁਝ ਨਾ ਕਹਿੰਦੇ।
**-ਸੇਵਾ ਸਿੰਘ ਨੂਰਪੁਰੀ, ਬੰਗਾ**
**ਫੋਨ: 91-98786-91079**

---

ਜੇ ਮਨਾਂ ਵਿਚ ਮੈਲ ਨਾ ਹੋਵੇ
ਤਾਂ ਹੋ ਜਾਏ ਝੱਟ ਪਹਿਚਾਣ।
ਨਾ ਫਿਰ ਲੱਗੇ ਡਰ ਕਿਸੇ ਤੋਂ
ਰਲ-ਮਿਲ ਸਭ ਲੁੱਡੀਆਂ ਪਾਣ।
ਨੱਚ-ਟੱਪ ਕੇ ਜਦ ਥੱਕ ਜਾਂਦੇ
ਤਾਂ ਪਲ ਭਰ ਲਈ ਸੁਸਤਾਣ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ, ਲੁਧਿਆਣਾ।**

---

ਮਮਤਾ ਦਾ ਮੋਹ ਉਸ ਨੂੰ ਮਿਲਦਾ
ਜੋ ਬੁੱਕਲ ਦੀ ਨਿੱਘ ਮਾਣੇ।
ਜ਼ਿੰਦਗੀ ਦੀ ਤੇਜੀ ਨੇ ਕਰ'ਤੇ
ਮਾਂ ਮਹਿੱਟਰ ਨਿਆਣੇ।

ਮਾਂ ਨੂੰ ਉਡੀਕਦੀ ਸੌਂ ਗਈ ਨੰਨ੍ਹੀ
ਕਦ ਆਊ? ਇਹ ਨਾ ਜਾਣੇ।
ਡੌਗੀ ਹੀ ਰਾਖੇ ਤੇ ਦੋਸਤ ਇਸ ਦੇ
ਇਨ੍ਹਾਂ ਦੇ ਸਾਥ ਦਾ ਨਿੱਘ ਮਾਣੇ।
**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**
**ਫੋਨ: 91-94176-49275**

---

ਮਨਮਰਜੀ ਨਾਲ ਕੁੱਤੇ ਬਿਠਾ ਲੈਣੇ
ਬਚਪਨ ਕਿੰਨਾ ਪਿਆਰਾ ਸੀ।
ਬਿਨਾ ਗੱਲੋਂ ਹਾਸਾ ਡੁਲ੍ਹ ਡੁਲ੍ਹ ਪੈਂਦਾ
ਕੁਦਰਤ ਦਾ ਅਜੀਬ ਵਰਤਾਰਾ ਸੀ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਭੁਲੇ ਨਾ ਬਚਪਨ ਮਸਤ-ਮਸਤਾਨਾ।
ਬਚਪਨ ਦਾ ਵੇਲਾ ਠਾਠ ਸ਼ਾਹਾਨਾ।
ਤਰਸੀਏ ਬੇਫਿਕਰੀ ਦੇ ਜੀਵਨ ਨੂੰ
ਐਪਰ ਰੱਬ ਦਾ ਨਾ ਕਰੇ ਸ਼ੁਕਰਾਨਾ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਬਚਪਨ ਦੀਆਂ ਯਾਦਾਂ ਫੁੱਲਾਂ ਸਮਾਨ
ਜੋ ਕਦੇ ਵੀ ਨਹੀਂ ਕਮਲਾਉਂਦੇ।
ਬਚਪਨ ਇਕ ਸੁਨਹਿਰੀ ਤਸੱਵਰ
ਆਉਂਦਾ ਖਾਬ ਵਿਚ ਰਾਤਾਂ ਨੂੰ।
ਨਿਰਭਰਤਾ ਸੀ ਮਾਪਿਆਂ 'ਤੇ
ਬਚਪਨ ਵਿਚ ਫਿਕਰ ਨਾ ਫਾਕਾ।
ਵੱਡੇ ਹੋਏ ਪਈਆਂ ਜਿੰਮੇਵਾਰੀਆਂ
ਚਿੰਤਾਵਾਂ ਨੇ ਪਾ'ਤਾ ਪਟਾਕਾ।
**-ਦਰਸ਼ਨਪਾਲ ਦੋਸਾਂਝ**

---

ਮਾਂ-ਪਿਓ ਦੀਆਂ ਝਿੜਕਾਂ
ਨਾਲ ਮਿਲਦਾ ਰੱਜਵਾਂ ਪਿਆਰ।
ਉਹ ਬਚਪਨ ਵਾਲੀ
ਮੁੜ ਆਉਣੀ ਨਾ ਬਹਾਰ।
ਇਕ ਵਾਰ ਮਿਲ ਜਾਏ ਬਚਪਨ
ਰੱਬ ਅੱਗੇ ਕਰਾਂ ਅਰਦਾਸ।
ਖੇਡਾਂ-ਮੱਲਾਂ ਰੱਜ ਕੇ ਕਰਾਂ
ਹਰ ਦਿਲ ਦੀ ਪੂਰੀ ਆਸ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

# ਪੰਜਾਬ ਦੇ ਨਸ਼ੇੜੀਆਂ ਨੇ ਹੁਣ ਮਹਿੰਗੇ ਨਸ਼ਿਆਂ ਦਾ ਵੀ ਲੱਭ ਲਿਆ ਤੋੜ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕੀਤੀ ਸਖਤੀ ਮਗਰੋਂ ਪੰਜਾਬ ਨੂੰ ਹੁਣ ਨਵੇਂ ਦੁਖਾਂਤ ਵਿਚੋਂ ਵਿਚਰਨਾ ਪੈ ਰਿਹਾ ਹੈ, ਕਿਉਂਕਿ ਨਸ਼ੇੜੀਆਂ ਵੱਲੋਂ ਮਹਿੰਗੇ ਨਸ਼ਿਆਂ ਦੇ ਤੋੜ ਵਜੋਂ ਵੱਡੇ ਪੱਧਰ ਉਤੇ ਫਾਰਮਾਸੂਟੀਕਲ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬ ਸਟੇਟ ਨਾਰਕੋਟਿਕਸ ਕੰਟਰੋਲ ਬਿਊਰੋ ਤੋਂ ਮਿਲੀ ਜਾਣਕਾਰੀ ਅਨੁਸਾਰ ਨਸ਼ੇੜੀਆਂ ਵੱਲੋਂ 16 ਮਾਰਚ ਤੋਂ 30 ਸਤੰਬਰ 2017 ਦੌਰਾਨ ਸਿਰਫ ਸਾਢੇ ਪੰਜ ਮਹੀਨਿਆਂ ਵਿਚ ਹੀ ਕਰੋੜਾਂ ਦੀ ਗਿਣਤੀ ਵਿਚ ਨਸ਼ੀਲੀਆਂ ਗੋਲੀਆਂ ਤੇ ਕੈਪਸੂਲਾਂ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਨਸ਼ਿਆਂ ਵਾਲੇ ਟੀਕਿਆਂ ਤੇ ਪੀਣ ਵਾਲੀਆਂ ਦਵਾਈਆਂ ਸਮੇਤ ਨਸ਼ੀਲੇ ਪਾਊਡਰ ਦੀ ਵਰਤੋਂ ਵੀ ਵੱਡੇ ਪੱਧਰ ਉਤੇ ਕੀਤੀ ਜਾ ਰਹੀ ਹੈ। ਅੰਕੜਿਆਂ ਅਨੁਸਾਰ ਇਨ੍ਹਾਂ ਮਹੀਨਿਆਂ ਦੌਰਾਨ ਸਟੇਟ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ 26,10,539 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ, 19,015 ਨਸ਼ੀਲੇ ਟੀਕੇ, ਪੀਣ ਵਾਲੀ ਦਵਾਈ ਦੀਆਂ 5337 ਸ਼ੀਸ਼ੀਆਂ ਤੇ 143 ਕਿਲੋ ਨਸ਼ੀਲੇ ਪਾਊਡਰ ਸਮੇਤ ਏਜੰਸੀ ਵੱਲੋਂ 20 ਲਿਟਰ ਨਸ਼ੀਲਾ ਤਰਲ ਪਦਾਰਥ ਬਰਾਮਦ ਕਰਨ ਦਾ ਖੁਲਾਸਾ ਹੋਇਆ ਹੈ।

ਕੌਮਾਂਤਰੀ ਪੱਧਰ ਉਤੇ ਇਸ ਸਬੰਧੀ ਹੋਈਆਂ ਖੋਜਾਂ ਤੋਂ ਸਾਹਮਣੇ ਆਇਆ ਹੈ ਕਿ ਪੁਲਿਸ ਏਜੰਸੀਆਂ ਵੱਲੋਂ ਕੁੱਲ ਖਪਤ ਹੁੰਦੇ ਨਸ਼ੇ ਦਾ ਸਿਰਫ 10-15 ਫੀਸਦੀ ਹੀ ਬਰਾਮਦ ਕੀਤਾ ਜਾਂਦਾ ਹੈ। ਅੰਕੜਿਆਂ ਅਨੁਸਾਰ ਨਸ਼ੀਲੀਆਂ ਗੋਲੀਆਂ ਤੇ ਕੈਪਸੂਲਾਂ ਦੀ ਵਰਤੋਂ ਕਰਨ ਵਿਚ ਮਾਨਸਾ ਜ਼ਿਲ੍ਹਾ ਨੰਬਰ ਇਕ ਉਤੇ ਹੈ, ਜਿਥੋਂ 5,39,054 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਹੋਏ ਹਨ। ਦੂਸਰੇ ਨੰਬਰ ਉਤੇ ਜ਼ਿਲ੍ਹਾ ਮੋਗਾ ਤੋਂ 4,93,706, ਤਰਨਤਾਰਨ ਤੋਂ 2,46,951, ਬਠਿੰਡਾ ਤੋਂ 2,11,116, ਜਲੰਧਰ (ਦਿਹਾਤੀ) ਤੋਂ 1,41,668 ਤੇ ਪਟਿਆਲਾ ਤੋਂ 1,39,744 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਗਏ।

ਨਸ਼ੀਲੇ ਟੀਕਿਆਂ ਦੀ ਵਰਤੋਂ ਕਰਨ ਵਿਚ ਜ਼ਿਲ੍ਹਾ ਜਲੰਧਰ ਤੋਂ ਸਭ ਤੋਂ ਅੱਗੇ ਹੈ, ਜਿਥੋਂ 5503 ਟੀਕੇ, ਦੂਜੇ ਨੰਬਰ ਉਤੇ ਮੋਗਾ ਤੋਂ 2736, ਐਸੀ.ਬੀ.ਐਸ. ਨਗਰ ਤੋਂ 2162, ਪਟਿਆਲਾ ਤੋਂ 1389 ਤੇ ਮੁਹਾਲੀ ਜ਼ਿਲ੍ਹੇ ਵਿਚੋਂ 1031 ਨਸ਼ੀਲੇ ਟੀਕੇ ਬਰਾਮਦ ਹੋਏ ਹਨ। ਇਸੇ ਤਰ੍ਹਾਂ ਪੀਣ ਵਾਲੀਆਂ ਨਸ਼ੀਲੀਆਂ ਦਵਾਈਆਂ ਦੇ ਮਾਮਲੇ ਵਿਚ ਜ਼ਿਲ੍ਹਾ ਸੰਗਰੂਰ ਮੋਹਰੀ ਹੈ। ਇਥੋਂ 2193, ਪਟਿਆਲੇ ਤੋਂ 980 ਤੇ ਬਰਨਾਲਾ ਤੋਂ 358 ਸ਼ੀਸ਼ੀਆਂ ਫੜੀਆਂ ਗਈਆਂ। ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਜ਼ਿਲ੍ਹਾ ਜਲੰਧਰ (ਦਿਹਾਤੀ) ਵਿਚੋਂ ਸਭ ਤੋਂ ਵੱਧ 48 ਕਿਲੋ ਨਸ਼ੀਲਾ ਪਾਊਡਰ, ਲੁਧਿਆਣਾ (ਦਿਹਾਤੀ) ਤੋਂ 25 ਕਿਲੋ, ਹੁਸ਼ਿਆਰਪੁਰ ਤੋਂ 16 ਕਿਲੋ ਤੇ ਖੰਨਾ ਤੋਂ 10 ਕਿਲੋ ਨਸ਼ੀਲਾ ਪਾਊਡਰ ਬਰਾਮਦ ਕੀਤਾ ਗਿਆ।

### ਮੈਡੀਕਲ ਨਸ਼ਿਆਂ ਨੂੰ ਦੇਣ ਲੱਗੇ ਤਰਜੀਹ



### ਯੂਨੀਵਰਸਿਟੀ ਦੀ ਵਿਦਿਆਰਥਣ ਹੈਰੋਇਨ ਸਣੇ ਗ੍ਰਿਫਤਾਰ

**ਅੰਮ੍ਰਿਤਸਰ:** ਹੈਰੋਇਨ ਤਸਕਰੀ ਦੇ ਮਾਮਲੇ ਵਿਚ ਐਸ.ਟੀ.ਐਫ਼. ਵੱਲੋਂ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਤੇ ਉਸ ਦੀ ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਦਿਆਰਥਣ ਦੇ ਪਰਸ ਵਿਚੋਂ ਪੁਲਿਸ ਨੇ 270 ਗ੍ਰਾਮ ਹੈਰੋਇਨ ਬਰਾਮਦ ਕੀਤੀ, ਜਿਸ ਦੀ ਕੀਮਤ ਕੌਮਾਂਤਰੀ ਮੰਡੀ 'ਚ ਸਵਾ ਕਰੋੜ ਰੁਪਏ ਤੋਂ ਵੱਧ ਦੱਸੀ ਗਈ ਹੈ। ਮਾਂ-ਧੀ ਨੂੰ ਪੁਲਿਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਹੈ। ਮਾਂ ਤੇ ਧੀ ਦੀ ਸ਼ਨਾਖਤ ਰਜਨੀ ਉਰਫ ਰੋਜ਼ੀ ਤੇ ਧੀ ਰੌਸ਼ਨੀ ਵਾਸੀ ਪੁਤਲੀਘਰ ਖੇਤਰ ਵਜੋਂ ਹੋਈ ਹੈ। ਵਿਦਿਆਰਥਣ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਕਾਨੂੰਨ ਦੀ ਪੜ੍ਹਾਈ ਕਰ ਰਹੀ ਹੈ। ਪਤਾ ਲਗਾ ਹੈ ਕਿ ਉਕਤ ਵਿਦਿਆਰਥਣ ਤੇ ਉਸ ਦੀ ਮਾਂ ਹੀ ਨਹੀਂ ਬਲਕਿ ਸਾਰਾ ਪਰਿਵਾਰ ਹੀ ਇਸ ਤਸਕਰੀ ਦੇ ਕੰਮ 'ਚ ਲੱਗਾ ਹੋਇਆ ਹੈ।

### ਵਟਸਐਪ ਨੇ ਖੁਫੀਆ ਏਜੰਸੀਆਂ ਨੂੰ ਪਾਇਆ ਪੜ੍ਹਨੇ

**ਫਿਰੋਜ਼ਪੁਰ:** ਸਰਹੱਦ ਪਾਰੋਂ ਹੁੰਦੀ ਤਸਕਰੀ ਦੀ ਪੈੜ ਨੱਪਣ ਵਿਚ ਖੁਫੀਆ ਏਜੰਸੀਆਂ ਲਈ ਵਟਸਐਪ ਵੱਡਾ ਅੜਿੱਕਾ ਬਣ ਰਿਹਾ ਹੈ। ਏਜੰਸੀਆਂ ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਹੁਣ ਸਰਹੱਦ ਪਾਰ ਬੈਠੇ ਤਸਕਰ ਵਟਸਐਪ ਰਾਹੀਂ ਸਾਰਾ ਕਾਰੋਬਾਰ ਚਲਾ ਰਹੇ ਹਨ। ਏਜੰਸੀਆਂ ਕੋਲ ਵਟਸਐਪ ਕਾਲ ਟਰੇਸ ਕਰਨ ਦਾ ਕੋਈ ਵੀ ਯੰਤਰ ਨਹੀਂ ਹੈ।



ਜਾਣਕਾਰੀ ਮੁਤਾਬਕ ਵਟਸਐਪ ਦਾ ਸਰਵਰ ਅਮਰੀਕਾ ਹੋਣ ਕਰ ਕੇ ਵਾਈਸ ਕਾਲ ਦੀ ਜਾਣਕਾਰੀ ਭਾਰਤੀ ਖੁਫੀਆ ਏਜੰਸੀਆਂ ਹੱਥ ਨਹੀਂ ਲੱਗਦੀ। ਇਸ ਦਾ ਸਿੱਧਾ ਸਿੱਧਾ ਫਾਇਦਾ ਤਸਕਰਾਂ ਨੂੰ ਹੋ ਰਿਹਾ ਹੈ। ਇਥੋਂ ਤੱਕ ਕਿ ਤਸਕਰੀ ਦਾ ਪੈਸਾ ਵੀ ਹਵਾਲਾ ਕਾਰੋਬਾਰੀ ਦਿੱਲੀ ਰਾਹੀਂ ਵਿਦੇਸ਼ਾਂ ਤੋਂ ਸਰਹੱਦ ਪਾਰ ਪਹੁੰਚਾਉਂਦੇ ਹਨ। ਕਾਊਂਟਰ ਇੰਟੈਲੀਜੈਂਸ ਦੇ ਏ.ਆਈ.ਜੀ. ਨਰਿੰਦਰਪਾਲ ਨੇ ਸਪੱਸ਼ਟ ਕੀਤਾ ਕਿ ਭਾਰਤ ਦੀਆਂ ਖੁਫੀਆ ਏਜੰਸੀਆਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਭਾਵੇਂ ਸਮੇਂ-ਸਮੇਂ ਉਤੇ ਕਈ ਤਸਕਰਾਂ ਨੂੰ ਕਾਬੂ ਕਰਨ ਵਿਚ ਕਾਊਂਟਰ ਇੰਟੈਲੀਜੈਂਸ ਨੇ ਕਾਮਯਾਬੀ ਹਾਸਲ ਕਰ ਕੇ ਹੈਰੋਇਨ ਆਦਿ ਬਰਾਮਦ ਕੀਤੀ ਹੈ। ਸਰਹੱਦ ਪਾਰੋਂ ਤਸਕਰਾਂ ਨੂੰ ਮਿਲਦੀ ਸਹੂਲਤ ਬਾਰੇ ਅਧਿਕਾਰੀ ਨੇ ਕਿਹਾ ਕਿ ਜਿਹੜੀ ਤਸਕਰੀ ਪੁਲਿਸ ਜਾਂ ਬੀ.ਐਸ.ਐਫ਼ ਬਰਾਮਦ ਕਰਦੀ ਹੈ, ਉਸ ਦੀ ਅਦਾਇਗੀ ਭਾਰਤੀ ਤਸਕਰਾਂ ਨੂੰ ਨਹੀਂ ਕਰਨੀ ਪੈਂਦੀ। ਉਨ੍ਹਾਂ ਕਿਹਾ ਕਿ ਤਸਕਰਾਂ ਵੱਲੋਂ ਪਾਕਿਸਤਾਨ ਸਰਹੱਦ ਦੀ ਵਰਤੋਂ ਕਰਨ ਦੀ ਬਜਾਏ ਵਟਸਐਪ ਦਾ ਸਹਾਰਾ ਲਿਆ ਜਾ ਰਿਹਾ ਹੈ, ਜਿਸ ਦਾ ਸਰਵਰ ਅਮਰੀਕਾ ਹੋਣ ਕਰ ਕੇ ਇਸ ਦੀ ਕੋਈ ਵੀ ਜਾਣਕਾਰੀ ਲੈਣ ਵਿਚ ਭਾਰਤੀ ਏਜੰਸੀਆਂ ਅਸਮਰਥ ਹਨ।

## ਸ਼ਹੀਦ ਸਿੱਖ ਫੌਜੀਆਂ ਦੀ ਯਾਦਗਾਰ ਬਾਰੇ ਯੂ.ਕੇ. ਦੀ ਸੰਸਦ 'ਚ ਪ੍ਰਸਤਾਵ

**ਜਲੰਧਰ:** ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਇੰਗਲੈਂਡ ਵੱਲੋਂ ਲੜਨ ਵਾਲੇ ਸਿੱਖਾਂ ਦੀ ਯਾਦਗਾਰ ਬਣਾਉਣ ਲਈ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਸੰਸਦ ਵਿਚ ਪ੍ਰਸਤਾਵ ਰੱਖਿਆ ਹੈ। ਇਸ ਪ੍ਰਸਤਾਵ ਉਤੇ ਯੂ.ਕੇ. ਦੇ 150 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ। ਸ੍ਰੀ ਢੇਸੀ ਨੇ ਮੰਗ ਕੀਤੀ ਹੈ ਕਿ ਸੈਂਟਰਲ ਲੰਡਨ ਵਿਚ 'ਨੈਸ਼ਨਲ ਸਿੱਖ ਵਾਰ ਮੈਮੋਰੀਅਲ' ਬਣਾਈ ਜਾਵੇ।

ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਇੰਗਲੈਂਡ ਵੱਲੋਂ ਲੜਨ ਵਾਲੇ ਸਿੱਖ ਫੌਜੀਆਂ ਦੀ ਯਾਦਗਾਰ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਪਹਿਲੀ ਸੰਸਾਰ ਜੰਗ ਦੌਰਾਨ 83 ਹਜ਼ਾਰ ਦਸਤਾਰਧਾਰੀ ਸਿੱਖ ਸ਼ਹੀਦ ਹੋ ਗਏ ਸਨ ਤੇ ਇਕ ਲੱਖ ਦੇ ਕਰੀਬ ਸਿੱਖ ਫੌਜੀ ਜ਼ਖਮੀ ਹੋਏ ਸਨ। ਸਰਕਾਰ ਯਾਦਗਾਰ ਉਨ੍ਹਾਂ ਸਿੱਖ ਸ਼ਹੀਦਾਂ ਨੂੰ ਸਮਰਪਤ ਕਰੇ, ਜਿਨ੍ਹਾਂ ਨੇ ਇੰਗਲੈਂਡ ਲਈ ਕੁਰਬਾਨੀਆਂ ਕੀਤੀਆਂ ਸਨ।

ਸ੍ਰੀ ਢੇਸੀ ਨੇ ਦੱਸਿਆ ਕਿ ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਇੰਗਲੈਂਡ ਵੱਲੋਂ ਲੜਨ ਵਾਲੇ ਸਿੱਖ ਫੌਜੀਆਂ ਨੇ ਬਹੁਤ ਬਹਾਦਰੀ ਦਿਖਾਈ ਸੀ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਲਈ ਉਨ੍ਹਾਂ ਦੀ ਯਾਦਗਾਰ ਸੈਂਟਰਲ ਲੰਡਨ ਵਿਚ ਬਣਾਈ ਜਾਵੇ।

### ਗੁਰਬਤ ਨੇ ਲਈ ਵਿਦਿਆਰਥਣ ਦੀ ਜਾਨ

**ਮਾਨਸਾ:** ਘਰ ਦੀ ਗਰੀਬੀ ਨੇ ਪਿੰਡ ਮੌੜ ਚੜ੍ਹਤ ਸਿੰਘ ਵਾਲਾ (ਬਠਿੰਡਾ) ਦੀ ਵਿਦਿਆਰਥਣ ਕਿਰਨਜੀਤ ਕੌਰ ਦੀ ਜਾਨ ਲੈ ਲਈ ਹੈ। ਬੀ.ਏ. ਵਿਚ ਦਾਖਲੇ ਲਈ ਫੀਸ ਨਾ ਹੋਣ ਕਾਰਨ ਇਸ ਕੁੜੀ ਨੇ ਸਲਫਾਸ ਨਿਗਲ ਕੇ ਖੁਦਕੁਸ਼ੀ ਕਰ ਲਈ।

ਪੱਲੇਦਾਰ ਭੋਲਾ ਸਿੰਘ ਦੀ ਧੀ ਕਿਰਨਜੀਤ ਕੌਰ 12ਵੀਂ ਜਮਾਤ ਪਾਸ ਕਰ ਕੇ ਅੱਗੇ ਬੀ.ਏ. ਕਰਨਾ ਚਾਹੁੰਦੀ ਸੀ। ਮਾਪਿਆਂ ਨੇ ਕੁਝ ਦਿਨ ਪਹਿਲਾਂ ਲੜਕੇ ਦਾ ਦਾਖਲਾ ਬਹੁਤ ਮੁਸ਼ਕਲ ਨਾਲ ਕਰਾਇਆ ਸੀ। ਕਿਰਨਜੀਤ ਕੌਰ ਦਾਖਲਾ ਨਾ ਹੋਣ ਕਾਰਨ ਅੰਦਰੋਂ-ਅੰਦਰੀਂ ਦੁਖੀ ਸੀ।

## ਝੂਠੇ ਪਰਚੇ ਦਰਜ ਕਰਨ ਵਾਲੇ ਮੁਲਾਜ਼ਮਾਂ ਦੀ ਆਈ ਸ਼ਾਮਤ

**ਮੋਗਾ:** ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਕਮਿਸ਼ਨ ਵੱਲੋਂ ਤਤਕਾਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਸੀ.ਆਈ.ਏ. ਸਟਾਫ ਵੱਲੋਂ ਨਸ਼ਾ ਤਸਕਰੀ ਦਾ ਝੂਠਾ ਕੇਸ ਦਰਜ ਕਰਨ ਵਾਲੇ ਏ.ਐਸ.ਆਈ. ਸਮੇਤ ਤਿੰਨ ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕਰਨ ਤੇ ਪੀੜਤ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਤੋਂ ਇਲਾਵਾ ਦੋ ਭਰਾਵਾਂ ਸਮੇਤ 10 ਖਿਲਾਫ਼ ਦਰਜ ਕੇਸ ਰੱਦ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਸੀ.ਆਈ.ਏ. ਸਟਾਫ ਵੱਲੋਂ ਤਿੰਨ ਜਨਵਰੀ 2015 ਨੂੰ ਜੋਗਿੰਦਰ ਸਿੰਘ ਉਰਫ ਗੋਰਾ ਵਾਸੀ ਪਿੰਡ ਸੰਗਤਪੁਰਾ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ 500 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਣ ਦਾ ਝੂਠਾ ਕੇਸ ਪਾਇਆ ਗਿਆ ਸੀ। ਕਮਿਸ਼ਨ ਨੇ ਥਾਣਾ ਬਾਘਾ ਪੁਰਾਣਾ ਵਿਚ ਦਰਜ ਇਸ ਕੇਸ ਦੇ ਤਫਤੀਸ਼ੀ ਏ.ਐਸ.ਆਈ. ਪਹਾੜਾ ਸਿੰਘ, ਹੌਲਦਾਰ ਹਰਭਜਨ ਤੇ ਹੌਲਦਾਰ ਗੁਲਾਬ ਸਿੰਘ ਖਿਲਾਫ ਐਨ.ਡੀ.ਪੀ.ਸੀ. 1985 ਦੀ ਧਾਰਾ 58 ਤੇ ਆਈ.ਪੀ.ਸੀ. ਦੀ ਧਾਰਾ 193 ਤੇ 195 ਤਹਿਤ ਕੇਸ ਦਰਜ ਕਰਨ ਦੀ ਸਿਫਾਰਸ਼ ਤੇ ਪੀੜਤ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਦੀ ਸਿਫਾਰਸ਼ ਕੀਤੀ ਹੈ। ਇਸੇ ਤਰ੍ਹਾਂ ਕਮਿਸ਼ਨ ਨੇ ਬਾਘਾ ਪੁਰਾਣਾ ਪੁਲਿਸ ਵੱਲੋਂ 17 ਅਗਸਤ 2013 ਨੂੰ ਮੁਖਬਰ ਦੀ ਸੂਚਨਾ ਉਤੇ ਪਿੰਡ ਸੰਗਤਪੁਰਾ ਦੇ ਦੋ ਭਰਾਵਾਂ ਸਮੇਤ 7 ਖਿਲਾਫ਼ ਦਰਜ ਤਸਕਰੀ ਦਾ ਕੇਸ ਰੱਦ ਕਰਨ ਦੀ ਵੀ ਸਿਫਾਰਸ਼ ਕੀਤੀ ਹੈ।



ਇਸ ਤੋਂ ਇਲਾਵਾ ਟੈਟ ਪਾਸ ਟੈਂਕੀ ਉਤੇ ਚੜ੍ਹਨ ਵਾਲੇ ਅਧਿਆਪਕਾਂ ਖਿਲਾਫ ਥਾਣਾ ਅਜੀਤਵਾਲ ਵਿਚ ਦਰਜ ਕੇਸ ਤੋਂ ਇਲਾਵਾ ਧਰਮਕੋਟ ਦੇ ਸਰਪੰਚ ਬਲਤੇਜ ਸਿੰਘ ਸਮੇਤ ਤਿੰਨ ਵਿਅਕਤੀਆਂ ਖਿਲਾਫ਼ ਝੂਠਾ ਕੇਸ ਦਰਜ ਕਰਵਾਉਣ ਉਤੇ ਉਨ੍ਹਾਂ ਖਿਲਾਫ਼ ਧਾਰਾ 182 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ।

## ਪਤਨੀ ਦੇ ਕਤਲ 'ਚ ਨਿਰਮਾਤਾ ਸੁਹੇਬ ਇਲਿਆਸੀ ਨੂੰ ਉਮਰ ਕੈਦ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਸਾਬਕਾ ਟੀ.ਵੀ. ਐਂਕਰ ਤੇ ਨਿਰਮਾਤਾ ਸੁਹੇਬ ਇਲਿਆਸੀ ਨੂੰ ਆਪਣੀ ਪਤਨੀ ਅੰਜੂ ਦੇ 17 ਸਾਲ ਪਹਿਲਾਂ ਕੀਤੇ ਕਤਲ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਪ੍ਰਸਿੱਧ ਟੀਵੀ ਸ਼ੋਅ 'ਇੰਡੀਆਜ਼ ਮੋਸਟ ਵਾਂਟਿਡ' ਦੇ ਇਸ ਮੇਜ਼ਬਾਨ ਦੇ ਕੇਸ ਨੂੰ ਵਿਲੱਖਣ ਵਿਚੋਂ ਵਿਲੱਖਣ ਦੀ ਸ਼੍ਰੇਣੀ ਵਿਚ ਰੱਖਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਦੇਣ ਨਾਲ ਇਨਸਾਫ ਦਾ ਮੰਤਵ ਪੂਰਾ ਹੋ ਜਾਵੇਗਾ। ਅਦਾਲਤ ਨੇ ਇਲਿਆਸੀ ਉਤੇ ਦੋ ਲੱਖ ਰੁਪਏ ਜੁਰਮਾਨਾ ਵੀ ਲਾਇਆ ਹੈ। ਉਸ ਨੂੰ ਚਾਕੂ ਮਾਰ ਕੇ ਆਪਣੀ ਪਤਨੀ ਦਾ ਕਤਲ ਕਰਨ ਦੇ ਦੋਸ਼ ਹੇਠ 16 ਦਸੰਬਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਅੰਜੂ ਦੇ ਮਾਪਿਆਂ ਨੂੰ ਮੁਆਵਜ਼ੇ ਵਜੋਂ 10 ਲੱਖ ਰੁਪਏ ਦੇਣ ਦਾ ਆਦੇਸ਼ ਦਿੱਤਾ ਗਿਆ।

ਸਜ਼ਾ ਸੁਣਾਉਣ ਤੋਂ ਫੌਰੀ ਬਾਅਦ 51 ਸਾਲਾ ਸੁਹੇਬ, ਜਿਸ ਨੂੰ ਤਿਹਾੜ ਜੇਲ੍ਹ ਵਿਚੋਂ ਲਿਆਂਦਾ ਗਿਆ, ਨੇ ਚੀਕ-ਚੀਕ ਕੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਬੇਕਸੂਰ ਹੈ ਅਤੇ ਉਮਰ ਕੈਦ ਦੀ ਸਜ਼ਾ ਬੇਇਨਸਾਫੀ ਹੈ। ਇਸ ਮੌਕੇ ਸੁਹੇਬ ਦਾ ਪਿਤਾ ਜਮੀਲ ਇਲਿਆਸੀ ਤੇ ਭਰਾ ਵੀ ਅਦਾਲਤ ਵਿਚ ਮੌਜੂਦ ਸੀ।

### ਰਿਆਨ ਕੇਸ: ਮੁਲਜ਼ਮ ਨਾਲ ਬਾਲਗ ਵਜੋਂ ਸਿੱਝਣ ਦਾ ਹੁਕਮ

**ਗੁੜਗਾਓਂ:** ਰਿਆਨ ਇੰਟਰਨੈਸ਼ਨਲ ਸਕੂਲ ਵਿਚ ਸੱਤ ਸਾਲਾ ਬੱਚੇ ਦੀ ਹੱਤਿਆ ਕਰਨ ਵਾਲੇ 16 ਸਾਲਾ ਵਿਦਿਆਰਥੀ ਨੂੰ ਬਾਲਗ ਵਜੋਂ ਵਿਚਾਰਿਆ ਜਾਵੇਗਾ। ਬਾਲ ਨਿਆਂ ਬੋਰਡ ਨੇ ਇਹ ਆਦੇਸ਼ ਉਸ ਅਰਜ਼ੀ ਉਤੇ ਦਿੱਤੇ, ਜਿਸ ਵਿਚ ਕਿਹਾ ਗਿਆ ਸੀ ਕਿ ਇਸ ਜੁਰਮ ਦੇ ਮੁਲਜ਼ਮ ਨਾਲ ਨਾਬਾਲਗ ਵਜੋਂ ਨਹੀਂ ਸਿੱਝਿਆ ਜਾਣਾ ਚਾਹੀਦਾ। ਪਿਛਲੀ ਸੁਣਵਾਈ ਦੌਰਾਨ 15 ਦਸੰਬਰ ਨੂੰ ਬੋਰਡ ਨੇ ਇਸ ਸਬੰਧੀ ਆਪਣਾ ਫੈਸਲਾ 20 ਦਸੰਬਰ ਤੱਕ ਰਾਖਵਾਂ ਰੱਖ ਲਿਆ ਸੀ।

ਬੋਰਡ ਨੇ ਇਸ ਤੋਂ ਪਹਿਲਾਂ ਪ੍ਰਦਯੁਮਨ ਠਾਕੁਰ ਦੇ ਕਤਲ ਦੇ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਮੁਲਜ਼ਮ ਬਾਰੇ ਮਾਹਿਰਾਂ ਦੀ ਰਾਇ ਲੈਣ ਲਈ ਬੋਰਡ ਨੇ ਇਕ ਕਮੇਟੀ ਵੀ ਕਾਇਮ ਕੀਤੀ ਸੀ, ਜਿਸ ਵਿਚ ਪੀ.ਜੀ.ਆਈ. ਰੋਹਤਕ ਦਾ ਇਕ ਮਨੋਵਿਗਿਆਨੀ ਸ਼ਾਮਲ ਸੀ।

## ਵਿਰਾਸਤੀ ਮਾਰਗ 'ਤੇ ਫਿਲਮ ਸ਼ੂਟਿੰਗ ਦੀ ਖੁੱਲ੍ਹ


**ਅੰਮ੍ਰਿਤਸਰ:** ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ 'ਹੈਰੀਟੇਜ ਸਟਰੀਟ' ਭਵਿੱਖ ਵਿਚ ਬਾਲੀਵੁਡ ਤੇ ਪਾਲੀਵੁਡ ਦੀਆਂ ਫਿਲਮਾਂ ਦਾ ਹਿੱਸਾ ਬਣ ਸਕਦੀ ਹੈ। ਸ੍ਰੀ ਹਰਿਮੰਦਰ ਸਾਹਿਬ ਨੇੜੇ ਲਗਭਗ ਪੌਣਾ ਕਿਲੋਮੀਟਰ ਰਕਬੇ ਵਿਚ ਬਣਾਈ ਗਈ ਵਿਰਾਸਤੀ ਸਟਰੀਟ ਇਸ ਵੇਲੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਹ ਵਿਰਾਸਤੀ ਮਾਰਗ ਅਕਾਲੀ-ਭਾਜਪਾ ਸਰਕਾਰ ਵੱਲੋਂ ਨਵੰਬਰ 2016 ਵਿਚ ਲੋਕ ਅਰਪਿਤ ਕੀਤਾ ਗਿਆ ਸੀ। ਹੁਣ ਇਸ ਦੀ ਮਕਬੂਲੀਅਤ ਨੂੰ ਹੋਰ ਪ੍ਰਚਾਰਨ ਵਾਸਤੇ ਪ੍ਰਸ਼ਾਸਨ ਅਤੇ ਸੈਰ ਸਪਾਟਾ ਵਿਭਾਗ ਵੱਲੋਂ ਇਸ ਸਬੰਧੀ ਯਤਨ ਕੀਤੇ ਜਾ ਰਹੇ ਹਨ।



ਦੱਸਣਯੋਗ ਹੈ ਕਿ ਹਿੰਦੀ ਤੇ ਪੰਜਾਬੀ ਫਿਲਮਾਂ ਦੀ ਕਈ ਵਾਰ ਸ਼ੂਟਿੰਗ ਸ੍ਰੀ ਹਰਿਮੰਦਰ ਸਾਹਿਬ ਤੇ ਇਸ ਦੇ ਆਲੇ ਦੁਆਲੇ ਹੋਈ ਹੈ, ਪਰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਮਾਰਚ 2016 ਤੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਫਿਲਮਾਂ ਦੀ ਸ਼ੂਟਿੰਗ ਉਤੇ ਰੋਕ ਲਾਈ ਹੋਈ ਹੈ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਫਿਲਮ ਨਿਰਮਾਤਾ ਤੇ ਨਿਰਦੇਸ਼ਕਾਂ ਨੂੰ ਹੈਰੀਟੇਜ ਸਟਰੀਟ ਵਿਚ ਬਿਨਾਂ ਕਿਸੇ ਖਰਚ ਦੇ ਸ਼ੂਟਿੰਗ ਕਰਨ ਦਾ ਸੱਦਾ ਦਿੱਤਾ ਹੈ। ਇਸੇ ਤਹਿਤ ਹੀ 22 ਨਵੰਬਰ ਨੂੰ ਇਥੇ ਇਕ ਹਿੰਦੀ ਫਿਲਮ 'ਯਮਲਾ ਪਗਲਾ ਦਿਵਾਨਾ 3' ਦੀ ਸ਼ੂਟਿੰਗ ਹੋਈ ਹੈ, ਜਿਸ ਵਿਚ ਫਿਲਮ ਕਲਾਕਾਰ ਬੌਬੀ ਦਿਓਲ ਅਤੇ ਕ੍ਰੀਤੀ ਖਰਬੰਦਾ ਉਤੇ ਇਕ ਗਾਣੇ ਦੇ ਦ੍ਰਿਸ਼ ਫਿਲਮਾਏ ਗਏ ਸਨ।

# ਟਰੰਪ ਨੂੰ ਪਸੰਦ ਨਹੀਂ ਕਰਦੇ ਬਹੁਤੇ ਅਮਰੀਕੀ

### ਸੀ.ਐਨ.ਐਨ. ਦੇ ਸਰਵੇਖਣ ਵਿਚ ਦਾਅਵਾ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਲੋਕਪ੍ਰਿਅਤਾ ਵਿਚ ਕਾਰਜਕਾਲ ਦੇ ਪਹਿਲੇ ਸਾਲ ਵਿਚ ਹੀ ਭਾਰੀ ਕਮੀ ਆਈ ਹੈ। ਸੀ.ਐਨ.ਐਨ. ਦੇ ਇਕ ਸਰਵੇਖਣ ਮੁਤਾਬਕ ਅਮਰੀਕਾ ਦੇ ਸਿਰਫ 35 ਫੀਸਦੀ ਲੋਕਾਂ ਨੇ ਟਰੰਪ ਨੂੰ ਸਹੀ ਆਖਿਆ ਹੈ। ਸਰਵੇ ਵਿਚ ਵਿਖਾਇਆ ਗਿਆ ਹੈ ਕਿ ਮਾਰਚ ਵਿਚ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਦੇ ਤੁਰਤ ਬਾਅਦ 45 ਫੀਸਦੀ ਲੋਕਾਂ ਨੇ ਟਰੰਪ ਨੂੰ ਪਸੰਦ ਕੀਤਾ ਸੀ, ਪਰ ਹੁਣ ਉਨ੍ਹਾਂ ਦੀ ਲੋਕਪ੍ਰਿਅਤਾ ਵਿਚ 35 ਫੀਸਦੀ ਗਿਰਾਵਟ ਆਈ ਹੈ।

ਦਸੰਬਰ ਮਹੀਨੇ ਇਹ ਫੀਸਦੀ ਕਿਸੇ ਵੀ ਚੁਣੇ ਗਏ ਰਾਸ਼ਟਰਪਤੀ ਦੇ ਕਾਰਜਕਾਲ ਦੇ ਪਹਿਲੇ ਸਾਲ ਵਿਚ ਸਭ ਤੋਂ ਘੱਟ ਹੈ। ਸਰਵੇਖਣ ਮੁਤਾਬਕ 59 ਫੀਸਦੀ ਲੋਕਾਂ ਨੇ ਕਿਹਾ ਕਿ ਟਰੰਪ ਜਿਸ ਤਰ੍ਹਾਂ ਰਾਸ਼ਟਰਪਤੀ ਅਹੁਦਾ ਸੰਭਾਲ ਰਹੇ ਹਨ, ਉਹ ਉਸ ਤੋਂ ਖੁਸ਼ ਨਹੀਂ ਹਨ। ਪਹਿਲੇ ਸਾਲ ਵਿਚ ਜਾਰਜ ਡਬਲਿਊ ਬੁਸ਼ ਨੂੰ 86 ਫੀਸਦੀ, ਜੌਹਨ ਐਫ ਕੈਨੇਡੀ ਨੂੰ 77, ਜਾਰਜ ਐਚ ਡਬਲਿਊ ਬੁਸ਼ ਨੂੰ 71 ਅਤੇ ਡਵਾਈਟ ਆਈਸਨਹਾਵਰ ਨੂੰ 69 ਫੀਸਦੀ ਲੋਕਾਂ ਨੇ ਪਸੰਦ ਕੀਤਾ ਸੀ।

ਰਿਚਰਡ ਨਿਕਸਨ, ਜਿਮੀ ਕਾਰਟਰ, ਬਿਲ ਕਲਿੰਟਨ ਤੇ ਬਰਾਕ ਓਬਾਮਾ ਆਦਿ ਸਾਰੇ ਸਾਬਕਾ ਰਾਸ਼ਟਰਪਤੀਆਂ ਨੂੰ ਉਨ੍ਹਾਂ ਦੇ ਕਾਰਜਕਾਲ ਦੇ ਪਹਿਲੇ ਸਾਲ ਵਿਚ 50 ਫੀਸਦੀ ਤੋਂ ਜ਼ਿਆਦਾ ਲੋਕਾਂ ਨੇ ਸਮਰਥਨ ਦਿੱਤਾ ਸੀ। ਆਪਣੀ ਪਾਰਟੀ ਵਿਚ ਟਰੰਪ ਦੀ ਲੋਕਪ੍ਰਿਅਤਾ 85 ਫੀਸਦੀ ਰਹੀ ਹੈ, ਪਰ ਸੁਤੰਤਰ ਰੂਪ ਨਾਲ ਉਨ੍ਹਾਂ ਦਾ ਫੀਸਦੀ 33 ਰਿਹਾ ਅਤੇ ਡੈਮੋਕ੍ਰੇਟਿਕ ਪਾਰਟੀ ਵਿਚ ਸਿਰਫ ਚਾਰ ਪ੍ਰਤੀਸ਼ਤ। ਸੀ.ਐਨ.ਐਨ. ਦਾ ਇਹ ਸਰਵੇਖਣ 14 ਤੋਂ 17 ਦਸੰਬਰ ਤੱਕ 1001 ਬਾਲਗਾਂ ਦੇ ਵਿਚਾਲੇ ਕੀਤਾ ਗਿਆ।

## ਸੰਯੁਕਤ ਰਾਸ਼ਟਰ ਮਹਾਂਸਭਾ 'ਚ ਟਰੰਪ ਦੀ ਇਕ ਨਾ ਚੱਲੀ

**ਸੰਯੁਕਤ ਰਾਸ਼ਟਰ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਤੋਂ ਤਕੜਾ ਝਟਕਾ ਲੱਗਾ ਹੈ। ਸੰਯੁਕਤ ਰਾਸ਼ਟਰ ਵਿਚ ਯੇਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਦੇ ਤੌਰ ਉਤੇ ਮਾਨਤਾ ਦੇਣ ਦੇ ਡੋਨਲਡ ਟਰੰਪ ਦੇ ਮਤੇ ਖਿਲਾਫ ਭਾਰਤ ਸਮੇਤ 127 ਦੇਸ਼ਾਂ ਨੇ ਵੋਟ ਦਿੱਤਾ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਦੇ ਮਤੇ ਦਾ 9 ਦੇਸ਼ਾਂ ਨੇ ਸਮਰਥਨ ਕੀਤਾ ਹੈ ਜਦਕਿ 35 ਇਸ ਵੋਟਿੰਗ ਤੋਂ ਦੂਰ ਰਹੇ। ਟਰੰਪ ਨੇ ਅਮਰੀਕਾ ਦੇ ਰੁਖ ਦਾ ਵਿਰੋਧ ਕਰਨ ਵਾਲੇ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਸੀ, ਜਿਸ ਤੋਂ ਇਕ ਦਿਨ ਬਾਅਦ ਭਾਰਤ ਨੇ ਅਮਰੀਕਾ ਦੇ ਵਿਰੁੱਧ ਵੋਟ ਕਰਨ ਦਾ ਫੈਸਲਾ ਕੀਤਾ। ਦੱਸ ਦਈਏ ਕਿ ਅਮਰੀਕਾ ਤੇ ਇਜ਼ਰਾਈਲ ਨੇ ਇਸ ਮਤੇ ਉਤੇ ਹਾਰ ਦਾ ਅੰਤਰ ਘਟਾਉਣਾ ਵਕਾਰ ਦਾ ਸਵਾਲ ਬਣਾ ਲਿਆ। ਅਮਰੀਕੀ ਸਫਾਰਤੀ ਅਧਿਕਾਰੀਆਂ ਨੇ ਜਿਥੇ ਕਿਤੇ ਵੀ ਦਬਾਅ ਬਣਾਇਆ ਜਾ ਸਕਦਾ ਸੀ, ਪੂਰਾ ਦਬਾਅ ਬਣਾਇਆ। ਇਜ਼ਰਾਈਲ ਵੱਖਰੇ ਤੌਰ 'ਤੇ ਸਰਗਰਮ ਰਿਹਾ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਨਿੱਜੀ ਦੋਸਤੀ ਦਾ ਵਾਸਤਾ ਦੇ ਕੇ ਭਾਰਤ ਉਪਰ ਮਤੇ ਖਿਲਾਫ ਭੁਗਤਣ ਵਾਸਤੇ ਭਰਪੂਰ ਦਬਾਅ ਬਣਾਇਆ।

# ਏਲੀਅਨ ਵਾਲੀ ਗੱਲ ਸੱਚੀ ਨਿਕਲੀ...

**ਲਾਸ ਏਂਜਲਸ:** ਧਰਤੀ ਵਾਂਗ ਹੋਰ ਗ੍ਰਹਿਆਂ ਉਤੇ ਵੀ ਜੀਵਨ ਸੰਭਵ ਹੈ। ਵਿਗਿਆਨੀਆਂ ਨੇ ਪੱਛਮੀ ਆਸਟਰੇਲੀਆ ਵਿਚ 3.46 ਅਰਬ ਸਾਲ ਪੁਰਾਣੇ ਸੂਖਮ ਜੀਵਾਂ ਦੇ ਪਥਰਾਟ ਦਾ ਅਧਿਐਨ ਕਰ ਕੇ ਪੁਲਾੜ ਵਿਚ ਏਲੀਅਨਸ ਦੇ ਜੀਵਨ ਦੀ ਪੁਸ਼ਟੀ ਕੀਤੀ ਹੈ।



ਕੈਲੀਫੋਰਨੀਆ, ਲਾਸ ਏਂਜਲਸ ਅਤੇ ਵਿਸਕਾਂਸਿਨ ਮੈਡੀਸਨ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਖੋਜ ਵਿਚ ਪਾਇਆ ਕਿ ਧਰਤੀ ਉਤੇ 35 ਲੱਖ ਸਾਲ ਪਹਿਲਾਂ ਜੀਵਨ ਦੀ ਸ਼ੁਰੂਆਤ ਹੋਈ ਸੀ। ਉਸ ਸਮੇਂ ਧਰਤੀ 'ਤੇ ਆਕਸੀਜਨ ਵੀ ਨਹੀਂ ਸੀ। ਖੋਜ ਅਨੁਸਾਰ ਜਦੋਂ ਔਖੇ ਹਾਲਾਤ ਵਿਚ ਵੀ ਧਰਤੀ 'ਤੇ ਜੀਵਨ ਸੰਭਵ ਹੋ ਸਕਿਆ ਤਾਂ ਇਸੇ ਤਰ੍ਹਾਂ ਹੋਰ ਗ੍ਰਹਿਆਂ ਉਤੇ ਵੀ ਆਰੰਭਿਕ ਜੀਵਾਂ ਦਾ ਵਿਕਾਸ ਜ਼ਰੂਰ ਹੋਇਆ ਹੋਵੇਗਾ। ਅਧਿਐਨ ਵਿਚ ਵਿਗਿਆਨਕਾਂ ਨੂੰ ਦੋ ਪ੍ਰਜਾਤੀਆਂ ਮਿਲੀਆਂ। ਇਨ੍ਹਾਂ ਵਿਚੋਂ ਇਕ ਪ੍ਰਕਾਸ਼ ਸੰਸ਼ਲੇਸ਼ਣ ਤੇ ਦੂਸਰੀ ਮੀਥੇਨ ਗੈਸ ਦਾ ਨਿਰਮਾਣ ਕਰਨ ਵਿਚ ਸਮਰੱਥ ਸੀ। ਇਨ੍ਹਾਂ ਤੋਂ ਇਲਾਵਾ ਹੋਰ ਦੋ ਸੂਖਮ ਜੀਵ ਮੀਥੇਨ ਗੈਸ ਦੀ ਵਰਤੋਂ ਕਰ ਕੇ ਆਪਣੀ ਕੋਸ਼ਿਕਾ ਦੀ ਦੀਵਾਰ ਬਣਾ ਰਹੇ ਸਨ। ਪਥਰਾਟ ਕਿੰਨਾ ਪੁਰਾਣਾ ਹੈ, ਇਹ ਜਾਣਨ ਲਈ ਵਿਗਿਆਨਕਾਂ ਨੇ ਸੈਕੰਡਰੀ ਆਇਨ ਮਾਸ ਸਪੈਕਟ੍ਰੋਸਕੋਪੀ ਤਕਨੀਕ ਦੀ ਵਰਤੋਂ ਕੀਤੀ। ਇਸ ਵਿਧੀ ਵਿਚ ਕਾਰਬਨ-12 ਅਤੇ ਕਾਰਬਨ-13 ਆਈਸੋਟੋਪ (ਇਨ੍ਹਾਂ ਵਿਚ ਨਿਊਟ੍ਰਾਨ ਦੀ ਗਿਣਤੀ ਭਿੰਨ ਹੁੰਦੀ ਹੈ) ਦਾ ਪਤਾ ਲਗਾਇਆ ਜਾਂਦਾ ਹੈ।

ਪੀ.ਐਨ.ਏ.ਐਸ. ਜਰਨਲ ਵਿਚ ਪ੍ਰਕਾਸ਼ਿਤ ਖੋਜ ਦੇ ਵਿਗਿਆਨੀ ਜੇ ਵਿਲੀਅਮ ਸਕੋਫ ਨੇ ਦੱਸਿਆ ਕਿ ਧਰਤੀ ਦੇ ਸ਼ੁਰੂਆਤੀ ਦਿਨਾਂ ਵਿਚ ਵੀ ਪ੍ਰਜਾਤੀਆਂ ਦਾ ਵਿਕਾਸ ਹੋ ਚੁੱਕਾ ਸੀ। ਇਸ ਦਾ ਅਰਥ ਹੈ ਬ੍ਰਹਿਮੰਡ ਵਿਚ ਕਈ ਥਾਵਾਂ 'ਤੇ ਇਹ ਘਟਨਾ ਘਟੀ ਹੋਵੇਗੀ। ਹਾਲਾਂਕਿ ਹੁਣ ਤੱਕ ਇਹ ਸਾਫ ਨਹੀਂ ਹੈ ਕਿ ਇਸ ਦੇ ਬਾਅਦ ਹੋਰ ਗ੍ਰਹਿਆਂ ਉਤੇ ਬਹੁਕੋਸ਼ਿਕੀ ਜੀਵਾਂ ਦਾ ਵਿਕਾਸ ਹੋਇਆ ਜਾਂ ਨਹੀਂ।

## ਕੈਨੇਡਾ ਵਿਚ ਮਾਪਿਆਂ ਨੂੰ ਸੱਦਣਾ ਹੋਵੇਗਾ ਸੁਖਾਲਾ

**ਟੋਰਾਂਟੋ:** ਕੈਨੇਡਾ ਦੇ ਆਵਾਸ ਵਿਭਾਗ ਨੇ ਐਲਾਨ ਕੀਤਾ ਹੈ ਕਿ ਮੁਲਕ ਦੇ ਨਾਗਰਿਕ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਨੂੰ ਆਪਣੇ ਕੋਲ ਸੱਦਣ ਲਈ ਦੋ ਜਨਵਰੀ, 2018 ਤੋਂ ਅਰਜ਼ੀਆਂ ਦੇ ਸਕਦੇ ਹਨ। ਮੁਲਕ ਦੇ ਆਵਾਸ ਮੰਤਰੀ ਅਹਿਮਦ ਹੁਸੈਨ ਮੁਤਾਬਕ ਪਰਿਵਾਰਕ ਕੇਸਾਂ ਦੇ ਛੇਤੀ ਨਿਪਟਾਰੇ ਲਈ ਸਾਫ ਸੁਥਰਾ ਤੇ ਪਾਰਦਰਸ਼ੀ ਸਿਸਟਮ ਅਪਣਾਇਆ ਜਾਵੇਗਾ।

ਇਸ ਨਵੇਂ ਸਿਸਟਮ ਤਹਿਤ ਸਪਾਂਸਰਕਰਤਾ ਨੂੰ ਦੋ ਜਨਵਰੀ ਤੋਂ ਪਹਿਲੀ ਫਰਵਰੀ, 2018 ਦੌਰਾਨ ਆਨ ਲਾਈਨ ਫਾਰਮ ਭਰਨਾ ਪਵੇਗਾ, ਜਿਸ ਬਾਅਦ ਆਵਾਸ ਮਹਿਕਮਾ ਯੋਗ ਅਰਜ਼ੀਆਂ ਨੂੰ ਚੁਣ ਕੇ ਬਿਨੈਕਾਰਾਂ ਨੂੰ ਅਗਲੀ ਕਾਰਵਾਈ ਲਈ ਹਰੀ ਝੰਡੀ ਦੇਵੇਗਾ। 'ਇੰਟਰਸਟ ਟੂ ਸਪਾਂਸਰ' ਫਾਰਮ ਇਮੀਗ੍ਰੇਸ਼ਨ ਰਿਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ. ਆਰ.ਸੀ.ਸੀ.) ਦੀ ਵੈੱਬਸਾਈਟ ਉਤੇ 2 ਜਨਵਰੀ ਨੂੰ ਉਪਲਬਧ ਹੋਵੇਗਾ। ਮਹਿਕਮੇ ਦੀ ਨਵੀਂ ਨੀਤੀ ਤਹਿਤ ਅਗਲੇ ਤਿੰਨ ਸਾਲਾਂ 'ਚ ਕੋਈ 10 ਲੱਖ ਪਰਵਾਸੀ ਕੈਨੇਡਾ ਆਉਣਗੇ ਅਤੇ ਰਿਫਊਜ਼ੀ, ਪਰਿਵਾਰਕ ਅਤੇ ਆਰਥਿਕ ਕੋਟੇ ਨੂੰ ਅਗਲੇ ਸਾਲ 3 ਲੱਖ 10 ਹਜ਼ਾਰ ਕੀਤਾ ਜਾਵੇਗਾ।

## ਭਤੀਜੇ ਹੱਥੋਂ ਤਾਇਆ ਕਤਲ

**ਭਵਾਨੀਗੜ੍ਹ:** ਪਿੰਡ ਕਪਿਆਲ ਵਿਚ ਭਤੀਜੇ ਨੇ ਗੋਲੀ ਮਾਰ ਕੇ ਤਾਏ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਿੰਕੂ ਸਿੰਘ ਰਾਤ ਵੇਲੇ ਇਕ ਔਰਤ ਨੂੰ ਘਰ ਲੈ ਕੇ ਆਇਆ ਸੀ। ਉਸ ਦੇ ਪਿਤਾ ਲਾਲ ਸਿੰਘ ਨੇ ਭਰਾ ਸੁਲਤਾਨ ਸਿੰਘ ਨੂੰ ਬੁਲਾ ਕੇ ਅਜਿਹੇ ਮਾੜੇ ਕੰਮਾਂ ਤੋਂ ਰੋਕਣ ਲਈ ਸਮਝਾਉਣ ਲਈ ਆਖਿਆ। ਗੁੱਸੇ 'ਚ ਆਏ ਰਿੰਕੂ ਸਿੰਘ ਨੇ ਸੁਲਤਾਨ ਸਿੰਘ ਨੂੰ ਗੋਲੀ ਮਾਰ ਦਿੱਤੀ।

## ਕੈਨੇਡਾ ਪੜ੍ਹਨ ਗਏ ਨੌਜਵਾਨ ਦੀ ਦੂਜੇ ਹੀ ਦਿਨ ਮੌਤ

**ਜਲੰਧਰ:** ਕੈਨੇਡਾ ਪੜ੍ਹਨ ਗਏ ਜਲੰਧਰ ਦੇ ਨੌਜਵਾਨ ਦੀ ਦੂਜੇ ਦਿਨ ਹੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਗ੍ਰੀਨ ਮਾਡਲ ਟਾਊਨ ਦਾ ਵਸਨੀਕ ਸਹਿਜ ਜੁਨੇਜਾ (19) 18 ਦਸੰਬਰ ਨੂੰ ਸਟੱਡੀ ਵੀਜ਼ੇ ਉਤੇ ਟੋਰਾਂਟੋ ਦੇ ਬਰੈਂਪਟਨ ਸ਼ਹਿਰ ਪਹੁੰਚਿਆ ਸੀ ਅਤੇ 20 ਦਸੰਬਰ ਨੂੰ ਸਵੇਰੇ ਉਸ ਦੀ ਮੌਤ ਦੀ ਖਬਰ ਆ ਗਈ।

ਉਸ ਦੀ ਲਾਸ਼ ਵਾਪਸ ਲਿਆਉਣ ਲਈ ਪਰਿਵਾਰ ਨੇ ਭਾਰਤ ਸਰਕਾਰ ਤੋਂ ਮਦਦ ਦੀ ਅਪੀਲ ਕੀਤੀ ਹੈ। ਇਸ ਸਬੰਧੀ ਪਰਿਵਾਰ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਚਿੱਠੀ ਵੀ ਲਿਖੀ ਹੈ। ਸਹਿਜ ਦੇ ਪਿਤਾ ਨੇ ਵਿਦੇਸ਼ ਮੰਤਰੀ ਨੂੰ ਸੰਬੋਧਨ ਕਰਦਿਆਂ ਲਿਖੀ ਚਿੱਠੀ ਵਿਚ ਕਿਹਾ ਹੈ ਕਿ ਭਾਰਤ ਸਰਕਾਰ ਉਨ੍ਹਾਂ ਦੀ ਬਾਂਹ ਫੜੇ ਤੇ ਉਸ ਦੇ ਪੁੱਤਰ ਦੀ ਲਾਸ਼ ਨੂੰ ਆਪਣੇ ਖਰਚੇ 'ਤੇ ਵਾਪਸ ਭਾਰਤ ਲੈ ਕੇ ਆਵੇ।

# 'ਤੋਤਾ, ਘੋੜਾ ਤੇ ਮਨੁੱਖ'

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਇਹ ਅਦਭੁਤ ਨਾਂ 'ਤੋਤਾ, ਘੋੜਾ ਤੇ ਮਨੁੱਖ' ਵਲਾਇਤ ਵਸਦੇ ਪੰਜਾਬੀ ਕਵੀ ਅਮਰਜੀਤ ਚੰਦਨ ਦੀਆਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਵਾਲੀ ਪੁਸਤਕ ਦਾ ਪੰਜਾਬੀ ਨਾਂ ਹੈ। ਲੇਖਕ ਨੇ ਆਪਣੀਆਂ ਨਜ਼ਮਾਂ ਦਾ ਅਨੁਵਾਦ ਛਪਵਾਉਂਦਿਆਂ ਪੂਰਾ ਧਿਆਨ ਰੱਖਿਆ ਹੈ ਕਿ ਅਨੁਵਾਦਤ ਨਜ਼ਮ ਦੇ ਬਰਾਬਰ ਹਰ ਨਜ਼ਮ ਦਾ ਮੂਲ ਹੀ ਨਹੀਂ, ਤਤਕਰਾ ਵੀ ਦਿੱਤਾ ਜਾਵੇ ਪਰ ਪੁਸਤਕ ਦਾ ਸਿਰਲੇਖ ਕੇਵਲ 'ਦੀ ਪੈਰਟ, ਦੀ ਹਾਰਸ ਐਂਡ ਦੀ ਮੈਨ' (The Parrot, the horse & the man) ਤੱਕ ਹੀ ਸੀਮਤ ਰੱਖਿਆ ਹੈ।

ਸੱਚ ਤਾਂ ਇਹ ਵੀ ਹੈ ਕਿ ਕਵਿਤਾਵਾਂ ਵਿਚਲਾ ਸੱਚ ਜੂਲੀਆ ਕੈਸਟਰਟਨ, ਵਾਨੀਸ ਗੈਬੀ, ਅਜਮੇਰ ਰੋਡੇ, ਜਸਪਾਲ ਸਿੰਘ, ਸਟੀਫਨ ਵੱਤਸ ਤੇ ਜਾਨ ਵੈਲਚ ਦੇ ਅੰਗਰੇਜ਼ੀ ਅਨੁਵਾਦਾਂ ਵਿਚ ਮੂਲ ਨਾਲੋਂ ਵਧੇਰੇ ਨਿੱਤਰਿਆ ਹੈ। ਉਂਜ ਸਾਢੇ ਤਿੰਨ ਦਹਾਕਿਆਂ ਤੋਂ ਵਲਾਇਤ ਰਹਿੰਦੇ ਚੰਦਨ ਦੀ ਬੋਲ-ਚਾਲ ਵਾਲੀ ਮਾਤ ਭਾਸ਼ਾ ਉਤੇ ਪੂਰੀ ਪਕੜ ਹੈ। ਫੇਰ ਵੀ ਸਮੁੱਚਾ ਪ੍ਰਭਾਵ ਇਹ ਪੈਂਦਾ ਹੈ ਕਿ ਸਭ ਕਾਸੇ ਦੇ ਬਾਵਜੂਦ ਪੰਜਾਬੀ ਸ਼ਬਦਾਵਲੀ ਉਹਦੇ ਅੰਦਰਲੇ ਰਹੱਸ ਨੂੰ ਫੜਨ ਦੇ ਓਨੀ ਯੋਗ ਨਹੀਂ, ਜਿੰਨੀ ਅੰਗਰੇਜ਼ੀ ਸ਼ਬਦਾਵਲੀ। ਪੇਸ਼ ਹੈ, ਇਕ ਪੰਜਾਬੀ ਕਵਿਤਾ:

ਤੇਰੀਆਂ ਅੱਖਾਂ 'ਚ ਰਾਤ ਮਟਕ ਰਹੀ ਹੈ
ਤੇਰੇ ਸਿਰ 'ਤੇ ਧੁੱਪਾਂ ਦੀ ਚੁੰਨੀ
ਸੁਹਾਗਣ ਅੱਖੀਆਂ ਹਰ ਸ਼ੈਅ ਨੂੰ ਚੁੰਮਦੀਆਂ
ਅੱਜ ਮੈਨੂੰ ਤੇਰਾ ਵਰ ਮਿਲਿਆ ਹੈ
ਰਾਤਾਂ ਦੇ ਧੁੱਪਾਂ ਦੇ ਨਿੱਘ ਵਿਚ
ਉਗ ਰਿਹਾ ਮੈਂ ਤੇਰੀ ਮਿੱਟੀ ਅੰਦਰ
ਤੇਰੀਆਂ ਰਗਾਂ 'ਚ ਮੈਂ ਵਹਿ ਰਿਹਾ
ਉਤਰ ਰਿਹਾ ਮੈਂ ਤੇਰੀਆਂ ਦੁਧੀਆਂ 'ਚ।

ਅਨੁਵਾਦਕ ਜਸਪਾਲ ਸਿੰਘ ਨੇ ਸੁਹਾਗਣ ਲਈ ਅੰਗਰੇਜ਼ੀ ਦਾ ਸ਼ਬਦ Amorous ਵਰਤ ਕੇ ਕਵੀ ਦੇ ਭਾਵ ਨੂੰ ਸਰਬਵਿਆਪੀ ਬਣਾਇਆ ਹੈ।

ਲੇਖਕ 1946 ਵਿਚ ਨੈਰੋਬੀ ਵਿਖੇ ਜੰਮਿਆ। ਉਸ ਦੇ ਆਪਣੇ ਸ਼ਬਦਾਂ ਵਿਚ, ਉਸ ਦੀ ਮਾਂ ਅਨਪੜ੍ਹ ਸੀ, ਜਿਸ ਕਾਰਨ ਉਸ ਦੀ ਮਾਤ ਭਾਸ਼ਾ ਵਿਚ ਮਿਲਾਵਟ ਨਹੀਂ ਆਈ। ਲੇਖਕ ਭੁੱਲ ਗਿਆ ਹੈ ਕਿ ਚੰਗੀ ਸ਼ੈਲੀ ਦਾ ਆਧਾਰ ਘਰ ਵਿਚ ਬੋਲੀ ਜਾਂਦੀ ਭਾਸ਼ਾ ਨਹੀਂ ਸਗੋਂ ਵਿੱਦਿਆ ਦੁਆਰਾ ਪ੍ਰਾਪਤ ਕੀਤੀ ਭਾਸ਼ਾ ਹੁੰਦੀ ਹੈ। ਅਮਰਜੀਤ ਚੰਦਨ ਦੀ




ਕਾਵਿਕ ਪਹੁੰਚ ਦਾ ਠੀਕ ਪਤਾ ਪਿਛਲੀ ਸਦੀ ਦੇ 60ਵਿਆਂ ਤੇ 70ਵਿਆਂ ਵਿਚ ਹੋਇਆ, ਜਦੋਂ ਪੰਜਾਬ ਵਿਚ ਨਕਸਲੀ ਵਿਚਾਰਧਾਰਾ ਦਾ ਬੋਲ ਬਾਲਾ ਸੀ। ਉਨ੍ਹਾਂ ਦਿਨਾਂ ਵਿਚ ਹੀ ਪਾਸ਼, ਲਾਲ ਸਿੰਘ ਦਿਲ ਅਤੇ ਸੰਤ ਰਾਮ ਉਦਾਸੀ ਵੀ ਪੰਜਾਬੀ ਕਵੀਆਂ ਵਜੋਂ ਉਭਰੇ। ਭਾਵੇਂ ਚੰਦਨ ਤੋਂ ਬਿਨਾ ਬਾਕੀ ਤਿੰਨਾਂ ਦੀ ਕਵਿਤਾ ਵਿਚ ਰਹੱਸ ਦੀ ਘਾਟ ਸੀ ਪਰ ਆਪਣੀ ਗੱਲ ਲੋਕਾਂ ਦੇ ਮਨਾਂ ਤੱਕ ਪਹੁੰਚਦੀ ਕਰਨ ਵਾਲੀ ਸ਼ੈਲੀ ਤੇ ਸ਼ਬਦਾਂ ਦਾ ਅੰਤ ਨਹੀਂ ਸੀ। ਇਹੋ ਕਾਰਨ ਹੈ ਕਿ ਉਨ੍ਹਾਂ ਵਾਂਗ ਹੀ ਰੂਪੋਸ਼ ਹੋ ਕੇ ਰਹਿਣ ਤੇ ਪੁਲਿਸ ਦੇ ਟੇਟੇ ਚੜ੍ਹਨ ਦੇ ਬਾਵਜੂਦ ਅਮਰਜੀਤ ਚੰਦਨ ਉਨ੍ਹਾਂ ਜਿੰਨਾ ਪ੍ਰਵਾਨਤ ਕਵੀ ਨਹੀਂ ਹੋ ਸਕਿਆ। ਅੱਧੀ ਦਰਜਨ ਪੰਜਾਬੀ ਪੁਸਤਕਾਂ ਦਾ ਰਚੈਤਾ ਹੋਣ ਦੇ ਬਾਵਜੂਦ ਉਸ ਨੂੰ ਮਨ ਭਾਉਂਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਅੰਗਰੇਜ਼ੀ ਅਨੁਵਾਦ ਦੀ ਸ਼ਰਨ ਲੈਣੀ ਪਈ ਹੈ।

ਅਮਰਜੀਤ ਚੰਦਨ ਦੀ ਸੋਚ ਨੂੰ ਪ੍ਰਣਾਏ ਦੋ ਦਰਜਨ ਮੁੱਦਿਆਂ ਵਿਚ ਸ਼ਾਮਲ ਹੋ ਕੇ ਮੈਂ ਆਪਣੀ ਟਿੱਪਣੀ ਉਸ ਦੀ ਸੌਖੀ ਕਵਿਤਾ 'ਲਾਲ ਢੰਡੋਰਾ' ਨਾਲ ਖਤਮ ਕਰਨਾ ਚਾਹਾਂਗਾ:

ਮੇਰੇ ਪਿਤਾ ਦੱਸਿਆ ਕਰਦੇ ਸਨ
ਕੰਧ ਵਲ ਇਸ਼ਾਰਾ ਕਰਕੇ
ਮੈਂ ਓਥੇ ਰੱਖੇ ਸਨ ਇੱਟਾਂ ਹਟਾ ਕੇ
'ਲਾਲ ਢੰਡੋਰਾ' ਅਖਬਾਰ ਦੇ ਪਰਚੇ
ਜਿਸ 'ਚ ਮੇਰੀ ਕਵਿਤਾ ਛਪਦੀ ਸੀ
ਪਰ ਕਿੱਥੇ ਹੋਣੇ ਨੇ ਹੁਣ
ਗਾਲ ਦਿੱਤੇ ਹੋਣਗੇ
ਧੁੱਪ, ਮੀਂਹ ਤੇ ਸਾਲਾਂ ਨੇ।
ਉਨ੍ਹਾਂ ਨੂੰ ਚੰਗਾ ਨਹੀਂ ਸੀ ਲੱਗਦਾ
ਪੁਲਸ ਦੇ ਡਰੋਂ ਕਾਗਜ਼ 'ਤੇ ਛਪੇ
ਸ਼ਬਦ ਨੂੰ ਲੂਹਣਾ ਜਾਂ ਸੁੱਟ ਦੇਣਾ
ਪੁਲਸ ਕਦੇ ਨਾ ਆਈ
ਪਿਤਾ ਪਰਦੇਸ ਚਲੇ ਗਏ।
ਹੜ੍ਹ ਆਏ ਤੇ ਕੰਧ ਢਹਿ ਗਈ
ਵਿਰਸੇ 'ਚ ਮਿਲੀ ਮੈਨੂੰ
ਚੇਤੇ ਦੀ ਖੜ੍ਹੀ ਉਹ ਕੰਧ
ਜਿਸ ਵਿਚ ਸਾਂਭੇ ਨੇ
ਡਰ, ਸੁਪਨੇ ਤੇ ਭੇਤ
ਗਾਲ ਨਹੀਂ ਸਕਦੀ ਕੋਈ ਵੀ
ਧੁੱਪ ਜਾਂ ਬਰਸਾਤ
ਕਾਗਜ਼ 'ਤੇ ਛਪੇ ਉਨ੍ਹਾਂ ਹਰਫਾਂ ਨੂੰ।

**ਪੂਨਮ ਸਿੰਘ ਐਸ. ਡੀ. ਐਮ. ਅਬੋਹਰ:** ਰੇਪ, ਰਿਸ਼ਵਤ ਤੇ ਆਪਹੁਦਰੇਪਨ ਦੇ ਇਸ ਦੌਰ ਵਿਚ ਮਾਂ-ਬਾਪ ਦੀ ਛਤਰ-ਛਾਇਆ ਤੋਂ ਮਹਿਰੂਮ ਨਾਬਾਲਗ ਨੂੰ 32 ਸਾਲਾ ਨਸ਼ੇੜੀ ਲਾੜੇ ਦੇ ਪੱਲੇ ਪੈਣ ਤੋਂ ਬਚਾਉਣਾ ਬੜੇ ਪੁੰਨ ਦਾ ਕਾਰਜ ਹੈ। ਜੇ ਅਬੋਹਰ ਦਾ ਬਾਲ ਸੁਰੱਖਿਆ ਅਫਸਰ ਇਲਾਕੇ ਦੀ ਐਸ. ਡੀ. ਐਮ. ਪੂਨਮ ਸਿੰਘ ਨੂੰ ਵੇਲੇ ਸਿਰ ਖਬਰ ਨਾ ਦਿੰਦਾ ਤਾਂ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਢਾਣੀ ਕੜਾਕਾ ਸਿੰਘ ਦੀਆਂ ਤਿੰਨ ਯਤੀਮ ਭੈਣਾਂ ਵਿਚੋਂ ਸਭ ਤੋਂ ਵੱਡੀ ਨੂੰ ਉਸ ਦੇ ਗਰੀਬ ਚਾਚੇ ਨੇ ਬੀਤੇ ਹਫਤੇ ਵਡੇਰੀ ਉਮਰ ਦੇ ਨਸ਼ੇੜੀ ਦੇ ਘਰ ਤੋਰ ਦੇਣਾ ਸੀ। ਇਸ ਸਭ ਕਾਸੇ ਦਾ ਆਧਾਰ ਬੱਚੀਆਂ ਨੂੰ ਪਾਲਣ ਵਾਲੇ ਚਾਚੇ ਦੀ ਗਰੀਬੀ ਬਣਿਆ। ਚਾਚੇ ਕੋਲ ਕੇਵਲ ਇੱਕ ਕੱਚਾ ਕਮਰਾ ਹੈ ਜਿਸ ਵਿਚ ਉਸ ਦਾ ਪੂਰਾ ਪਰਿਵਾਰ ਰਹਿੰਦਾ ਹੈ।

ਭਲਾ ਹੋਵੇ ਪੂਨਮ ਸਿੰਘ ਐਸ. ਡੀ. ਐਮ. ਅਬੋਹਰ ਦਾ, ਜਿਸ ਨੇ ਸ਼ਿਕਾਇਤ ਉਤੇ ਤੁਰੰਤ ਅਮਲ ਕਰਦਿਆਂ ਵਿਆਹ ਤੋਂ ਇੱਕ ਦਿਨ ਪਹਿਲਾਂ ਸਬੰਧਤ ਨਾਬਾਲਗ ਲੜਕੀ ਨੂੰ ਅਣਜੋੜ ਵਿਆਹ ਦੇ ਬੰਧਨ ਤੋਂ ਬਚਾ ਲਿਆ। ਇਥੇ ਹੀ ਬਸ ਨਹੀਂ, ਉਸ ਨੇ ਤਿੰਨਾਂ ਯਤੀਮ ਬੱਚੀਆਂ ਦੇ ਪਾਲਣ-ਪੋਸਣ ਤੇ ਵਿੱਦਿਆ ਦੀ ਜ਼ਿੰਮੇਵਾਰੀ ਖੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਸੌਂਪੇ ਜਾਣ ਦੇ ਦਿਸ਼ਾ-ਨਿਰਦੇਸ਼ ਦੇ ਕੇ ਤਿੰਨਾਂ ਬੱਚਿਆਂ ਲਈ ਪੈਨਸ਼ਨ ਦੇ ਫਾਰਮ ਭਰਨ ਤੋਂ ਬਿਨਾ ਮਹੀਨਾ ਵਾਰ ਰਾਸ਼ਨ ਮੁਹੱਈਆ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ। ਹੁਣ ਆਂਗਣਵਾੜੀ ਕੇਂਦਰ ਦੀ ਇੰਚਾਰਜ ਵੀ ਬੱਚੀਆਂ ਦੀ ਮਦਦ ਲਈ ਪੱਬਾਂ ਭਾਰ ਹੋਈ ਨਜ਼ਰ ਆਉਂਦੀ ਹੈ। ਸਵਾਗਤ ਹੈ।

**ਦਿਆਲ ਸਿੰਘ ਕਾਲਜ ਦੀ ਗਵਰਨਿੰਗ ਬਾਡੀ:** ਸੰਸਦ ਮੈਂਬਰ ਨਰੇਸ਼ ਗੁਜਰਾਲ ਦੇ ਦਖਲ ਦੇਣ ਪਿੱਛੋਂ ਮਨੁੱਖੀ ਸ੍ਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਰੇੜਕੇ ਵਿਚ ਪਏ ਦਿਆਲ ਸਿੰਘ ਕਾਲਜ ਦਾ ਨਾਂ ਵੰਦੇ ਮਾਤਰਮ ਕਾਲਜ ਰੱਖੇ ਜਾਣ ਦੇ ਫੈਸਲੇ ਉਤੇ ਰੋਕ ਲਾ ਦਿੱਤੀ ਹੈ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ। ਹੁਣ ਗਵਰਨਿੰਗ ਬਾਡੀ ਦੇ ਚੇਅਰਮੈਨ ਨੂੰ ਗਲਤ ਫੈਸਲੇ ਦੀ ਜ਼ਿੰਮੇਵਾਰੀ ਪ੍ਰਵਾਨ ਕਰਕੇ ਚੇਅਰਮੈਨੀ ਛੱਡ ਦੇਣੀ ਚਾਹੀਦੀ ਤਾਂ ਕਿ ਅੱਗੇ ਤੋਂ ਕੋਈ ਵੀ ਵਿਦਿਅਕ ਸੰਸਥਾ ਅਜਿਹਾ ਮੰਦਭਾਗਾ ਤੇ ਬੇਲੋੜਾ ਕਦਮ ਚੁੱਕਣ ਤੋਂ ਪਹਿਲਾਂ ਸੌ ਵਾਰ ਸੋਚੇ।

**ਅੰਤਿਕਾ: ਬਰਜਿੰਦਰ ਚੌਹਾਨ**

ਹੁਣ ਤਾਂ ਕੀਮਤ ਮੰਗਦੇ ਛਾਵਾਂ ਦੀ ਹੀ ਰੁੱਖ
ਸਿਖਰ ਦੁਪਹਿਰੇ ਲੱਭੀਏ ਕਿਹੜੀ ਹੋਰ ਪਨਾਹ?
ਨਾ ਕਿਧਰੇ ਪਗਡੰਡੀਆਂ, ਨਾ ਅੰਬਰ ਵਿਚ ਪੈੜ
ਖੌਰੇ ਕਿੱਦਾਂ ਲੱਭਦੇ ਪੰਛੀ ਆਪੋ ਆਪਣੇ ਰਾਹ।




# ਢਾਡੀ ਕਲਾ ਦਾ ਸਿਖਰਲਾ ਵਕਤ ਦੀਦਾਰ ਸਿੰਘ ਰਟੈਂਡਾ

ਕਹਿਣਾ ਪਵੇਗਾ ਕਿ ਖੁਰਾਕ ਦੀ ਤਬਦੀਲੀ ਕਾਰਨ ਮਨੁੱਖ ਦਾ ਸੁਭਾਅ ਅਤੇ ਆਦਤਾਂ ਬਦਲ ਗਈਆਂ ਹਨ। ਪਰ ਇਸ ਯੁੱਗ ਵਿਚ ਖਾਣ-ਪੀਣ ਨੇ ਜੋ ਸਭ ਤੋਂ ਵੱਡਾ ਨੁਕਸਾਨ ਕੀਤਾ ਹੈ, ਉਹ ਹੈ, ਮਨੁੱਖ ਨੇ ਸੰਜਮ ਦਾ ਗਲਾ ਘੁੱਟ ਦਿੱਤਾ ਹੈ ਅਤੇ ਸਬਰ ਦਾ ਪਿਆਲਾ ਸਾਰੇ ਦਾ ਸਾਰਾ ਮੂਧਾ ਹੀ ਕਰ ਦਿੱਤਾ ਹੈ। ਅਸੀਂ ਸੰਗੀਤ ਦੀ ਕਲਾ ਪ੍ਰਤੀ ਸ਼ਰਧਾਵਾਨ ਹੋਣ ਦੀ ਗੱਲ ਤਾਂ ਕਰ ਰਹੇ ਹਾਂ ਪਰ ਇਸ ਦੇ ਵਿਰਾਸਤੀ ਪੰਨਿਆਂ 'ਤੇ ਇੱਕ ਤਰ੍ਹਾਂ ਨਾਲ ਕਾਟਾ ਹੀ ਫੇਰ ਦਿੱਤਾ ਹੈ। ਜਦੋਂ ਪੱਬ ਨਾ ਚੁਕੇ ਜਾਂਦੇ ਹੋਣ ਤੇ ਸਿਰ ਨਾ ਵੀ ਝੂੰਮਦਾ ਹੋਵੇ ਪਰ ਅੰਦਰੋਂ ਅਣਖ ਜੈਕਾਰੇ ਛੱਡ ਰਹੀ ਹੋਵੇ ਤਾਂ ਸਥਿਤੀ ਸਾਫ ਹੋ ਜਾਂਦੀ ਹੈ ਕਿ ਢਾਡੀ ਰਾਗ ਦੀ ਬਾਤ ਪੈ ਰਹੀ ਹੈ। ਇਸ ਲਈ ਪੱਛਮ ਵਲੋਂ ਨ੍ਹੇਰੀਆਂ ਕਿੰਨੀਆਂ ਵੀ ਚੜ੍ਹੀਆਂ ਆਉਣ, ਬੇਸੁਰਿਆਂ ਦੀ ਭੀੜ ਕਿੰਨੀ ਵੀ ਵੱਧ ਗਈ ਹੋਵੇ-ਢਾਡੀ ਦੀਦਾਰ ਸਿੰਘ ਰਟੈਂਡਾ ਦੀ ਬਾਤ ਜਦੋਂ ਆਵੇਗੀ, ਸੁੱਤਾ ਪਿਆ ਬੰਦਾ ਵੀ ਉਠ ਕੇ ਹੁੰਗਾਰਾ ਭਰਨ ਲਈ ਕਮਲਾ ਹੋ ਜਾਵੇਗਾ।

ਇੱਕ ਚਿੱਤਰਕਾਰ ਜਦੋਂ ਰੰਗਾਂ ਨਾਲ ਬੁਰਸ਼ ਸਹਾਰੇ ਖੇਡ ਰਿਹਾ ਹੁੰਦਾ ਹੈ ਤਾਂ ਉਸ ਦੀ ਆਤਮਾ ਕਲਾ ਨਾਲ ਤ੍ਰਿਪਤ ਹੋ ਰਹੀ ਹੁੰਦੀ ਹੈ। ਉਹਦੇ ਲਈ ਭੁੱਖ-ਪਿਆਸ ਦੇ ਕੋਈ ਅਰਥ ਨਹੀਂ ਹੁੰਦੇ। ਬੁਢਾਪਾ ਸਰੀਰ ਤਾਂ ਢਾਹ ਲੈਂਦਾ ਹੈ ਪਰ ਕਲਾ ਅੱਗੇ ਹਥਿਆਰ ਸੁੱਟ ਦਿੰਦਾ ਹੈ। ਇਸ ਦੀ ਇੱਕ ਮਿਸਾਲ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ।

ਕਰੀਬ ਛੱਤੀ ਸਾਲ ਪੁਰਾਣੀ ਗੱਲ। ਉਚੇ ਟਿੱਬੇ ਕਰਕੇ ਜਾਣਿਆ ਜਾਂਦਾ ਪਿੰਡ ਗੁਣਾਚੌਰ। ਉਹ ਪਿੰਡ ਜੋ ਅੱਜ ਕੱਲ੍ਹ ਗੀਤਕਾਰ ਜਸਵੀਰ ਗੁਣਾਚੌਰੀਏ ਕਰਕੇ ਚਰਚਿਤ ਹੈ। ਉਹੀ ਗਰਾਂ ਜਿਥੇ ਉਲੰਪੀਅਨ 'ਤੇ ਪੁਲਿਸ ਅਧਿਕਾਰੀ ਸੁਰਿੰਦਰ ਸੋਢੀ ਨੇ ਜਨਮ ਲਿਆ। ਉਹੀ ਪਿੰਡ ਜੋ ਸ਼ਮਸ਼ੇਰ ਸੰਧੂ ਦੇ ਸਹੁਰਿਆਂ ਦਾ ਪਿੰਡ ਹੈ। ਸੰਧੂ ਦੀ ਪਤਨੀ ਸੁਖਵੀਰ ਇੱਥੇ ਹੀ ਨੰਬਰਦਾਰ ਦਰਸ਼ਨ ਸਿੰਘ ਦੇ ਘਰ ਜਨਮੀ ਤੇ ਇੱਥੇ ਹੀ ਮੈਂ ਬਸ ਅੱਡੇ ਦੇ ਲਹਿੰਦੇ ਪਾਸੇ ਖੇਤਾਂ ਵਿਚ ਸਾਲ 1988 ਵਿਚ ਖੇਤਾਂ 'ਚ ਬਣੇ ਇੱਕ ਘਰ ਵਿਚ ਢਾਡੀ ਦੀਦਾਰ ਸਿੰਘ ਰਟੈਂਡਾ ਦੇ ਪਹਿਲੀ ਵਾਰ ਦਰਸ਼ਨ-ਦੀਦਾਰ ਕੀਤੇ। ਉਦੋਂ ਜਦੋਂ ਬੁਢਾਪਾ ਉਹਦੇ ਪਲ ਪਲ ਤੀਕਰ ਆ ਚੜ੍ਹਿਆ ਸੀ। ਸਰੀਰ ਪੂਰੇ ਦਾ ਪੂਰਾ ਹਫ ਚੁੱਕਾ ਸੀ ਪਰ ਕਲਾ ਤੇ ਸ਼ੌਕ ਚੜ੍ਹਦੀ ਵਰੇਸ ਵਾਲਾ ਸੀ। ਫਰਵਰੀ ਮਹੀਨੇ ਦੀ ਨਿੱਘੀ ਧੁੱਪ, ਕਮਜ਼ੋਰ ਯਾਦਦਾਸ਼ਤ ਤੇ ਉਹਦੇ ਪੁੱਤਰ ਨਿਰਮਲ ਸਿੰਘ ਨੇ ਸਹਾਰਾ ਦੇ ਕੇ ਉਹਨੂੰ ਬਾਹਰ ਧੁੱਪੇ ਡੱਠੀ ਕੁਰਸੀ 'ਤੇ ਬਿਠਾਇਆ ਤਾਂ 102 ਸਾਲ ਲੰਬੀ ਉਮਰ ਭੋਗ ਚੁਕੇ ਦੀਦਾਰ ਸਿੰਘ ਰਟੈਂਡਾ ਨਾਲ ਮੁਲਾਕਾਤ ਮੈਂ ਕਰਨ ਗਿਆ ਸਾਂ ਪਰ ਸੁਆਲ ਉਹਨੇ ਮੈਥੋਂ ਪੁੱਛਣੇ ਸ਼ੁਰੂ ਕੀਤੇ:

ਤੂੰ ਮੇਰੇ ਬਾਰੇ ਕਿੰਨਾ ਕੁ ਜਾਣਦੈਂ?

"ਤੁਹਾਡੇ ਆਮ ਪ੍ਰਸ਼ੰਸਕਾਂ ਤੋਂ ਥੋੜ੍ਹਾ ਜਿਹਾ ਵੱਧ।"

ਸੀਤਲ ਦਾ ਕੀ ਹਾਲ ਹੈ?

ਉਹਦਾ ਭਾਵ ਸੋਹਣ ਸਿੰਘ ਸੀਤਲ ਤੋਂ ਸੀ, "ਠੀਕ ਠਾਕ ਹੈ, ਦੋ ਕੁ ਮਹੀਨੇ ਪਹਿਲਾਂ ਲੁਧਿਆਣੇ ਮਿਲ ਕੇ ਆਇਆ ਹਾਂ।"

ਅੱਜ ਕੱਲ੍ਹ ਕਿਹੜੇ ਢਾਡੀ ਦੀ ਚੜ੍ਹਾਈ ਹੈ?

ਮੈਂ ਦਿਲਬਰ ਸਾਹਿਬ ਦਾ ਜ਼ਿਕਰ ਕੀਤਾ ਤੇ ਨਾਲ ਹੀ ਕਿਹਾ, "ਅੱਜ ਚਰਨ ਸਿੰਘ ਆਲਮਗੀਰ ਤੇ ਦਿਲਬਰ ਦਾ ਫਰਜ਼ੰਦ ਕੁਲਜੀਤ ਚੰਗਿਆਂ 'ਚੋਂ ਹਨ।"

ਪਰ ਉਹਦੀ ਹਉਕਾ ਲੈ ਕੇ ਕਹੀ ਗੱਲ ਹਾਲੇ ਤੱਕ ਮੇਰੇ ਚੇਤੇ 'ਚ ਵਸੀ ਹੋਈ ਹੈ, "ਸਿੱਖ ਫਿਲਾਸਫਰ ਬੜੇ ਨੇ ਪਰ ਦੁੱਖ ਹੈ ਕਿ ਢਾਡੀਆਂ ਤੇ ਢਾਡੀ ਕਲਾ ਦੀ ਬਾਤ ਪਾਉਣ ਵਾਲਾ ਹਾਲੇ ਤੱਕ ਵੀ ਕੋਈ ਨਹੀਂ ਜਾਗਿਆ।" ਇਹ ਖਲਾਅ ਹਾਲੇ ਵੀ ਬਰਕਰਾਰ ਹੈ ਅਤੇ ਸਿੱਖ ਧਰਮ ਤੇ ਕੌਮ ਦੀ ਨੁਮਾਇੰਦਗੀ ਕਰਨ ਵਾਲੀ ਸ਼੍ਰੋਮਣੀ ਕਮੇਟੀ ਚੁੱਪ ਹੈ।


ਕਿਸੇ ਵਕਤ ਸਾਰੰਗੀ 'ਤੇ ਮਸ਼ੀਨ ਵਾਂਗ ਗਜ ਫੇਰਨ ਵਾਲੇ ਦੀਦਾਰ ਸਿੰਘ ਨੇ ਉਸ ਦਿਨ ਜਦੋਂ,

ਚੱਕ ਕੇ ਝੁੰਮਣ ਹੀਰੇ<br>
ਡੋਲੀ ਬਹਿ ਗਈ ਖੇੜਿਆਂ ਦੀ<br>
ਰਾਂਝੇ ਢਾਹ ਨੇ ਦੁਹੱਥੜ ਪੱਟੀ ਮਾਰੀ।<br>
ਅੱਧੀ ਸੂਰਤ ਹੀਰੇ ਦੀ<br>
ਦਿੱਸਦੀ ਸਾਰੀ ਦੁਨੀਆਂ ਨੂੰ<br>
ਮੇਰੇ ਨੈਣਾਂ ਦੇ ਵਿਚ ਬਹਿ ਕੇ<br>
ਦਿਸਦੀ ਸਾਰੀ...।

ਸੁਣਾਇਆ ਤਾਂ ਦ੍ਰਿਸ਼ ਦੇਖੋ ਕਿਆ ਕਮਾਲ ਸੀ। ਬੋਲਾਂ ਵਿਚ ਉਹ ਜੋਸ਼ ਤਾਂ ਨਹੀਂ ਸੀ ਪਰ ਉਤਸ਼ਾਹ ਏਨਾ ਕਿ ਉਹਨੇ ਖੱਬੀ ਬਾਂਹ ਦੀ ਸਾਰੰਗੀ ਉਤੇ ਸੱਜੀ ਬਾਂਹ ਨੂੰ ਜਦੋਂ ਗਜ ਬਣਾ ਕੇ ਫੇਰਿਆ ਤਾਂ ਅਹਿਸਾਸ ਹੋ ਗਿਆ ਸੀ, ਕਲਾਕਾਰਾਂ ਦੀਆਂ ਉਮਰਾਂ ਲੰਬੀਆਂ ਕਿਉਂ ਹੁੰਦੀਆਂ ਹਨ। ਢਾਡੀ ਦੀਦਾਰ ਸਿੰਘ ਦੀ ਗੱਲ ਕਰਦਿਆਂ ਮੈਨੂੰ ਇਹ ਦੁੱਖ ਹਮੇਸ਼ਾ ਰਹੇਗਾ ਕਿ ਇਸ ਮੁਲਾਕਾਤ ਪਿਛੋਂ ਮੈਂ ਛੇ ਮਹੀਨੇ ਗੁਣਾਚੌਰ ਨਾ ਜਾ ਸਕਿਆ ਤੇ ਫਿਰ ਜਦੋਂ ਉਪਰੋਥਲੀ ਗਿਆ ਤਾਂ ਉਹ ਮੰਜੇ ਨਾਲ ਰਿਸ਼ਤਾ ਗੂੜ੍ਹਾ ਕਰੀ ਬੈਠਾ ਸੀ।

ਮਾਲਵੇ ਦਾ ਸਭ ਤੋਂ ਹਰਮਨਪਿਆਰਾ ਦੁਆਬੀਆ ਢਾਡੀ ਦੀਦਾਰ ਸਿੰਘ ਰਟੈਂਡਾ ਇੱਕ ਸਦੀ ਤੋਂ ਵੱਧ ਉਮਰ ਭੋਗ ਕੇ ਨਹੀਂ, ਕਲਾ ਸਹਾਰੇ ਹੰਢਾ ਕੇ ਗਿਆ ਹੈ। ਭਾਵੇਂ ਅਸੀਂ ਕਈ ਵਾਰ ਕਿਸੇ ਦੀ ਮੌਤ 'ਤੇ ਅੰਬਰੋਂ ਤਾਰਾ ਟੁੱਟਣ ਵਰਗੇ ਅਲੰਕਾਰ ਵਰਤ ਲੈਂਦੇ ਹਾਂ, ਜਦੋਂ ਬਹੁਤ ਹੀ ਹੇਜ਼ ਜਤਾਉਣਾ ਹੋਵੇ ਪਰ ਗਰਮ ਢਾਡੀ ਇਸ ਗੱਲ ਨੂੰ ਸਵੀਕਾਰ ਕਰਦੇ ਰਹਿਣਗੇ ਕਿ ਇਸ ਧਰੂ ਤਾਰੇ ਦੇ ਟੁੱਟਣ ਨਾਲ ਇਸ ਕਲਾ ਦਾ ਬਹੁਤ ਵੱਡਾ, ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ ਹੈ। ਉਹ ਇੱਕੋ ਇੱਕ ਕਲਾਤਮਕ ਹਸਤੀ ਸੀ ਜੀਹਨੂੰ ਲੋਕ ਕਲਾ ਵਾਂਗ ਲੋਕ ਪੂਜਦੇ ਰਹੇ ਤੇ ਉਹਦੇ ਦਰਸ਼ਨ-ਦੀਦਾਰ ਲਈ ਵੰਡ ਪਿੱਛੋਂ ਵੀ ਲੋਕ ਲਹਿੰਦੇ ਪੰਜਾਬ ਤੋਂ ਗੁਣਾਚੌਰ ਆਉਂਦੇ ਰਹੇ। ਉਹਦੀ ਮੌਤ ਨਾਲ ਲੰਬਾ ਹਉਕਾ ਉਠਣਾ ਤੇ ਢਾਡੀ ਕਲਾ ਪ੍ਰੇਮੀਆਂ ਨੂੰ ਝਟਕਾ ਲੱਗਣਾ ਸੁਭਾਵਿਕ ਸੀ। ਸੱਚੀਂ ਹੀ ਉਹ ਇੱਕ ਪੂਜਣਯੋਗ ਨਾਂ ਰਿਹਾ ਹੈ।

ਦੀਦਾਰ ਭਾਵੇਂ ਜ਼ਿੰਦਗੀ ਦੇ ਆਖਰੀ ਅੱਧ ਤੱਕ ਦੁਆਬੇ ਵਿਚ ਰਿਹਾ ਪਰ ਮਾਲਵੇ ਦੇ ਲੋਕ ਉਹਦੀ ਕਲਾ ਦੀ ਪੂਜਾ ਮੜ੍ਹੀਆਂ ਪੂਜਣ ਵਾਂਗ ਕਰਦੇ ਹਨ। ਦੀਦਾਰ ਭਲਾ ਕਿਸੇ ਆਮ ਨੇ ਬਣ ਜਾਣੈ? ਲੋਕ ਉਹਦਾ ਗੌਣ ਸੁਣਨ ਗਏ ਅਰਦਾਸਾਂ ਕਰਿਆ ਕਰਦੇ ਸਨ ਕਿ ਪੁੱਤ ਹੋਵੇ ਤਾਂ ਦੀਦਾਰ ਸਿੰਘ ਵਰਗਾ। ਵੰਡ ਤੋਂ ਪਹਿਲਾਂ ਬਾਰ ਦੇ ਮੇਲਿਆਂ 'ਤੇ ਉਹਦੀ ਝੰਡੀ ਵੀ ਰਹੀ ਤੇ ਸਰਦਾਰੀ ਵੀ। ਉਹਦੀ ਕਲਾ ਦੇ ਦੀਵਾਨੇ ਕਈ ਕਈ ਦਿਨ ਪਹਿਲਾਂ ਕੰਮ-ਧੰਦਾ ਨਿਪਟਾ ਲੈਂਦੇ ਸਨ। ਇੱਥੋਂ ਤੱਕ ਕਿ ਕਿਸੇ ਮੇਲੇ 'ਤੇ ਉਹਨੇ ਆਉਣਾ ਹੁੰਦਾ ਸੀ ਤਾਂ ਵਿਆਹ ਸ਼ਾਦੀਆਂ ਵੀ ਅੱਗੇ ਪਾ ਲੈਂਦੇ।



*ਦੀਦਾਰ ਸਿੰਘ ਰਟੈਂਡਾ*

ਲੁਧਿਆਣੇ ਦੇ ਪਿੰਡ ਭਰੋਵਾਲ ਦਾ ਸਮੁੰਦ ਸਿੰਘ ਇੱਕ ਵਾਰ ਉਹਦਾ ਗੌਣ ਸੁਣਨ ਗਿਆ। ਛਪਾਰ ਦੇ ਮੇਲੇ ਵਾਂਗ ਸੜਕਾਂ ਨੱਕੋ-ਨੱਕ ਭਰੀਆਂ ਪਈਆਂ ਸਨ। ਜਿੱਥੇ ਉਹਦਾ ਪ੍ਰੋਗਰਾਮ ਹੋਣਾ ਸੀ, ਮੀਲ ਤੱਕ 'ਕੱਠ ਹੋਊ, ਚਿਹਰਾ ਵੀ ਉਹਦਾ ਦਿਸ ਨਹੀਂ ਸੀ ਰਿਹਾ। ਇੱਕ ਉਚੇ ਟਿੱਬੇ 'ਤੇ ਖਲੋ ਕੇ ਉਹ ਪੱਬਾਂ ਭਾਰ ਹੋ ਕੇ ਸੁਣਦਾ ਰਿਹਾ। ਜਦੋਂ ਦੀਦਾਰ ਸਿੰਘ ਨੇ ਲੰਬੀ ਹੇਕ ਨਾਲ ਗਾਇਆ,

ਹਾਰ ਤੋੜ ਕੇ ਮਲਰ ਬਣਾ<br>
ਲਿਆ ਹੀਰ ਨੇ<br>
ਮੋਤੀ ਇੱਕ ਇੱਕ ਕਰਕੇ<br>
ਡੋਲੀ ਕੋਲ ਖਿੰਡਾਇਆ।

ਤਾਂ ਸੁਮੰਦ ਸਿੰਘ ਨੇ ਮਨ ਹੀ ਮਨ ਅਰਦਾਸ ਕੀਤੀ ਕਿ ਵਾਹਿਗੁਰੂ ਵੱਡੇ ਪੁੱਤਰ ਦਾ ਨਾਂ ਤਾਂ ਦਰਸ਼ਨ ਰੱਖ ਲਿਆ ਹੈ ਜੇ ਹੁਣ ਇੱਕ ਪੁੱਤਰ ਦੀ ਦਾਤ ਦੇਵੇ ਤਾਂ ਸਹੁੰ ਧਰ ਕੇ ਕਹਿਨੈਂ ਉਹਦਾ ਨਾਂ ਦੀਦਾਰ ਸਿੰਘ ਰੱਖੂੰ ਤੇ ਬਣਾਵਾਂਗਾ ਵੀ ਗਵੱਈਆ। ਅੱਗੇ ਚੱਲ ਕੇ ਸੁਮੰਦ ਸਿੰਘ ਦਾ ਪੁੱਤਰ ਦੀਦਾਰ ਸੰਧੂ ਲੋਕ ਗਾਇਕ ਬਣ ਹੀ ਗਿਆ।

ਢਾਡੀ ਦੀਦਾਰ ਸਿੰਘ ਦਾ ਪਿੰਡ ਰਟੈਂਡਾ ਉਦੋਂ ਜਲੰਧਰ ਜ਼ਿਲ੍ਹੇ ਵਿਚ ਪੈਂਦਾ ਸੀ ਤੇ ਅੱਜ ਕੱਲ੍ਹ ਸ਼ਹੀਦ ਭਗਤ ਸਿੰਘ ਨਗਰ ਵਿਚ। ਇੱਥੇ ਪਿਤਾ ਦਲੇਰ ਸਿੰਘ ਦੇ ਘਰ ਉਹਨੇ ਅੱਖ ਪੱਟੀ ਤੇ ਪਿੱਛੋਂ ਪਾਕਿਸਤਾਨ ਚਲੇ ਗਿਆ। ਜਦੋਂ ਦੇਸ਼ 1947 ਵਿਚ ਵੰਡਿਆ ਗਿਆ ਤਾਂ ਉਹਨੂੰ ਗੁਣਾਚੌਰ 'ਚ ਜਮੀਨ ਅਲਾਟ ਹੋ ਗਈ। ਜਿਹੜੀ ਸ਼ਾਨ ਉਹਨੇ ਬਾਰ ਦੇ ਮੇਲਿਆਂ 'ਤੇ ਕਮਾਈ, ਉਹ ਸ਼ਾਇਦ ਹੀ ਕਿਸੇ ਢਾਡੀ ਨੂੰ ਅੱਜ ਤੱਕ ਨਸੀਬ ਹੋਈ ਹੋਵੇ। ਉਹਨੇ ਪਹਿਲਾਂ ਆਪਣੇ ਨਾਂ ਨਾਲ ਤਖਲਸ 'ਪੰਛੀ' ਰੱਖਿਆ ਤੇ ਪਿੱਛੋਂ ਕੁਝ ਦੇਰ ਉਹ ਦੀਦਾਰ ਸਿੰਘ 'ਜੱਟੋ ਕੇ ਸਹਿਗਲ' ਦੇ ਨਾਂ ਹੇਠ ਵੀ ਗਾਉਂਦਾ ਰਿਹਾ। ਸਾਰੰਗੀ ਉਹਨੇ ਭਗਤੂ ਰਾਮਗੜ੍ਹੀਏ ਤੋਂ ਸਿੱਖੀ ਤੇ ਮੁਕਤਸਰ ਜਾ ਕੇ ਕੋਕੋਆਣੇ ਦੇ ਜੈਮਲ ਸਿੰਘ ਨੂੰ ਆਪਣਾ ਉਸਤਾਦ ਧਾਰਿਆ। ਉਹ ਆਖਦਾ, ਗਰਮ ਸੁਭਾਅ ਦੇ ਬਾਪੂ ਨੇ ਪਹਿਲਾਂ ਬੜੀਆਂ ਚੰਡਾਂ ਮਾਰੀਆਂ ਕਿ ਤੂੰ ਜੱਟਾਂ ਦਾ ਮੁੰਡਾ ਹੋ ਕੇ ਜਮੀਨ ਨਾਲੋਂ ਟੁੱਟ ਕੇ ਕਿਹੜੇ ਕੰਮ ਕਰਨ ਲੱਗ ਪਿਐਂ? ਪਰ ਦੀਦਾਰ ਨੇ ਬਾਪੂ ਦੀ ਇੱਕ ਨਾ ਮੰਨੀ ਤੇ ਘਰਦਿਆਂ ਤੋਂ ਚੋਰੀ ਇਹ ਰਾਗ ਵਿਦਿਆ ਸਿੱਖ ਕੇ ਆਪਣੇ ਨਾਂ ਦੀ ਆਪਣੀ ਹੀ ਕਲਾਤਮਕ ਕੰਧ ਖੜ੍ਹੀ ਕਰ ਲਈ।

ਜਲੰਧਰ ਦੂਰਦਰਸ਼ਨ ਲਈ ਡਾ. ਲਖਵਿੰਦਰ ਜੌਹਲ ਨੇ ਉਹਦੇ 'ਤੇ 1989 ਵਿਚ ਅੱਧੇ ਘੰਟੇ ਦੀ ਜੀਵਨ ਦਸਤਾਵੇਜੀ ਫਿਲਮ ਬਣਾਈ ਤਾਂ ਨਿਆਣੀ ਉਮਰੇ ਇਹ ਸਕਰਿਪਟ ਲਿਖਦਿਆਂ ਕਮੀਆਂ ਤਾਂ ਰਹੀਆਂ ਹੋਣਗੀਆਂ ਪਰ ਦੂਰਦਰਸ਼ਨ ਦੇ ਇਸ ਖੋਜੀ ਕਾਰਜ ਦੀ ਵਡਿਆਈ ਰੱਜ ਕੇ ਹੋਈ ਸੀ। ਉਹਦੇ ਪੱਧਰ ਵਾਲੇ ਤਵੇ ਉਦੋਂ ਮੈਂ ਦੁਆਬਾ ਸਾਊਂਡ ਵਾਲੇ ਰਾਜ ਤੋਂ ਗੜ੍ਹਸ਼ੰਕਰੋਂ ਲੈ ਕੇ ਗਿਆ ਸਾਂ ਜੋ ਹੁਣ ਦੂਰਦਰਸ਼ਨ ਦੀ ਲਾਇਬ੍ਰੇਰੀ ਦੀ ਜਾਇਦਾਦ ਬਣ ਚੁਕੇ ਹਨ।

1930 ਵਿਚ ਵਿਸ਼ਵ ਪ੍ਰਸਿੱਧ ਕੰਪਨੀ ਐਚ.ਐਮ.ਵੀ. ਨੇ ਉਹਦੇ ਪੱਕੇ ਛੇ ਰਿਕਾਰਡ ਭਰ ਲਏ ਤੇ ਇਨ੍ਹਾਂ ਰਿਕਾਰਡਾਂ ਵਿਚ ਧੰਨੇ ਅਤੇ ਕਾਲੇਵਾਲ ਲੱਲੀਆਂ ਦੇ ਭਗਤ ਸਿੰਘ ਨੇ ਉਹਦਾ ਸਾਥ ਦਿੱਤਾ। ਕੰਪਨੀ ਨੇ ਕਿੰਨੀ ਦੇਰ ਇਹ ਤਵਾ ਰਿਲੀਜ਼ ਨਾ ਕੀਤਾ ਕਿ ਕਿਤੇ ਇਹ ਤਜ਼ਰਬਾ ਫੇਲ੍ਹ ਨਾ ਹੋ ਜਾਵੇ ਪਰ ਜਦੋਂ ਇਹ ਲੋਕਾਂ ਤੱਕ ਪੁੱਜਾ ਤਾਂ ਇੱਕ ਤਰ੍ਹਾਂ ਨਾਲ ਢਾਡੀ ਕਲਾ ਵਿਚ ਤੂਫਾਨ ਉਠਿਆ ਤੇ ਉਦੋਂ ਲੋਕ ਵਿਆਹ ਸ਼ਾਦੀਆਂ 'ਤੇ ਤੂੰਬੇ ਵਾਲੇ ਗਵੱਈਆਂ ਨੂੰ ਛੱਡ ਕੇ ਢਾਡੀਆਂ ਨੂੰ ਸਵਾ ਰੁਪਿਆ ਸਾਈ ਦੇਣ ਲੱਗ ਪਏ। ਹਾਲਾਂਕਿ ਉਹਦੀ ਪੰਥਕ ਹਲਕਿਆਂ ਵਿਚ ਤਿੱਖੀ ਆਲੋਚਨਾ ਇਸ ਕਰਕੇ ਹੋਈ ਸੀ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਪਹਿਲੇ ਢਾਡੀ ਨੱਥਾ ਤੇ ਅਬਦੁੱਲਾ ਨੂੰ ਲੈ ਕੇ ਚਲਾਈ ਇਹ ਸਿੱਖੀ ਦੀ ਵਿਰਾਸਤ ਤੇ ਸੰਗੀਤ ਪਰੰਪਰਾ ਦੀਦਾਰ ਸਿੰਘ ਨੇ ਪ੍ਰੀਤ ਗਾਥਾਵਾਂ ਤੇ ਕਿੱਸਿਆਂ ਨੂੰ ਗਾਉਣ ਵੱਲ ਖਿੱਚ ਲਈ ਸੀ।

ਅਸਲ ਵਿਚ ਉਹਨੇ ਢਾਡੀ ਕਲਾ ਨੂੰ ਧਰਮ ਨਾਲ ਜੁੜਨ ਦੀ ਵਿਵਸਥਾ ਤੋਂ ਇੱਕ ਤਰ੍ਹਾਂ ਨਾਲ ਲਾਂਭੇ ਹੀ ਕਰੀ ਰੱਖਿਆ।

ਭੰਨ ਕੇ ਤੀਰ ਤੇ ਤਰਕਸ਼<br>
ਟੰਗ ਦਿੱਤੇ ਰੰਨ ਨੇ ਜੰਡ 'ਤੇ।

ਸਾਹਿਬਾਂ ਦੀ ਲੋਕ ਗਾਥਾ ਗਾ ਕੇ ਨਵਾਂ ਰਾਹ ਬਣਾਉਣ ਵਾਲੇ ਦੀਦਾਰ ਦੀਆਂ ਹੀ ਇਹ ਵੀ ਮੂਲ ਵੰਨਗੀਆਂ ਸਨ ਜਿਨ੍ਹਾਂ ਨੂੰ ਬਾਅਦ ਵਿਚ ਕੁਲਦੀਪ ਮਾਣਕ ਨੇ ਰਿਕਾਰਡ ਤਾਂ ਕਰਵਾ ਲਿਆ ਪਰ ਇਨ੍ਹਾਂ ਦੀ ਰਚਨਾ ਦਾ ਪਟਾ ਲਿਖ ਕੇ ਦੇਵ ਥਰੀਕੇ ਵਾਲੇ ਦੇ ਗਲ ਵਿਚ ਪਾ ਗਿਆ। "ਤੇਰੇ ਟਿੱਲੇ ਤੋਂ ਅਹੁ ਸੂਰਤ ਦੀਹਦੀ ਐ ਹੀਰ ਦੀ" ਆਧਾਰ ਦੀਦਾਰ ਸਿੰਘ ਰਟੈਂਡਾ ਦੀ ਰਚਨਾ "ਅੱਧੀ ਸੂਰਤ ਹੀਰ ਦੀ ਦਿਸਦੀ ਸਾਰੀ ਦੁਨੀਆਂ ਨੂੰ, ਮੇਰੇ ਨੈਣਾਂ ਦੇ ਵਿਚ ਬਹਿ ਕੇ ਦਿਸਦੀ ਸਾਰੀ" ਹੈ। ਇਵੇਂ:

ਹੱਥ ਤਾਂ ਜੁੜ ਜਾਂਦੇ<br>
ਜਿਨ੍ਹਾਂ ਦੇ ਨਾਲ ਅਮਰੀਕਾ ਦੇ<br>
ਰੱਖਦੇ ਕਦੇ ਨਾ ਉਹੋ<br>
ਨਾਲ ਗਰੀਬਾਂ ਯਾਰੀ।<br>
ਟੁੱਟ ਗਈ ਯਾਰੀ 'ਤੇ ਮਨ<br>
ਮੁੜਿਆ ਮੁੜਿਆ ਲੱਗਦਾ ਨੀ,<br>
ਹੈ ਨੀ ਅੱਖਾਂ ਦੇ ਵਿਚ ਪਹਿਲਾਂ ਵਾਲੀ ਧਾਰੀ।

ਸਭ ਕੁਝ ਦੀਦਾਰ ਸਿੰਘ ਰਟੈਂਡਾ ਦਾ ਹੀ ਲਿਖਿਆ ਹੋਇਆ ਹੈ।

ਛਾਂਗੇ ਸਾਰੰਗੀ ਵਾਲੇ ਤੇ ਤਾਰੇ ਨਾਲ ਜੁੜ ਕੇ ਉਹਨੇ ਬਹੁਤੀਆਂ ਲੋਕ ਗਾਥਾਵਾਂ ਰਿਕਾਰਡ ਕਰਵਾਈਆਂ। ਹਾਲਾਂਕਿ ਬਹੁਤ ਸਾਰੇ ਧਾਰਮਿਕ ਪ੍ਰਸੰਗ ਅਤੇ ਵਾਰਾਂ ਵੀ ਉਹਨੇ ਗਾਈਆਂ ਪਰ ਬਿਨਾ ਸ਼ੱਕ ਉਹ ਸਾਰੇ ਧਰਮਾਂ ਦਾ ਸਰਵ-ਪ੍ਰਵਾਣਿਤ ਕਲਾਕਾਰ ਬਣ ਕੇ ਵਿਚਰਦਾ ਰਿਹਾ। 1935-36 ਦੇ ਕਰੀਬ ਉਹ ਕੋਲੰਬੀਆ ਕੰਪਨੀ ਨਾਲ ਜੁੜ ਗਿਆ ਤੇ ਪਿਛੋਂ ਜਦੋਂ ਯੰਗ ਇੰਡੀਆ ਕੰਪਨੀ ਵਾਲਿਆਂ ਨੇ ਉਹਨੂੰ ਰਾਇਲਟੀ ਦੇਣ ਦੀ ਚੇਟਕ ਲਾਈ ਤਾਂ ਉਹਨੇ 16 ਪੱਕੇ ਰਿਕਾਰਡਾਂ ਵਿਚ ਬੱਤੀ ਗੀਤ ਗਾਏ। ਉਦੋਂ ਪੱਥਰ ਦੇ ਤਵਿਆਂ ਵਿਚ ਦੋਹੀਂ ਪਾਸੀਂ ਇੱਕ ਇੱਕ ਰਚਨਾ ਹੀ ਹੁੰਦੀ ਸੀ।

ਉਹ ਆਖਦਾ ਹੁੰਦਾ, ਉਹਦੇ ਸ਼ਾਗਿਰਦਾਂ 'ਚੋਂ ਲਹਿਲ ਕਲਾਂ ਦੇ ਨਛੱਤਰ ਸਿੰਘ ਤੇ ਕਲੇਰਾਂ ਦੇ ਵੀ ਨਛੱਤਰ ਸਿੰਘ ਨੇ ਚੰਗਾ ਨਾਂ ਕਮਾਇਆ। ਮਹਿੰਗਾ ਵੀ ਚੰਗਿਆਂ 'ਚੋਂ ਰਿਹਾ। ਭਾਵੇਂ ਉਹਨੇ ਇੱਕ ਦਿਨ ਵੀ ਸਕੂਲ ਦਾ ਮੂੰਹ ਨਹੀਂ ਦੇਖਿਆ ਪਰ ਉਸ ਨੂੰ ਗੁਰਮੁਖੀ, ਸ਼ਾਹਮੁਖੀ ਤੇ ਉਰਦੂ ਦਾ ਚੰਗਾ ਗਿਆਨ ਸੀ। ਸਿੱਖ ਇਤਿਹਾਸ ਉਹਦੇ ਚੇਤੇ 'ਚ ਵਸਿਆ ਹੋਇਆ ਸੀ ਤੇ ਨਾਲ ਦਮਿਅੰਤੀ, ਜਾਨੀ ਚੋਰ ਤੇ ਪ੍ਰੀਤ ਕਿੱਸੇ ਵੀ ਜ਼ੁਬਾਨੀ ਯਾਦ ਸਨ।

ਉਹ ਆਪ ਦੱਸਦਾ ਰਿਹਾ ਕਿ ਪਹਿਲਾਂ ਉਹਨੂੰ ਸਿਰਫ ਗਾਉਣਾ ਆਉਂਦਾ ਸੀ, ਲਿਖਣਾ ਨਹੀਂ। ਪਹਿਲਿਆਂ 'ਚ ਉਹਨੇ ਦਿਹਰੀ ਦੇ ਹਜ਼ੂਰ ਸਿੰਘ ਕੋਲੋਂ ਦਸ ਦਸ ਰੁਪਏ 'ਚ ਅੱਸੀ ਕਲੀਆਂ ਖਰੀਦ ਕੇ ਆਪਣੇ ਨਾਂ ਹੇਠ ਰਿਕਾਰਡ ਕਰਵਾਇਆ। ਬਾਅਦ 'ਚ ਸਾਹਿਬਾਂ ਦਾ ਤਰਲਾ, ਜੱਟ ਦੀ ਮਸਤੀ, ਬੰਦੇ ਦੀ ਤ੍ਰਿਸ਼ਨਾ, ਸੁੰਦਰ ਚਰਖਾ, ਧੀਆਂ ਦਾ ਵਿਛੋੜਾ, ਦੇਸ਼ ਪ੍ਰਵਾਨੇ ਉਹਦੀਆਂ ਸਿਰਮੌਰ ਰਚਨਾਵਾਂ ਸਰਵ ਪ੍ਰਵਾਨਿਤ ਹੋਈਆਂ। ਦੀਦਾਰ ਸਿੰਘ ਨੇ ਆਪਣੀ ਲੀਹ ਆਪ ਪਾਈ। ਉਹਨੇ ਕਦੇ ਨਹੀਂ ਦੇਖਿਆ ਕਿ ਉਹਦੇ ਆਲੇ-ਦੁਆਲੇ ਕੀ ਹੋ ਰਿਹਾ ਹੈ, ਕਿਹੜਾ ਢਾਡੀ ਕੀ ਚਾਹ ਰਿਹਾ ਹੈ ਸਗੋਂ ਉਹਨੇ ਆਪਣੇ ਰਾਹਾਂ ਨੂੰ ਖੁਦ ਜਰਨੈਲੀ ਰਾਹ ਬਣਾਇਆ।

1910 ਵਿਚ ਬਹਿਰਾਮ ਲਾਗੇ ਪਿੰਡ ਸੰਧਵਾਂ ਦੀ ਕਰਮ ਕੌਰ ਨਾਲ ਵਿਆਹ ਕਰਵਾਇਆ। ਇੱਕੋ ਇਕ ਪੁੱਤਰ ਨਿਰਮਲ ਸਿੰਘ ਇਸ ਪਾਸੇ ਵੱਲ ਨਾ ਮੁੜਿਆ ਤੇ ਹੁਣ ਪੁੱਤਰ ਦੇ ਨਾਂ ਅੱਗੇ ਵੀ ਮਰਹੂਮ ਲੱਗ ਗਿਆ ਹੈ।

102 ਸਾਲ ਦੀ ਉਮਰ ਭੋਗ ਕੇ ਢਾਡੀ ਦੀਦਾਰ ਸਿੰਘ ਰਟੈਂਡਾ ਨੇ 9 ਅਗਸਤ 1989 ਨੂੰ ਇਸ ਸੰਸਾਰ ਤੋਂ ਮੂੰਹ ਫੇਰ ਲਿਆ ਤੇ ਢਾਡੀ ਕਲਾ ਦੇ ਇਸ ਵਾਰਿਸ ਨਾਲ ਇਹ ਅੰਕੜਾ ਵੀ ਜੁੜਿਆ ਕਿ ਉਹਦੀ ਧਰਮ ਪਤਨੀ ਵੀ ਉਹਦੇ ਜਿੰਨੀ ਹੀ ਉਮਰ ਭੋਗ ਗਈ। ਤੁਰ ਜਾਣ ਦੇ ਵਕਫੇ ਵਿਚ ਮਸਾਂ ਛੇ ਕੁ ਮਹੀਨਿਆਂ ਦਾ ਹੇਰ-ਫੇਰ ਹੋਵੇਗਾ।

ਉਹ ਮੈਨੂੰ ਵੀ ਕਹਿੰਦਾ ਰਿਹਾ ਤੇ ਸ਼ਮਸ਼ੇਰ ਸੰਧੂ ਨੂੰ ਵੀ ਕਿ ਮੇਰੀਆਂ ਰਚਨਾਵਾਂ ਦੀਆਂ ਪੁਸਤਕਾਂ ਛਪਵਾ ਦਿਓ, ਮੈਂ ਜਿਉਂਦੇ ਜੀਅ ਇਨ੍ਹਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਣੀਆਂ ਚਾਹੁੰਨਾ। ਪਰ ਅਫਸੋਸ ਦਿਲ ਦੀਆਂ ਦਿਲ 'ਚ ਲੈ ਗਿਆ, ਅਸੀਂ ਦੋਵੇਂ ਉਸ ਦੀ ਇਹ ਰੀਝ ਪੂਰੀ ਨਾ ਕਰ ਸਕੇ।

ਪ੍ਰਣਾਮ ਤੇ ਸਿਜਦਾ ਹੈ ਇਸ ਮਹਾਨ ਢਾਡੀ ਤੇ ਉਸ ਦੀ ਕਲਾ ਨੂੰ।

## ਮਿਨੀ ਕਹਾਣੀ

### ਨਵਾਂ ਕਾਨੂੰਨ

ਰੁਮਾਲ ਦੀ ਤਹਿ ਮਾਰ ਉਹ ਮੁੜ ਮੋਟਰਸਾਈਕਲ 'ਤੇ ਸਵਾਰ ਹੋ ਘਰ ਜਾਣ ਲਈ ਰਵਾਨਾ ਹੋ ਗਿਆ। ਸਾਰੇ ਰਾਹ ਇਸ 'ਨਵੇਂ ਬਣੇ ਕਾਨੂੰਨ' ਬਾਰੇ ਸੋਚਦਾ ਰਿਹਾ ਕਿ ਇਹ ਕਦ ਬਣਿਆ, ਤੇ ਕਦ ਲਾਗੂ ਹੋ ਗਿਆ?

"ਡਰਾਇਵਿੰਗ ਲਾਇਸੈਂਸ ਬਣੇ ਨੂੰ ਵੀ 7 ਸਾਲ ਹੋ ਗਏ ਤੇ 10 ਸਾਲ ਮੋਟਰਸਾਈਕਲ ਦੀ ਸਵਾਰੀ ਨੂੰ ਹੋ ਗਏ। ਕਿਵੇਂ ਕਿਸੇ ਸ਼ਰੀਫ ਬੰਦੇ ਨੂੰ ਫੜ੍ਹ ਉਸ 'ਤੇ ਧਾਰਾ ਲਾ ਕੇ ਅੰਦਰ ਕਰ ਦੇਣਗੇ? ਐਵੇਂ ਗਪੌੜ ਛੱਡਦਾ ਹੋਣੈ!" ਇਹ ਸਭ ਸੋਚਦਾ ਉਹ ਘਰ ਅੱਪੜ ਗਿਆ ਪਰ ਕਿਸੇ ਨਾਲ ਇਸ 'ਨਵੇਂ ਕਾਨੂੰਨ' ਦਾ ਜ਼ਿਕਰ ਨਾ ਕੀਤਾ।

ਕਰਦਾ ਵੀ ਕਿਵੇਂ? ਕਿਵੇਂ ਲੱਸੀ ਕਰਾ ਲੈਂਦਾ ਕਿ ਪੁਲਸੀਏ ਨੇ ਰੋਕ ਕੇ, ਕਾਗਜ਼-ਪੱਤਰ ਪੂਰੇ ਹੋਣ ਦੇ ਬਾਵਜੂਦ ਉਸ ਨੂੰ ਚਿਤਾਵਨੀ ਦੇ ਕੇ ਛੱਡ'ਤਾ, ਤੇ ਉਸ ਦੀ ਰੱਜ ਕੇ ਕੱਢੀ ਹੋਈ ਟੌਹਰ ਦਾ ਪੁਲਸੀਆਂ 'ਤੇ ਕੋਈ ਅਸਰ ਨਹੀਂ ਹੋਇਆ!

ਉਹ ਸੋਚਦਾ ਸੀ ਕਿ ਪੁਲਿਸ ਹਮੇਸ਼ਾ ਬੰਦੇ ਦਾ ਹੁਲੀਆ ਦੇਖ ਕੇ ਰੋਕਦੀ ਐ, ਜੇ ਚੰਗੇ ਕੱਪੜੇ ਪਾਏ ਹੋਣ, ਬੰਦਾ ਪੂਰਾ ਸੂਟਡ-ਬੂਟਡ ਹੋਵੇ, ਪੇਚਾਂ ਵਾਲੀ ਪੱਗ ਬੰਨੀ ਹੋਵੇ ਤਾਂ ਕਦੇ ਵੀ ਨ੍ਹੀਂ ਰੋਕਦੇ, ਚਾਹੇ ਬੰਦੇ ਕੋਲ ਇੱਕ ਕਾਗਜ਼ ਵੀ ਨਾ ਹੋਵੇ!

ਟਿਊਸ਼ਨ ਸੈਂਟਰ ਤੋਂ ਵਿਹਲਾ ਹੋ ਮੂੰਹ 'ਤੇ ਰੁਮਾਲ ਬੰਨ ਸਿੱਧਾ ਘਰ ਨੂੰ ਰਵਾਨਾ ਹੋਇਆ। ਮੋਟਰਸਾਈਕਲ ਮਿੱਟੀ ਨਾਲ ਭਰਿਆ ਹੋਇਆ, ਜਿਵੇਂ ਜਦੋਂ ਦਾ ਲਿਆ ਇਕ ਵਾਰ ਵੀ ਨਾ ਧੋਤਾ ਹੋਏ, ਸ਼ਾਇਦ ਸੀ ਵੀ ਇਦਾਂ ਈ। ਪਰ ਉਸ ਦੀ ਸੋਚ ਸੀ ਕਿ ਆਵਦੇ ਮੂੰਹ 'ਤੇ ਧੂੜ-ਮਿੱਟੀ ਜ਼ਰਾ ਵੀ ਨ੍ਹੀਂ ਪੈਣੀ ਚਾਹੀਦੀ। ਹੁਣ ਕੌਣ ਟਿੱਬਿਆਂ ਦੇ ਸ਼ਹਿਰ ਬਠਿੰਡੇ 'ਚ ਰਹਿ ਕੇ, ਉਤੋਂ ਬੇ-ਵਜ੍ਹਾ ਉਸਾਰੇ ਜਾ ਰਹੇ ਪੁਲਾਂ ਦੇ ਨਿਰਮਾਣ ਹੇਠੋਂ ਦੀ ਲੰਘ ਕੇ ਆਪਣੇ ਆਪ ਨੂੰ ਰੇਤੇ ਨਾਲ ਭਰੇ?

ਚੰਗੀ ਤਰ੍ਹਾਂ ਮੂੰਹ ਢਕ ਕੇ ਜਦੋਂ ਉਹ ਨਹਿਰ ਪਾਰ ਕਰ ਚੌਕ ਤੋਂ ਗੋਨਿਆਣੇ ਰੋਡ ਨੂੰ ਚੜ੍ਹਿਆ ਤਾਂ ਪੁਲਿਸ ਦਾ ਬੈਰੀਅਰ ਦੇਖ ਕੇ ਜ਼ਰਾ ਵੀ ਨਾ ਘਾਬਰਿਆ। ਘਾਬਰਦਾ ਵੀ ਕਿਉਂ? ਕਾਗਜ਼-ਪੱਤਰ ਉਸ ਦੇ ਸਾਰੇ ਪੂਰੇ ਨੇ, ਟੌਹਰ ਰੱਜ ਕੇ ਕੱਢੀ ਹੋਈ, ਸਵਾਲ ਈ ਪੈਦਾ ਨ੍ਹੀਂ ਹੁੰਦਾ, ਐ ਕਿਵੇਂ ਰੋਕ ਲੈਣਗੇ?

ਸਾਰੇ ਬੈਰੀਅਰ ਪਾਰ ਕਰ ਜਦ ਅਖੀਰਲੇ ਬੈਰੀਅਰ ਕੋਲੋਂ ਦੀ ਲੰਘਣ ਲੱਗਾ ਤਾਂ ਇਕ ਟੋਪੀ ਵਾਲੇ ਪੁਲਸੀਏ ਨੇ ਹੱਥ ਮਾਰ ਰੁਕਣ ਦਾ ਇਸ਼ਾਰਾ ਕੀਤਾ। ਇਕ ਵਾਰ ਉਹਦੇ ਮਨ 'ਚ ਆਇਆ ਕਿ ਚੁਪ-ਚਾਪ ਭਜਾ ਲੈ, ਲੋਕ ਵੀ ਤਾਂ ਇੱਦਾਂ ਈ ਕਰਦੇ ਨੇ, ਪਰ ਫਿਰ ਇਹ ਸੋਚ ਮੋਟਰਸਾਈਕਲ ਸਾਈਡ ਨੂੰ ਲਾ ਲਿਆ, ਬਈ ਤਿੰਨ ਕਿਲੋਮੀਟਰ 'ਤੇ ਘਰ ਐ, ਝੀਲਾਂ ਨੇੜੇ, ਅਗਲਿਆਂ ਨੇ ਬਿੰਦ ਨ੍ਹੀਂ ਲਾਉਣਾ...ਖੈਰ ਛੱਡੋ!

ਕਾਗਜ਼-ਪੱਤਰ ਚੈਕ ਕਰਕੇ ਸਾਬ੍ਹ ਬਹਾਦਰ ਬੋਲੇ, "ਅੱਗੇ ਤੋਂ ਮੂੰਹ 'ਤੇ ਰੁਮਾਲ ਨ੍ਹੀਂ ਲਾਉਣਾ। ਕਿਉਂ ਲਾਇਆ ਸੀ ਇਹ?" ਪੁਲ ਦੀ ਉਸਾਰੀ ਵੱਲ ਇਸ਼ਾਰਾ ਕਰ ਝੱਟ ਦੇਣੇ ਜਵਾਬ ਦਿੱਤਾ ਵੀ, "ਧੂੜ-ਮਿੱਟੀ ਤੋਂ ਬਚਣ ਲਈ।"

ਸਾਬ੍ਹ ਬਹਾਦਰ ਮੁੜ ਬੋਲੇ, "ਤੈਨੂੰ ਪਤੈ ਮੂੰਹ 'ਤੇ ਰੁਮਾਲ ਬੰਨਣ ਨਾਲ ਜਾਂ ਮੂੰਹ ਢਕਣ ਨਾਲ ਆਈ. ਪੀ. ਸੀ. ਦੀ ਧਾਰਾ ਲਾ ਕੇ ਸਾਨੂੰ ਅੰਦਰ ਕਰਨ ਦਾ ਹੱਕ ਐ? ਜੇ ਮੁੜ ਇੱਦਾਂ ਕੀਤਾ ਤਾਂ ਤੈਨੂੰ ਪਤੈ, ਤੇਰਾ ਭਵਿੱਖ ਖਰਾਬ ਹੋ ਜੂ, ਅੱਗੇ ਤੋਂ ਨ੍ਹੀਂ ਲਾਉਣਾ ਇਹ। ਚੱਲ, ਸ਼ਾਬਾਸ਼!"

ਢਿਲਕੇ ਜਿਹੇ ਮੂੰਹ ਨਾਲ ਹੁਣ ਉਹਨੇ ਹੌਲੀ ਜਿਹੀ ਆਵਾਜ਼ 'ਚ ਮੁੜ ਪੁਲਸੀਏ ਤੋਂ ਜਾਣਕਾਰੀ ਲੈਣੀ ਚਾਹੀ, "ਮੈਨੂੰ ਤਾਂ ਪਤਾ ਨਈਂ ਜੀ ਇਹਦੇ ਬਾਰੇ, ਇੱਦਾਂ ਵੀ ਹੁੰਦਾ?"

"ਆਹੋ, ਆਈ. ਪੀ. ਸੀ. ਦੀ ਧਾਰਾ ਲਾਉਣ ਦਾ ਅਧਿਕਾਰ ਐ, ਚਾਹੇ ਕੋਈ ਵੀ ਹੋਵੇ। ਐਤਕੀਂ ਚਿਤਾਵਨੀ ਹੋ'ਗੀ। ਨਾਲੇ ਆਵਦੇ ਦੋਸਤਾਂ-ਮਿੱਤਰਾਂ ਨੂੰ ਵੀ ਦੱਸੀਂ। ਪਤਾ ਹੋਣਾ ਚਾਹੀਦੈ ਸਭ ਨੂੰ, ਨਈਂ ਤਾਂ ਕਦੋਂ ਵੀ ਧਾਰਾ ਲੱਗ ਸਕਦੀ ਐ!"

ਦਿਮਾਗ ਜਾਣੋ ਉਸ ਦਾ ਕੁਝ ਦੇਰ ਲਈ ਸੁੰਨ ਹੋ ਗਿਆ ਹੋਵੇ, "ਬਈ, ਮਿੱਟੀ-ਘੱਟੇ, ਧੁੱਪ ਤੋਂ ਬਚਣ ਲਈ ਜੇ ਬੰਦਾ ਰੁਮਾਲ ਨਾ ਬੰਨੂ ਤਾਂ ਹੋਰ ਕੀ ਕਰੂ? ਇਹ ਕੀ ਲੰਡੂ ਸਿਸਟਮ ਹੋਇਆ? ਨਾ ਜੇ ਕੋਈ ਮੂੰਹ 'ਤੇ ਹੈਲਮੇਟ ਲਾ ਕੇ ਪੂਰਾ ਮੂੰਹ ਢਕ ਲਵੇ ਤਾਂ ਫਿਰ ਕੋਈ ਧਾਰਾ ਨ੍ਹੀਂ? ਚਾਹੇ ਅਗਲਾ ਕਿੱਡਾ ਵੀ ਕਾਰਾ ਕਿਉਂ ਨਾ ਕਰ ਆਵੇ, ਪਰ ਇਹ ਤਾਂ ਕੋਈ ਗੱਲ ਨਾ ਹੋਈ!"

ਇਸ 'ਨਵੇਂ ਕਾਨੂੰਨ' ਨੇ ਤਾਂ ਜਾਣੋ ਕੁਝ ਦੇਰ ਲਈ ਉਸ ਦੇ ਅੰਦਰ ਇਕ ਖਲਬਲੀ ਮਚਾ ਦਿੱਤੀ, "ਘਰਦਿਆਂ ਨੇ ਤਾਂ ਕਦੇ ਦੱਸਿਆ ਨ੍ਹੀਂ, ਨਾ ਈ ਕਦੇ ਬਾਹਰੋਂ ਇਸ ਦਾ ਕੋਈ ਜ਼ਿਕਰ ਸੁਣਿਐ, ਇਹ ਅਜੀਬ ਕਲੋਲ ਹੋ'ਗੀ! ਸ਼ਾਇਦ ਪੁਲਸੀਆ ਐਵੇਂ ਈ ਛੱਡਦਾ ਹੋਵੇ। ਨਹੀਂ! ਪਰ ਉਸ ਦਾ ਸੀਨੀਅਰ ਕੋਲ ਬੈਠਾ ਸੀ, ਇਸ ਤਰ੍ਹਾਂ ਝੂਠ ਤਾਂ ਨ੍ਹੀਂ ਮਾਰ ਸਕਦਾ!"

ਇਹ ਸਭ ਸੋਚਦਿਆਂ ਉਹ ਘਰ ਅੱਪੜ ਗਿਆ ਤੇ ਇਸ 'ਨਵੇਂ ਕਾਨੂੰਨ' ਬਾਰੇ ਅਖਬਾਰ 'ਚ ਜਾਣਕਾਰੀ ਦੇਣ ਲਈ ਪੈਨ ਫੜ੍ਹ ਕਾਹਲੀ ਕਾਹਲੀ ਕਾਗਜ਼ 'ਤੇ ਝਰੀਟਾਂ ਮਾਰਨ ਲੱਗਾ।

*-ਦਰਸ਼ਪ੍ਰੀਤ ਸਿੰਘ ਗੁਮਨਾਮ*
*ਫੋਨ: 91-73441-58685*

# ਪਾਵਨ ਪਰਮ ਸੂਰ ਗੁਰੂ ਗੋਬਿੰਦ ਸਿੰਘ

**ਗੁਰਪੂਰਬ 'ਤੇ ਵਿਸ਼ੇਸ਼**

ਗੁਰੂ ਗੋਬਿੰਦ ਸਿੰਘ ਜੀ (1666-1708) ਦੀ ਦਿੱਭਤਾ 'ਗ੍ਰੰਥ ਤੋਂ ਪੰਥ' ਤੱਕ ਦੀ ਯਾਤਰਾ ਹੈ। ਸਿੱਖ ਧਰਮ ਦਾ ਮੂਲ ਆਧਾਰ ਸ਼ਬਦ-ਗੁਰੂ ਹੈ ਅਤੇ ਗੁਰੂ ਗ੍ਰੰਥ ਸਾਹਿਬ ਸ਼ਬਦ-ਗੁਰੂ ਦਾ ਸੰਕਲਪੀ ਸ੍ਰੋਤ ਹਨ। ਸ਼ਬਦ-ਗੁਰੂ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ਅਤੇ ਇਸ ਦਾ ਸੰਕਲਪੀ-ਸੰਕੇਤ ਉਨ੍ਹਾਂ ਨੇ 'ਸਿਧਿ ਗੋਸਟਿ' ਬਾਣੀ ਵਿਚ ਇਹ ਕਹਿ ਕੇ ਦੇ ਦਿੱਤਾ ਸੀ ਕਿ ਸ਼ਬਦ ਅਤੇ ਸੁਰਤਿ ਦੇ ਸਹਿਜ ਸਥਾਪਨ ਨਾਲ ਹੀ ਸਾਧੀ ਹੋਈ ਮਾਨਸਿਕਤਾ ਵਾਲਾ ਮਾਨਵ ਸਿੱਖੀ ਦਾ ਰੋਲ ਮਾਡਲ ਕਹਾਏਗਾ। ਇਸੇ ਲਈ 'ਗੁਰਮੁਖ' ਪਦ ਦੀ ਵਰਤੋਂ ਕੀਤੀ ਗਈ ਹੈ।



ਗੁਰਮੁਖ ਤੋਂ ਸਿੰਘ ਤੱਕ ਦੀ ਯਾਤਰਾ ਨੂੰ ਸਮਝ ਕੇ ਹੀ ਦਸਮ ਪਾਤਸ਼ਾਹ ਹਜ਼ੂਰ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਇਨ੍ਹਾਂ ਸਿੱਖ ਵਰਤਾਰਿਆਂ

**ਪ੍ਰੋ. ਬਲਕਾਰ ਸਿੰਘ**
ਫੋਨ: +91-93163-01328

ਨਾਲ ਇਹ ਵੀ ਸਥਾਪਤ ਹੋ ਗਿਆ ਸੀ ਕਿ ਜੋ ਗੁਰੂ ਸਾਹਿਬ ਕਹਿ ਰਹੇ ਹਨ, ਉਸੇ ਨੂੰ ਆਪ ਜੀਅ ਵੀ ਰਹੇ ਸਨ ਅਤੇ ਦੂਜਿਆਂ ਤੋਂ ਜੀਵੇ ਜਾਣ ਦੀ ਆਸ ਕਰ ਰਹੇ ਹਨ। ਇਸ ਨਾਲ ਧਰਮ-ਚਿੰਤਨ ਦੇ ਖੇਤਰ ਵਿਚ ਦੇਹੀ ਉਤਮਤਾ ਦੀ ਧਾਰਮਿਕਤਾ ਵੰਗਾਰੀ ਗਈ ਸੀ/ਹੈ। ਇਸੇ ਮਾਨਸਿਕਤਾ ਨੂੰ ਮਾਨਵ ਦੇ ਲਹੂ ਵਿਚ ਉਤਾਰਨ ਦੀ ਨਿਰੰਤਰ ਲਹਿਰ ਬਾਕੀ ਗੁਰੂ ਸਾਹਿਬਾਨ ਵਲੋਂ ਚਲਾਈ ਜਾਂਦੀ ਰਹੀ। ਇਸੇ ਪ੍ਰਸੰਗ ਵਿਚ ਦਸਮ ਪਾਤਸ਼ਾਹ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਦਸਮ ਪਾਤਸ਼ਾਹ ਬਾਰੇ ਸਿੱਖ ਸਾਹਿਤ ਵਿਚ ਹਵਾਲਾ ਆਉਂਦਾ ਹੈ ਕਿ ਉਹ ਜੋਤਿ ਰੂਪ ਤੋਂ ਦੇਹ ਰੂਪ ਵਿਚ ਆਉਣ ਲਈ ਇਸ ਵਾਸਤੇ ਤਿਆਰ ਨਹੀਂ ਸਨ, ਕਿਉਂਕਿ ਉਹ ਜੋਤਿ ਰੂਪ ਵਿਚ ਸੰਤੁਸ਼ਟ ਸਨ। ਪਰ ਉਨ੍ਹਾਂ ਨੂੰ ਦੇਹ ਰੂਪ ਵਿਚ ਆਉਣ ਵਾਸਤੇ ਇਹ ਕਹਿ ਕੇ ਪ੍ਰੇਰਿਆ ਗਿਆ ਸੀ ਕਿ ਅਕਰਮਕ ਅਧਿਆਤਮਕਤਾ ਖੜੋਤ ਦਾ ਸ਼ਿਕਾਰ ਹੋ ਜਾਂਦੀ ਹੈ। ਇਸੇ ਨੂੰ 'ਮੈਂ ਆਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਉ ਸਾਜਾ॥' ਰਾਹੀਂ ਬਿਆਨ ਕੀਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਧਰਮ ਚਿੰਤਨ ਵਿਚੋਂ ਮਿਥਿਹਾਸਕਤਾ ਦੁਆਲੇ ਉਸਰੀਆਂ ਮਾਨਤਾਵਾਂ ਅਤੇ ਪਰੰਪਰਾਵਾਂ ਨੂੰ ਤੋੜ ਕੇ ਜਾਂ ਇਨ੍ਹਾਂ ਤੋਂ ਪਾਸੇ ਹਟ ਕੇ ਸਕਰਮਕ ਅਧਿਆਤਮਕਤਾ ਨੂੰ ਸਿੱਖ ਧਰਮ ਵਜੋਂ ਪ੍ਰਗਟ ਕੀਤਾ ਜਾ ਰਿਹਾ ਸੀ। ਇਸ ਨਾਲ ਧਰਮ ਚਿੰਤਨ ਦੇ ਪ੍ਰਾਪਤ ਸੰਤੁਸ਼ਟੀ-ਮਾਡਲ ਦੀ ਥਾਂ ਸੱਜਰਾ ਸਿੱਖ-ਤੜਪ ਮਾਡਲ ਸਾਹਮਣੇ ਲਿਆਂਦਾ ਜਾ ਰਿਹਾ ਸੀ।

ਦਸ ਸਿੱਖ ਗੁਰੂ ਸਾਹਿਬਾਨ ਸਿੱਖ ਧਰਮ ਦੇ ਸਮੁੱਚ ਦੀਆਂ ਦਸ ਕੰਨੀਆਂ ਕਹੀਆਂ ਜਾ ਸਕਦੀਆਂ ਹਨ। ਕਾਰਨ ਇਹ ਹੈ ਕਿ ਸੰਪੂਰਨ ਜੀਵਨ ਦੀ ਵਿਭਿੰਨਤਾ ਨੂੰ ਇਕ ਲੜੀ ਵਿਚ ਪ੍ਰਗਟ ਕਰਨ ਦੇ ਗੁਰੂ ਸਾਹਿਬਾਨ ਬਿੰਬ ਹੋ ਗਏ ਸਨ। 'ਧਰਮ ਚਲਾਵਨ ਸੰਤ ਉਬਾਰਨ' ਦੇ ਹਵਾਲੇ ਧਰਮ ਦੇ ਇਤਿਹਾਸ ਵਿਚ ਆਮ ਮਿਲ ਜਾਂਦੇ ਹਨ। ਪਰ ਇਹ ਵੇਰਵੇ ਦੁਨਿਆਵੀ ਪ੍ਰਸੰਗ ਵਿਚ ਲੈ ਕੇ ਦੇਣ ਵਾਲੇ ਪਾਸੇ ਤੁਰਦੇ ਰਹਿੰਦੇ ਹਨ ਅਤੇ ਦਰਪੇਸ਼ ਸੰਕਟਾਂ ਦਾ ਸਾਹਮਣਾ ਕਰਨ ਵਾਸਤੇ ਸੰਕਟ-ਗ੍ਰਸਤ ਮਾਨਸਿਕਤਾ ਦਿੱਭ-ਦਖਲ ਵੱਲ ਝਾਕਦੀ ਰਹਿੰਦੀ ਸੀ। ਦੈਵੀ ਪ੍ਰਤੀਨਿਧਤਾ ਦਾ ਅਵਤਾਰਵਾਦੀ-ਮਾਡਲ ਕਿਸੇ ਵੀ ਸਮਕਾਲ ਦਾ ਮੁਕਤ-ਪ੍ਰਸੰਗ ਨਹੀਂ ਉਸਾਰ ਸਕਿਆ ਸੀ। ਇਸੇ ਦਾ ਨਤੀਜਾ ਸੀ ਕਿ ਵਰਤਮਾਨ ਦੇ ਗੁਆਚਣ ਨਾਲ ਭੂਤ ਦਾ ਭੈਅ ਅਤੇ ਭਵਿਖ ਦਾ ਲਾਰਾ ਹੀ ਧਰਮ ਦਾ ਹਾਸਲ ਹੁੰਦੇ ਰਹੇ ਸਨ। ਇਸੇ ਕਰਕੇ ਇਤਿਹਾਸ ਉਤੇ ਮਿਥਿਹਾਸ ਹਾਵੀ ਹੁੰਦਾ ਰਿਹਾ। ਇਸੇ ਵਿਚੋਂ ਵਰਣ-ਵੰਡ ਵਰਗੇ ਸ਼ੋਸ਼ਣ-ਮਾਡਲਾਂ ਨੂੰ ਮਾਨਤਾ ਮਿਲਦੀ ਰਹੀ। ਇਸ ਬਾਰੇ ਬਾਣੀ ਦੇ ਹਵਾਲੇ ਨਾਲ ਵੀ ਚਰਚਾ ਹੋ ਸਕਦੀ ਹੈ। ਪਰ ਇਸ ਸਥਿਤੀ ਵਿਚੋਂ ਨਿਕਲਣ ਲਈ ਪ੍ਰਾਪਤ ਗੁਰਮਤਿ ਮਾਡਲ ਨੇ ਆਮ ਬੰਦੇ ਦੀ ਮਾਨਸਿਕਤਾ ਵਿਚ ਇਹ ਭਾਵਨਾ ਉਤਾਰ ਦਿੱਤੀ ਸੀ ਕਿ ਸਿੱਖ ਧਰਮ ਨੇ ਲੈ ਕੇ ਦੇਣ ਦੀ ਥਾਂ ਹਰੇਕ ਮਾਨਵ ਨੂੰ ਲੈ ਸਕਣ ਦੀ ਸਿੱਖ-ਵਿਧੀ ਨਾਲ ਜੋੜਨਾ ਹੈ। ਵੈਸੇ ਆਮ ਸਮਝ ਵੀ ਇਹੀ ਹੈ ਕਿ ਮਿਲਦਾ ਉਹੀ ਹੈ, ਜਿਸ ਦਾ ਕੋਈ ਹੱਕਦਾਰ ਹੁੰਦਾ ਹੈ। ਹੱਕਾਂ ਉਤੇ ਛਾਪਾ ਮਾਰਨ ਵਾਲਿਆਂ ਨੇ ਇਸ ਵਿਚਲੀ ਸਕਰਮਕਤਾ ਨੂੰ ਖੁੰਢਾ ਕਰਕੇ ਇਹ ਅੰਧ ਵਿਸ਼ਵਾਸ ਸਥਾਪਤ ਕਰ ਦਿੱਤਾ ਸੀ ਕਿ ਮਿਲਦਾ ਉਹੀ ਹੈ, ਜੋ ਕਿਸਮਤ ਵਿਚ ਲਿਖਿਆ ਹੁੰਦਾ ਹੈ। ਇਸ ਨਾਲ ਮਾਨਵ ਅੰਦਰ ਨਿਹਿਤ ਊਰਜਾ ਨੇ ਪ੍ਰਚੰਡ ਹੋ ਕੇ ਜੀਵਨ-ਮੁਕਤ ਹੋਣ ਵਾਲੇ ਰਾਹ ਤੁਰਨਾ ਛੱਡ ਦਿੱਤਾ ਸੀ। ਇਸੇ ਵਿਚੋਂ ਨਿਕਲਣ ਦੀ ਪੱਕੀ ਵਿਧੀ-ਸਥਾਪਨਾ ਕਰਨ ਵਾਸਤੇ ਅੰਤਿਮ ਛੋਹਾਂ ਦੇ ਰਹੇ ਸਨ, ਦਸਮ ਪਾਤਸ਼ਾਹ ਹਜ਼ੂਰ।

ਜੋ ਕੁਝ ਵੀ ਦਸਮ ਪਾਤਸ਼ਾਹ ਨੇ ਕੀਤਾ, ਉਹ ਗੁਰੂ ਨਾਨਕ ਦੇਵ ਦੀ ਨਿਰੰਤਰਤਾ ਵਿਚ ਹੀ ਕੀਤਾ। ਇਸ ਕਰਕੇ ਦਸਮ ਪਾਤਸ਼ਾਹ ਤੱਕ ਜੋ ਕੁਝ ਵੱਖ ਵੱਖ ਪੜਾਵਾਂ ਵਿਚੋਂ ਲੰਘਦਾ ਪਹੁੰਚਿਆ, ਉਹ ਬਹੁਤਾ ਸੁਖਾਵਾਂ ਨਹੀਂ ਸੀ। ਸਮੇਂ ਦੀ ਸਿਆਸਤ ਗੁਰੂ ਘਰ ਨਾਲ ਲਗਾਤਾਰ ਟਕਰਾਉ ਵਿਚ ਆਉਂਦੀ ਰਹੀ ਅਤੇ ਇਸ ਵਾਸਤੇ ਦੋ ਗੁਰੂ ਸਾਹਿਬਾਨ (ਪੰਚਮ ਪਾਤਸ਼ਾਹ ਅਤੇ ਨੌਵੇਂ ਪਾਤਸ਼ਾਹ) ਨੂੰ ਸ਼ਹੀਦੀ ਦੇ ਮਾਰਗ 'ਤੇ ਤੁਰਨਾ ਪਿਆ। ਇਸ ਨਾਲ ਇਹ ਸਥਾਪਤ ਹੋ ਗਿਆ ਸੀ ਕਿ ਸਿੱਖ ਭਾਵਨਾ ਨੂੰ ਨਾ ਹੀ ਤੋੜਿਆ ਜਾ ਸਕਦਾ ਹੈ ਅਤੇ ਨਾ ਹੀ ਹਰਾਇਆ ਜਾ ਸਕਦਾ ਹੈ। ਇਹ ਵਰਤਾਰਾ ਇਤਿਹਾਸ ਦੀ ਸੀਮਾ ਨੂੰ ਛੜੱਪ ਜਾਣ ਦਾ ਹੈ।

ਸਿੱਖੀ ਦਾ ਬੀਜ ਨਿਰਸੰਦੇਹ ਗੁਰੂ ਨਾਨਕ ਦੇਵ ਨੇ ਬੀਜਿਆ, ਬਾਕੀ ਗੁਰੂ ਸਾਹਿਬਾਨ ਸਿੱਖੀ ਦੀ ਇਸ ਫਸਲ ਨੂੰ ਸੰਗਤੀ-ਵਿਧੀ ਵਿਚ ਪਾਲਦੇ ਰਹੇ। ਦਸਮ ਪਾਤਸ਼ਾਹ ਨੇ ਇਸੇ ਨੂੰ ਪੰਥਕ-ਵਿਧੀ ਵਿਚ ਪ੍ਰਗਟ ਕਰ ਦਿੱਤਾ ਸੀ ਅਤੇ ਇਸ ਨੂੰ ਗੁਰਮਤਿ ਸਾਹਿਤ ਵਿਚ 'ਗੁਰਸੰਗਤ ਕੀਨੀ ਖਾਲਸਾ' ਵਜੋਂ ਦਰਜ ਕੀਤਾ ਗਿਆ ਹੈ। ਜੋ ਕੁਝ ਸਾਹਮਣੇ ਆ ਜਾਂਦਾ ਹੈ, ਉਸ ਤੋਂ ਪਰੇ ਵੀ ਬਹੁਤ ਕੁਝ ਹੁੰਦਾ ਹੈ, ਜੋ ਦਸਮ ਪਾਤਸ਼ਾਹ ਦੇ ਹਵਾਲੇ ਨਾਲ ਸਮਝਿਆ/ਸਮਝਾਇਆ ਜਾਣਾ ਚਾਹੀਦਾ ਹੈ। 'ਅਕਾਲ ਉਸਤਤਿ' ਵਿਚ ਦਰਜ ਹੈ ਕਿ ਨਿਰਗੁਣ ਨੂੰ ਸਿੱਖ ਨੇ ਸਰਗੁਣ ਵਿਚ ਇਸ ਤਰ੍ਹਾਂ ਵੇਖਣਾ ਹੈ:

> ਆਦਿ ਪੁਰਖ ਅਬਿਗਤ ਅਬਿਨਾਸੀ॥
> ਲੋਕ ਚਤੁਰਦਸ ਜੋਤਿ ਪ੍ਰਗਾਸੀ॥

ਇਸ ਨੂੰ 'ਸਰਗੁਣ ਆਪ ਨਿਰਗੁਣ ਭੀ ਓਹੀ' ਦੀ ਨਿਰੰਤਰਤਾ ਵਿਚ ਵੇਖੇ ਜਾਣ ਦੀ ਲੋੜ ਨਾਲ ਦਸਾਂ ਹੀ ਗੁਰੂ ਸਾਹਿਬਾਨ ਵਿਚ ਇਕੋ ਹੀ ਜੋਤਿ ਦਾ ਵਰਤਾਰਾ ਸਾਹਮਣੇ ਆਉਂਦਾ ਰਿਹਾ। ਦਸਮ ਪਾਤਸ਼ਾਹ ਨੇ ਜੋਤਿ ਪ੍ਰਤੀਨਿਧ ਵਜੋਂ ਆਪਣੇ ਆਪ ਨੂੰ ਪ੍ਰਗਟ ਕਰਨ ਤੱਕ ਸੀਮਤ ਨਹੀਂ ਰੱਖਿਆ ਅਤੇ ਦੁਸ਼ਟਾਂ ਤੇ ਦੋਖੀਆਂ ਨੂੰ ਪਛਾੜ ਸਕਣ ਦੀ ਸਿੱਖ ਊਰਜਾ ਨੂੰ ਪ੍ਰਚੰਡ ਕਰਦਿਆਂ ਆਪਣੇ ਸਵੱਯਾਂ ਵਿਚ ਅਜਿਹੇ ਸੱਚ ਸਥਾਪਤ ਕਰ ਦਿੱਤੇ ਹਨ, ਜੋ ਕਿਸੇ ਵੀ ਵਰਤਮਾਨ ਨੂੰ ਰੱਜ ਕੇ ਜਿਊਣ ਦਾ ਬਲ ਬਖਸ਼ ਸਕਦੇ ਹਨ। ਧਰਮ, ਜੇ ਫੋਕਟ ਸਰੋਕਾਰਾਂ ਦਾ ਸ਼ਿਕਾਰ ਨਾ ਹੋਵੇ ਤਾਂ ਹੀ ਊਰਜਿਤ ਮਾਡਲ ਦੀ ਭੂਮਿਕਾ ਨਿਭਾ ਸਕਦਾ ਹੈ। ਪਰ ਇਸ ਨਾਲ ਨਿਭਣ ਵਾਸਤੇ ਲੋੜੀਂਦੀ ਹੈ, ਚੇਤਨ ਪ੍ਰਚੰਡਤਾ। ਚੇਤਨਾ ਇਹ ਕਿ ਅਕਾਲ ਦੇ ਨਾਨਤਵ ਪ੍ਰਗਟਾਵਿਆਂ ਨੂੰ ਨਾਲ ਲੈ ਕੇ ਤੁਰਦਿਆਂ ਨਾਨਤਵੀ ਪਰਤਾਂ ਨਾਲ ਲਿਪਟਣ ਤੋਂ ਬਚਣਾ ਹੈ। ਅਜਿਹਾ ਉਨ੍ਹਾਂ ਨੇ ਕਿਹਾ ਵੀ ਅਤੇ ਕਰਕੇ ਵੀ ਵਿਖਾਇਆ। ਨੌਂ ਸਾਲ ਦੀ ਉਮਰੇ ਵੱਡੀਆਂ ਜਿੰਮੇਵਾਰੀਆਂ ਨੂੰ ਜਿਸ ਦਿੱਭ ਦ੍ਰਿਸ਼ਟੀ ਨਾਲ ਉਨ੍ਹਾਂ ਨਿਭਾਇਆ, ਉਸ ਨਾਲ ਸਥਾਪਤ ਹੋ ਜਾਂਦਾ ਹੈ ਕਿ ਦਿੱਭਤਾ ਜੋਤਿ ਵਿਚ ਹੁੰਦੀ ਹੈ।

ਗੁਰਮਤਿ ਦਿੱਭਤਾ, ਜਿਸ ਤਰ੍ਹਾਂ ਜੋਤਿ ਅਤੇ ਜੁਗਤਿ ਵਿਚ ਨਿਰੰਤਰ ਪ੍ਰਗਟਾ ਵਿਚ ਰਹੀ ਹੈ, ਇਸੇ ਦੀ ਸੰਪੰਨਤਾ ਦਸਮ ਪਾਤਸ਼ਾਹ ਕਰ ਰਹੇ ਸਨ। ਸਾਡੇ ਪੁਰਖਿਆਂ ਨੇ ਇਸ ਸੱਚ ਨੂੰ ਦਿੱਭਤਾ ਦੇ ਸਿਖਰ ਵਜੋਂ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਪਰ ਦਸਮ ਪਾਤਸ਼ਾਹ ਦਾ ਜੋ ਰੂਪ ਸਿਧਾਂਤਕੀ ਪ੍ਰਸੰਗ ਵਿਚ ਪ੍ਰਗਟ ਕੀਤਾ ਜਾਣਾ ਚਾਹੀਦਾ ਹੈ, ਉਹ ਇਹ ਹੈ ਕਿ ਉਨ੍ਹਾਂ ਵੱਲੋਂ ਬਖਸ਼ੇ ਮੁਕਤ-ਮਾਡਲ ਨੇ ਕਿਹੋ ਜਿਹਾ ਇਨਸਾਨ ਪੈਦਾ ਕੀਤਾ ਸੀ? ਇਸ ਵਿਧੀ ਨਾਲ ਦਸਮ ਪਾਤਸ਼ਾਹ ਨੂੰ ਸਦਾ ਸਥਾਪਤੀ ਵਾਂਗ ਸਾਹਮਣੇ ਲਿਆਂਦਾ ਜਾ ਸਕਦਾ ਹੈ। ਇਸ ਦੀ ਵਰਤਮਾਨ ਵਿਚ ਬਹੁਤ ਲੋੜ ਹੈ ਕਿਉਂਕਿ ਧਰਮ ਫਿਰ ਤੋਂ ਪਿੱਛਲ ਪੈਰੀਂ ਤੁਰਦਾ ਤੁਰਦਾ ਬੰਦੇ ਨੂੰ ਬੰਦੇ ਦੀ ਗੁਲਾਮੀ ਵੱਲ ਧੱਕਣ ਲੱਗ ਪਿਆ ਹੈ। ਇਸ ਹਾਲਤ ਵਿਚ ਸਿੱਖ ਮਾਡਲ ਸਭ ਦੇ ਕੰਮ ਆ ਸਕਦਾ ਹੈ।

ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਵਿਚ ਦਸਮ ਪਾਤਸ਼ਾਹ ਦਾ ਜੋ ਸਰੂਪ ਭਾਰਤੀ ਮਾਨਸਿਕਤਾ ਦੇ ਉਸਾਰ ਲਈ ਸਾਹਮਣੇ ਲਿਆਂਦਾ, ਉਸੇ ਨੂੰ ਗਲੋਬਲ ਪ੍ਰਸੰਗ ਵਿਚ ਵਿਚਾਰੇ ਜਾਣ ਦੀ ਲੋੜ ਹੈ। ਭਾਈ ਸੰਤੋਖ ਸਿੰਘ ਨੇ ਦਸਮ ਪਾਤਸ਼ਾਹ ਦੀ ਭੂਮਿਕਾ ਨੂੰ ਇਸ ਤਰ੍ਹਾਂ ਸਾਹਮਣੇ ਲਿਆਂਦਾ ਹੈ:

> ਛਾਏ ਜਾਤੀ ਏਕਤਾ, ਅਨੇਕਤਾ ਵਿਲਾਏ ਜਾਤੀ,
> ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
> ਪਾਪ ਹੀ ਪਰਪੱਕ ਜਾਤੇ, ਧਰਮ ਧਸੱਕ ਜਾਤੇ,
> ਵਰਨ ਗਰਕ ਜਾਤੇ, ਸਹਿਤ ਵਿਧਾਨ ਕੀ।
> ਦੇਵੀ ਦੇਵ ਦੇਵਤੇ, ਸੰਤੋਖ ਸਿੰਘ ਦੂਰ ਹੋਤੇ,
> ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।
> ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
> ਮੂਰਤਿ ਨਾ ਹੋਤੀ ਜੌ ਪੈ ਕਰੁਣਾ ਨਿਧਾਨ ਕੀ।

ਵਰਤਮਾਨ ਵਿਚ ਦਸਮ ਪਾਤਸ਼ਾਹ ਹਜ਼ੂਰ ਦੀ ਇਸ ਭੂਮਿਕਾ ਨੂੰ ਉਜਾਗਰ ਕੀਤੇ ਜਾਣ ਦੀ ਬਹੁਤ ਲੋੜ ਹੈ ਕਿਉਂਕਿ ਇਸ ਨਾਲ ਸਿੱਖ ਧਰਮ ਦਾ ਉਹ ਪ੍ਰਸੰਗ ਸਾਹਮਣੇ ਆ ਜਾਏਗਾ, ਜਿਸ ਵਾਸਤੇ ਮਾਨਵ-ਮੁਕਤੀ ਦਾ ਗੁਰਮਤਿ-ਮਾਡਲ ਉਸਾਰਿਆ ਗਿਆ ਸੀ। ਮਾਨਵ-ਮੁਕਤੀ ਦੇ ਰਾਹ ਵਿਚ ਵੱਡੀ ਰੁਕਾਵਟ ਕਿਸੇ ਵੀ ਸਮਕਾਲ ਦੀ ਕੇਂਦਰੀਕਰਣ ਦੀ ਇਕਪਾਸੜ ਸੋਚ ਹੁੰਦੀ ਹੈ ਕਿਉਂਕਿ ਇਸ ਨਾਲ ਸੋਚਾਂ 'ਤੇ ਪਹਿਰੇ ਲੱਗਣ ਲੱਗ ਪੈਂਦੇ ਹਨ ਅਤੇ ਹਉਮੈ ਦੀ ਦਿਗਵਿਜੇ ਲਈ ਦੋਧੇ ਦਾਣਿਆਂ 'ਤੇ ਜ਼ਹਿਰ ਛਿੜਕੇ ਜਾਣ ਦੇ ਰਾਹ



ਖੁਲ੍ਹ ਜਾਂਦੇ ਹਨ। ਮਾਨਵੀ ਸਹਿਹੋਂਦ ਦਾ ਘਾਣ ਕਰਨ ਵਾਲੀ ਇਹ ਸੋਚ ਕਿਸੇ ਨੂੰ ਨਹੀਂ ਬਖਸ਼ਦੀ ਅਤੇ ਇਸ ਨਾਲ ਕੁਦਰਤੀ ਨਿਹਮਤਾਂ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ। ਧਰਮ ਗ੍ਰੰਥਾਂ ਦੀ ਹਾਨੀ ਵੀ ਇਸੇ ਦਾ ਹਿੱਸਾ ਹੋ ਜਾਂਦੀ ਹੈ। ਇਹ ਸਥਿਤੀ ਧਰਮ ਦੇ ਗਰਕਣ ਅਤੇ ਪਾਪ ਦੇ ਬੋਲ ਬਾਲਿਆਂ ਦੀ ਹੋ ਜਾਂਦੀ ਹੈ। ਇਸ ਨਾਲ ਨਿਪਟਣ ਦਾ ਜੋ ਮਾਡਲ ਦਸਮ ਪਾਤਸ਼ਾਹ ਨੇ ਸਥਾਪਤ ਕੀਤਾ, ਉਸੇ ਦੀਆਂ ਬਾਤਾਂ ਉਨ੍ਹਾਂ ਦੇ ਗੁਰਪੁਰਬ ਮਨਾਉਂਦਿਆਂ ਹੋਣੀਆਂ ਚਾਹੀਦੀਆਂ ਹਨ।

ਦਿੱਭ ਦ੍ਰਿਸ਼ਟੀਆਂ ਦੇ ਸੰਚਾਲਕਾਂ ਵਿਚ ਦਸ ਗੁਰੂ ਸਾਹਿਬਾਨ ਦੀ ਅਹਿਮ ਭੂਮਿਕਾ ਸਥਾਪਤ ਹੋ ਚੁਕੀ ਹੈ। ਇਸ ਬਾਰੇ ਏਨਾ ਤਾਂ ਪਤਾ ਹੋਣਾ ਹੀ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ ਅਤੇ ਉਨ੍ਹਾਂ ਦਾ ਜਨਮ ਬਿਹਾਰ ਸੂਬੇ ਦੇ ਪ੍ਰਸਿਧ ਸ਼ਹਿਰ ਪਟਨਾ ਸਾਹਿਬ ਵਿਖੇ 1666 ਈ. ਨੂੰ ਹੋਇਆ ਸੀ। ਦਸਮ ਪਾਤਸ਼ਾਹ ਨੂੰ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਪ੍ਰਵਾਨ ਕੀਤਾ ਜਾਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਸਰੀਰ ਰੂਪ ਵਿਚ ਦਸਮ ਪਾਤਸ਼ਾਹ ਭਾਵੇਂ ਦਸਵੇਂ ਥਾਂ 'ਤੇ ਸਨ, ਪਰ ਅਧਿਆਤਮਕ ਪੱਖੋਂ ਉਨ੍ਹਾਂ ਅੰਦਰ ਗੁਰੂ ਨਾਨਕ ਦੇਵ ਦੀ ਜੋਤਿ ਹੀ ਜਗਮਗਾ ਰਹੀ ਸੀ। ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਹੋਇਆ ਸੀ। ਇਸ ਤਰ੍ਹਾਂ ਦੋਹਾਂ ਗੁਰੂ ਸਾਹਿਬਾਨ ਦੇ ਸਮੇਂ ਵਿਚ 197 ਸਾਲਾਂ ਦਾ ਫਰਕ ਸੀ। ਫਿਰ ਵੀ ਉਹ ਇਕ ਜੋਤਿ ਸਨ। ਇਸ ਭੇਦ ਨੂੰ ਸਮਝਣ ਨਾਲ ਸਿੱਖ ਧਰਮ ਦਾ ਮੂਲ ਸਿਧਾਂਤ ਸਮਝ ਆ ਸਕਦਾ ਹੈ। ਸਿੱਖ ਧਰਮ ਵਿਚ ਸਰੀਰ ਨੂੰ ਨਹੀਂ, ਸ਼ਬਦ ਨੂੰ ਗੁਰੂ ਮੰਨਿਆ ਗਿਆ ਹੈ। ਇਸੇ ਲਈ ਸਿੱਖ ਹਰ ਰੋਜ਼ ਅਰਦਾਸ ਵਿਚ ਇਹ ਵਿਸ਼ਵਾਸ ਲਗਾਤਾਰ ਦੁਹਰਾਉਂਦੇ ਆ ਰਹੇ ਹਨ:

> ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
> ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।

ਸੋ, ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਸ਼ਬਦ-ਗੁਰੂ ਹਨ ਅਤੇ ਦਸ ਗੁਰੂ ਸਾਹਿਬਾਨ ਇਸ ਮੰਜ਼ਲ ਤੱਕ ਲੈ ਕੇ ਜਾਣ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਜੋ ਕੁਝ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਦੱਸਣਾ ਸੀ, ਉਹ ਗੁਰਬਾਣੀ ਦੇ ਰੂਪ ਵਿਚ ਦੱਸ ਦਿੱਤਾ। ਇਸੇ ਲਈ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਹੋਣ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਰਾਹੀਂ ਕੀਤੇ ਜਾ ਸਕਦੇ ਹਨ। ਜਿਵੇਂ 'ਜਪੁਜੀ ਸਾਹਿਬ' ਰਾਹੀਂ ਗੁਰੂ ਨਾਨਕ ਦੇਵ ਦੇ ਦਰਸ਼ਨ ਹੋ ਜਾਂਦੇ ਹਨ, ਉਵੇਂ ਹੀ 'ਜਾਪੁ ਸਾਹਿਬ' ਰਾਹੀਂ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਹੋ ਜਾਂਦੇ ਹਨ। ਅਰਦਾਸ ਵਿਚ ਵੀ ਸਿੱਖ ਨੇ ਇਹ ਗੱਲ ਧਿਆਨ ਵਿਚ ਰੱਖਣੀ ਹੁੰਦੀ ਹੈ ਕਿ ਗੁਰੂ ਦੇ ਦਰਸ਼ਨ ਬਾਣੀ ਜਾਂ ਸ਼ਬਦ ਰਾਹੀਂ ਹੀ ਹੋ ਸਕਦੇ ਹਨ, "ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮਹਿ ਲੇਹਿ।"

ਇਸ ਨਾਲ ਦੇਹਧਾਰੀ ਗੁਰੂ ਦੇ ਅਵਤਾਰਵਾਦੀ ਮਾਡਲ ਦੀ ਥਾਂ ਸ਼ਬਦ-ਗੁਰੂ ਦਾ ਸਿੱਖ ਮਾਡਲ ਸਥਾਪਤ ਹੋ ਗਿਆ ਹੈ। ਇਸ ਪਿਛੇ ਸਿਧਾਂਤ ਇਹ ਹੈ ਕਿ ਗੁਰੂ ਨਾਨਕ ਦੇਵ ਦੀ ਜੋਤਿ ਸਾਰੇ ਗੁਰੂ ਸਾਹਿਬਾਨ ਵਿਚ ਕੰਮ ਕਰਦੀ ਰਹੀ ਸੀ। ਗੁਰੂ ਜੋਤਿ ਦਾ ਪ੍ਰਗਟਾਵਾ ਮੂਲ ਰੂਪ ਵਿਚ ਬਾਣੀ ਰਾਹੀਂ ਹੋਇਆ ਹੀ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਗੁਰਬਾਣੀ ਨੂੰ ਗੁਰੂ ਜੋਤਿ ਹੋਣ ਕਰਕੇ ਸ਼ਬਦ-ਗੁਰੂ ਦੀ ਪਦਵੀ ਹਾਸਲ ਹੋ ਗਈ ਹੈ। ਗੁਰੂ ਜੋਤਿ ਇਤਿਹਾਸਕ ਘਟਨਾਵਾਂ ਰਾਹੀਂ ਵੀ ਪ੍ਰਗਟ ਹੁੰਦੀ ਰਹੀ ਹੈ। ਸੋ ਦਸ ਗੁਰੂ ਸਾਹਿਬਾਨ ਓਸੇ ਹੀ ਸਿੱਖ-ਜੁਗਤਿ ਨੂੰ ਸਾਹਮਣੇ ਲਿਆ ਰਹੇ ਸਨ, ਜਿਹੜੀ ਸਿੱਖ-ਜੁਗਤਿ, ਗੁਰੂ ਨਾਨਕ ਦੇਵ ਜੀ ਦੀ ਭੂਮਿਕਾ ਦੇ ਨਿਕਟਵਰਤੀਆਂ ਨੇ ਆਪਣੀ ਬਾਣੀ ਰਾਹੀਂ ਦੱਸ ਦਿੱਤੀ ਸੀ:

> ਜੋਤਿ ਓਹਾ ਜੁਗਤਿ ਸਾਇ
> ਸਹਿ ਕਾਇਆ ਫੇਰਿ ਪਲਟੀਐ॥
> ਝੁਲੈ ਸੁ ਛਤੁ ਨਿਰੰਜਨੀ
> ਮਲਿ ਤਖਤੁ ਬੈਠਾ ਗੁਰ ਹਟੀਐ॥
> (ਪੰਨਾ 966)

ਗੁਰੂ ਗੋਬਿੰਦ ਸਿੰਘ ਕੇਵਲ 42 ਸਾਲ ਦੀ ਉਮਰ ਤੱਕ ਇਸ ਸੰਸਾਰ ਦੀ ਯਾਤਰਾ ਕਰਦੇ ਰਹੇ। ਏਨੀ ਛੋਟੀ ਉਮਰ ਵਿਚ ਉਨ੍ਹਾਂ ਨੇ ਏਡੇ ਵੱਡੇ ਕੰਮ ਕੀਤੇ, ਜਿਨ੍ਹਾਂ ਨੂੰ ਯਾਦ ਕਰਕੇ ਮਨ ਅਚੰਭਿਤ ਵੀ ਹੁੰਦਾ ਹੈ ਅਤੇ ਖੁਸ਼ ਵੀ। ਬਚਿਤਰ ਨਾਟਕ ਵਿਚ ਗੁਰੂ ਸਾਹਿਬ ਨੇ ਆਪ ਲਿਖਿਆ ਹੈ ਕਿ ਜਦੋਂ ਅਕਾਲ ਪੁਰਖ ਨੇ ਉਨ੍ਹਾਂ ਦੀ ਜਿੰਮੇਵਾਰੀ ਲਾ ਕੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਭੇਜਿਆ, ਉਸ ਸਮੇਂ ਉਨ੍ਹਾਂ ਦੀ ਸੁਰਤਿ ਪ੍ਰਭੂ ਦੇ ਚਰਨਾਂ ਵਿਚ ਜੁੜੀ ਹੋਈ ਸੀ (ਚੁਭੀ ਰਹੀ ਸੁਰਤਿ ਚਰਨਨ ਮਹਿ)। ਉਨ੍ਹਾਂ ਦਾ ਇਰਾਦਾ ਇਸ ਅਨੰਦ ਭਰੀ ਅਵਸਥਾ ਨੂੰ ਛੱਡਣ ਦਾ ਵੀ ਨਹੀਂ ਸੀ (ਚਿਤ ਨ ਭਇਓ ਆਵਨ ਕਉ)। ਇਹੋ ਜਿਹੀ ਹਾਲਤ ਵਿਚ ਅਕਾਲ ਪੁਰਖ ਨੇ ਗੁਰੂ ਜੀ ਦੀ ਜਿੰਮੇਵਾਰੀ ਆਪਣੇ ਖਾਸ ਪੁੱਤਰ ਵਜੋਂ ਲਾ ਦਿੱਤੀ ਅਤੇ ਇਸ ਜਿੰਮੇਵਾਰੀ ਨੂੰ ਉਨ੍ਹਾਂ ਪ੍ਰਵਾਨ ਕਰ ਲਿਆ:

> ਮੈਂ ਆਪੁਨਾ ਸੁਤ ਤੋਹਿ ਨਿਵਾਜਾ॥
> ਪੰਥ ਪ੍ਰਚੁਰ ਕਰਬੈ ਕਉ ਸਾਜਾ॥

ਇਸ ਗਵਾਹੀ ਨਾਲ ਇਹ ਸੱਚ ਤੈਅ ਹੋ ਜਾਂਦਾ ਹੈ ਕਿ ਜੋ ਧਾਰਮਿਕ ਸੰਘਰਸ਼ ਗੁਰੂ ਨਾਨਕ ਦੇਵ ਨੇ ਅਰੰਭਿਆ ਸੀ, ਉਸੇ ਨੂੰ ਅੱਗੇ ਤੋਰਨ ਲਈ ਦਸਮ ਪਾਤਸ਼ਾਹ ਦੀ ਜਿੰਮੇਵਾਰੀ ਲੱਗੀ ਸੀ। ਦਸਮ ਪਾਤਸ਼ਾਹ ਨੇ ਆਪ ਆਪਣਾ ਜੀਵਨ ਮਨੋਰਥ ਇਸ ਤਰ੍ਹਾਂ ਪ੍ਰਗਟ ਕੀਤਾ ਹੈ ਕਿ ਜੋ ਧਰਮ ਚਲਾਉਣ ਦੀ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਸੀ, ਉਹ ਭਲੇ-ਪੁਰਸ਼ਾਂ ਦਾ ਮਾਣ ਸਤਿਕਾਰ ਸਥਾਪਤ ਕਰਨ ਅਤੇ ਨੇਕੀ ਦੇ ਰਾਹ ਵਿਚ ਰੁਕਾਵਟਾਂ ਪਾਉਣ ਵਾਲਿਆਂ ਨਾਲ ਜੂਝਣ ਵਾਸਤੇ ਸੀ:

> ਯਾਹੀ ਕਾਜ ਧਰਾ ਹਮ ਜਨਮੰ।
> ਸਮਝ ਲੇਹੁ ਸਾਧੂ ਸਭ ਮਨਮੰ।
> ਧਰਮ ਚਲਾਵਨ ਸੰਤ ਉਬਾਰਨ।
> ਦੁਸ਼ਟ ਸਭਨ ਕਉ ਮੂਲ ਉਪਾਰਨ।

ਗੁਰਮਤਿ ਵਿਚ ਅਗਿਆਨ ਨੂੰ ਸਭ ਬਿਮਾਰੀਆਂ ਦੀ ਜੜ੍ਹ ਮੰਨਿਆ ਗਿਆ ਹੈ। ਅਗਿਆਨ ਦਾ ਸ਼ਿਕਾਰ ਮਨੁੱਖ ਉਦੋਂ ਹੁੰਦਾ ਹੈ ਜਦੋਂ ਉਹ ਭਲੇ-ਬੁਰੇ ਦੀ ਪਛਾਣ ਨਹੀਂ ਕਰ ਸਕਦਾ ਜਾਂ ਸਾਹਮਣੇ ਪਈ ਸੱਚਾਈ ਨੂੰ ਨਹੀਂ ਪਛਾਣ ਸਕਦਾ। ਅਗਿਆਨੀ ਪੁਰਸ਼ ਜੇ ਕੰਮ ਠੀਕ ਵੀ ਕਰ ਰਿਹਾ ਹੋਵੇ ਤਾਂ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਬਾਲ ਬੁੱਧ ਵੀ ਅਗਿਆਨ ਵਿਚ ਹੀ ਸ਼ਾਮਲ ਰਹਿੰਦੀ ਹੈ। ਪਰ ਬਾਲ ਬੁੱਧ ਵਿਚ ਸੱਜਰਾ ਬੀਜਣਾ ਸੌਖਾ ਹੁੰਦਾ ਹੈ। ਮਿਸਾਲ ਵਜੋਂ ਬੱਚੇ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਅੱਗ ਸਾੜ ਦਿੰਦੀ ਹੈ। ਸੋ ਬੱਚਾ ਅੱਗ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਬੁੱਧੀ ਦੇ ਵਿਕਾਸ ਨਾਲ ਬੱਚਾ ਸਭ ਕੁਝ ਸਿੱਖ ਜਾਂਦਾ ਹੈ। ਅਸਲ ਅਗਿਆਨੀ ਉਹ ਹੈ, ਜਿਸ ਨੂੰ ਪਤਾ ਹੀ ਨਹੀਂ ਕਿ ਧਰਮ ਅਤੇ ਅਧਰਮ ਵਿਚ ਕੀ ਫਰਕ ਹੈ? ਅਜਿਹੇ ਅਗਿਆਨੀ ਤੋਂ ਧਾਰਮਿਕ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ। ਗੁਰੂ ਜੀ ਨੇ ਦੱਸਿਆ ਹੈ ਕਿ ਧਰਮ ਦਾ ਵਾਸਾ ਅਗਿਆਨੀ ਦੇ ਹਿਰਦੇ ਵਿਚ ਨਹੀਂ ਹੋ ਸਕਦਾ ਕਿਉਂਕਿ ਅਗਿਆਨੀ (ਕਬੁਧਿ) ਪੁੱਠਾ ਹੀ ਸੋਚਦਾ ਹੈ। ਇਸ ਵਾਸਤੇ ਧਰਮ ਦਾ ਪਹਿਲਾ ਕੰਮ ਅਗਿਆਨ ਨੂੰ ਖਤਮ ਕਰਕੇ, ਗਿਆਨ ਨੂੰ ਉਜਾਗਰ ਕਰਨਾ ਹੁੰਦਾ ਹੈ:

> ਜਾਹਿ ਤਹਾ ਤੈ ਧਰਮੁ ਚਲਾਇ।
> ਕਬੁਧਿ ਕਰਨ ਤੇ ਲੋਕ ਹਟਾਇ।

ਹੁਣ ਸਵਾਲ ਹੈ ਕਿ ਲੋਕਾਂ ਅੰਦਰ ਕਿਹੜੇ ਕਿਹੜੇ ਅਗਿਆਨ ਵਾਲੇ ਕੰਮ ਚਾਲੂ ਸਨ, ਜਿਨ੍ਹਾਂ ਤੋਂ ਗੁਰੂ ਜੀ ਨੇ ਵਰਜਿਆ ਸੀ। ਇਕ ਅਗਿਆਨ ਸੀ ਕਿ ਲੋਕ ਆਪਣੀ ਬੋਲੀ ਵਿਚ ਗੱਲ ਕਰਨ ਦਾ ਫਖਰ ਗੁਆ ਬੈਠੇ ਸਨ। ਬੇਗਾਨੀ ਬੋਲੀ ਦੀਆਂ ਗੱਲਾਂ ਲੋਕਾਂ ਨੂੰ ਕਿਸੇ ਹੋਰ ਤੋਂ ਸਮਝਣੀਆਂ ਪੈਂਦੀਆਂ ਸਨ। ਸਭ ਤੋਂ ਪਹਿਲਾਂ ਗੁਰੂ ਜੀ ਨੇ ਲੋਕਾਂ ਨੂੰ ਲੋਕਾਂ ਦੀ ਬੋਲੀ ਵਿਚ ਸਿੱਖ ਧਰਮ ਬਾਰੇ ਸਮਝਾਇਆ ਤੇ ਦੱਸਿਆ ਕਿ ਧਰਮ ਦਾ ਵਹਿਮਾਂ ਭਰਮਾਂ ਨਾਲ ਕੋਈ ਸਬੰਧ ਨਹੀਂ। ਇਸ ਲਈ ਟੂਣੇ ਟਾਮਣ ਅਤੇ ਜਾਦੂ ਮੰਤਰ ਧਰਮ ਨਹੀਂ ਆਖੇ ਜਾ ਸਕਦੇ। ਲੋਕਾਂ ਦੀ ਬੋਲੀ, ਜਿਸ ਨੂੰ ਅੱਜ ਪੰਜਾਬੀ ਅਰਥਾਤ ਗੁਰਮੁਖੀ ਵਜੋਂ ਜਾਣਿਆ ਜਾਂਦਾ ਹੈ, ਉਨ੍ਹਾਂ ਸਮਿਆਂ ਵਿਚ ਭਾਖਾ ਵੀ ਕਹਾਉਂਦੀ ਸੀ। ਜੋ ਕਥਾ ਕਹਾਣੀਆਂ ਸੰਸਕ੍ਰਿਤ ਗ੍ਰੰਥਾਂ ਵਿਚ ਸ਼ਾਮਲ ਸਨ, ਉਨ੍ਹਾਂ ਨੂੰ ਸੰਸਕ੍ਰਿਤ ਜਾਣਦੇ ਧਾਰਮਿਕ ਲੋਕ ਹੀ ਆਪਣੀ ਮਰਜ਼ੀ ਨਾਲ ਵਰਤਦੇ ਸਨ। ਇਸ ਗੱਲ ਨੂੰ ਤੋੜਨ ਲਈ ਉਹ ਸਭ ਗੱਲਾਂ 'ਭਾਖਾ ਕਰੀ ਬਨਾਇ' ਰਾਹੀਂ ਗੁਰਮੁਖੀ ਅੱਖਰਾਂ ਵਿਚ ਸ਼ਾਇਰਾਂ ਨੂੰ ਸੱਦ ਕੇ ਗੁਰੂ ਜੀ ਨੇ ਲਿਖਵਾਈਆਂ। ਇਹ ਵਰਤਾਰਾ 52 ਕਵੀਆਂ ਵਜੋਂ ਜਾਣਿਆ ਜਾਂਦਾ ਹੈ। ਇਹ ਸਾਹਿਤ ਜੋ ਸਾਡੇ ਤੱਕ ਪਹੁੰਚਿਅ, ਉਸੇ ਨੂੰ 'ਦਸਮ ਗ੍ਰੰਥ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦਸਮ ਪਾਤਸ਼ਾਹ ਸਾਧਾਰਨ ਵਿਅਕਤੀ ਨਹੀਂ ਸਨ। ਕੋਈ ਵੀ ਗੁਰੂ ਆਪੋ ਆਪਣੇ ਪ੍ਰਸੰਗ ਵਿਚ ਸਾਧਾਰਨ ਵਿਅਕਤੀ ਨਹੀਂ ਹੁੰਦਾ। ਪਰ ਗੁਰੂ ਸਾਹਿਬਾਨ ਨੇ ਜਨਮ ਤੋਂ ਮਰਨ ਤੱਕ ਕੋਈ ਅਜਿਹਾ ਕੰਮ ਨਹੀਂ ਕੀਤਾ, ਜੋ ਗੁਰੂ ਦੇ ਸਿੱਖਾਂ ਦੇ ਨਾ ਕਰ ਸਕਣ ਦੀ ਸੰਭਾਵਨਾ ਹੋਵੇ। ਗੁਰੂ ਦਾ ਇਹ ਪੱਖ ਆਮ ਆਦਮੀਆਂ ਵਰਗਾ ਸੀ। ਇਸੇ ਲਈ ਸੱਚ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਜਨਮ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਆਮ ਆਦਮੀ ਵਾਂਗ ਹੋਇਆ ਸੀ। ਪਰ ਜਨਮ ਤੋਂ ਹੀ ਉਹ ਗੁਰੂ-ਜੋਤਿ ਦੇ ਬਿੰਬ ਸਮਝੇ ਜਾਣ ਲੱਗ ਪਏ ਸਨ। ਮਾਂ ਪਿਉ ਵਲੋਂ ਭਗਤੀ ਨਾਲ ਪ੍ਰਾਪਤ ਕੀਤੀ ਦਿੱਭਤਾ ਜਾਂ ਧਰਮ ਦੀ ਪਾਲਨਾ ਕਰਨ ਦਾ ਅਸਰ ਬੱਚਿਆਂ ਉਤੇ ਅਵੱਸ਼ ਹੁੰਦਾ ਹੈ। ਸੋ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਜੀ ਨੇ ਸਿੱਖ ਸਾਧਨਾ ਜਿਸ ਤਰ੍ਹਾਂ ਵਚਨਬੱਧਤਾ ਨਾਲ ਨਿਭਾਈ, ਉਸ ਦਾ ਅਸਰ ਗੁਰੂ ਗੋਬਿੰਦ ਸਿੰਘ ਦੇ

***(ਬਾਕੀ ਅਗਲੇ ਸਫੇ 'ਤੇ)***

ਬਚਪਨ ਵਿਚੋਂ ਹੀ ਨਜ਼ਰ ਆਉਣ ਲੱਗ ਪਿਆ ਸੀ। ਬਾਲਕ ਗੋਬਿੰਦ ਰਾਇ ਦੇ ਜਨਮ ਸਮੇਂ ਦੇ ਮਹਾਂਪੁਰਖਾਂ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਤੇਗ ਬਹਾਦਰ ਵਰਗੇ ਮਹਾਂਪੁਰਖ ਦੇ ਘਰ ਪਰਤਾਪੀ ਪੁੱਤਰ ਪੈਦਾ ਹੋ ਗਿਆ ਹੈ। ਸੋ ਬਹੁਤ ਸਾਰੇ ਮਹਾਂਪੁਰਖ ਜਾਂ ਸਾਧੂ ਸੰਤ ਇਸ ਬਾਲਕ ਗੋਬਿੰਦ ਰਾਏ ਦੇ ਦਰਸ਼ਨ ਕਰਨ ਲਈ ਵੀ ਆਉਂਦੇ ਰਹੇ ਸਨ।

ਅਨੰਦਪੁਰ ਸਾਹਿਬ ਵਿਖੇ ਕਸ਼ਮੀਰੀ ਪੰਡਿਤਾਂ ਦੀ ਘਟਨਾ (ਜਿਸ ਤੋਂ ਅਸੀਂ ਸਾਰੇ ਵਾਕਫ ਹਾਂ) ਨਾਲ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਇਸ ਘਟਨਾ ਨਾਲ ਗੁਰੂ ਗੋਬਿੰਦ ਸਿੰਘ ਦਾ ਬਚਪਨ ਸਮਾਪਤ ਹੋ ਜਾਂਦਾ ਹੈ ਅਤੇ ਗੁਰੂ-ਮਾਰਗ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਦਸਮ ਪਾਤਸ਼ਾਹ ਨੇ ਪਿੱਛੋਂ ਆਪ ਹੀ ਨੌਵੇਂ ਪਾਤਸ਼ਾਹ ਹਜੂਰ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਬਚਿਤਰ ਨਾਟਕ ਵਿਚ ਲਿਖਿਆ ਹੈ ਕਿ ਦਿੱਲੀ ਦੇ ਬਾਦਸ਼ਾਹ ਦੇ ਸਾਹਮਣੇ ਆਪਣੇ ਸਰੀਰ ਦਾ ਭਾਂਡਾ ਭੰਨ ਕੇ ਨੌਵੇਂ ਪਾਤਸ਼ਾਹ ਅਕਾਲ ਵਿਚ ਜਾ ਨਿਵਾਜੇ ਸਨ:

ਠੀਕਰ ਫੋਰ ਦਿਲੀਸ
ਸਿਰ ਪ੍ਰਭਪੁਰ ਕੀਉ ਪਯਾਨ॥
ਤੇਗ ਬਹਾਦਰ ਸੀ ਕਿਰਿਆ ਕਰੀ
ਨ ਕਬਹੂੰ ਆਨ॥

ਇਹ ਕੁਰਬਾਨੀ ਆਮ ਬੰਦੇ ਦੀ ਧਾਰਮਿਕ ਆਜ਼ਾਦੀ ਨੂੰ ਬਚਾਉਣ ਵਾਸਤੇ ਦਿੱਤੀ ਗਈ ਸੀ। ਇਹ ਇੱਛਤ ਚੋਣ ਸੀ ਅਤੇ ਇਸ ਦਾ ਸਿੱਖ ਪ੍ਰਸੰਗ ਦਸਮ ਪਾਤਸ਼ਾਹ ਨੇ ਪੰਥਕ ਸੁਰ ਵਿਚ ਸਾਹਮਣੇ ਲੈ ਆਂਦਾ ਸੀ। ਸੱਚ ਸਦਾ ਹੀ ਦਿੱਭਤਾ ਸਾਹਮਣੇ ਨਿਸ਼ੰਗ ਰੂਪ ਵਿਚ ਪ੍ਰਗਟ ਹੁੰਦਾ ਰਿਹਾ ਹੈ। ਹੰਕਾਰੇ ਮਨੁੱਖ ਨੂੰ ਸੱਚ ਨਜ਼ਰ ਨਹੀਂ ਆਉਂਦਾ। ਇਸੇ ਲਈ ਬਾਦਸ਼ਾਹ ਔਰੰਗਜ਼ੇਬ ਨੂੰ ਜਦੋਂ ਪੰਡਿਤਾਂ ਦਾ ਸੁਨੇਹਾ ਮਿਲਿਆ ਕਿ ਗੁਰੂ ਤੇਗ ਬਹਾਦਰ ਜੇ ਧਰਮ ਬਦਲ ਲੈਣਗੇ ਤਾਂ ਸਾਰਾ ਭਾਰਤ ਮੁਸਲਮਾਨ ਹੋ ਜਾਵੇਗਾ, ਤਾਂ ਉਸ ਨੇ ਇਹ ਸਮਝ ਲਿਆ ਕਿ ਆਮ ਲੋਕਾਂ ਨੂੰ ਇਸਲਾਮ ਵਿਚ ਲਿਆਉਣ ਦੀਆਂ ਲੰਬੀਆਂ ਚੌੜੀਆਂ ਅਤਿਆਚਾਰੀ-ਕੋਸ਼ਿਸ਼ਾਂ ਦੀ ਥਾਂ ਇਕੱਲੇ ਗੁਰੂ ਤੇਗ ਬਹਾਦਰ ਨੂੰ ਇਸਲਾਮ ਵਿਚ ਲਿਆਉਣਾ ਸੌਖਾ ਹੋਵੇਗਾ। ਪਰ ਇਥੇ ਤਾਂ ਇਸ ਤੋਂ ਉਲਟ ਵਾਪਰ ਗਿਆ। ਗੁਰੂ ਤੇਗ ਬਹਾਦਰ ਨੇ ਧਾਰਮਿਕ ਆਜ਼ਾਦੀ ਲਈ ਕੁਰਬਾਨ ਹੋ ਜਾਣ ਨੂੰ ਪਹਿਲ ਦਿੱਤੀ। ਸਮੇਂ ਦੀ ਹਕੂਮਤ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਦੂਜੇ ਦੇ ਧਰਮ ਵਾਸਤੇ ਕੋਈ ਏਡੀ ਵੱਡੀ ਕੁਰਬਾਨੀ ਦੇ ਸਕਦਾ ਹੈ।

ਇਤਿਹਾਸ ਵਿਚ ਪਹਿਲੀ ਵਾਰ ਗੁਰੂ ਤੇਗ ਬਹਾਦਰ ਨੇ ਸਿਰ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਧਾਰਮਿਕ ਆਜ਼ਾਦੀ ਕਿਸੇ ਵੀ ਕੀਮਤ 'ਤੇ ਕਾਇਮ ਰਹਿਣੀ ਚਾਹੀਦੀ ਹੈ। ਬਾਲਕ ਗੋਬਿੰਦ ਇਨ੍ਹਾਂ ਘਟਨਾਵਾਂ ਨੂੰ ਵੇਖ ਵੀ ਰਹੇ ਸਨ ਅਤੇ ਇਨ੍ਹਾਂ ਘਟਨਾਵਾਂ ਦੇ ਸਿੱਟਿਆਂ ਨਾਲ ਜੂਝਣ ਲਈ ਤਿਆਰ ਵੀ ਹੋ ਰਹੇ ਸਨ। ਜਦੋਂ ਗੁਰੂ ਘਰ ਦਾ ਇਕ ਸੇਵਕ ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪਹੁੰਚਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਮਾਨਤਾ ਦਿੰਦਿਆਂ 'ਰੰਘਰੇਟਾ ਗੁਰੂ ਕਾ ਬੇਟਾ' ਆਖ ਕੇ ਆਪਣੀ ਛਾਤੀ ਨਾਲ ਲਾ ਲਿਆ ਸੀ। ਗੁਰੂ ਅਤੇ ਸਿੱਖ ਵਿਚਕਾਰ ਉਮਰ ਦਾ ਫਰਕ ਮਿਟ ਗਿਆ ਸੀ। ਗੁਰੂ ਜੀ ਨੇ ਆਪਣੇ ਸਿੱਖ ਨੂੰ ਉਹੀ ਮਾਨਤਾ ਦਿੱਤੀ, ਜੋ ਮਾਨਤਾ ਅਕਾਲ ਪੁਰਖ ਨੇ ਗੁਰੂ ਗੋਬਿੰਦ ਸਿੰਘ ਨੂੰ 'ਪੁੱਤਰ' ਆਖ ਕੇ ਦਿੱਤੀ ਸੀ। ਗੁਰੂ ਤੇ ਸਿੱਖ ਦਾ ਰਿਸ਼ਤਾ ਪਿਉ ਤੇ ਪੁੱਤਰ ਵਾਲਾ ਉਸ ਵੇਲੇ ਵੀ ਸੀ ਅਤੇ ਅੱਜ ਵੀ ਹੋ ਸਕਦਾ ਹੈ। ਕਦੇ ਕਦੇ ਅਗਿਆਨ ਵੱਸ ਇਸ ਰਿਸ਼ਤੇ ਦੀ ਪਛਾਣ ਧੁੰਧਲੀ ਹੋ ਜਾਂਦੀ ਰਹੀ ਹੈ।

ਸਿੱਖ-ਸੱਚ ਤਾਂ ਇਹ ਹੈ ਕਿ ਹਰ ਅੰਮ੍ਰਿਤਧਾਰੀ ਸਿੰਘ ਦਾ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਦੇਵਾਂ ਹਨ। ਅੰਮ੍ਰਿਤਧਾਰੀ ਸਿੰਘ ਵਾਸੀ ਵੀ ਅਨੰਦਪੁਰ ਸਾਹਿਬ ਦਾ ਹੋ ਜਾਂਦਾ ਹੈ। ਇਸ ਤਰ੍ਹਾਂ ਇਕ ਨਵੇਂ ਧਾਰਮਿਕ ਪਰਿਵਾਰ ਦੀ ਸਿਰਜਣਾ ਦਸਮ ਪਾਤਸ਼ਾਹ ਨੇ 1699 ਈ. ਦੀ ਵਿਸਾਖੀ ਨੂੰ ਕਰ ਦਿੱਤੀ ਸੀ। ਇਸ ਪਰਿਵਾਰ ਵਿਚ ਜਨਮ ਤੋਂ ਸ਼ਾਮਲ ਹੋਣ ਦੀ ਪਰੰਪਰਾ ਤੋੜ ਦਿੱਤੀ ਗਈ। ਇਸ ਨਵੇਂ ਖਾਲਸਾ-ਸਫਰ 'ਤੇ ਤੁਰਨ ਤੋਂ ਪਹਿਲਾਂ ਇਹ ਭੁੱਲਣਾ ਪੈਂਦਾ ਹੈ ਕਿ ਉਹ ਕਿਸ ਕੁਲ ਵਿਚ ਪੈਦਾ ਹੋਇਆ ਸੀ। ਕਿਸੇ ਵੀ ਅੰਮ੍ਰਿਤਧਾਰੀ ਦੀ ਕੁਲ ਖਾਲਸਈ-ਕੁਲ ਹੋ ਜਾਂਦੀ ਹੈ। ਉਸ ਦੀ ਸ਼ਖਸੀਅਤ ਧਰਮ ਨੂੰ ਸਮਰਪਿਤ ਹੋ ਜਾਂਦੀ ਹੈ। ਕੁਲ-ਨਾਸ਼ ਵਿਚੋਂ ਇਕ ਨਵਾਂ ਖਾਲਸਾ-ਪਰਿਵਾਰ ਪੈਦਾ ਹੋ ਜਾਂਦਾ ਹੈ। ਇਸ ਅਵਸਥਾ ਵਾਸਤੇ ਗੁਰੂ ਨਾਨਕ ਦੇਵ ਨੇ ਸ਼ਬਦ ਦਾ ਸਿਧਾਂਤ ਪੇਸ਼ ਕੀਤਾ ਹੈ। ਬਾਣੀ ਨਾਲ ਜੇ ਕੌਡਾ ਰਾਖਸ਼ ਬਦਲ ਸਕਦਾ ਹੈ ਤਾਂ ਸਿੱਖ ਕਿਉਂ ਨਹੀਂ ਬਦਲ ਸਕਦਾ?

ਸਿੱਖ ਵਿਚ ਸਿੰਘ ਹੋਣ ਦਾ ਬਦਲਾਵ ਗੁਰੂ ਗੋਬਿੰਦ ਸਿੰਘ ਰਾਹੀਂ ਸਾਹਮਣੇ ਆਇਆ। ਦਸਮ ਪਾਤਸ਼ਾਹ ਵੱਲੋਂ ਮਾਨਵਤਾ ਉਤੇ ਕੀਤੇ ਇਸ ਪਰਉਪਕਾਰ ਨੂੰ ਹਰ ਸਾਲ ਗੁਰਪੁਰਬ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਗੁਰਪੁਰਬ ਮੌਕੇ ਇਹ ਸੱਚਾਈ ਲੋਕਾਂ ਨਾਲ ਸਾਂਝੀ ਕੀਤੀ ਜਾਂਦੀ ਹੈ ਕਿ ਖਾਲਸਾ ਵਚਨਬੱਧਤਾ ਵਿਚ ਜਾਤ, ਗੋਤ, ਖਾਨਦਾਨ ਅਤੇ ਭੁਗੋਲਿਕ ਖਿਤਿਆਂ ਦੀ ਕੋਈ ਮਹੱਤਤਾ ਨਹੀਂ ਹੈ। ਖਾਲਸਾ ਤਾਂ ਭਾਈਚਾਰਾ ਹੈ ਅਤੇ ਇਸ ਭਾਈਚਾਰੇ ਦਾ ਵਰਤਮਾਨ ਖਾਲਸਾ ਪੰਥ ਨੇ ਖੁਦ ਸਥਾਪਤ ਕਰਦੇ ਰਹਿਣਾ ਹੈ। ਬੀਤੇ ਸਮੇਂ ਦੇ ਇਤਿਹਾਸ ਦਾ ਖਾਲਸਾ ਵਾਰਸ ਤਾਂ ਹੈ ਪਰ ਮਾਲਕ ਨਹੀਂ ਹੈ। ਮਾਲਕੀ ਦੀ ਹਉਮੈ ਅਤੇ ਵਾਰਸ ਹੋਣ ਦੀ ਨੈਤਿਕਤਾ ਵਿਚ ਨਿਖੇੜ ਕਰਨ ਦੀ ਸੋਝੀ ਖਾਲਸੇ ਨੇ ਗੁਰਬਾਣੀ ਦੀ ਰੌਸ਼ਨੀ ਵਿਚ ਆਪ ਵੀ ਪ੍ਰਾਪਤ ਕਰਨੀ ਹੈ ਅਤੇ ਹੋਰਨਾਂ ਤੱਕ ਵੀ ਪਹੁੰਚਾਉਣੀ ਹੈ। ਨਿਜੀ ਚੌਧਰ ਤੋਂ ਗੁਰੇਜ਼ ਕਰਕੇ ਭਾਈਚਾਰਕ ਬੋਲਬਾਲੇ ਵਾਸਤੇ ਮਾਹੌਲ ਖਾਲਸੇ ਨੇ ਪੈਦਾ ਕਰਨਾ ਹੈ। ਇਹੀ ਸਿਖਿਆ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤਧਾਰੀ ਸਿੰਘ ਜਾਂ ਖਾਲਸੇ ਨੂੰ ਬਖਸ਼ੀ ਸੀ। ਇਸ 'ਤੇ ਜੀਅ ਜਾਨ ਨਾਲ ਪਹਿਰਾ ਦੇਣ ਦੀ ਵਚਨਬੱਧਤਾ ਹੀ ਦਸਮ ਪਾਤਸ਼ਾਹ ਦਾ ਸੰਦੇਸ਼ ਹੈ।

ਪੰਜਾਬੀ ਸਭਿਆਚਾਰ ਵਿਚ ਮੇਲਿਆਂ ਨੂੰ ਗੁਰਪੁਰਬਾਂ ਵਿਚ ਤਬਦੀਲ ਕਰਕੇ ਜਿਸ ਤਰ੍ਹਾਂ ਦੇ ਸਿੱਖ ਸਭਿਆਚਾਰ ਦੀ ਨੀਂਹ ਗੁਰੂ ਸਾਹਿਬਾਨ ਨੇ ਰੱਖੀ ਸੀ, ਉਹ ਅੱਜ ਸਿੱਖ ਵਾਰਸਾਂ ਦੀ ਅਣਗਹਿਲੀ ਕਰਕੇ ਉਖੜੇਵੇਂ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ। ਇਸੇ ਕਰਕੇ ਭੀੜ ਦੇ ਵਰਤਾਰਿਆਂ ਨੂੰ ਸਿੱਖ ਪੁਰਬ ਸਮਝਿਆ ਜਾਣ ਲੱਗਾ ਹੈ। ਅਸਲੇ ਵੱਲ ਪਰਤਣ ਲਈ ਜਿਹੋ ਜਿਹੇ ਯਤਨ ਸਿੰਘ ਸਭਾ ਵੇਲੇ ਹੋਏ ਸਨ, ਉਹੋ ਜਿਹੇ ਯਤਨ ਵਰਤਮਾਨ ਵਿਚ ਕਰਕੇ ਹੀ ਇਸ ਉਖਾੜ ਵਾਲੀ ਸਥਿਤੀ ਤੋਂ ਬਚਿਆ ਜਾ ਸਕਦਾ ਹੈ। ਇਸ ਨੁਕਤੇ ਬਾਰੇ ਜੋ ਕੁਝ ਲਿਖਿਆ ਹੋਇਆ ਪ੍ਰਾਪਤ ਹੈ, ਉਹ ਸਾਡੀਆਂ ਨਿਗਾਹਾਂ ਤੋਂ ਓਝਲ ਹੋ ਵੀ ਗਿਆ ਹੈ ਅਤੇ ਹੁੰਦਾ ਵੀ ਜਾ ਰਿਹਾ ਹੈ।

ਭਾਈ ਵੀਰ ਸਿੰਘ ਦੀਆਂ ਲਿਖਤਾਂ ਸ਼ਰਧਾ ਵਿਚ ਰੰਗਦੀਆਂ ਵੀ ਹਨ ਅਤੇ ਸ਼ਰਧਾ ਨੂੰ ਪ੍ਰਚੰਡ ਵੀ ਕਰਦੀਆਂ ਹਨ। ਇਹ ਟਿਪਣੀ 'ਕਲਗੀਧਰ ਚਮਤਕਾਰ' ਦੇ ਹਵਾਲੇ ਨਾਲ ਕੀਤੀ ਜਾ ਰਹੀ ਹੈ। ਪ੍ਰੋ. ਪੂਰਨ ਸਿੰਘ ਦੀ ਸੁਰ ਅਕਾਦਮਿਕ ਹੈ ਅਤੇ ਉਹ ਨਵੀਆਂ ਲੀਹਾਂ ਪਾਉਂਦੇ ਲੱਗਦੇ ਹਨ। ਉਹ ਆਪਣੀਆਂ ਲਿਖਤਾਂ ਵਿਚ ਗੁਰੂ ਦੀਆਂ ਬਖਸ਼ਿਸ਼ਾਂ ਵਜੋਂ ਜਦੋਂ ਪੰਜ ਕੱਕਾਰਾਂ ਦਾ ਪ੍ਰਸੰਗ ਉਸਾਰਦੇ ਹਨ ਤਾਂ ਵਿਰਾਸਤੀ ਸੁਰ ਵਿਚ ਰੌਂਗਟੇ ਖੜੇ ਕਰ ਦਿੰਦੇ ਹਨ। ਈਸਾਈਅਤ ਮੋਇਆਂ ਦੀ ਜਾਗ ਦੀ ਕਰਾਮਾਤੀ ਗੱਲ ਕਰਦੀ ਹੈ, ਪਰ ਸਿੱਖੀ ਸੁੱਤਿਆਂ ਦੀ ਸਕਰਮਕ ਜਾਗ ਦੀ ਗੱਲ ਕਰਦੀ ਹੈ। ਪ੍ਰੋ. ਪੂਰਨ ਸਿੰਘ ਮੁਤਾਬਿਕ "ਗੁਰਪੁਰਬਾਂ ਦੇ ਅਵਸਰ ਇਹ ਦੱਸਣ ਲਈ ਹੋਣੇ ਚਾਹੀਦੇ ਹਨ ਕਿ ਗੁਰੂ ਜੀ ਦੇ ਕੇਸਾਂ ਨੂੰ ਸੁਰੱਖਿਅਤ ਰੱਖਣ ਦੇ ਹੁਕਮ ਵਿਚ ਡੂੰਘੀ ਸੱਚਾਈ ਲੁਕੀ ਹੋਈ ਹੈ। ਇਸ ਆਦੇਸ਼ ਵਿਚ ਉਨ੍ਹਾਂ ਨੇ ਮਨੁੱਖ ਨੂੰ ਡੂੰਘੇ ਗੁਣਾਂ ਦੀ ਸੋਝੀ ਕਰਵਾਈ ਹੈ।"

ਇਸ ਪਾਸੇ ਸਿੱਖਾਂ ਦੀ ਢਿੱਲ੍ਹ ਤੇ ਕਚਿਆਈ ਨੂੰ ਪ੍ਰੋ. ਸਾਹਿਬ ਨੇ ਤਿਲਕਣੇ ਰਸਤੇ ਤੁਰਨਾ ਕਹਿੰਦਿਆਂ ਕਿਹਾ ਹੈ, "ਨਿਸਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਕੇਸਾਂ ਬਾਰੇ ਇਨ੍ਹਾਂ ਵਿਚਾਰਾਂ ਦੇ ਅਭਾਵ ਵਿਚ ਅੱਜ ਨਾ ਤਾਂ ਸਿੱਖਾਂ ਵਿਚ ਉਹ ਸੰਗੀਤ ਹੁੰਦਾ ਹੈ ਤੇ ਨਾ ਇਹ ਨਵਾਂ ਜੀਵਨ। ਇਥੋਂ ਤੱਕ ਕਿ ਮੁਰਦਾ ਜਨ-ਸਮੂਹ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਨਿਰਜਿੰਦ ਪ੍ਰਾਣ ਬਣ ਜਾਂਦਾ ਹੈ। ਸਿੱਖਾਂ ਨੂੰ ਕੇਸਾਂ ਤੋਂ ਵੰਚਿਤ ਕਰਨ ਨਾਲ ਉਨ੍ਹਾਂ ਨੂੰ ਉਸ ਸ਼ਕਤੀਸ਼ਾਲੀ ਪ੍ਰੇਰਨਾ ਤੋਂ ਤੋੜ ਦੇਣ ਦੇ ਤੁੱਲ ਹੋਣਾ ਹੈ, ਜੋ ਹੁਣ ਤੱਕ ਸਾਰੀ ਹਿੰਦੂ ਜਨਤਾ ਲਈ ਸ਼ਕਤੀ ਦੇ ਬਲ ਦਾ ਸੋਮਾਂ ਰਿਹਾ ਹੈ। ਸਿੱਖਾਂ ਦੇ ਇਸ ਸਰੂਪ ਦੇ ਅਲੋਪ ਹੋ ਜਾਣ ਨਾਲ ਹਿੰਦੂ ਵੀ ਇਸ ਸ਼ਕਤੀ ਤੇ ਪ੍ਰੇਰਨਾ ਦੀ ਸੰਪਤੀ ਤੋਂ ਸੱਖਣੇ ਹੋ ਜਾਣੇ ਹਨ।"

ਇਸ ਨਾਲ ਇਹ ਨੁਕਤਾ ਸਾਹਮਣੇ ਲਿਆਂਦਾ ਜਾ ਰਿਹਾ ਹੈ ਕਿ ਪ੍ਰਾਪਤ ਵੇਰਵਿਆਂ ਦੇ ਦੁਹਰਾਉ ਨਾਲ ਸਿੱਖ ਇਸ ਵੇਲੇ ਨਿਊਟਰਲ ਗੇਅਰ ਵਿਚ ਭੱਜਣ ਵਰਗਾ ਭਰਮ ਪਾਲ ਰਹੇ ਹਨ। ਲੋੜ ਸਾਦਗੀ ਨਾਲ ਜੜ੍ਹਾਂ ਵਲ ਪਰਤਣ ਦੀ ਹੈ ਅਤੇ ਇਸ ਵਾਸਤੇ ਪੂਰਨ ਸਿੰਘ ਦੀ ਇਸ ਟੂਕ ਤੋਂ ਸਿੱਖਿਆ ਲਈ ਜਾ ਸਕਦੀ ਹੈ। ਇਸੇ ਨਾਲ ਗੱਲ ਮੁਕਾਈ ਜਾ ਰਹੀ ਹੈ:

ਬੱਚਾ! ਅੱਜ ਦਾਤਾ ਜੀ ਦਾ ਗੁਰਪੁਰਬ ਹੈ।
ਬੱਚਾ! ਅੱਜ ਉਹ ਸਵਾਂਤੀ ਨਛੱਤ੍ਰ ਹੈ।
ਬੱਚਾ! ਅੱਜ ਅਰਸ਼ਾਂ ਦੇ ਮਾਲਕ ਦੀ ਹਜ਼ੂਰੀ ਹੈ।
ਬੱਚਾ ਜੀ! ਉਠ! ਜਾਗ।
ਤੇ ਅੱਜ ਮਹਾਰਾਜ ਜੀ ਨੂੰ ਭੋਗ ਲਗਾ।
ਕਦੀ ਨਾ ਭੁੱਲੇ ਤੈਨੂੰ
ਤੇਰੇ ਸਿਰ 'ਤੇ ਉਹ ਆਪ।

ਇਸ ਸਿੱਖ-ਸੇਧ ਵਿਚ ਤੁਰਨ ਦੀ ਲੋੜ ਵੀ ਹੈ, ਇਸ ਵਾਸਤੇ ਸਪੇਸ ਵੀ ਹੈ ਅਤੇ ਇਸ ਨਾਲ ਜੁੜੀਆਂ ਵੰਗਾਰਾਂ ਵੀ ਹਨ। ਨਹੀਂ ਸਮਝਾਂਗੇ ਤਾਂ ਵਕਤ ਹੱਥੋਂ ਖਿਸਕ ਜਾਏਗਾ। ਸਕਰਮਕ ਅਧਿਆਤਮਕਤਾ ਦਾ ਜੋ ਸਿੱਖ ਵਹਿਣ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਾਡੀਆਂ ਸਭ ਕਮਜ਼ੋਰੀਆਂ ਦੇ ਬਾਵਜੂਦ ਅਜੇ ਵਹਿ ਰਿਹਾ ਹੈ, ਉਸ ਨੂੰ ਗ੍ਰੰਥ ਅਤੇ ਪੰਥ ਦੇ ਮਜਬੂਤ ਕੰਢਿਆਂ ਵਿਚਕਾਰ ਵਹਿੰਦਾ ਰੱਖਣ ਲਈ ਲੋੜੀਂਦੀਆਂ ਜਿੰਮੇਵਾਰੀਆਂ ਨਿਭਾਉਣ ਵਾਸਤੇ ਬਿਨਾ ਦੇਰੀ ਤੁਰ ਪੈਣ ਵਿਚ ਹੀ ਸਭ ਦਾ ਭਲਾ ਹੈ। ਤੁਰਨ ਵਾਲਿਆਂ ਤੋਂ ਗੁਰੂ ਜੀ ਮਿਹਰ ਕਰਕੇ ਸੇਵਾ ਲੈਂਦੇ ਰਹੇ ਹਨ ਅਤੇ ਲੈਂਦੇ ਰਹਿਣ ਦਾ ਭਰੋਸਾ ਅਜੇ ਗੁਰੂਕਿਆਂ ਵਿਚੋਂ ਕਿਰਿਆ ਵੀ ਨਹੀਂ ਹੈ। ਗੁਰਪੁਰਬਾਂ ਦੀ ਸੰਭਾਲ ਤੋਂ ਸ਼ੁਰੂਆਤ ਕਰ ਲੈਣੀ ਹੀ ਇਸ ਸਮੇਂ ਦੀ ਸਿੱਖ-ਲੋੜ ਹੋਣੀ ਚਾਹੀਦੀ ਹੈ।

## ਕਲਗੀਆਂ ਵਾਲਿਆ

ਕਲਗੀਆਂ ਵਾਲਿਆ, ਚਿੱਟਿਆਂ ਬਾਜਾਂ ਵਾਲਿਆ
ਸਰਬੰਸ ਵਾਰ ਕੇ ਤੂੰ ਧਰਮ ਨੂੰ ਬਚਾ ਲਿਆ।

ਸੌਂਪ ਕੇ ਜੱਗ ਨੂੰ ਸਿੱਖੀ ਨਿਆਰੀ
ਸੱਚਖੰਡ ਲਗਾ ਲਈ ਤੂੰ ਉਡਾਰੀ।
ਇਕ ਵਾਰੀ ਫੇਰਾ ਪਾ ਜਾ
ਧਰਤੀ ਉਤੇ ਤੂੰ ਆ ਜਾ
ਜੁਲਮ ਮਿਟਾਵਣ ਵਾਲਿਆ।
ਦਸ਼ਮੇਸ਼ ਕਲਗੀਆਂ ਵਾਲਿਆ।

ਅਸੀਂ ਤੇਰੇ ਸਿੱਖ, ਤੇਰੇ ਰਹਾਂਗੇ ਸਦਾ
ਬੇਦਾਵਾ ਦੇਵੋ ਪਾੜ ਸਾਡਾ ਜੋ ਲਿਖਿਆ।
ਸਾਨੂੰ ਆਪਣਾ ਪਿਆਰ ਦੇ ਕੇ
ਚਰਨਾਂ ਵਿਚ ਥਾਂ ਦੇ ਕੇ
ਲੜਨਾ ਅਸੀਂ ਤੇਰੇ ਤੋਂ ਸਿਖਿਆ
ਸਭ ਨੂੰ ਗਲੇ ਲਾਵਣ ਵਾਲਿਆ।
ਦਸ਼ਮੇਸ਼ ਕਲਗੀਆਂ ਵਾਲਿਆ।

ਖੰਡੇ ਬਾਟੇ ਦਾ ਅੰਮ੍ਰਿਤ ਬਣਾਇਆ
ਇਕ ਸੋਹਣਾ ਪੰਥ ਸਜਾਇਆ।
ਗੁਰੂ ਮਾਨਿਓ ਗ੍ਰੰਥ ਉਚਾਰ ਕੇ
ਜਗਤ ਨੂੰ ਧਰਮ ਦੇ ਰਾਹ ਪਾਇਆ।
ਸਾਰੇ ਜੱਗ ਨੂੰ ਤਾਰ ਕੇ
ਆਪਣਾ ਪਰਿਵਾਰ ਵਾਰ ਕੇ
ਜਗਤ ਵਸਾਵਣ ਵਾਲਿਆ।
ਦਸ਼ਮੇਸ਼ ਕਲਗੀਆਂ ਵਾਲਿਆ।

*-ਦਿਲਪ੍ਰੀਤ ਮਾਨ, ਕਲੋਵਿਸ*
*ਫੋਨ: 559-578-2061*

---

## ਸਰਬੰਸ ਦਾਨੀ

ਕੋਈ ਇਕ ਵਾਰੇ ਕੋਈ ਦੋ ਵਾਰੇ
ਤੂੰ ਚਾਰ ਕੌਮ ਤੋਂ ਵਾਰ ਦਿੱਤੇ।
ਕਹਿੰਦੇ ਦੁਨੀਆਂ ਦਾ ਵਾਲੀ ਏ
ਸਿੰਘ ਲੱਖਾਂ ਹੀ ਸ਼ਿੰਗਾਰ ਦਿੱਤੇ।
ਦਿਸਦਾ ਕੋਈ ਨਾ ਦੁਨੀਆਂ ਵਿਚ
ਹੋਵੇ ਜਿਸ ਦਾ ਏਨਾ ਜੇਰਾ।
ਸਰਬੰਸ ਦਾਨੀਆ ਵੇ
ਕਰਜ਼ਾ ਕਿਵੇਂ ਦੇਵਾਂਗੇ ਤੇਰਾ।

ਕੀ ਉਮਰ ਸੀ ਲਾਲਾਂ ਦੀ
ਛੇ, ਅੱਠ, ਚੌਦਾਂ ਤੇ ਅਠਾਰਾਂ।
ਦੋ ਵਿਚ ਚਮਕੌਰ ਗੜ੍ਹੀ
ਦੋ ਵਿਚ ਸਰਹਿੰਦ ਦੀਵਾਰਾਂ।
'ਦੁੱਖ ਕੌਮ ਨੂੰ ਦਿੱਤਾ ਪਾਪੀਆ
ਵੇ ਕੁਝ ਨਹੀਂ ਬਚਣਾ ਤੇਰਾ...।'

ਤੂੰ ਗਿੱਦੜੋਂ ਸ਼ੇਰ ਬਣਾਏ ਸੀ
ਵੱਖਰੇ ਹੀ ਸਿੰਘ ਸਜਾਏ ਸੀ।
ਇਕ ਇਕ ਸਿੰਘ ਨੂੰ ਦਾਤਾ ਮੇਰੇ
ਦਿੱਤਾ ਲੱਖਾਂ ਨਾਲ ਲੜਾਏ ਸੀ।
ਲੈ ਕੇ ਗੁਰਾਂ ਤੋਂ ਥਾਪੜਾ
ਤੋੜਿਆ ਲਾੜੀ ਮੌਤ ਦਾ ਘੇਰਾ...।

ਅਸੀਂ ਗੱਲਾਂ ਤੇ ਬਹੁਤ ਕਰਦੇ ਹਾਂ
ਪਰ ਹਾਂ ਕਰਨੀ ਤੋਂ ਵਾਂਝੇ।
ਨਾ ਮਾਂ ਗੁਜਰੀ ਕੋਈ ਮਿਲਦੀ ਏ
ਤੇ ਨਾ ਹੀ ਤੇਰੇ ਰਾਂਝੇ।
ਜਪ ਨਾਮ ਗੁਰਾਂ ਦਾ 'ਪਾਲੀ' ਤੂੰ
ਨਾ ਆਪਣੇ ਸਿਰ ਲੈ ਸਿਹਰਾ।
ਸਰਬੰਸ ਦਾਨੀਆ ਵੇ
ਕਰਜ਼ਾ ਕਿਵੇਂ ਦੇਵਾਂਗੇ ਤੇਰਾ।

*-ਹਰਜਿੰਦਰ ਪਾਲ*
*ਅਟਲਾਂਟਾ, ਜਾਰਜੀਆ।*

## ਲਾਲ ਛੋਟੇ ਛੋਟੇ

ਨੀਂਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।
ਕੌਮ ਦੇ ਲਈ ਕਰ ਗਏ ਕਮਾਲ ਛੋਟੇ ਛੋਟੇ।

ਦਾਦੀ ਨੇ ਤਿਆਰ ਕੀਤੇ ਬੜੇ ਸੋਹਣੇ ਫੱਬਦੇ।
ਇਹੋ ਜਿਹੇ ਹੀਰੇ ਰੋਜ ਰੋਜ ਨਹੀਂ ਲੱਭਦੇ।
ਠੰਡੀਆਂ ਸਨ ਰਾਤਾਂ ਦਾਦੀ ਨਾਲ ਛੋਟੇ ਛੋਟੇ...।

ਪਹਿਲਾਂ ਸੀ ਵਿਛੋੜਾ ਪਰਿਵਾਰ ਵਿਚ ਪੈ ਗਿਆ।
ਧੋਖੇ ਨਾਲ ਗੰਗੂ ਸੀ ਰਸੋਈਆ ਘਰ ਲੈ ਗਿਆ।
ਬੁਰੇ ਦਿਲ ਵਿਚ ਆਏ ਸੀ ਖਿਆਲ ਛੋਟੇ ਛੋਟੇ...।

ਡਰੇ ਨਾ, ਦਿੱਤੇ ਸੀਗੇ ਡਰਾਵੇ ਬੜੇ ਪਾਪੀਆਂ।
ਵੈਰੀਆਂ ਦੇ ਮੂਹਰੇ ਤਾਣ ਖੜ੍ਹ ਗਏ ਸੀ ਛਾਤੀਆਂ।
ਵੰਡ ਗਏ ਲੋਕਾਈ ਨੂੰ ਗਿਆਨ ਛੋਟੇ ਛੋਟੇ...।

ਲਾੜੀ ਮੌਤ ਨਾਲ ਉਨ੍ਹਾਂ ਵਿਆਹ ਕਰਵਾ ਲਿਆ।
ਵਾਰ ਕੇ ਸੀ ਜਾਨਾਂ ਉਨ੍ਹਾਂ ਧਰਮ ਬਚਾ ਲਿਆ।
ਬਦਲੀ ਨਾ ਸੂਬੇ ਅੱਗੇ ਚਾਲ ਛੋਟੇ ਛੋਟੇ...।

ਤੁਰ ਗਏ ਸੀ ਦਾਦੇ ਦੀਆਂ ਪਾਈਆਂ ਲੀਹਾਂ 'ਤੇ।
ਤਾਂਹੀਂ ਤਾਂ ਸੀ ਖੜ੍ਹੇ ਬੇਖੌਫ ਵਿਚ ਨੀਂਹਾਂ ਦੇ।
ਗੁਲਾਮੀ ਵਾਲੇ ਕਰ ਗਏ ਕਮਾਲ ਛੋਟੇ ਛੋਟੇ।
ਨੀਂਹਾਂ ਵਿਚ ਖੜ੍ਹ ਗਏ ਸੀ ਲਾਲ ਛੋਟੇ ਛੋਟੇ।

*-ਬੂਟਾ ਸਿੰਘ ਗੁਲਾਮੀ ਵਾਲਾ*
*ਫੋਨ: 91-94171-97395*

---

## ਗੋਬਿੰਦ ਦੇ ਲਾਲ

ਲਾਲ ਗੋਬਿੰਦ ਦੇ ਹੱਕ-ਸੱਚ ਲਈ
ਜਿੰਦਾਂ ਘੋਲ ਘੁਮਾ ਗਏ ਨੇ।
ਦੋ ਨੀਂਹਾਂ ਵਿਚ, ਦੋ ਕੱਚੀ ਗੜ੍ਹੀ ਵਿਚ
ਹੱਸ ਕੇ ਸ਼ਹੀਦੀ ਪਾ ਗਏ ਨੇ।

ਸੁੱਤੀ ਗੈਰਤ ਜਗਾਉਣ ਦੇ ਲਈ
ਸਿਰਾਂ ਦੀ ਭੇਟਾ ਚੜ੍ਹਦੀ ਏ।
ਜ਼ਬਰ-ਜ਼ੁਲਮ ਦੇ ਟਾਕਰੇ ਲਈ
ਅਣਖ ਤੇਗ ਹੱਥ ਫੜ੍ਹਦੀ ਏ।
ਜ਼ੁਲਮ ਦੇ ਮੂੰਹ 'ਤੇ ਬੀਰ ਬਹਾਦਰ
ਸੱਚ ਦੀ ਬੋਲਾ ਸੁਣਾ ਗਏ ਨੇ...।

ਤਕਦੀਰ ਧੁਰੋਂ ਲਿਖੀ ਨਾ ਆਉਂਦੀ
ਖੁਦ ਬਣਾਈ ਜਾਂਦੀ ਏ।
ਜਦ ਸੁਲਾਹ ਦੇ ਹੀਲੇ ਮੁੱਕ ਜਾਵਣ
ਸ਼ਮਸ਼ੀਰ ਉਠਾਈ ਜਾਂਦੀ ਏ।
ਹੱਕ ਸੱਚ ਇਨਸਾਫ ਦੀ ਸ਼ਮ੍ਹਾਂ 'ਤੇ
ਪਤੰਗੇ ਜਾਨਾਂ ਘੁਮਾ ਗਏ ਨੇ...।

ਫੁੱਲ ਅੱਧ-ਖਿੜ੍ਹੇ ਅਜੇ ਮਹਿਕਣੇ ਸਨ
ਵੰਡਣੀ ਸੀ ਖੁਸ਼ਬੋ ਪਿਆਰਾਂ ਦੀ।
ਜ਼ਬਰ-ਜ਼ੁਲਮ ਨੂੰ ਡੱਕਣ ਦੇ ਲਈ
ਓਟ ਲਈ ਛਾਂ ਤਲਵਾਰਾਂ ਦੀ।
ਲਾ ਕੇ ਲੇਖੇ ਜਿੰਦਾਂ ਆਪਣੀਆਂ
ਯੋਧੇ ਸੁੱਤੀ ਅਣਖ ਜਗਾ ਗਏ ਨੇ...।

ਕੌਮਾਂ ਜੱਗ 'ਤੇ ਉਹੀ ਜਿਉਂਦੀਆਂ
ਜੋ ਮੌਤ ਨੂੰ ਸੀਨੇ ਲਾਉਂਦੀਆਂ ਨੇ।
ਖੂਨ ਜਿਗਰ ਦਾ ਡੋਲ੍ਹ ਕੇ ਆਪਣਾ
ਨਵੇਂ ਪੂਰਨੇ ਪਾਉਂਦੀਆਂ ਨੇ।
ਬਾਲ ਕੇ ਆਪਣੇ ਲਹੂ ਦੇ ਚਿਰਾਗ
ਸਾਡੇ ਰਾਹ ਰੁਸ਼ਨਾ ਗਏ ਨੇ।
ਲਾਲ ਗੋਬਿੰਦ ਦੇ ਹੱਕ-ਸੱਚ ਲਈ
ਜਿੰਦਾਂ ਘੋਲ ਘੁਮਾ ਗਏ ਨੇ।

*-ਚੰਨ*
*ਫੋਨ: 908-788-8427*

# ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ

## ਗੁਰਬਾਣੀ ਗਿਆਨ

**ੴ ਸਤਿਗੁਰ ਪ੍ਰਸਾਦਿ**
**ਸੂਹੀ ਮਹਲਾ ੫**

ਬੁਰੇ ਕਾਮ ਕਉ ਊਠਿ ਖਲੋਇਆ॥
ਨਾਮ ਕੀ ਬੇਲਾ ਪੈ ਪੈ ਸੋਇਆ॥
ਅਉਸਰੁ ਅਪਨਾ ਬੂਝੈ ਨ ਇਆਨਾ॥
ਮਾਇਆ ਮੋਹ ਰੰਗਿ ਲਪਟਾਨਾ॥ ਰਹਾਉ॥
ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ॥
ਸਾਧ ਜਨਾ ਕਾ ਦਰਸੁ ਨ ਡੀਠਾ॥
ਕਬਹੂ ਨ ਸਮਝੈ ਅਗਿਆਨੁ ਗਵਾਰਾ॥
ਬਹੁਰਿ ਬਹੁਰਿ ਲਪਟਿਓ ਜੰਜਾਰਾ॥ ਰਹਾਉ॥
ਬਿਖੈ ਨਾਦ ਕਰਨ ਸੁਣਿ ਭੀਨਾ॥
ਹਰਿ ਜਸੁ ਸੁਨਤ ਆਲਸੁ ਮਨਿ ਕੀਨਾ॥
ਦ੍ਰਿਸਟਿ ਨਾਹੀ ਰੇ ਪੇਖਤ ਅੰਧੇ॥
ਛੋਡਿ ਜਾਹਿ ਝੂਠੇ ਸਭਿ ਧੰਧੇ॥ ਰਹਾਉ॥
ਕਹੁ ਨਾਨਕ ਪ੍ਰਭ ਬਖਸ ਕਰੀਜੈ॥
ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ॥
ਤਉ ਕਿਛੁ ਪਾਈਐ ਜਉ ਹੋਈਐ ਰੇਨਾ॥
ਜਿਸਹਿ ਬੁਝਾਏ ਤਿਸੁ ਨਾਮੁ ਲੈਨਾ॥ ਰਹਾਉ॥

ਗੁਰੂ ਅਰਜਨ ਦੇਵ ਜੀ ਮਨੁਖ ਦੇ ਜੀਵਨ ਬਾਰੇ ਉਪਦੇਸ਼ ਕਰਦੇ ਹਨ, ਹੇ ਭਾਈ ਮੂਰਖ ਇਨਸਾਨ, ਬੁਰੇ ਭਾਵ ਮੰਦੇ ਕਰਮ ਕਰਨ ਲਈ ਤਾਂ ਝੱਟ ਉਠ ਕੇ ਤਿਆਰ ਹੋ ਜਾਂਦਾ ਹੈ ਪਰ ਉਸ ਮਿਹਰਬਾਨ ਪ੍ਰਭੂ ਦਾ ਨਾਮ ਸਿਮਰਨ ਕਰਨ ਵੇਲੇ ਲੰਮੀਆਂ ਤਾਣ ਕੇ ਭਾਵ ਬੇਪਰਵਾਹ ਹੋ ਕੇ ਸੁਤਾ ਰਹਿੰਦਾ ਹੈ। ਮੂਰਖ ਮਨੁਖ ਮਾਇਆ ਮੋਹ ਦੀ ਲਗਨ ਵਿਚ ਮਸਤ ਰਹਿੰਦਾ ਹੈ ਅਤੇ ਇਹ ਨਹੀਂ ਸੋਚਦਾ ਕਿ ਮਨੁੱਖਾ ਜੀਵਨ ਹੀ ਪ੍ਰਭੂ ਨੂੰ ਯਾਦ ਕਰਨ ਦਾ ਅਸਲੀ ਮੌਕਾ ਹੈ।

ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ॥
ਸਾਧ ਜਨਾ ਕਾ ਦਰਸੁ ਨ ਡੀਠਾ॥
ਕਬਹੂ ਨ ਸਮਝੈ ਅਗਿਆਨੁ ਗਵਾਰਾ॥
ਬਹੁਰਿ ਬਹੁਰਿ ਲਪਟਿਓ ਜੰਜਾਰਾ॥ ਰਹਾਉ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਅੰਦਰੋਂ ਉਠ ਰਹੀ ਲੋਭ ਦੀ ਲਹਿਰ ਦੇ ਕਾਰਨ ਅਤੇ ਮਾਇਕ ਪਦਾਰਥਾਂ ਦੀ ਆਸ 'ਤੇ ਖੁਸ਼ ਹੋਇਆ ਜੀਵ ਫੂਲ ਫੂਲ ਕੇ ਬੈਠਦਾ ਹੈ, ਪਰ ਕਦੀ ਵੀ ਪਰਮਾਤਮਾ ਦੇ ਪਿਆਰਿਆਂ ਦੇ ਦਰਸ਼ਨ ਨਹੀਂ ਕਰਦਾ। ਭਾਈ ਆਤਮਕ ਜੀਵਨ ਦੀ ਸੂਝ ਤੋਂ ਸੱਖਣਾ ਮੂਰਖ ਮਨੁਖ ਆਪਣੇ ਭਲੇ ਦੀ ਗੱਲ ਨਾ ਸੁਣਦਾ ਅਤੇ ਨਾ ਹੀ ਸਮਝਦਾ ਹੈ। ਮੁੜ ਮੁੜ ਕੇ ਮਾਇਆ ਦੇ ਜੰਜਾਲ ਭਾਵ ਧੰਦਿਆਂ ਵਿਚ ਹੀ ਉਲਝਿਆ ਰਹਿੰਦਾ ਹੈ।

ਬਿਖੈ ਨਾਦ ਕਰਨ ਸੁਣਿ ਭੀਨਾ॥
ਹਰਿ ਜਸੁ ਸੁਨਤ ਆਲਸੁ ਮਨਿ ਕੀਨਾ॥

ਸਤਿਗੁਰੂ ਜੀ ਸਾਨੂੰ ਜੀਵਾਂ ਨੂੰ ਕਿੰਨਾ ਸੋਹਣਾ ਸਮਝਾਉਣਾ ਕਰਦੇ ਆਖਦੇ ਹਨ, ਹੇ ਭਾਈ! ਮਾਇਆ ਦੇ ਮੋਹ ਅਤੇ ਨਸ਼ੇ ਵਿਚ ਅੰਨਾ ਹੋਇਆ ਇਹ ਮੂਰਖ ਮਨੁਖ ਵਿਸ਼ੇ ਵਿਕਾਰਾਂ ਭਰੇ ਗੀਤ ਤਾਂ ਕੰਨਾਂ ਨਾਲ ਸੁਣ ਸੁਣ ਕੇ ਬਹੁਤ ਖੁਸ਼ ਹੁੰਦਾ ਹੈ ਪਰ ਹੇ ਭਾਈ, ਜੇ ਕਦੇ ਇਸ ਮੂਰਖ ਨੂੰ ਉਸ ਮਾਲਕ ਪਰਮਾਤਮਾ ਦਾ ਹਰਿ ਜਸ ਭਾਵ ਸਿਫਤਿ ਸਾਲਾਹ ਸੁਣਨ ਦਾ ਸਮਾਂ ਬਣੇ ਤਾਂ ਫਿਰ ਬਹੁਤ ਆਲਸ ਕਰਦਾ ਹੈ।

ਦ੍ਰਿਸਟਿ ਨਾਹੀ ਰੇ ਪੇਖਤ ਅੰਧੇ॥
ਛੋਡਿ ਜਾਹਿ ਝੂਠੇ ਸਭਿ ਧੰਧੇ॥ ਰਹਾਉ॥

ਇਨ੍ਹਾਂ ਪੰਕਤੀਆਂ ਵਿਚ ਸਾਹਿਬ ਸਤਿਗੁਰੂ ਜੀ ਸਾਨੂੰ ਮਾਇਆ ਮੋਹ ਦੀ ਭਟਕਣਾ ਵਿਚ ਫਸੇ ਹੋਏ ਜੀਵਾਂ ਨੂੰ ਸੁਚੇਤ ਕਰਦਿਆਂ ਤਾੜਨਾ ਵੀ ਕਰਦੇ ਹਨ। ਹੇ ਅੰਨੇ ਇਨਸਾਨ, ਤੈਨੂੰ ਪਰਮਾਤਮਾ ਨੇ ਦੇਖਣ ਲਈ ਅੱਖਾਂ ਦਿੱਤੀਆਂ ਹਨ ਪਰ ਤੂੰ ਉਨ੍ਹਾਂ ਅੱਖਾਂ ਨਾਲ ਇਹ ਕਿਉਂ ਨਹੀਂ ਵੇਖਦਾ ਕਿ ਇਕ ਦਿਨ ਤੂੰ ਇਹ ਦੁਨੀਆਂ ਵਾਲੇ ਸਾਰੇ ਝੂਠੇ ਧੰਦੇ ਛੱਡ ਕੇ ਆਖਰ ਇਥੋਂ ਚਲਾ ਜਾਏਗਾ, ਇਨ੍ਹਾਂ ਦੁਨਿਆਵੀ ਵਸਤੂਆਂ ਵਿਚੋਂ ਤੇਰੇ ਨਾਲ ਕੁਝ ਵੀ ਜਾਣ ਵਾਲਾ ਨਹੀਂ ਹੈ।

ਕਹੁ ਨਾਨਕ ਪ੍ਰਭ ਬਖਸ ਕਰੀਜੈ॥
ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ॥
ਤਉ ਕਿਛੁ ਪਾਈਐ ਜਉ ਹੋਈਐ ਰੇਨਾ॥
ਜਿਸਹਿ ਬੁਝਾਏ ਤਿਸੁ ਨਾਮੁ ਲੈਨਾ॥ ਰਹਾਉ॥

ਦਾਸ ਨਾਨਕ ਆਖਦਾ ਹੈ, ਹੇ ਮਿਹਰਬਾਨ ਪ੍ਰਭੂ! ਮੇਰੇ ਉਤੇ ਮਿਹਰ ਕਰੋ ਅਤੇ ਆਪਣੀ ਮਿਹਰ ਸਦਕਾ ਮੈਨੂੰ ਗੁਰਮੁਖਾਂ ਦੀ ਸੰਗਤ ਬਖਸ਼ੋ। ਗੁਰੂ ਸਾਹਿਬ ਫੁਰਮਾਉਂਦੇ ਹਨ, ਹੇ ਭਾਈ, ਉਦੋਂ ਹੀ ਕੁਝ ਹਾਸਲ ਕਰ ਸਕੀਦਾ ਹੈ ਜਦੋਂ ਪ੍ਰਭੂ ਦੇ ਪਿਆਰਿਆਂ ਦੇ ਚਰਨਾਂ ਦੀ ਧੂੜ ਬਣ ਜਾਈਏ। ਹੇ ਭਾਈ, ਜਿਸ ਮਨੁਖ ਨੂੰ ਪਰਮਾਤਮਾ ਚਰਨ ਧੂੜ ਹੋਣ ਦੀ ਸੂਝ ਬਖਸ਼ਦਾ ਹੈ, ਉਹ ਸਤਿ ਸੰਗਤ ਵਿਚ ਬੈਠ ਕੇ ਮਨ ਨੂੰ ਟਿਕਾਉ ਵਿਚ ਰੱਖ ਕੇ ਉਸ ਪਿਆਰੇ ਪ੍ਰੀਤਮ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ।


*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕਥਾ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਦੀ

**ਇਤਿਹਾਸ ਦੇ ਪੰਨੇ**

ਸਿਦਕ ਨੂੰ ਪਾਲਣ ਅਤੇ ਕੁਰਬਾਨੀ ਦਾ ਚਾਅ ਕਰਨ ਵਾਲੇ ਸਿੱਖ ਇਤਿਹਾਸ ਦੀ ਲਾਸਾਨੀ ਕੁਰਬਾਨੀ ਸਬੰਧੀ ਵਿਚਾਰਦਿਆਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਸੂਰਮੇ ਆਪਣੇ ਗੁਰੂ ਖਾਤਰ ਸਿਰ ਵਾਰ ਜਾਂਦੇ ਹਨ। ਇਹ ਜਜ਼ਬਾ ਦਿਨਾਂ-ਮਹੀਨਿਆਂ ਵਿਚ ਪੈਦਾ ਨਹੀਂ ਹੁੰਦਾ, ਇਸ ਵਿਚ ਪਰਿਵਾਰਕ ਵਿਰਸੇ ਦਾ ਵੀ ਬਹੁਤ ਮਹੱਤਵ ਹੁੰਦਾ ਹੈ। ਪੀੜ੍ਹੀ ਦਰ ਪੀੜ੍ਹੀ ਸ਼ਰਧਾ, ਪ੍ਰਤੀਬੱਧਤਾ ਅਤੇ ਸੂਰਬੀਰਤਾ ਪਲਦੀ ਹੈ। ਕੁਰਬਾਨੀਆਂ ਦੇ ਇਤਿਹਾਸ ਵਿਚ ਇਕ ਅਜਿਹੀ ਲਾਸਾਨੀ ਕੁਰਬਾਨੀ ਹੈ, ਮਹਾਨ ਸ਼ਹੀਦ ਭਾਈ ਸੰਗਤ ਸਿੰਘ ਦੀ, ਜੋ ਸਦੀਆਂ ਤੱਕ ਆਪਣੇ ਸੱਚੇ ਮਕਸਦ ਵਾਸਤੇ ਲੜਨ ਵਾਲਿਆਂ ਦੀ ਅਗਵਾਈ ਕਰਦੀ ਰਹੇਗੀ।

ਸ਼ਹੀਦ ਭਾਈ ਸੰਗਤ ਸਿੰਘ, ਜਿਨ੍ਹਾਂ ਨੂੰ ਸੰਗਤ ਸਿੰਘ ਬੰਗੇਸਰ ਕਰਕੇ ਵੀ ਯਾਦ ਕੀਤਾ ਜਾਂਦਾ ਹੈ, ਦੇ ਪਿਛੋਕੜ ਵੱਲ ਨਿਗਾਹ ਮਾਰੀਏ ਤਾਂ



**ਕੇਹਰ ਸ਼ਰੀਫ਼**
**ਫੋਨ: 0049-173-354-6050**

ਪਤਾ ਲੱਗਦਾ ਹੈ ਕਿ ਕਿਸੇ ਦੇ ਰੋਮ ਰੋਮ ਵਿਚ ਸੂਰਬੀਰਤਾ ਕਿਵੇਂ ਰਚਦੀ ਹੈ। ਕਿਵੇਂ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ ਹੈ ਕਿ ਇਨਸਾਨ ਸਾਹਮਣੇ ਦਿਸਦੀ ਮੌਤ ਦੇਖ ਕੇ ਬਚਣ ਦੀ ਥਾਂ ਮਾਣ ਭਰੀ ਖੁਸ਼ੀ ਨਾਲ ਜਾਨ ਵਾਰਨ ਲਈ ਤਿਆਰ ਹੋ ਜਾਂਦਾ ਹੈ।

ਭਾਈ ਸੰਗਤ ਸਿੰਘ ਦੇ ਪਰਿਵਾਰ ਦਾ ਗੁਰੂ ਘਰ ਵੱਲ ਸਨੇਹ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਸਮਿਆਂ ਤੋਂ ਹੀ ਪੈ ਗਿਆ ਸੀ, ਜਦੋਂ ਉਨ੍ਹਾਂ 'ਗੁਰੂ ਕਾ ਚੱਕ' ਭਾਵ ਅੰਮ੍ਰਿਤਸਰ ਵਸਾਇਆ। ਉਸ ਸਮੇਂ ਗੁਰੂ ਸੇਵਾ ਅਤੇ ਗੁਰੂ ਦਰਸ਼ਨਾਂ ਲਈ ਸੰਗਤਾਂ ਦੂਰ-ਦੁਰਾਡੇ ਤੋਂ ਵੀ ਪਹੁੰਚਦੀਆਂ। ਗੁਰੂ ਦੀ ਮਹਿਮਾ ਸੁਣ ਕੇ ਗਰੀਬ ਪਰਿਵਾਰ ਵੀ ਇਸ ਪਾਸੇ ਤੁਰਨ ਲੱਗ ਪਏ, ਜਿਨ੍ਹਾਂ ਵਿਚ ਕੱਪੜਾ ਬੁਣਨ ਦਾ ਕੰਮ ਕਰਨ ਵਾਲੇ ਕਿਰਤੀ ਭਾਈ ਜਰਨੈਲ ਦਾ ਪਰਿਵਾਰ ਵੀ ਸੀ। ਗੁਰੂ ਰਾਮਦਾਸ ਨੇ ਆਪਣੀ ਸੰਗਤ ਵਿਚੋਂ ਜਾਤ-ਪਾਤ ਖਤਮ ਕਰਨ ਵਾਸਤੇ ਇਕ ਦਿਨ ਧਾਰਮਿਕ ਦੀਵਾਨ ਤੋਂ ਬਾਅਦ ਭਾਈ ਜਰਨੈਲ ਤੇ ਉਨ੍ਹਾਂ ਨਾਲ ਆਈ ਸੰਗਤ ਦੀ ਸੇਵਾ ਭਾਵਨਾ ਤੋਂ ਪ੍ਰਸੰਨ ਹੋ ਕੇ 'ਸਿਰੋਪਾਓ' ਦੀ ਬਖਸ਼ਿਸ਼ ਕਰਦਿਆਂ ਸੰਗਤਾਂ ਨੂੰ ਹੁਕਮ ਕੀਤਾ ਕਿ ਇਹ ਸਿੱਖ ਮੇਰੇ ਨਾਮ ਨਾਲ ਰਾਮਦਾਸੀਏ ਕਰਕੇ ਜਾਣੇ ਜਾਣ।

ਗੁਰੂ ਨਾਨਕ ਦੇਵ ਨੇ ਅਰੰਭ ਤੋਂ ਹੀ ਸਮਾਜਿਕ ਬੁਰਾਈਆਂ ਦਾ ਡਟ ਕੇ ਵਿਰੋਧ ਕੀਤਾ। ਸਮਾਜ ਦੀ ਵਰਣ ਵੰਡ ਦਾ ਵਿਰੋਧ ਕਰਦਿਆਂ ਬਾਬੇ ਨਾਨਕ ਨੇ ਕਿਹਾ ਸੀ, 'ਚਾਰਿ ਵਰਨਿ ਇਕੁ ਵਰਨਿ ਕਰਾਇਆ' ਅਤੇ ਜਾਤ-ਪਾਤ ਦਾ ਭੇਦ-ਭਾਵ ਮਿਟਾ ਕੇ ਪੰਗਤ ਤੇ ਸੰਗਤ ਵਿਚ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਸਿਧਾਂਤ ਪ੍ਰਚਾਰਿਆ ਸੀ। ਭਗਤੀ ਲਹਿਰ ਦਾ ਮੁੱਖ ਮਕਸਦ ਵੀ ਵੰਡੀਆਂ ਨੂੰ ਨਕਾਰਨਾ ਅਤੇ ਮਨੁੱਖਾਂ ਦੀ ਬਰਾਬਰੀ ਦਾ ਸੁਨੇਹਾ ਦੇਣਾ ਸੀ। ਭਗਤੀ ਲਹਿਰ ਦੇ ਇਸ ਬੁਨਿਆਦੀ ਫਲਸਫੇ ਨੂੰ ਅੱਜ ਵੀ ਮਨੁੱਖੀ ਅਧਿਕਾਰਾਂ ਦੀਆਂ ਲਹਿਰਾਂ ਕਰਕੇ ਜਾਣਿਆ ਜਾਂਦਾ ਹੈ। ਦਰਅਸਲ, ਸਿਧਾਂਤਕ ਪੱਖੋਂ ਭਗਤੀ ਲਹਿਰ ਹੀ ਸਿੱਖ ਧਰਮ ਦੀ ਬੁਨਿਆਦ ਆਖੀ ਜਾ ਸਕਦੀ ਹੈ।

ਗੁਰੂ ਨਾਮ ਲੇਵਾ ਸੰਗਤਾਂ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਖਾਸ ਤੌਰ 'ਤੇ ਸੋਚਣਾ ਚਾਹੀਦਾ ਹੈ, ਸਿਰੋਪਾਓ ਬਾਰੇ। ਗੁਰੂ ਸਾਹਿਬ ਵੇਲੇ ਧਾਰਮਿਕ ਪੱਧਰ 'ਤੇ ਸੇਵਾ ਭਾਵ ਵਾਲੇ ਲੋਕਾਂ ਨੂੰ ਹੀ ਸਿਰੋਪਾਓ ਦੀ ਬਖਸ਼ਿਸ਼ ਕੀਤੀ ਜਾਂਦੀ ਸੀ, ਉਹ ਵੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ। ਪਰ ਅੱਜ ਬੰਦੇ-ਕੁਬੰਦੇ ਦੀ ਪਛਾਣ ਕੀਤੇ ਬਿਨਾ ਹੀ ਸਿਰੋਪਾਓ ਦੇਣ ਦੀ ਜੋ ਰੀਤ ਚੱਲ ਰਹੀ ਹੈ, ਗੁਰੂ ਭਾਵਨਾ ਦੇ ਉਲਟ ਹੈ।

ਜਦੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਧਾਰਨ ਕਰਨ ਪਿਛੋਂ ਸਿੱਖ ਸੰਗਤਾਂ ਵੱਲ ਇਕ ਗਸ਼ਤੀ ਹੁਕਮਨਾਮਾ ਘੱਲਿਆ ਕਿ ਸਿੱਖ ਸੇਵਕ ਹੋਰ ਤੋਹਫਿਆਂ ਦੀ ਥਾਂ ਸ਼ਸਤਰ ਤੇ ਘੋੜੇ ਆਦਿ ਲੈ ਕੇ ਆਉਣ। ਨਾਲ ਹੀ ਹੋ ਰਹੇ ਜ਼ੁਲਮ ਖਿਲਾਫ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਸਾਧਨਾ ਵਾਲੇ ਬਹੁਤ ਸਾਰੇ ਲੋਕ ਘੋੜੇ ਵਗੈਰਾ ਲੈ ਕੇ ਵੀ ਆਏ। ਦੁਆਬੇ ਤੇ ਮਾਲਵੇ ਦੇ ਸੂਰਬੀਰ ਯੋਧਿਆਂ ਨੇ ਗੁਰੂ ਸਨਮੁਖ ਬੇਨਤੀ ਕੀਤੀ ਕਿ 'ਸੱਚੇ ਪਾਤਸ਼ਾਹ, ਅਸੀਂ ਗਰੀਬ ਲੋਕ ਹਾਂ, ਸਾਡੇ ਕੋਲ ਤੁਹਾਨੂੰ ਭੇਟ ਕਰਨ ਲਈ ਕੁਝ ਵੀ ਨਹੀਂ, ਅਸੀਂ ਕੇਵਲ ਆਪਣੀਆਂ ਜਾਨਾਂ ਹੀ ਵਾਰ ਸਕਦੇ ਹਾਂ ਤੇ ਸਾਨੂੰ ਆਪਣੀ ਫੌਜ ਵਿਚ ਰੱਖ ਲਵੋ।' 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੇ ਪੰਨਾ 153 'ਤੇ ਮੈਕਾਲਿਫ ਦਾ ਕਥਨ ਹੈ, 'ਹਮ ਅਨਾਥ ਸਿਰ ਭੇਟ ਕੀਨੇ, ਦਯਾ ਕਰਯੋ ਕਹਿ ਦੀਨੇ।'

ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲਿਆਂ ਵਿਚ ਜਲੰਧਰ ਦੇ ਲਾਗਲੇ ਪਿੰਡ ਜੰਡੂ ਸਿੰਘਾ ਦੇ ਭਾਈ ਬੁੱਧਾ ਤੇ ਭਾਈ ਸੁੱਧਾ ਅਤੇ ਸਪਰੌੜ ਖੇੜੀ ਦੇ ਭਾਈ ਭਾਨੂੰ ਵੀ ਸ਼ਾਮਲ ਸਨ। ਭਾਈ ਭਾਨੂੰ ਭਾਈ ਸੰਗਤ ਸਿੰਘ ਦੇ ਦਾਦਾ ਸਨ। ਭਾਈ ਭਾਨੂੰ ਨੇ ਗੁਰੂ ਹਰਗੋਬਿੰਦ ਸਾਹਿਬ ਵਲੋਂ ਲੜੀਆਂ ਗਈਆਂ ਚੌਹਾਂ ਜੰਗਾਂ ਵਿਚ ਹੀ ਬਹਾਦਰੀ ਦੇ ਜੌਹਰ ਵਿਖਾਏ ਸਨ। ਇਸ ਅਮੀਰ ਵਿਰਸੇ ਦੇ ਮਾਲਕ ਸਨ, ਭਾਈ ਸੰਗਤ ਸਿੰਘ।

ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਨੂੰ ਬਾਬਾ ਬਕਾਲਾ ਵਿਖੇ ਲੱਭ ਲਿਆ ਤਾਂ ਸਭ ਤੋਂ ਪਹਿਲਾਂ ਭਾਈ ਰਣੀਆ ਗੁਰੂ ਦਰਸ਼ਨਾਂ ਵਾਸਤੇ ਬਾਬਾ ਬਕਾਲਾ ਪਹੁੰਚੇ ਅਤੇ ਗੁਰੂ ਸੇਵਾ ਵਿਚ ਜੁਟ ਗਏ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਰਣੀਆ ਨੂੰ ਮਾਖੋਵਾਲ ਵਿਖੇ ਇਕ ਹੋਰ ਨਵਾਂ ਨਗਰ ਵਸਾਉਣ ਦਾ ਦੱਸ ਕੇ ਉਥੇ ਪਹੁੰਚਣ ਦੀ ਹਦਾਇਤ ਕੀਤੀ। ਗੁਰੂ ਪਿਆਰ 'ਚ ਰੰਗੇ ਇਹ ਭਾਈ ਰਣੀਆ ਹੀ ਭਾਈ ਸੰਗਤ ਸਿੰਘ ਦੇ ਪਿਤਾ ਸਨ।

ਜਦੋਂ ਗੁਰੂ ਤੇਗ ਬਹਾਦਰ ਨੇ ਕਹਿਲੂਰ ਦੇ ਰਾਜੇ ਕੋਲੋਂ ਪਿੰਡ ਮਾਖੋਵਾਲ ਦੀ ਜਮੀਨ ਖਰੀਦ ਕੇ ਇੱਥੇ ਨਵਾਂ ਨਗਰ ਵਸਾਇਆ ਤਾਂ ਇਸ ਦਾ ਨਾਂ ਆਪਣੀ ਮਾਤਾ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਜੋ ਬਾਅਦ ਵਿਚ ਅਨੰਦਪੁਰ ਸਾਹਿਬ ਬਣ ਗਿਆ। ਇਸ ਨਗਰ ਦੀ ਨੀਂਹ ਦਾ ਟੱਕ 19 ਜੂਨ 1665 ਨੂੰ ਬਾਬਾ ਬੁੱਢਾ ਦੇ ਪੋਤਰੇ ਬਾਬਾ ਗੁਰਦਿੱਤਾ ਨੇ ਲਾਇਆ ਸੀ। ਉਸ ਸਮੇਂ ਭਾਈ ਸੰਗਤ ਸਿੰਘ ਦੇ ਮਾਤਾ-ਪਿਤਾ ਭਾਈ ਰਣੀਆ ਤੇ ਬੀਬੀ ਅਮਰੋ ਨੇ ਗੁਰੂ ਘਰ ਦੇ ਸੇਵਾਦਾਰਾਂ ਵਜੋਂ ਆਪਣਾ ਜੀਵਨ ਅਰਪਣ ਕੀਤਾ ਸੀ। ਇੱਥੋਂ ਹੀ ਸਿੱਖੀ ਦੇ ਪ੍ਰਚਾਰ ਲਈ ਗੁਰੂ ਤੇਗ ਬਹਾਦਰ ਚੱਲੇ ਸਨ। ਸੰਗਤਾਂ ਵਿਚ ਮਾਤਾ ਨਾਨਕੀ, ਮਾਤਾ ਗੁਜਰੀ, ਮਾਮਾ ਕ੍ਰਿਪਾਲ ਚੰਦ ਅਤੇ ਹੋਰ ਕਈਆਂ ਦੇ ਨਾਲ ਬੀਬੀ ਅਮਰੋ ਤੇ ਭਾਈ ਰਣੀਆ ਵੀ ਸ਼ਾਮਲ ਸਨ। ਪ੍ਰਚਾਰ ਵਜੋਂ ਮਾਲਵੇ ਦੇ ਬਾਂਗਰ ਇਲਾਕੇ ਤੇ ਮਥੁਰਾ, ਕੁਰੂਕਸ਼ੇਤਰ, ਆਗਰਾ, ਕਾਨਪੁਰ, ਇਲਾਹਾਬਾਦ ਆਦਿ ਅਨੇਕਾਂ ਥਾਂਵਾਂ 'ਤੇ ਗੁਰੂ ਨਾਨਕ ਦੀ ਸਿੱਖੀ ਦਾ ਪ੍ਰਚਾਰ ਕਰਦਿਆਂ ਬਿਹਾਰ ਦੇ ਪਟਨਾ ਸ਼ਹਿਰ ਪਹੁੰਚੇ। ਸੰਗਤਾਂ ਨੂੰ ਮੁੱਖ ਤੌਰ 'ਤੇ ਬੀਬੀ ਅਮਰੋ ਅਤੇ ਭਾਈ ਰਣੀਆ ਨੂੰ ਆਪਣੇ ਪਰਿਵਾਰ ਦੀ ਦੇਖ ਭਾਲ ਦੀ ਜਿੰਮੇਵਾਰੀ ਸੌਂਪ ਕੇ ਨੌਵੇਂ ਗੁਰੂ ਸਿੱਖੀ ਦੇ ਪ੍ਰਚਾਰ ਖਾਤਰ ਅਸਾਮ ਅਤੇ ਢਾਕਾ ਵੱਲ ਚਲੇ ਗਏ।

ਪਟਨਾ ਵਿਖੇ 22 ਦਸੰਬਰ 1666 ਨੂੰ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ। ਇਸ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਦੀ ਕੁੱਖੋਂ ਭਾਈ ਰਣੀਆ ਦੇ ਘਰ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਸੰਗਤਾ ਰੱਖਿਆ ਗਿਆ। ਬਾਲ ਸੰਗਤੇ ਦੀ ਸ਼ਕਲ ਬਾਲ ਗੋਬਿੰਦ ਰਾਏ ਨਾਲ ਬਹੁਤ ਹੀ ਮਿਲਦੀ ਸੀ। ਇਕ ਦੰਦ ਕਥਾ ਅਨੁਸਾਰ ਇਕ ਵਾਰ ਜਦੋਂ ਗੋਬਿੰਦ ਰਾਏ ਤੇ ਭਾਈ ਸੰਗਤਾ ਰਾਣੀ ਮੈਣੀ ਦੇ ਘਰ ਗਏ ਤਾਂ ਭੁਲੇਖਾ ਪਾਉਣ ਵਾਸਤੇ ਗੋਬਿੰਦ ਰਾਏ ਨੇ ਭਾਈ ਸੰਗਤੇ ਨੂੰ ਅੱਗੇ ਕਰ ਦਿੱਤਾ। ਰਾਣੀ ਪੂਰੀ ਪਛਾਣ ਤਾਂ ਨਾ ਕਰ ਸਕੀ ਪਰ ਦੋਵਾਂ ਨੂੰ ਪਿਆਰ ਦਿੰਦਿਆਂ ਕਹਿਣ ਲੱਗੀ, 'ਤੁਸੀਂ ਦੋਵੇਂ ਹੀ ਮੇਰੇ ਪਿਆਰੇ ਪੁੱਤਰ ਹੋ।'

ਦਸਵੇਂ ਪਾਤਸ਼ਾਹ ਤੇ ਭਾਈ ਸੰਗਤ ਸਿੰਘ ਦਾ ਬਚਪਨ ਇਕੱਠਾ ਹੀ ਬੀਤਿਆ। ਬਚਪਨ ਵਿਚ ਹੀ ਫਰਜ਼ੀ ਜੰਗ ਦੀ ਖੇਡ ਖੇਡਣ ਸਮੇਂ ਗੋਬਿੰਦ ਰਾਏ ਖੇਡਣ ਵਾਸਤੇ ਦੋ ਟੋਲੀਆਂ ਬਣਾਉਂਦੇ-ਇਕ ਦੇ ਆਪ ਆਗੂ ਬਣਦੇ ਤੇ ਦੂਜੀ ਦੀ ਅਗਵਾਈ ਭਾਈ ਸੰਗਤਾ ਕਰਦੇ। ਇਸ ਸਮੇਂ ਹੀ ਆਪਸੀ ਸਾਂਝ ਬਣੀ ਜੋ ਸਾਰੀ ਉਮਰ ਰਹੀ। ਭਾਈ ਸੰਗਤ ਸਿੰਘ ਨੇ ਗੁਰੂ ਸਾਹਿਬ ਨਾਲ ਹੀ ਸ਼ਸਤਰ ਵਿੱਦਿਆ, ਤਲਵਾਰਬਾਜ਼ੀ, ਨੇਜ਼ਾਬਾਜ਼ੀ, ਘੋੜਸਵਾਰੀ ਆਦਿ ਵਿਚ ਨਿਪੁੰਨਤਾ ਪ੍ਰਾਪਤ ਕੀਤੀ।

ਗੁਰੂ ਸਾਹਿਬ ਕੋਲ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਆਉਂਦੇ ਸਨ। ਇਕ ਦਿਨ ਦਰਬਾਰ ਵਿਚ ਇਕ ਬ੍ਰਾਹਮਣ ਰੋਂਦਾ ਹੋਇਆ ਆਇਆ ਤੇ ਫਰਿਆਦ ਕੀਤੀ ਕਿ ਉਸ ਦੀ ਘਰ ਵਾਲੀ ਨੂੰ ਇਕ ਪਠਾਣ ਉਸ ਤੋਂ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ, ਉਸ ਦੀ ਮਦਦ ਕੀਤੀ ਜਾਵੇ। ਗੁਰੂ ਆਦੇਸ਼ ਮਿਲਦਿਆਂ ਹੀ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਘੋੜਿਆਂ 'ਤੇ ਅਸਵਾਰ ਹੋ ਕੇ ਪਠਾਣ ਦੀ ਪੈੜ ਨੱਪਦੇ ਉਸ ਦੇ ਮਗਰ ਹੋ ਤੁਰੇ। ਪਠਾਣ ਅਜੇ ਆਪਣੇ ਘਰ ਪਹੁੰਚਿਆ ਹੀ ਸੀ ਤੇ ਬ੍ਰਾਹਮਣੀ ਬੈਠੀ ਰੋ ਰਹੀ ਸੀ ਕਿ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਸੰਗਤ ਸਿੰਘ ਪਹੁੰਚ ਗਏ। ਪਠਾਣ ਦੀ ਚੰਗੀ ਸੁਧਾਈ ਕਰਨ ਪਿਛੋਂ ਜਦੋਂ ਭਾਈ ਸੰਗਤ ਸਿੰਘ ਉਸ ਪਾਪੀ 'ਤੇ ਤਲਵਾਰ ਦਾ ਵਾਰ ਕਰਨ ਲੱਗੇ ਤਾਂ ਪਠਾਣ ਦੇ ਘਰ ਵਾਲੀ ਦਾ ਤਰਲਾ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ। ਉਸ ਬੀਬੀ ਨੂੰ ਨਾਲ ਲਿਆ ਕੇ ਬ੍ਰਾਹਮਣ ਦੇ ਹਵਾਲੇ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਜਦੋਂ ਅਨੰਦਪੁਰ ਦੇ ਕਿਲਾ ਅਨੰਦਗੜ੍ਹ ਨੂੰ ਮੁਗਲ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ ਤੇ ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਕਿ ਬਾਹਰੋਂ ਰਸਦ ਪਾਣੀ ਅੰਦਰ ਆਉਣਾ ਵੀ ਔਖਾ ਹੋ ਗਿਆ। ਉਸ ਵੇਲੇ ਕਿਲੇ ਦੀ ਰਾਖੀ ਵਾਸਤੇ ਉਡਣ ਦਸਤੇ ਬਣਾਏ ਗਏ। ਇਕ ਦਸਤੇ ਦੀ ਅਗਵਾਈ ਭਾਈ ਸੰਗਤ ਸਿੰਘ ਨੂੰ ਸੌਂਪੀ ਗਈ।

1699 ਦੀ ਵਿਸਾਖੀ ਨੂੰ ਜਦੋਂ ਦਸਮ ਪਾਤਸ਼ਾਹ ਨੇ ਖਾਲਸੇ ਦੀ ਸਾਜਨਾ ਕੀਤੀ ਤਾਂ ਦਸਵੇਂ ਗੁਰੂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ। ਭਾਈ ਸੰਗਤਾ ਵੀ ਅੰਮ੍ਰਿਤਪਾਨ ਕਰਕੇ ਸੰਗਤ ਸਿੰਘ ਬਣ ਗਿਆ। ਭਾਈ ਸੰਗਤ ਸਿੰਘ ਦੇ ਨਾਲ ਅੰਮ੍ਰਿਤ ਛਕਣ ਵਾਲਿਆਂ ਵਿਚ ਉਨ੍ਹਾਂ ਦੇ ਮਾਤਾ-ਪਿਤਾ ਅਤੇ ਚਾਚਾ ਭਾਈ ਜੋਧਾ, ਸਾਥੀ ਭਾਈ ਮਦਨਾ, ਭਾਈ ਕਾਠਾ ਤੇ ਭਾਈ ਰਾਮ ਸਿੰਘ ਵੀ ਸ਼ਾਮਲ ਸਨ। ਇਸ ਪਿਛੋਂ ਗੁਰੂ ਦੇ ਹੁਕਮ ਅਨੁਸਾਰ ਭਾਈ ਸੰਗਤ ਸਿੰਘ ਮਾਲਵੇ ਦੇ ਪਿੰਡਾਂ ਵਿਚ ਸਿੱਖੀ ਦੇ ਪ੍ਰਚਾਰ ਹਿੱਤ ਗਏ।

20 ਦਸੰਬਰ 1704 ਨੂੰ ਰਾਤ ਦੇ ਪਹਿਲੇ ਪਹਿਰ ਸਿੱਖਾਂ ਨੇ ਮਾਤਾ ਗੁਜਰੀ ਰਾਹੀਂ ਜੋਰ ਪਵਾ ਕੇ ਦਸ਼ਮੇਸ਼ ਪਿਤਾ ਨੂੰ ਅਨੰਦਪੁਰ ਛੱਡਣ ਵਾਸਤੇ ਰਾਜ਼ੀ ਕਰ ਲਿਆ। ਅੱਗੋਂ ਸਰਸਾ ਦੀ ਨਦੀ ਠਾਠਾਂ ਮਾਰ ਰਹੀ ਸੀ। ਵੈਰੀ ਕੁਰਾਨ ਦੀਆਂ ਕਸਮਾਂ ਤੋੜ ਕੇ ਹਮਲਾਵਰ ਹੋ ਕੇ ਆ ਪਏ। ਇੱਥੇ ਭਿਆਨਕ ਜੰਗ ਹੋਈ, ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਪਰਿਵਾਰ ਦੇ ਵਿਛੋੜੇ ਪੈ ਗਏ। ਗੁਰੂ ਸਾਹਿਬ ਨੇ ਚਾਲੀ ਸਿੰਘਾਂ ਨਾਲ ਚਮਕੌਰ ਸਾਹਿਬ ਜਾਣ ਦਾ ਫੈਸਲਾ ਕਰ ਲਿਆ। 21 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਚਮਕੌਰ ਪਹੁੰਚੇ ਤਾਂ ਮੁਗਲਾਂ ਨੂੰ ਖਬਰ ਹੋ ਗਈ। ਇਸ ਕਰਕੇ ਛੇਤੀ ਹੀ ਨਾਹਰ ਖਾਂ ਤੇ ਖੁਆਜਾ ਜਫਰ ਬੇਗ ਦੀ ਅਗਵਾਈ ਵਿਚ ਭਾਰੀ ਗਿਣਤੀ ਵਿਚ ਮੁਗਲ ਫੌਜ ਪਹੁੰਚ ਗਈ। ਨਾਹਰ ਖਾਂ ਗੁਰੂ ਸਾਹਿਬ ਦੇ ਇਕ ਤੀਰ ਨਾਲ ਮਾਰਿਆ ਗਿਆ ਤੇ ਜਫਰ ਬੇਗ ਜਾਨ ਬਚਾ ਕੇ ਭੱਜ ਗਿਆ। ਜੰਗ ਵਿਚ ਪਹਿਲਾਂ ਵੱਡੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਹੋਈਆਂ। ਇਸ ਬਾਰੇ ਮਿਰਜ਼ਾ ਅਬਦੁੱਲ ਗਨੀ ਖਾਨ ਗੁਰੂ ਸਾਹਿਬ ਵਲੋਂ ਲਿਖਦਾ ਹੈ:

ਬੇਟੋਂ ਕੇ ਕਤਲ ਹੋਨੇ ਕੀ
ਪਹੁੰਚੀ ਯੂੰ ਹੀ ਖਬਰ
ਸ਼ੁਕਰੇ ਅੱਲਾ ਕੀਆ ਉਠਾ ਕੇ ਸਰ
ਮੁਝ ਪਰ ਸੇ ਆਜ ਤੇਰੀ
ਅਮਾਨਤ ਅਦਾ ਹੂਈ
ਬੇਟੋਂ ਕੀ ਜਾਂ, ਧਰਮ ਕੀ ਖਾਤਿਰ ਅਦਾ ਹੂਈ।

ਅੱਲਾ ਯਾਰ ਖਾਂ ਜੋਗੀ ਲਿਖਦਾ ਹੈ:

ਜਿਸ ਖਿੱਤੇ ਮੇਂ ਹਮ ਕਹਿਤੇ ਥੇ
ਅੱਲਾ ਯਹ ਵੋਹੀ ਹੈ
ਕੁੱਲ ਲੁਟਾ ਕੇ ਜਿਸ ਜਗਾ ਸੇ
ਜਾਨਾ ਯਹ ਵੋਹੀ ਹੈ
ਜਿਸ ਜਗਾ ਪੇ ਹੈ ਬੱਚੋਂ ਕੋ ਕਟਾਨਾ
ਯਹ ਵੋਹੀ ਹੈ
ਮੱਟੀ ਕਹਿ ਦੇਤੀ ਹੈ ਕਿ ਠਿਕਾਨਾ
ਯਹ ਵੋਹੀ ਹੈ।

ਸ਼ਹੀਦ ਪਿਉ ਦਾ ਪੁੱਤਰ ਤੇ ਸ਼ਹੀਦ ਪੁੱਤਰਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਆਪਣੇ ਆਪ ਨੂੰ ਕੱਲ੍ਹ ਜੰਗ ਵਿਚ ਸ਼ਹੀਦ ਹੋਣ ਵਾਸਤੇ ਤਿਆਰ ਕਰ ਰਹੇ ਹਨ। ਬਚਦੇ ਸਿੰਘਾਂ ਨੇ ਖਾਲਸਾ ਪੰਥ ਦੀ ਸਾਜਣਾ ਵੇਲੇ 'ਆਪੇ ਗੁਰ ਚੇਲਾ' ਬਣਨ ਵਾਲੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਚਮਕੌਰ ਦੀ ਗੜ੍ਹੀ ਛੱਡ ਜਾਣ। ਗੁਰੂ ਸਾਹਿਬ ਨੇ ਖਾਲਸੇ ਦੇ ਹੁਕਮ ਅੱਗੇ ਸੀਸ ਨਿਵਾਇਆ ਤੇ ਹੁਕਮ ਮੰਨਿਆ ਅਤੇ ਆਪਣੇ ਬਚਪਨ ਦੇ ਬੇਲੀ ਭਾਈ ਸੰਗਤ ਸਿੰਘ, ਜੋ ਉਨ੍ਹਾਂ ਦੇ ਹਮਸ਼ਕਲ ਤੇ ਹਮ ਉਮਰ ਵੀ ਸਨ ਤੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਜੰਗਜੂ ਸਿਪਾਹੀ ਵੀ ਸਨ, ਨੂੰ ਛਾਤੀ ਨਾਲ ਲਾਇਆ ਤੇ ਆਪਣੀ ਹੀਰਿਆਂ ਜੜੀ ਕਲਗੀ (ਜਿਸ ਨੂੰ ਜਿਗਾ ਕਲਗੀ ਵੀ ਲਿਖਿਆ ਤੇ ਕਿਹਾ ਜਾਂਦਾ ਹੈ) ਉਸ ਦੇ ਸਿਰ 'ਤੇ ਸਜਾਈ। ਆਪਣੇ ਸ਼ਸਤਰ-ਬਸਤਰ ਦਿੰਦਿਆਂ ਕਿਹਾ ਕਿ ਭਾਈ ਸੰਗਤ ਸਿੰਘ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ, ਕਲਗੀ ਸਣੇ ਮੇਰੇ ਮੋਰਚੇ ਵਾਲੇ ਆਸਣ 'ਤੇ ਬੈਠਣਾ ਹੈ ਅਤੇ ਦਿਨ ਚੜ੍ਹਨ 'ਤੇ ਜਦੋਂ ਮੁਗਲ ਫੌਜੀ ਗੜ੍ਹੀ ਉਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ ਹੈ। ਜਿਉਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾ। ਇਸ ਸਬੰਧੀ 'ਗੁਰਬਿਲਾਸ ਪਾਤਸ਼ਾਹੀ ਦਸਵੀਂ' ਵਿਚ ਭਾਈ ਕੋਇਰ ਸਿੰਘ ਲਿਖਦੇ ਹਨ:

ਜੋਤਿ ਦਈ ਤਿਹ ਕੋ ਅਪਨੀ
ਪੁਨਿ ਕਲਗੀ ਓ ਜਿਗਾ ਸੁਖਦਾਨੀ।
ਸੰਗਤ ਸਿੰਘ ਹੈ ਨਾਮ ਜਿਸੈ
ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰਸਾਨੀ।

ਜੰਗ ਸਬੰਧੀ ਗੁਰੂ ਸਾਹਿਬ ਦੇ ਵਿਚਾਰ ਜ਼ਫਰਨਾਮੇ ਦੇ ਬੰਦ 22 ਵਿਚ ਇਸ ਤਰ੍ਹਾਂ ਦਰਜ ਹਨ:

ਚੂੰ ਕਰ ਅਜ਼ ਹਮਹ ਹੀਲਤੇ ਦਰ ਗੁਜਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਜਦੋਂ ਕਿਸੇ ਕੰਮ ਲਈ ਸਾਰੇ ਉਪਾਓ ਖਤਮ ਹੋ ਜਾਣ ਤਦ ਤਲਵਾਰ ਨੂੰ ਹੱਥ ਵਿਚ ਧਾਰਨ ਕਰਨਾ ਜਾਇਜ਼ ਹੈ।

ਗੁਰੂ ਸਾਹਿਬ ਭਾਈ ਸੰਗਤ ਸਿੰਘ ਨੂੰ ਜਿਗਾ ਕਲਗੀ ਤੇ ਆਪਣੇ ਵਸਤਰ ਪਹਿਨਾਉਂਦਿਆ ਆਪਣਾ ਕਿਹਾ ਹੀ ਸੱਚ ਕਰ ਰਹੇ ਸਨ:

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸਾ ਮੇਂ ਹੀ ਕਰੋਂ ਨਿਵਾਸ॥

ਜਦੋਂ ਗੁਰੂ ਸਾਹਿਬ ਦੋ ਸਿੰਘਾਂ ਸਮੇਤ ਰਾਤ ਦੇ ਹਨੇਰੇ ਵਿਚ ਚਮਕੌਰ ਦੀ ਗੜ੍ਹੀ ਛੱਡ ਕੇ ਗਏ ਤਾਂ ਕਿਹਾ ਜਾਂਦਾ ਹੈ ਕਿ ਭਾਈ ਕੀਤਾ ਸਿੰਘ ਤੇ ਭਾਈ ਸੰਗਤ ਸਿੰਘ ਨੇ ਨਗਾਰਾ ਵੀ ਵਜਾਇਆ। ਮੁਗਲ ਫੌਜ ਵਿਚ ਖਲਬਲੀ ਮੱਚ ਗਈ ਕਿ ਕੋਈ ਗੜ੍ਹੀ ਵਿਚੋਂ ਗਿਆ ਹੈ। ਰਾਤ ਦੇ ਹਨੇਰੇ ਵਿਚ ਉਨ੍ਹਾਂ ਪੈੜ ਨੱਪਣ ਦਾ ਜਤਨ ਕੀਤਾ ਪਰ ਸਫਲ ਨਾ ਹੋ ਸਕੇ। ਜਦੋਂ ਸਵੇਰੇ ਮੁਗਲਾਂ ਨੇ ਉਚੀ ਮਮਟੀ (ਗੁੰਬਦ) ਉਤੇ ਬੈਠੇ ਗੁਰੂ ਸਾਹਿਬ ਨੂੰ ਦੇਖਿਆ ਤਾਂ ਵਜ਼ੀਰ ਖਾਨ ਨੂੰ ਦੱਸਿਆ। ਉਸ ਨੇ ਆਪ ਦੇਖਿਆ ਕਿ ਕਲਗੀ ਵੀ ਉਹੀ ਤੇ ਪੌਸ਼ਾਕ ਵੀ ਉਹੀ। ਗੁਰੂ ਸਾਹਿਬ ਵਲੋਂ ਬਖਸ਼ੇ ਬਸਤਰ ਅਤੇ ਕਲਗੀ ਸਜਾਈ ਬੈਠਾ ਇਹ ਨਿਰਭੈ ਯੋਧਾ ਭਾਈ ਸੰਗਤ ਸਿੰਘ ਸੀ। ਇਹ ਸ਼ਹਾਦਤ ਤੋਂ ਕੁੱਝ ਘੜੀਆਂ ਪਹਿਲਾਂ ਦਾ ਚਮਕਾਰਾ ਸੀ।

ਇਸ ਬਾਰੇ ਇਤਿਹਾਸ ਲਿਖਣ ਵਾਲੇ ਜਾਤ ਅਭਿਮਾਨੀਆਂ ਨੇ ਕਈ ਥਾਂ ਗਲਤ ਬਿਆਨੀ ਵੀ ਕੀਤੀ ਤੇ ਜਿਗਾ ਕਲਗੀ ਸਬੰਧੀ ਭੁਲੇਖੇ ਪਾਉਣ ਦਾ ਯਤਨ ਕੀਤਾ। ਇਸ ਸਬੰਧੀ ਹੋਰ ਕਾਫੀ ਸਬੂਤ ਹਨ ਕਿ ਗੁਰੂ ਸਾਹਿਬ ਨੇ ਕਲਗੀ ਤੇ ਸ਼ਸਤਰ-ਬਸਤਰ ਕਿਸੇ ਹੋਰ ਨੂੰ ਨਹੀਂ ਸਗੋਂ ਭਾਈ ਸੰਗਤ ਸਿੰਘ ਨੂੰ ਦਿੱਤੇ ਅਤੇ ਪਹਿਨਾਏ। ਭਾਈ ਕਾਹਨ ਸਿੰਘ ਨਾਭਾ ਭਾਈ ਸੁੱਖਾ ਸਿੰਘ ਦੇ ਹਵਾਲੇ ਨਾਲ ਮਹਾਨ ਕੋਸ਼ ਵਿਚ ਲਿਖਦੇ ਹਨ, 'ਚਮਕੌਰ ਦੇ ਮਕਾਮ 'ਤੇ ਦਸ਼ਮੇਸ਼ ਨੇ ਖਾਲਸੇ ਨੂੰ ਗੁਰਤਾ ਦੇਣ ਵੇਲੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲਗੀ ਬਖਸ਼ੀ।'

ਭਾਈ ਤੇਜਾ ਸਿੰਘ ਸੋਢੀ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 503 ਉਤੇ ਗੁਰੂ ਸਾਹਿਬ ਵਲੋਂ ਭਾਈ ਸੰਗਤ ਸਿੰਘ ਨੂੰ ਕਲਗੀ ਅਤੇ ਬਸਤਰ ਦੇ ਕੇ ਆਪਣਾ ਰੂਪ ਬਖਸ਼ ਦੇਣ ਬਾਰੇ ਲਿਖਦੇ ਹਨ। ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 1016 'ਤੇ ਲਿਖਦੇ ਹਨ ਕਿ 'ਭਾਈ ਸੰਗਤ ਸਿੰਘ ਜੋ ਹੂ-ਬ-ਹੂ ਗੁਰੂ ਦੇ ਸਰੂਪ ਵਾਲਾ ਸੀ, ਨੂੰ ਆਪਣੀ ਜਗ੍ਹਾ 'ਤੇ ਬਿਠਾ ਕੇ ਆਪਣਾ ਸਾਰਾ ਪੁਸ਼ਾਕਾ, ਜਿਗਾ ਕਲਗੀ ਸਮੇਤ ਪਹਿਨਾ ਦਿੱਤਾ। ਫੇਰ ਅਰਦਾਸਾ ਸੋਧਿਆ ਅਤੇ ਕਿਹਾ ਕਿ ਮੈਂ ਅੱਜ ਤੋਂ ਖਾਲਸੇ ਨੂੰ ਗੁਰਿਆਈ ਬਖਸ਼ ਦਿੱਤੀ।

ਸੋਹਣ ਸਿੰਘ ਸੀਤਲ ਨੇ ਵੀ 'ਗੁਰ ਇਤਿਹਾਸ ਦਸ ਪਾਤਸ਼ਾਹੀਆਂ' ਪੰਨਾ 349 'ਤੇ ਭਾਈ ਸੰਗਤ ਸਿੰਘ ਦੇ ਸੀਸ 'ਤੇ ਕਲਗੀ ਸਜਾ ਕੇ ਆਪਣਾ ਪੌਸ਼ਾਕਾ ਪਹਿਨਾ ਦੇਣ ਬਾਰੇ ਜ਼ਿਕਰ ਕੀਤਾ ਹੈ।

ਪ੍ਰਿੰ. ਸਤਬੀਰ ਸਿੰਘ 'ਸਿੱਖ ਇਤਿਹਾਸ ਭਾਗ ਪਹਿਲਾ' ਦੇ ਪੰਨਾ 349 ਉਤੇ ਲਿਖਦੇ ਹਨ, 'ਗੁਰੂ ਗੋਬਿੰਦ ਸਿੰਘ ਨੇ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡਣਾ ਪਰਵਾਨ ਕਰ ਲਿਆ ਅਤੇ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਕੇ ਗੜ੍ਹੀ ਛੱਡਣ ਦੀ ਤਿਆਰੀ ਕਰ ਲਈ।' ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ 'ਸਹਿਜੇ ਰਚਿਓ ਖਾਲਸਾ' ਦੇ ਪੰਨਾ 410 'ਤੇ ਕਲਗੀ ਭਾਈ ਸੰਗਤ ਸਿੰਘ ਦੇ ਸਿਰ ਉਤੇ ਸਜਾਉਣ ਦੀ ਗੱਲ ਦਰਜ ਕੀਤੀ ਹੈ।

ਡਾ. ਅਨੂਪ ਸਿੰਘ ਨੇ 'ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ' ਦੇ ਪੰਨਾ 196 'ਤੇ ਲਿਖਿਆ ਹੈ, 'ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਤੇ ਕੱਦ-ਕਾਠ ਗੁਰੂ ਨਾਲ ਮਿਲਦਾ ਜੁਲਦਾ ਸੀ, ਇਸ ਵਾਸਤੇ ਉਸ ਨੂੰ ਕਲਗੀ ਸਜਾਈ ਤੇ ਗੜ੍ਹੀ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਸਾਡੇ ਨਿਕਲਣ ਸਮੇਂ ਨਗਾਰਾ ਵਜਾਉਂਦੇ ਰਹਿਣਾ ਤੇ ਦੁਸ਼ਮਣ ਵਲੋਂ ਕੀਤੇ ਜਾਂਦੇ ਵਾਰਾਂ ਦਾ ਮੂੰਹ ਤੋੜ ਜਵਾਬ ਦਿੰਦੇ ਰਹਿਣਾ ਤਾਂ ਜੋ ਦੁਸ਼ਮਣ ਨੂੰ ਗੜ੍ਹੀ ਵਿਚ ਬਹੁਤੇ ਸਿੰਘ ਹੋਣ ਦਾ ਭੁਲੇਖਾ ਬਣਿਆ ਰਹੇ।'

ਗਿਆਨੀ ਗੁਰਚਰਨ ਸਿੰਘ ਨੇ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ' ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੀ ਜਿਗਾ ਕਲਗੀ ਤੇ ਬਸਤਰ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤੇ।

ਡਾ. ਗੰਡਾ ਸਿੰਘ ਦੀ ਲਿਖਤ ਅਨੁਸਾਰ 23 ਦਸੰਬਰ 1704 ਨੂੰ ਸਵੇਰੇ ਜਦੋਂ ਮੁਗਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਦੇ ਗੁਰੂ ਸਾਹਿਬ ਵਾਲੀ ਪਹਿਨੀ ਹੋਈ ਪੌਸ਼ਾਕ ਤੇ ਕਲਗੀ ਤੋਂ ਭੁਲੇਖਾ ਖਾ ਗਏ। ਬਾਬਾ ਸੰਗਤ ਸਿੰਘ ਅੰਤ ਸਮੇਂ ਤੱਕ ਗੁਰੂ ਫਤਿਹ ਦੇ ਜੈਕਾਰੇ ਗਜਾਉਂਦੇ ਰਹੇ।

ਸਵੇਰੇ ਮੁਗਲਾਂ ਦੀ ਸਲਾਹ ਹੋਈ ਸੀ ਕਿ ਸਿੱਖਾਂ ਦੇ ਗੁਰੂ ਨੂੰ ਜਿਉਂਦਾ ਫੜ੍ਹਿਆ ਜਾਵੇ। ਆਖਰ ਮੁਗਲਾਂ ਨੇ ਹਮਲਾ ਕੀਤਾ ਤੇ ਲੜਾਈ ਹੱਥੋ-ਹੱਥੀ ਹੋਈ। ਭਾਈ ਸੰਗਤ ਸਿੰਘ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਆਖਰ ਬਹੁਤ ਹੀ ਜਖਮੀ ਹਾਲਤ ਵਿਚ ਧਰਤੀ 'ਤੇ ਡਿਗ ਪਏ। ਮੁਗਲ ਇਹ ਹੀ ਸੋਚਦੇ ਰਹੇ ਕਿ ਇਹ ਗੁਰੂ ਹੀ ਹੈ। ਇੱਕ ਪਠਾਣ ਨੇ ਕਾਹਲੀ ਨਾਲ ਅੱਗੇ ਵਧ ਕੇ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਇਸ ਸਮੇਂ ਬਾਰੇ ਭਾਈ ਕੁਇਰ ਸਿੰਘ ਲਿਖਦੇ ਹਨ:

ਕਲਗੀ ਜਿਗਾ ਔਰ ਯਹ ਹੋਈ,
ਗੋਬਿੰਦ ਇਹੈ ਹੈ ਸੋਈ।
ਮਾਰ ਮੀਸ਼ ਸ਼ਮਸ਼ੀਰ ਪਠਾਨਾਂ,
ਸੀਸ ਰਹਿਤ ਕਲਗੀ ਲੀ ਮਾਨਾ।

ਭਾਈ ਸੰਗਤ ਸਿੰਘ ਦੀ ਸ਼ਹੀਦੀ ਉਪਰੰਤ ਮੁਗਲਾਂ ਅਤੇ ਪਹਾੜੀ ਰਾਜਿਆਂ ਵਿਚ ਗੁਰੂ ਗੋਬਿੰਦ ਸਿੰਘ ਦੇ ਮਾਰੇ ਜਾਣ ਦੀ ਖਬਰ ਫੈਲਾਈ ਗਈ। ਅਗਲੇ ਹੀ ਦਿਨ ਚਮਕੌਰ ਦੀ ਗੜ੍ਹੀ ਵਿਚੋਂ ਭਾਈ ਸੰਗਤ ਸਿੰਘ ਦਾ ਸੀਸ ਲਿਆ ਕੇ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ-ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਵੀ ਦਿਖਾਇਆ ਗਿਆ। ਛੋਟੇ ਸਾਹਿਜ਼ਾਦਿਆਂ ਨੇ ਕਿਹਾ ਕਿ ਇਹ ਸੀਸ ਸਾਡੇ ਗੁਰੂ ਪਿਤਾ ਦਾ ਨਹੀਂ ਸਗੋਂ ਇਹ ਸੀਸ ਤਾਂ ਗੁਰੂ ਪਿਆਰੇ ਭਾਈ ਸੰਗਤ ਸਿੰਘ ਦਾ ਹੈ। ਇਸ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਬਚਪਨ ਵਿਚ ਖਿਡਾਉਣ ਵਾਲੀ ਬੀਬੀ ਜੈਨਾ ਨੂੰ ਬੁਲਾ ਕੇ ਪੁੱਛਿਆ ਗਿਆ ਤਾਂ ਉਸ ਨੇ ਵੀ ਇਸ ਨੂੰ ਭਾਈ ਸੰਗਤ ਸਿੰਘ ਦਾ ਸੀਸ ਕਿਹਾ। ਪਰ ਮੁਗਲਾਂ ਨੂੰ ਜਿਵੇਂ ਇਤਬਾਰ ਹੀ ਨਾ ਆ ਰਿਹਾ ਹੋਵੇ। ਇਸ ਉਪਰੰਤ ਗੁਰੂ ਸਾਹਿਬ ਨੂੰ ਬਚਪਨ ਵਿਚ ਫਾਰਸੀ ਦੀ ਸਿੱਖਿਆ ਦੇਣ (ਇੱਥੇ ਯਾਦ ਰਹੇ ਕਿ ਫਾਰਸੀ ਦਾ ਸਬਕ ਲੈਣ ਵੇਲੇ ਕਦੇ ਕਦੇ ਭਾਈ ਸੰਗਤਾ ਵੀ ਬਾਲ ਗੋਬਿੰਦ ਰਾਏ ਦੇ ਨਾਲ ਹੀ ਹੁੰਦੇ ਸਨ) ਵਾਲੇ ਕਾਜ਼ੀ ਨੂਰਦੀਨ ਨੂੰ ਸੱਦਿਆ ਗਿਆ। ਉਨ੍ਹਾਂ ਨੇ ਵੀ ਕਚਹਿਰੀ ਵਿਚ ਕਿਹਾ ਕਿ ਇਹ ਸੀਸ ਤਾਂ ਭਾਈ ਸੰਗਤ ਸਿੰਘ ਦਾ ਹੈ, ਗੁਰੂ ਸਾਹਿਬ ਦਾ ਨਹੀਂ।

ਇਸ ਤਰ੍ਹਾਂ ਭਾਈ ਸੰਗਤ ਸਿੰਘ ਨੇ ਗੁਰਸਿੱਖੀ ਦੇ ਅਸੂਲਾਂ 'ਤੇ ਚੱਲਦਿਆਂ ਸ਼ਹਾਦਤ ਦਾ ਜਾਮ ਪੀਤਾ। ਇੱਥੇ ਹੀ ਵੱਡੇ ਸਾਹਿਬਜ਼ਾਦਿਆਂ-ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਹੀ 37 ਸਿੰਘ ਹੋਰ ਸ਼ਹੀਦ ਹੋਏ ਜਿਨ੍ਹਾਂ ਵਿਚ 1699 ਦੀ ਵਿਸਾਖੀ ਵਿਚ ਸਾਜੇ ਪਹਿਲੇ ਪੰਜ ਪਿਆਰਿਆਂ ਵਿਚੋਂ ਤਿੰਨ-ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਸ਼ਾਮਲ ਸਨ। ਜਿੱਥੇ ਚਮਕੌਰ ਦੀ ਗੜ੍ਹੀ ਵਾਲੀ ਘਮਸਾਣ ਦੀ ਜੰਗ ਹੋਈ ਸੀ, ਉਥੇ ਹੁਣ ਗੁਰਦੁਆਰਾ ਗੜ੍ਹੀ ਸਾਹਿਬ ਸਥਿੱਤ ਹੈ।

ਸਿੱਖ ਇਤਿਹਾਸ ਵਿਚ ਜਿੱਥੇ ਵੀ ਸਿਦਕਦਿਲੀ ਵਾਲੇ ਸੂਰਮਿਆਂ ਤੇ ਗੁਰੂ ਸਾਹਿਬ ਦੇ ਵਫਾਦਾਰ ਕੁਰਬਾਨੀ ਵਾਲੇ ਬਹਾਦਰ ਯੋਧਿਆਂ ਦੀ ਗੱਲ ਚੱਲੇਗੀ, ਉਥੇ ਹਮੇਸ਼ਾ ਹੀ ਭਾਈ ਸੰਗਤ ਸਿੰਘ ਦਾ ਨਾਮ ਮੋਹਰਲੀਆਂ ਕਤਾਰਾਂ ਵਿਚ ਲਿਆ ਜਾਵੇਗਾ।

# ਦੀਵਾਨ ਟੋਡਰ ਮੱਲ ਦੀ ਹਵੇਲੀ: ਅੱਖੀਂ ਡਿੱਠਾ ਹਾਲ

**ਪਰਮਜੀਤ ਕੌਰ ਸਰਹਿੰਦ**
ਫੋਨ: +91-98728-98599

ਸਿੱਖ ਜਗਤ ਵਿਚ ਦੀਵਾਨ ਟੋਡਰ ਮੱਲ ਦਾ ਨਾਂ ਆਦਰ ਨਾਲ ਲਿਆ ਜਾਂਦਾ ਹੈ ਅਤੇ ਸਿੱਖ ਇਤਿਹਾਸ ਵਿਚ ਵੀ ਉਨ੍ਹਾਂ ਦਾ ਜ਼ਿਕਰ ਅਹਿਮੀਅਤ ਰੱਖਦਾ ਹੈ। ਉਨ੍ਹਾਂ ਸਮੇਂ ਦੀ ਜ਼ਾਲਮ ਹਕੂਮਤ ਨੂੰ ਦੱਸਿਆ ਕਿ ਜ਼ੁਲਮ ਦੇ ਝੁੱਲ ਰਹੇ ਝੱਖੜਾਂ ਵਿਚ ਵੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਜਾਗਦੀ ਜ਼ਮੀਰ ਵਾਲੇ ਉਪਾਸ਼ਕ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਨ। ਸਰਹਿੰਦ ਵਿਖੇ ਜਹਾਜ਼ ਹਵੇਲੀ ਦੀਵਾਨ ਟੋਡਰ ਮੱਲ ਦੀ ਰਿਹਾਇਸ਼ਗਾਹ ਸੀ।

ਮਜ਼ਹਬੀ ਜਨੂੰਨ ਅਤੇ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਹੋਏ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਪਹਿਲਾਂ ਜਿਉਂਦੇ ਦੀਵਾਰ ਵਿਚ ਚਿਣਵਾਇਆ ਤੇ ਫਿਰ ਕੋਹ-ਕੋਹ ਕੇ ਸ਼ਹੀਦ ਕਰਵਾਇਆ। ਠੰਢੇ ਬੁਰਜ ਵਿਚ ਮਾਤਾ ਗੁਜਰੀ ਵੀ ਸਵਾਸ ਤਿਆਗ ਕੇ ਸ਼ਹਾਦਤ ਦਾ ਜਾਮ ਪੀ ਗਏ। ਇਹ ਸ਼ਹੀਦੀ ਸਾਕਾ 13 ਪੋਹ, 1761 ਬਿਕਰਮੀ ਮੁਤਾਬਿਕ 27 ਦਸੰਬਰ 1704 ਨੂੰ ਵਰਤਿਆ। ਸੂਬਾ ਸਰਹਿੰਦ ਨੇ ਤਿੰਨਾਂ ਪਾਵਨ ਦੇਹਾਂ ਨੂੰ ਨਾਲ ਵਗਦੀ ਹੰਸਲਾ ਨਦੀ ਕੋਲ ਸੁਟਵਾ ਦਿੱਤਾ। ਮੁਗ਼ਲ ਹਕੂਮਤ ਦੀ ਦਹਿਸ਼ਤ ਕਾਰਨ ਸਸਕਾਰ ਲਈ ਥਾਂ ਨਹੀਂ ਸੀ ਮਿਲ ਰਹੀ, ਪਰ ਦੀਵਾਨ ਟੋਡਰ ਮੱਲ ਨੇ ਆਪਣੀ ਪਹੁੰਚ ਨਾਲ ਸੂਬੇ ਤੋਂ ਇਜਾਜ਼ਤ ਲਈ। ਚੌਧਰੀ ਅੱਤਾ ਨਾਂ ਦੇ ਜ਼ਿਮੀਦਾਰ ਤੋਂ ਜ਼ਮੀਨ ਖ਼ਰੀਦੀ ਜੋ ਦੁਨੀਆਂ ਦੀ ਸਭ ਤੋਂ ਮਹਿੰਗੇ ਮੁੱਲ ਦੀ ਜ਼ਮੀਨ ਹੋ ਨਿਬੜੀ। ਸਸਕਾਰ ਲਈ ਲੋੜੀਂਦੀ ਜ਼ਮੀਨ ਉਤੇ ਦੀਵਾਨ ਟੋਡਰ ਮੱਲ ਨੇ ਖੜ੍ਹਵੇਂ ਦਾਅ ਸੋਨੇ ਦੀਆਂ ਅਸ਼ਰਫੀਆਂ (ਮੋਹਰਾਂ) ਚਿਣ-ਚਿਣ ਕੇ ਉਸ ਜ਼ਮੀਨ ਦੀ ਕੀਮਤ ਅਦਾ ਕੀਤੀ। ਉਨ੍ਹਾਂ ਨੇ ਉਹ ਜ਼ਮੀਨ ਕੀ ਖ਼ਰੀਦੀ, ਸਮੁੱਚੀ ਸਿੱਖ ਕੌਮ ਨੂੰ ਬਿਨਾਂ ਮੁੱਲ ਖ਼ਰੀਦ ਲਿਆ। ਜਿਥੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ, ਉਸ ਸਥਾਨ 'ਤੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਸ਼ੁਭਾਇਮਾਨ ਹੈ।

ਇਤਿਹਾਸਕਾਰਾਂ ਅਨੁਸਾਰ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਦੀਵਾਨ ਨੇ ਆਪ ਕੀਤਾ। ਇਹ ਮਹਾਨ ਕਾਰਜ ਕਰਨ ਵਿਚ ਉਨ੍ਹਾਂ ਦੇ ਭਰਾ ਦਾ ਜ਼ਿਕਰ ਵੀ ਆਉਂਦਾ ਹੈ। ਉਨ੍ਹਾਂ ਦਾ ਜੱਦੀ ਪਿੰਡ ਕਾਕੜਾ, ਜ਼ਿਲ੍ਹਾ ਸੰਗਰੂਰ ਦੱਸਿਆ ਗਿਆ ਹੈ। ਸਸਕਾਰ ਤੋਂ ਤੀਜੇ ਦਿਨ ਜੋਧ ਸਿੰਘ ਨਾਂ ਦਾ ਸਿੱਖ, ਦੀਵਾਨ ਸਾਹਿਬ ਅਤੇ ਉਨ੍ਹਾਂ ਦੇ ਭਰਾ ਤੋਂ ਅਸਥੀਆਂ ਲੈ ਕੇ ਉਨ੍ਹਾਂ ਦੇ ਪਿੰਡ ਕਾਕੜੇ ਪੁੱਜ ਗਿਆ। ਅਸਥੀਆਂ ਗਾਗਰ ਵਿਚ ਪਾ ਕੇ ਜ਼ਮੀਨ ਵਿਚ ਦਬਾ ਦਿੱਤੀਆਂ। ਇਹ ਜ਼ਮੀਨ ਦੀਵਾਨ ਟੋਡਰ ਮੱਲ ਦੀ ਮਲਕੀਅਤ ਸੀ ਜੋ ਉਨ੍ਹਾਂ ਦੇ ਪਿੰਡ ਦੇ ਨਾਲ ਲੱਗਦੇ ਪਿੰਡ ਆਲੋਅਰਖ ਵਿਚ ਪੈਂਦੀ ਸੀ। ਉਸ ਸਥਾਨ ਉਤੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਯਾਦਗਾਰ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਸੁਸ਼ੋਭਿਤ ਹੈ।

ਦੀਵਾਨ ਟੋਡਰ ਮੱਲ ਦੇ ਖ਼ਾਨਦਾਨ ਦੀ ਨੌਵੀਂ ਪੀੜ੍ਹੀ ਵਿਚੋਂ ਬਲਰਾਜ ਚੋਪੜਾ ਅਤੇ ਉਨ੍ਹਾਂ ਦੇ ਪੁੱਤਰ ਸ਼ਕਤੀ ਰਾਜ ਚੋਪੜਾ ਨੇ ਵੀ ਇਤਿਹਾਸਕਾਰਾਂ ਦੇ ਤੱਥਾਂ ਦੀ ਕਾਫ਼ੀ ਹੱਦ ਤਕ ਪੁਸ਼ਟੀ ਕੀਤੀ ਹੈ। ਦੀਵਾਨ ਟੋਡਰ ਮੱਲ ਦਾ ਜਨਮ ਬੰਨੂ (ਪਿਸ਼ਾਵਰ) ਵਿਖੇ ਹੋਇਆ ਸੀ। ਉਨ੍ਹਾਂ ਮੁਤਾਬਿਕ ਦੀਵਾਨ ਟੋਡਰ ਮੱਲ ਹਿਸਾਬ-ਕਿਤਾਬ ਦੇ ਬੜੇ ਮਾਹਰ ਸਨ ਤੇ ਉਨ੍ਹਾਂ ਤੋਂ ਬਾਅਦ ਦੀਆਂ ਪੀੜ੍ਹੀਆਂ ਵੀ ਇਸ ਕਿੱਤੇ ਨਾਲ ਜੁੜੀਆਂ ਰਹੀਆਂ। ਦੀਵਾਨ ਟੋਡਰ ਮੱਲ ਆਮਿਲ ਤੋਂ ਫ਼ੌਜਦਾਰ ਬਣੇ। ਸ਼ਾਹਜਹਾਂ ਵੱਲੋਂ ਉਨ੍ਹਾਂ ਨੂੰ ਘੋੜਸਵਾਰ ਅਤੇ ਹਾਥੀਆਂ ਦੀ ਫ਼ੌਜ ਦੀ ਕਮਾਨ ਸੌਂਪੀ ਗਈ ਸੀ। ਉਨ੍ਹਾਂ ਨੇ ਆਪਣੀ ਵਧੀਆ ਕਾਰਗੁਜ਼ਾਰੀ ਨਾਲ ਸਰਕਾਰੇ-ਦਰਬਾਰੇ ਚੰਗੀ ਇੱਜ਼ਤ ਕਮਾਈ। ਇਸੇ ਲਈ ਉਨ੍ਹਾਂ ਨੂੰ ਦੀਵਾਨ ਦੀ ਪਦਵੀ ਹਾਸਲ ਹੋਈ। ਦੀਵਾਨ ਟੋਡਰ ਮੱਲ ਦੇ ਪਰਿਵਾਰ ਵਿਚ ਦਾਦੇ-ਪੜਦਾਦਿਆਂ ਦੇ ਸਮੇਂ ਤੋਂ ਹੀ ਸਿੱਖੀ ਸੇਵਕੀ ਚਲੀ ਆ ਰਹੀ ਸੀ। ਸਮੇਂ ਨਾਲ ਜਦੋਂ ਇਹ ਪਰਿਵਾਰ ਸਰਹਿੰਦ ਆ ਵਸਿਆ, ਉਦੋਂ ਇਹ ਸ਼ਹਿਰ ਹਿੰਦੁਸਤਾਨ ਦਾ ਵੱਡਾ ਵਪਾਰਕ ਕੇਂਦਰ ਸੀ। ਸਰਹਿੰਦ ਸ਼ਹਿਰ ਦੇ ਬਾਹਰ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਰਾਹਗੀਰਾਂ ਦੀ ਖਿੱਚ ਦਾ ਕੇਂਦਰ ਵੀ ਸੀ। ਇਹ ਖ਼ੂਬਸੂਰਤ ਹਵੇਲੀ ਸਮੁੰਦਰੀ ਜਹਾਜ਼ ਦਾ ਭੁਲੇਖਾ ਪਾਉਂਦੀ ਸੀ। ਉਸ ਪੁਰਾਤਨ ਇਮਾਰਤ ਦੇ ਖੰਡਰਾਤ ਅੱਜ ਵੀ ਮੌਜੂਦ ਹਨ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਦੇ ਸਥਾਨ 'ਤੇ ਸੁਸ਼ੋਭਿਤ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੋਂ ਥੋੜ੍ਹੀ ਦੂਰੀ 'ਤੇ ਪੱਛਮ ਵੱਲ ਜਹਾਜ਼ ਹਵੇਲੀ ਦੇ ਖੰਡਰਾਂ ਨੂੰ ਦੇਖਦਿਆਂ ਦਿਲ ਵਿਚੋਂ ਹੂਕ ਨਿਕਲ ਜਾਂਦੀ ਹੈ।

ਇਹ ਹਵੇਲੀ ਅੰਦਾਜ਼ਨ 7-8 ਕਨਾਲ ਦੇ ਰਕਬੇ ਵਿਚ ਛੋਟੀ ਛੋਟੀ ਚਾਰਦੀਵਾਰੀ ਵਿਚ ਦਿਖਾਈ ਦਿੰਦੀ ਹੈ। ਹਵੇਲੀ ਨੇੜੇ ਕੁਝ ਵਸੋਂ ਵੀ ਹੈ। ਸਰਹਿੰਦ ਸ਼ਹਿਰ ਦੇ ਇਸ ਹਿੱਸੇ ਨੂੰ ਹਰਨਾਮ ਨਗਰ ਕਿਹਾ ਜਾਂਦਾ ਹੈ। ਹਵੇਲੀ ਦਾ ਮੁੱਖ ਹਿੱਸਾ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵੱਲ ਚੜ੍ਹਦੇ (ਪੂਰਬ) ਵੱਲ ਹੈ ਜੋ ਪੱਕੀ ਲਿੰਕ ਸੜਕ ਉਤੇ ਹੈ। ਦੱਖਣ ਵੱਲ ਕੁਝ ਘਰਾਂ ਅੱਗਿਉਂ ਪੱਕੀ ਗਲੀ ਲੰਘਦੀ ਹੈ। ਉਤਰ ਵੱਲ ਵਾਹੀਯੋਗ ਜ਼ਮੀਨ ਹੈ। ਇਮਾਰਤ ਦੁਆਲੇ ਚਾਰ ਕੁ ਫ਼ੁੱਟ ਉਚੀ ਚਾਰਦੀਵਾਰੀ ਤਾਂ ਹੈ, ਪਰ ਕੋਈ ਗੇਟ ਵਗੈਰਾ ਨਹੀਂ ਲਗਾਇਆ ਗਿਆ। ਅੰਦਰ ਵੜਦਿਆਂ ਖੱਬੇ ਪਾਸੇ ਨਵਾਂ ਬਣਾਇਆ ਖੂਹ ਨਜ਼ਰ ਆਉਂਦਾ ਹੈ ਜੋ ਬਰਸਾਤੀ ਪਾਣੀ ਨੂੰ ਜਜ਼ਬ ਕਰਨ ਹਿਤ ਬਣਾਇਆ ਗਿਆ ਹੈ। ਸੱਜੇ ਪਾਸੇ ਡੂੰਘੀ ਥਾਂ ਖੰਡਰਾਂ ਦੀ ਖੁਦਾਈ ਵਿਚੋਂ ਨਿਕਲੇ ਬੜੇ ਮਜ਼ਬੂਤ ਅੱਠ ਥਮ੍ਹਲੇ ਹਨ। ਅੰਦਾਜ਼ਾ ਹੈ ਕਿ ਇਥੇ ਚਾਰ ਕਮਰੇ ਜ਼ਮੀਨਦੋਜ਼ ਸਨ। ਇਸ ਦੇ ਚੜ੍ਹਦੇ ਵੱਲ ਢੱਠੀ ਹੋਈ ਇਮਾਰਤ ਦਾ ਇੱਕ ਹਿੱਸਾ ਮੀਨਾਰ ਵਾਂਗੂੰ ਜਾਪਦਾ ਹੈ। ਉਸ ਦੇ ਨਾਲ ਦਾ ਹਿੱਸਾ ਖ਼ਾਲੀ ਖੰਡਰ ਹੈ ਤੇ ਉਤਰ ਵੱਲ ਪੁਰਾਤਨ ਇਮਾਰਤ ਦੇ ਬਚੇ ਅੰਸ਼ਾਂ ਵਿਚੋਂ ਡਿੱਗੀ-ਢੱਠੀ ਇਮਾਰਤ ਨੂੰ ਦੇਖਦਿਆਂ ਪਤਾ ਲੱਗਦਾ ਹੈ ਕਿ ਇਹ ਤਿੰਨ ਮੰਜ਼ਿਲਾਂ ਸਨ ਅਤੇ ਹਵੇਲੀ ਦੇ ਪਿਛਲੇ ਹਿੱਸੇ ਦੇ ਕਮਰਿਆਂ ਦੇ ਨਮੂਨੇ ਦੀ ਝਲਕ ਪੈਂਦੀ ਹੈ। ਬਾਕੀ ਇਮਾਰਤ ਢਹਿ ਚੁੱਕੀ ਹੈ। ਇਹ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਦਾ ਪਹਿਲਾ ਹਿੱਸਾ ਹੈ।



*ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ।*

ਇਸ ਤੋਂ ਅੱਗੇ ਪੱਛਮ ਵੱਲ ਹਵੇਲੀ ਦਾ ਦੂਜਾ ਹਿੱਸਾ ਹੈ। ਦੋਵਾਂ ਹਿੱਸਿਆਂ ਦੇ ਵਿਚਕਾਰ ਅੰਦਾਜ਼ਨ 15-18 ਫ਼ੁੱਟ ਚੌੜੀ ਖ਼ਾਲੀ ਥਾਂ ਹੈ ਜੋ ਛੱਤੀ ਹੋਈ ਸੀ। ਇਹ ਗੈਲਰੀ ਤਕਰੀਬਨ 45-50 ਫ਼ੁੱਟ ਲੰਬੀ ਸੀ। ਇਹ ਗੈਲਰੀ ਦੋਵਾਂ ਹਿੱਸਿਆਂ ਨੂੰ ਜੋੜਦੀ ਹੈ। ਹਵੇਲੀ ਦੇ ਚਾਰੇ ਪਾਸੇ ਖ਼ਾਲੀ ਥਾਂ ਹੈ। ਗੈਲਰੀ ਦੇ ਸਾਹਮਣੇ ਉਤਰ ਦਿਸ਼ਾ ਵੱਲ ਹੌਦ ਬਣਿਆ ਹੋਇਆ ਹੈ ਜਿਸ ਨੂੰ ਲੋਕ, ਸਰੋਵਰ ਹੀ ਆਖਦੇ ਹਨ। ਜਹਾਜ਼ ਹਵੇਲੀ ਵਿਚ ਕੰਮ ਕਰਨ ਵਾਲੇ ਕਾਰੀਗਰ ਚੱਕਰਧਾਰ ਯਾਦਵ ਨੇ ਦੱਸਿਆ ਕਿ ਖੁਦਾਈ ਕਰਨ ਸਮੇਂ ਪਤਾ ਲਗਦਾ ਹੈ ਕਿ ਇਸ ਹੌਦ ਵਿਚੋਂ ਸਾਰੀ ਹਵੇਲੀ ਨੂੰ ਪਾਈਪਾਂ ਪਾਈਆਂ ਗਈਆਂ ਸਨ। ਇਹ ਹੌਦ ਜਹਾਜ਼ ਹਵੇਲੀ ਲਈ ਪਾਣੀ ਦਾ ਮੁੱਖ ਸਰੋਤ ਰਿਹਾ ਹੋਵੇਗਾ। ਹਵੇਲੀ ਨੂੰ ਬਾਹਰੋਂ ਦੇਖਿਆਂ ਆਮ ਬੰਦੇ ਨੂੰ ਇਹ ਆਮ ਉਪਰਲੀ ਸਮਝ ਤਾਂ ਆ ਜਾਂਦੀ ਹੈ, ਪਰ ਇਸ ਇਮਾਰਤ ਦੀਆਂ ਛੁਪੀਆਂ ਖ਼ੂਬੀਆਂ ਜਾਂ ਹਿੱਸਿਆਂ ਬਾਰੇ ਸਮਝਣਾ ਸੌਖਾ ਨਹੀਂ। ਰਾਮਗੜ੍ਹੀਆ ਬੁੰਗਾ ਅਤੇ ਬਾਬਾ ਅਟੱਲ ਸਾਹਿਬ, ਅੰਮ੍ਰਿਤਸਰ ਵਿਖੇ ਵੀ ਰਾਜ ਮਿਸਤਰੀ ਵਜੋਂ ਸੇਵਾ ਕਰ ਚੁੱਕੇ ਚੱਕਰਧਾਰ ਯਾਦਵ ਮੁਤਾਬਕ, ਇਹ ਹਵੇਲੀ ਘੱਟੋ-ਘੱਟ 350 ਸਾਲ ਪੁਰਾਣੀ ਹੈ। ਇਸ ਇਮਾਰਤ ਨੂੰ ਕਈ ਥਾਂ ਤੋਂ ਸਰੀਏ ਅਤੇ ਲੋਹੇ ਦੀ ਮਜ਼ਬੂਤ ਪੱਤੀ ਨਾਲ ਸਹਾਰਾ ਦਿੱਤਾ ਗਿਆ ਹੈ। ਕਈ ਥਾਈਂ ਪੁਰਾਣਾ ਪਲੱਸਤਰ ਉਸੇ ਤਰ੍ਹਾਂ ਰੱਖਿਆ ਗਿਆ ਹੈ। ਇਸ ਪੁਰਾਣੀ ਇਮਾਰਤ ਨੂੰ ਮੁਰੰਮਤ ਕਰ ਕੇ ਨਵੀਂ ਮਜ਼ਬੂਤ, ਪਰ ਪੁਰਾਤਨ ਦਿੱਖ ਵਾਲੀ ਜਹਾਜ਼ ਹਵੇਲੀ ਬਣਾਇਆ ਜਾ ਰਿਹਾ ਹੈ।

ਹਵੇਲੀ ਦੇ ਦੂਜੇ ਭਾਗ ਦਾ ਪਹਿਲਾ ਹਿੱਸਾ ਕਾਫ਼ੀ ਹੱਦ ਤਕ ਢਹਿ ਚੁੱਕਿਆ ਹੈ। ਇਸ ਥੱਲੇ 5-6 ਫ਼ੁੱਟ ਡੂੰਘਾਈ, ਭਾਵ ਬੇਸਮੈਂਟ ਵਿਚ ਦੋ-ਦੋ ਕਮਰੇ ਬਣੇ ਹੋਏ ਸਨ ਜਿਨ੍ਹਾਂ ਦਾ ਪਤਾ ਇਥੇ ਦਿਸਦੀਆਂ ਪੁਰਾਣੀਆਂ ਡਾਟਾਂ ਤੋਂ ਲੱਗਦਾ ਹੈ। ਇਮਾਰਤ ਦੀ ਮਜ਼ਬੂਤੀ ਦੀ ਬਾਤ ਖੁਦਾਈ ਸਮੇਂ ਨਿਕਲੇ ਥਮ੍ਹਲੇ ਅਤੇ ਦੀਵਾਰਾਂ ਵੀ ਪਾਉਂਦੀਆਂ ਹਨ। ਦੀਵਾਰਾਂ ਥੱਲੇ ਤੋਂ ਸਾਢੇ ਤਿੰਨ ਫ਼ੁੱਟ ਅਤੇ ਉਪਰੋਂ ਤਿੰਨ ਫ਼ੁੱਟ ਦੇ ਕਰੀਬ ਚੌੜੀਆਂ ਹਨ। ਇਨ੍ਹਾਂ ਜ਼ਮੀਨਦੋਜ਼ ਕਮਰਿਆਂ ਨੂੰ ਸਾਂਝੀ ਦੀਵਾਰ ਵਿਚ ਬਣਿਆ ਡਾਟ ਵਾਲਾ ਦਰਵਾਜ਼ਾ ਆਪਸ ਵਿਚ ਜੋੜਦਾ ਹੈ। ਇਸੇ ਤਰ੍ਹਾਂ ਪਿਛਲੇ ਹਿੱਸੇ ਵਾਲੇ ਦੋਵਾਂ ਕਮਰਿਆਂ ਨੂੰ ਵੀ ਵਿਚਕਾਰਲੀ ਸਾਂਝੀ ਦੀਵਾਰ ਵਿਚ ਬਣੇ ਦਰਵਾਜ਼ੇ ਆਪਸ ਵਿਚ ਮਿਲਾਉਂਦੇ ਹਨ ਜੋ ਖੁਦਾਈ ਸਮੇਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਸਾਹਮਣੇ ਆਏ। ਇਸ ਵਿਚ ਅੱਗੇ ਪਿੱਛੇ ਚਾਰ ਕਮਰੇ ਹਨ।

ਇਨ੍ਹਾਂ ਦੇ ਉਪਰ ਪਹਿਲੀ ਮੰਜ਼ਿਲ ਦਾ ਚੜ੍ਹਦੇ ਪਾਸੇ ਵੱਲ ਦਾ ਹਿੱਸਾ ਡਾਟਾਂ ਜੋੜ ਕੇ ਛੱਤਿਆ ਗਿਆ ਸੀ। ਇਹ ਹਾਲ ਕਮਰਾ ਜਾਪਦਾ ਹੈ ਅਤੇ ਇਸ ਦਾ ਅੰਦਾਜ਼ਾ ਵੀ ਪੁਰਾਤਨ ਡਾਟਾਂ ਦੇਖ ਕੇ ਹੀ ਲੱਗਦਾ ਹੈ। ਇਸ ਦੇ ਪੂਰਬ ਭਾਵ ਗੈਲਰੀ ਵੱਲ ਦੋ ਗੋਲਾਈਦਾਰ ਦਰਵਾਜ਼ੇ ਹਨ ਅਤੇ ਉੱਤਰ ਵੱਲ ਇਕ ਦਰਵਾਜ਼ਾ ਹੈ ਜਿਸ ਉਤੇ ਝਰੋਖਾ ਬਣਿਆ ਹੈ। ਇਸ ਹਾਲ ਕਮਰੇ ਦੀ ਪਿਛਲੀ ਦੀਵਾਰ ਵਿਚ ਦੋ ਦਰਵਾਜ਼ੇ ਹਨ। ਇਨ੍ਹਾਂ ਉਤੇ ਵੀ ਹਵਾ ਅਤੇ ਰੌਸ਼ਨੀ ਲਈ ਉਪਰੋਂ ਗੋਲਾਈਦਾਰ ਝਰੋਖੇ ਹਨ। ਦਰਵਾਜ਼ਿਆਂ ਦੇ ਉਪਰਲੇ ਹਿੱਸੇ ਵੱਲ ਦੋਵੇਂ ਪਾਸੇ ਵੱਡੇ-ਛੋਟੇ ਆਲ਼ੇ ਹਨ। ਹਾਲ ਕਮਰੇ ਦੇ ਇਸ ਪਿਛਲੇ ਹਿੱਸੇ ਵਿਚ ਦੋ ਕਮਰੇ ਹਨ ਜਿਨ੍ਹਾਂ ਵਿਚ ਸਾਂਝੀ ਦੀਵਾਰ ਵਿਚੋਂ ਡਾਟ ਵਾਲਾ ਦਰਵਾਜ਼ਾ ਦੋਵਾਂ ਕਮਰਿਆਂ ਨੂੰ ਜੋੜਦਾ ਹੈ।

ਹਾਲ ਕਮਰੇ ਅਤੇ ਇਨ੍ਹਾਂ ਦੋਵਾਂ ਕਮਰਿਆਂ ਦੀ ਲੰਬਾਈ-ਚੌੜਾਈ ਅੰਦਾਜ਼ਨ 40-50 ਫ਼ੁੱਟ ਹੈ। ਜ਼ਿਕਰਯੋਗ ਹੈ ਕਿ ਹਰ ਦਰ-ਦਰਵਾਜ਼ੇ ਦੇ ਨਾਲ ਆਲ਼ੇ ਜ਼ਰੂਰ ਬਣੇ ਹੋਏ ਹਨ। ਦੀਵਾਰਾਂ ਵਿਚ ਲੰਮੇ ਜਾਂ ਉਪਰੋਂ ਗੋਲਾਈਦਾਰ ਆਲ਼ੇ ਦਿਖਾਈ ਦਿੰਦੇ ਹਨ। ਛੋਟੇ ਆਲ਼ੇ ਦੀਵੇ-ਬੱਤੀਆਂ ਜਾਂ ਸਜਾਵਟੀ ਵਸਤਾਂ ਲਈ ਵੀ ਹੋ ਸਕਦੇ ਹਨ, ਪਰ ਵੱਡੇ ਆਲ਼ੇ ਹੋਰ ਕੋਈ ਸਾਮਾਨ ਰੱਖਣ ਲਈ ਵੀ ਹੋ ਸਕਦੇ ਹਨ। ਦੀਵਾਰ ਵਿਚਲੀਆਂ ਵੱਡੀਆਂ ਅਲਮਾਰੀਆਂ ਤੇ ਆਲ਼ਿਆਂ ਬਾਰੇ ਇਹ ਅੰਦਾਜ਼ਾ ਵੀ ਲਗਾਇਆ ਜਾਂਦਾ ਹੈ ਕਿ ਕਿਸੇ ਸਮੇਂ ਇਹ ਲੱਕੜ ਜਾਂ ਕਿਸੇ ਹੋਰ ਧਾਤ ਦੇ ਪੱਲਿਆਂ ਨਾਲ ਬੰਦ ਹੁੰਦੀਆਂ ਹੋਣਗੀਆਂ।

ਇਸ ਦੀ ਦੂਜੀ ਮੰਜ਼ਿਲ ਦੀ ਛੱਤ ਉਤੇ ਵੀ ਪਹਿਲੇ ਹਿੱਸੇ ਵਿਚ ਹੇਠਲੇ ਹਿੱਸੇ ਵਾਂਗ ਹਾਲ ਕਮਰਾ ਹੈ ਜੋ ਉਸੇ ਤਰ੍ਹਾਂ ਡਾਟਾਂ ਜੋੜ ਕੇ ਬਣਾਇਆ ਗਿਆ ਹੈ। ਪਿਛਲੇ ਹਿੱਸੇ ਵਿਚ ਉਸੇ ਤਰ੍ਹਾਂ ਦੋ ਕਮਰੇ ਹਨ ਜਿਨ੍ਹਾਂ ਨੂੰ ਸਾਂਝੀ ਦੀਵਾਰ ਵਿਚਲਾ ਦਰਵਾਜ਼ਾ ਆਪਸ ਵਿਚ ਜੋੜਦਾ ਹੈ। ਇਹ ਸਾਰਾ ਕੁਝ ਬਚੀਆਂ ਹੋਈਆਂ ਡਾਟਾਂ ਨੂੰ ਮੁਰੰਮਤ ਕਰ ਕੇ ਵੀ ਸਾਂਭਿਆ ਗਿਆ ਹੈ। ਉਪਰਲੇ ਹਿੱਸੇ ਦੇ ਦਰਵਾਜ਼ੇ, ਥੱਲੇ ਵਾਲੇ ਦਰਵਾਜ਼ਿਆਂ ਦੇ ਠੀਕ ਉਪਰ ਬਣੇ ਹੋਏ ਹਨ ਅਤੇ ਉਨ੍ਹਾਂ ਨਾਲ ਵੀ ਆਲ਼ੇ ਬਣੇ ਹਨ। ਦੂਜੀ ਮੰਜ਼ਿਲ ਵਿਚ ਕੁਝ ਅੰਤਰ ਦੇਖਣ ਨੂੰ ਮਿਲਦਾ ਹੈ। ਇਸ ਦੀਆਂ ਉਤਰ, ਦੱਖਣ ਤੇ ਪੱਛਮ ਵੱਲ ਦੀਆਂ ਦੀਵਾਰਾਂ ਵਿਚ ਚਾਰ ਕੁ ਫ਼ੁੱਟ ਚੌੜੀਆਂ ਅਤੇ ਛੇ ਕੁ ਫ਼ੁੱਟ ਉਚੀਆਂ ਤਾਕੀਆਂ ਬਣੀਆਂ ਹੋਈਆਂ ਹਨ।

ਤੀਜੀ ਮੰਜ਼ਿਲ ਦਾ ਉਤਰੀ ਹਿੱਸਾ ਖ਼ਾਲੀ ਹੈ। ਦੱਖਣੀ ਹਿੱਸੇ ਉਤੇ ਇਕ ਕਮਰਾ ਹੈ। ਕਮਰਿਆਂ ਦੀ ਬਣਤਰ ਤਾਂ ਮਿਲਦੀ-ਜੁਲਦੀ ਹੀ ਹੈ। ਤੀਜੀ ਮੰਜ਼ਿਲ ਵਿਚ ਚਾਰੇ ਪਾਸੇ ਝਰੋਖੇ ਹਨ। ਕਮਰੇ ਦੇ ਉਤੇ ਪੁਰਾਤਨ ਗੁੰਬਦ ਜਿਉਂ ਦਾ ਤਿਉਂ ਮੌਜੂਦ ਹੈ। ਦੱਖਣ ਤੇ ਪੱਛਮ ਵੱਲ ਵਧਵਾਂ ਛੱਜਾ ਵੀ ਹੈ। ਗੁੰਬਦ ਵਾਲੇ ਕਮਰੇ ਦੀ ਪੱਛਮੀ ਦੀਵਾਰ ਉਤੇ ਪੁਰਾਣੇ ਸਮੇਂ ਦਾ ਹੀ ਕਲਸ ਦਾ ਚਿੱਤਰ ਬਣਿਆ ਹੋਇਆ ਹੈ। ਇਹ ਚਿੱਤਰ ਸਮੇਂ ਨਾਲ ਮੱਧਮ ਤਾਂ ਪੈ ਗਿਆ ਹੈ, ਪਰ ਮਿਟਿਆ ਨਹੀਂ। ਕਿਸੇ ਇਮਾਰਤ ਉਤੇ ਗੁੰਬਦ ਦਾ ਹੋਣਾ ਉਸ ਦੇ ਧਾਰਮਿਕ, ਇਤਿਹਾਸਕ ਜਾਂ ਫਿਰ ਸ਼ਾਹੀ ਠਾਠ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਦੀਵਾਨ ਟੋਡਰ ਮੱਲ ਸ਼ਾਹਾਨਾ ਠਾਠ ਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ।

ਦੀਵਾਨ ਟੋਡਰ ਮੱਲ ਦੀ ਇਸ ਸ਼ਾਹੀ ਹਵੇਲੀ ਦੇ ਬਿਲਕੁਲ ਪਿਛਲੇ ਪੱਛਮੀ ਹਿੱਸੇ ਨੂੰ ਦੇਖਦਿਆਂ ਇਸ ਇਮਾਰਤ ਦੇ ਖੰਡਰਾਂ ਤੋਂ ਪਤਾ ਲੱਗਦਾ ਹੈ ਕਿ ਇਹ ਹਿੱਸਾ ਵੀ ਕਦੇ ਉਸ ਪਰਿਵਾਰ ਦੀ ਸੁੰਦਰ ਰਿਹਾਇਸ਼ਗਾਹ ਅਤੇ ਰਸੋਈਘਰ ਸੀ। ਉਤਰੀ ਹਿੱਸੇ ਵਿਚ ਚਾਰ ਮਜ਼ਬੂਤ ਥੰਮ੍ਹ ਦਿਖਾਈ ਦਿੰਦੇ ਹਨ ਜੋ ਇਕ ਕਮਰੇ ਦੀ ਨਿਸ਼ਾਨਦੇਹੀ ਕਰਦੇ ਹਨ। ਦੱਖਣ ਵੱਲ ਦੀ ਦੀਵਾਰ ਵਿਚ ਵਿਚਕਾਰ ਅਤੇ ਦੋਵੇਂ ਸਿਰਿਆਂ ਵੱਲ ਡੂੰਘੇ ਤੇ ਵੱਡੇ ਤਿੰਨ ਆਲ਼ੇ ਦਿਸਦੇ ਹਨ। ਪੱਛਮ ਵੱਲੋਂ ਦੇਖਦਿਆਂ ਤਿੰਨ ਕੁ ਫ਼ੁੱਟ ਗੈਲਰੀ ਨਜ਼ਰ ਆਉਂਦੀ ਹੈ ਜਿਸ ਦੀ ਢਲਾਣ ਪੂਰਬ ਵੱਲ ਨੂੰ ਹੈ। ਤਿੰਨ ਆਲ਼ਿਆਂ ਵਾਲੀ ਦੀਵਾਰ ਇਸੇ ਗੈਲਰੀ ਦੀ ਬਾਹਰੀ ਦੀਵਾਰ ਹੈ। ਇਹ ਗੈਲਰੀ ਅੱਗੇ ਜਾ ਕੇ ਉਤਰ ਵੱਲ ਮੁੜਦੀ ਹੈ ਤੇ ਕਮਰੇ ਵੱਲ ਬਾਹਰ ਜਾਣ ਦਾ ਰਸਤਾ ਬਣਦੀ ਹੈ। ਇਹ ਗੈਲਰੀ ਸੱਤ ਕੁ ਫ਼ੁੱਟ ਉਚੀ ਹੈ। ਇਸ ਦੇ ਉਪਰ ਵੀ ਅਜਿਹੀ ਹੀ ਗੈਲਰੀ ਦਿਖਾਈ ਦਿੰਦੀ ਹੈ ਜੋ ਡਿੱਗੀ-ਢਹੀ ਹਾਲਤ ਵਿਚ ਹੈ। ਦੱਖਣ ਵੱਲ ਗੈਲਰੀ ਨਹੀਂ ਹੈ, ਪਰ ਗੈਲਰੀ ਵਿਚ ਦੱਖਣ ਵੱਲ ਛੋਟਾ ਜਿਹਾ ਦਰਵਾਜ਼ਾ ਹੈ ਜੋ ਕਮਰੇ ਨੂੰ ਇਸ ਨਾਲ ਜੋੜਦਾ ਹੈ।

ਪੱਛਮ ਵੱਲੋਂ ਜਿਥੇ ਗੈਲਰੀ ਬਣੀ ਹੈ, ਉਸ ਦੇ ਨਾਲ ਦੱਖਣ ਵੱਲ ਤਿੰਨ ਕੁ ਫ਼ੁੱਟ ਡੂੰਘਾ ਛੋਟਾ ਜਿਹਾ ਹੌਦ ਹੈ ਜਿਸ ਦੇ ਦੋਵੇਂ ਪਾਸੇ ਮੋਰੀਆਂ ਹਨ। ਕਾਰੀਗਰ ਯਾਦਵ ਅਨੁਸਾਰ, ਇਹ ਮੋਰੀਆਂ ਪਾਣੀ ਦੇ ਪਾਈਪ ਵਾਲੀਆਂ ਹਨ, ਇਕ ਵੱਲੋਂ ਪਾਣੀ ਆਉਂਦਾ ਤੇ ਦੂਜੀ ਵਿਚੋਂ ਬਾਹਰ ਨਿਕਲਦਾ ਹੋਵੇਗਾ। ਹੌਦ ਤੋਂ ਅੰਦਰ ਭਾਵ ਪੂਰਬ ਵੱਲ ਇਕ ਛੋਟਾ ਜਿਹਾ ਕਮਰਾ ਹੈ ਜਿਸ ਦੇ ਉਤਰ ਭਾਵ ਗੈਲਰੀ ਵੱਲ ਡਾਟ ਜੋੜ ਕੇ ਵਧਾਅ ਦਿੱਤਾ ਹੋਇਆ ਹੈ। ਇਸ ਕਮਰੇ ਦੇ ਦੱਖਣੀ ਹਿੱਸੇ ਵੱਲ ਵੱਡਾ ਚੁੱਲ੍ਹਾ ਸੀ ਅਤੇ ਦੱਖਣੀ ਦੀਵਾਰ ਵਿਚ ਵੱਡੀ ਮੋਰੀ ਜਾਂ ਮੋਘਾ ਜਿਹਾ ਸੀ ਜਿਸ ਬਾਰੇ ਯਾਦਵ ਨੇ ਦੱਸਿਆ ਕਿ ਇਹ ਚੁੱਲ੍ਹੇ ਵਿਚ ਲੱਕੜਾਂ ਲਾਉਣ ਲਈ ਰੱਖੀ ਹੋਈ ਸੀ। ਚੁੱਲ੍ਹੇ ਦਾ ਮੂੰਹ ਇਸ ਦੀਵਾਰ ਵੱਲ ਸੀ। ਚੁੱਲ੍ਹਾ ਅਤੇ ਲੱਕੜਾਂ ਵਾਲੀ ਮੋਰੀ ਬੰਦ ਕਰ ਦਿੱਤੀ ਗਈ ਹੈ। ਸਿਰਫ਼ ਨਿਸ਼ਾਨ ਹੀ ਦਿਸਦੇ ਹਨ, ਉਹ ਵੀ ਆਮ ਬੰਦੇ ਨੂੰ ਨਹੀਂ ਸਗੋਂ ਕੰਮ ਕਰਨ ਵਾਲੇ ਹੀ ਅੰਦਾਜ਼ਾ ਲਗਾ ਸਕਦੇ ਹਨ। ਇਸ ਚੁੱਲ੍ਹੇ ਵਾਲੇ ਕਮਰੇ ਤੋਂ ਅੱਗੇ ਚੜ੍ਹਦੀ ਵੱਲ ਦੂਜਾ ਅਜਿਹਾ ਹੀ ਕਮਰਾ ਹੈ। ਇਨ੍ਹਾਂ ਦੀ ਸਾਂਝੀ ਡਾਟ ਵਿਚ ਧੂੰਏਂ ਲਈ ਚਿਮਨੀ ਬਣੀ ਹੋਈ ਹੈ।

ਡਾਟ ਤੋਂ ਅੱਗੇ ਉਤਰੀ ਦੀਵਾਰ ਵੱਲ ਬਿਲਕੁਲ ਛੋਟਾ ਜਿਹਾ ਸਟੋਰਨੁਮਾ ਘੁਰਨਾ ਜਿਹਾ ਦਿਖਾਈ ਦਿੰਦਾ ਹੈ ਜੋ ਦੂਜੇ ਕਮਰੇ ਦਾ ਹਿੱਸਾ ਹੈ। ਇਸ ਕਮਰੇ ਦੇ ਠੀਕ ਵਿਚਕਾਰ ਗੋਲ ਭੱਠੀ ਦੇ ਨਿਸ਼ਾਨ ਮਿਲਦੇ ਹਨ। ਜਿਵੇਂ ਪਿਛਲੇ ਸਮੇਂ ਵਿਆਹ-ਸ਼ਾਦੀ ਮੌਕੇ ਹਲਵਾਈ ਜ਼ਮੀਨ ਵਿਚ ਭੱਠੀ ਪੁੱਟ ਕੇ ਕੜਾਹੀ ਚੜ੍ਹਾਉਂਦੇ ਸਨ, ਇਹ ਉਸ ਢੰਗ ਦੀ ਭੱਠੀ ਜਾਪਦੀ ਹੈ। ਇਸ ਉਤੇ ਰੌਸ਼ਨੀ ਜਾਂ ਧੂੰਏਂ ਲਈ ਛੱਤ ਵਿਚ ਮੋਘਾ ਰੱਖਿਆ ਹੋਇਆ ਹੈ। ਇਸ ਦੀਆਂ ਦੀਵਾਰਾਂ ਵਿਚ ਡੂੰਘੇ ਆਲ਼ੇ ਹਨ। ਇਸ ਕਮਰੇ ਵਿਚੋਂ ਹੀ ਗੈਲਰੀ ਨੂੰ ਦਰਵਾਜ਼ਾ ਲੱਗਦਾ ਹੈ ਅਤੇ ਇਹੋ ਰਸਤਾ ਉਤਰੀ ਹਿੱਸੇ ਵੱਲ ਜਾਂਦਾ ਹੈ। ਇਸ ਕਮਰੇ ਦੀ ਦੱਖਣੀ ਦੀਵਾਰ ਕੋਲੋਂ ਚੜ੍ਹਦੇ ਵੱਲ ਨੂੰ ਛੋਟਾ ਜਿਹਾ ਦਰਵਾਜ਼ਾ ਨਿਕਲਦਾ ਹੈ। ਉਹ ਵੀ ਡਾਟ ਵਾਲਾ ਹੈ। ਛੋਟੀ ਜਿਹੀ ਗੈਲਰੀ ਫਿਰ ਬਾਹਰ ਦੱਖਣ ਵੱਲ ਨਿਕਲਦੀ ਹੈ ਅਤੇ ਚੜ੍ਹਦੇ ਵੱਲ ਨਿੱਕਾ ਜਿਹਾ ਸਟੋਰ ਜਾਪਦਾ ਹੈ। ਇਹ ਕਮਰੇ ਨੂੰ ਉਸ ਨਾਲ ਜੋੜਦੀ ਹੈ। ਇਸ ਵਿਚ ਵੀ ਆਲ਼ੇ ਹਨ ਅਤੇ ਛੱਤ ਵਿਚ ਰੌਸ਼ਨੀ ਲਈ ਮੋਘਾ ਹੈ। ਇਸ ਸਟੋਰ ਦਾ ਪੱਛਮੀ ਪਾਸਾ ਬਿਨਾਂ ਛੱਤਿਆ ਹੀ ਹੈ।

ਦੀਵਾਨ ਟੋਡਰ ਮੱਲ ਦੀ ਜਹਾਜ਼ੀ ਹਵੇਲੀ ਦਾ ਇਹ ਰਸੋਈਘਰ ਇਮਾਰਤਸਾਜ਼ੀ ਦੀ ਵਧੀਆ ਮਿਸਾਲ ਹੈ। ਚੁੱਲ੍ਹੇ ਵਿਚ ਬਾਹਰੋਂ ਲੱਕੜਾਂ ਲਗਾਉਣ ਦਾ ਇੰਤਜ਼ਾਮ ਅਤੇ ਰਸੋਈਘਰ ਅੱਗੇ ਬਰਤਨ ਧੋਣ ਜਾਂ ਹੋਰ ਵਰਤੋਂ ਲਈ ਪਾਣੀ ਦਾ ਹੌਦ ਬਣਾਇਆ ਜਾਣਾ ਉਸ ਸਮੇਂ ਦੇ ਕਾਰੀਗਰਾਂ ਦੀ ਕਮਾਲ ਦੀ ਸੂਝ ਦਰਸਾਉਂਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹੌਦ ਨਾਲ ਲੱਗਦਾ ਕਮਰਾ ਜਾਂ ਰਸੋਈਘਰ ਅੰਦਾਜ਼ਨ 4-5 ਫ਼ੁੱਟ ਡੂੰਘਾ ਹੈ ਅਤੇ ਚੜ੍ਹਦੇ ਵੱਲ ਢਲਾਈ ਵਾਲੇ ਪਾਸੇ ਦੂਜਾ ਕਮਰਾ ਵੀ ਇਸੇ ਤਰ੍ਹਾਂ ਹੈ। ਸਾਰੀ ਇਮਾਰਤ ਡਾਟਾਂ ਉਤੇ ਹੀ ਨਿਰਭਰ ਹੈ।

ਸਮੁੱਚੀ ਹਵੇਲੀ ਦੀ ਪੁਰਾਤਨ ਬਣਤਰ ਤੋਂ ਇਲਾਵਾ ਇਮਾਰਤ ਦੀ ਕੀਤੀ ਗਈ ਮੁਰੰਮਤ ਵੀ ਮੂੰਹੋਂ ਬੋਲਦੀ ਹੈ। ਇਸ ਦੀਆਂ ਕੁਝ ਛੱਤਾਂ ਤਿਆਰ ਹੋ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਪੁਰਾਤਨ ਢੰਗ ਨਾਲ ਚੂਨਾ-ਮਸਾਲਾ ਤਿਆਰ ਕਰ ਕੇ ਅਤੇ ਛੋਟੀਆਂ ਸਰਹਿੰਦੀ ਇੱਟਾਂ ਵਰਤ ਕੇ ਹੀ ਇਮਾਰਤ ਦੀ ਮੁਰੰਮਤ ਕੀਤੀ ਜਾ ਰਹੀ ਹੈ ਤਾਂ ਜੋ ਜਹਾਜ਼ ਹਵੇਲੀ ਦੀ ਪੁਰਾਣੀ ਦਿੱਖ ਕਾਇਮ ਰੱਖੀ ਜਾ ਸਕੇ। ਇਹ ਇੱਟਾਂ ਪੁਰਾਣੀ ਸਰਹਿੰਦ ਦੀਆਂ ਡਿੱਗੀਆਂ-ਢਹੀਆਂ ਇਮਾਰਤਾਂ ਅਤੇ ਰੋੜੀ ਕੁੱਟਣ ਵਾਲ਼ਿਆਂ ਤੋਂ ਖ਼ਰੀਦੀਆਂ ਜਾਂਦੀਆਂ ਹਨ। ਇਸ ਦੀਆਂ ਛੱਤਾਂ ਕਾਰੀਗਰ ਦੀ ਕਲਾ ਤੇ ਮਿਹਨਤ ਅਤੇ ਦੇਖ-ਰੇਖ ਕਰਨ ਵਾਲੇ ਮਾਹਿਰਾਂ ਦੀ ਕਾਬਲੀਅਤ ਦਾ ਪ੍ਰਤੱਖ ਪ੍ਰਮਾਣ ਹਨ। ਇਹ ਛੱਤਾਂ ਬਿਨਾਂ ਸਰੀਏ ਤੋਂ ਸਿਰਫ਼ ਚੂਨੇ-ਮਸਾਲੇ ਨਾਲ ਤਿਆਰ ਕੀਤੀਆਂ ਜਾ ਰਹੀਆਂ ਹਨ। ਇਹ ਮੱਕੜੀ ਦੇ ਜਾਲ ਵਾਂਗ ਜਾਪਦੀਆਂ ਹਨ ਜੋ ਬਹੁਤ ਖ਼ੂਬਸੂਰਤ ਦਿਖਾਈ ਦਿੰਦੀਆਂ ਹਨ। ਹਵੇਲੀ ਦੀ ਦੱਖਣੀ ਅਤੇ ਉੱਤਰੀ ਬਾਹਰੀ ਦੀਵਾਰ ਦੀ ਕਾਫ਼ੀ ਹੱਦ ਤਕ ਮੁਰੰਮਤ ਹੋ ਚੁੱਕੀ ਹੈ।

ਇਸ ਹਵੇਲੀ ਦੀ ਪਿਛਲੇ ਸਮੇਂ ਦੀ ਮਾਲਕੀ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਮਿਲ ਸਕੀ, ਪਰ ਕੁਝ ਸਮਾਂ ਪਹਿਲਾਂ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਲੈ ਲਈ ਹੈ। ਮੁਹਾਲੀ ਨਿਵਾਸੀ ਨਵਜੋਤਪਾਲ ਸਿੰਘ ਰੰਧਾਵਾ ਨੇ ਇਸ ਜਹਾਜ਼ ਹਵੇਲੀ ਬਾਰੇ ਬਹੁਤ ਡੂੰਘਾਈ ਨਾਲ ਖੋਜ-ਪੜਤਾਲ ਕੀਤੀ। ਇਸ ਸਦਕਾ ਪਤਾ ਲੱਗਿਆ ਕਿ ਹਵੇਲੀ ਦੇ ਮਾਲਕ ਦਿੱਲੀ ਰਹਿੰਦੇ ਹਨ। ਰੰਧਾਵਾ ਨੇ ਉਨ੍ਹਾਂ ਨਾਲ਼ ਸੰਪਰਕ ਕੀਤਾ ਅਤੇ 'ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਮੁਹਾਲੀ' ਦੇ ਨਾਂ ਇਹ ਹਵੇਲੀ ਖ਼ਰੀਦ ਲਈ। ਉਸ ਸਮੇਂ ਟਰੱਸਟ ਦੇ ਮੀਤ ਪ੍ਰਧਾਨ ਜਤਿੰਦਰ ਸਿੰਘ ਪਨੇਸਰ ਸਨ। ਨਵਜੋਤਪਾਲ ਸਿੰਘ ਰੰਧਾਵਾ ਉਸ ਸਮੇਂ ਫ਼ਤਿਹਗੜ੍ਹ ਸਾਹਿਬ ਵਿਖੇ ਹੀ ਏ.ਡੀ.ਸੀ ਦੇ ਅਹੁਦੇ 'ਤੇ ਸਨ। ਇਸ ਵਿਰਾਸਤੀ ਹਵੇਲੀ ਪ੍ਰਤੀ ਲਗਾਉ ਅਤੇ ਸ਼ਰਧਾ ਹੀ ਇਸ ਨੂੰ ਖ਼ਰੀਦਣ ਦਾ ਕਾਰਨ ਹੋ ਸਕਦਾ ਹੈ।

ਸ਼੍ਰੋਮਣੀ ਕਮੇਟੀ ਨੇ ਇਸ ਟਰੱਸਟ ਨਾਲ ਗੱਲਬਾਤ ਕੀਤੀ ਅਤੇ ਟਰੱਸਟ ਨੇ ਜਤਿੰਦਰ ਸਿੰਘ ਪਨੇਸਰ ਰਾਹੀਂ ਹਵੇਲੀ ਦਾ ਦੋ ਕਨਾਲ ਸਤਾਰਾਂ ਮਰਲੇ (2 ਕਨਾਲ 17 ਮਰਲੇ) ਰਕਬਾ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨਾਂ ਕਰ ਦਿੱਤਾ। ਦਾਨ ਵਜੋਂ ਕੀਤੀ ਇਹ ਰਜਿਸਟਰੀ 29 ਅਪਰੈਲ 2008 ਨੂੰ ਹੋਈ। ਇਸ ਪਿੱਛੋਂ ਹਵੇਲੀ ਦੇ ਨਾਲ ਲੱਗਦੀ ਚਾਰ ਕਨਾਲ ਤੇਰਾਂ ਮਰਲੇ (4 ਕਨਾਲ 13 ਮਰਲੇ) ਜ਼ਮੀਨ ਗਰਜਾ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਡੇਰਾ ਮੀਰਮੀਰਾਂ ਤੋਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੀ ਜ਼ਮੀਨ ਨਾਲ ਤਬਾਦਲਾ ਕਰ ਕੇ ਲਈ ਗਈ। ਇਹ ਰਕਬਾ ਹਵੇਲੀ ਵਾਲੇ ਰਕਬੇ ਨਾ਼ਲ ਮਿਲਾਇਆ ਗਿਆ ਜੋ ਅੰਦਾਜ਼ਨ 7-8 ਕਨਾਲ ਰਕਬਾ ਬਣ ਗਿਆ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਵਿਰਾਸਤੀ ਹਵੇਲੀ ਮੁਰੰਮਤ ਜਾਂ ਪੁਨਰ-ਨਿਰਮਾਣ ਹਿਤ 29 ਅਗਸਤ 2010 ਨੂੰ ਬੀਬੀ ਹਰਮਿੰਦਰ ਕੌਰ 'ਖਾਲਸਾ ਵਿਰਸਾ ਸੁਸਾਇਟੀ ਇੰਗਲੈਂਡ' ਨੂੰ ਸੌਂਪੀ ਗਈ। ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ ਇਹ ਸੇਵਾ ਕਰਵਾਉਣ ਲੱਗੇ, ਪਰ ਕਿਸੇ ਕਾਰਨ ਇਹ ਸੇਵਾ ਨਾ ਹੋ ਸਕੀ। ਇਸ ਉਪਰੰਤ ਹਵੇਲੀ ਦੇ ਪੁਨਰ-ਨਿਰਮਾਣ ਦਾ ਠੇਕਾ ਹੈਰੀਟੇਜ ਕੰਜ਼ਰਵੇਸ਼ਨ ਮੈਨੇਜਮੈਂਟ ਸਰਵਿਸਿਜ਼ ਕੰਪਨੀ, ਦਿੱਲੀ ਨੂੰ ਦੇ ਦਿੱਤਾ ਗਿਆ। ਸੋ ਇਹ ਕੰਮ ਹੁਣ ਕੰਪਨੀ ਕਰਵਾ ਰਹੀ ਹੈ। ਇਹ ਸਾਰਾ ਕਾਰਜ ਸ਼੍ਰੋਮਣੀ ਕਮੇਟੀ, ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਰਾਹੀਂ ਕਰਵਾ ਰਹੀ ਹੈ। ਜੇ ਉਤਰ-ਪੂਰਬ ਵੱਲ ਦਾ ਜ਼ਮੀਨ ਦਾ ਇਕ ਕੋਨਾ ਹੋਰ ਖ਼ਰੀਦ ਕੇ ਹਵੇਲੀ ਨਾਲ ਰਲਾ ਲਿਆ ਜਾਵੇ ਤਾਂ ਇਸ ਦੀ ਦਿੱਖ ਹੋਰ ਵੀ ਸੁੰਦਰ ਹੋ ਸਕਦੀ ਹੈ।

ਸਿੱਖ ਦੀਵਾਨ ਟੋਡਰ ਮੱਲ ਦਾ ਪਰਉਪਕਾਰ ਕਦੇ ਵੀ ਨਹੀਂ ਭੁਲਾ ਸਕਦੇ। ਤਵਾਰੀਖ਼ ਵਿਚ ਇਹ ਹਵੇਲੀ ਸਦਾ ਇਸ ਗੱਲ ਦੀ ਗਵਾਹ ਰਹੇਗੀ ਕਿ ਦਸਮ ਪਿਤਾ ਦੇ ਮੁਰੀਦ ਸਿਰਫ਼ ਸਿੱਖ ਹੀ ਨਹੀਂ, ਸਗੋਂ ਦੀਵਾਨ ਟੋਡਰ ਮੱਲ ਹੋਰਾਂ ਵਰਗੇ ਹਿੰਦੂ ਪਰਿਵਾਰ ਵੀ ਸਨ। ਜਦੋਂ ਵੀ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਅਦੁੱਤੀ ਸ਼ਹਾਦਤ ਦਾ ਜ਼ਿਕਰ ਹੋਵੇਗਾ ਤਾਂ ਦੀਵਾਨ ਟੋਡਰ ਮੱਲ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ। ਹੱਕ, ਸੱਚ, ਧਰਮ ਅਤੇ ਇਨਸਾਨੀਅਤ ਲਈ ਸੱਚੀ-ਸੁੱਚੀ ਸੋਚ ਦੀ ਪ੍ਰਤੀਕ ਹੋ ਨਿੱਬੜੀ ਹੈ ਇਹ ਵਿਰਾਸਤੀ ਜਹਾਜ਼ ਹਵੇਲੀ।

# ਪਿੰਡ ਸੁਰਸਿੰਘ ਤੇ ਤੰਗੀਆਂ-ਤੁਰਸ਼ੀਆਂ ਦੇ ਦਿਨ

**ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ**

**4**

***ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮਝੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ! ਲੇਖ ਦੀ ਇਸ ਚੌਥੀ ਕਿਸ਼ਤ ਵਿਚ ਵਰਿਆਮ ਸੰਧੂ ਦੀ ਚੜ੍ਹਦੀ ਜਵਾਨੀ ਤੱਕ ਹੰਢਾਏ ਤੰਗੀ ਦੇ ਦਿਨਾਂ ਦਾ ਜ਼ਿਕਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਪਿੰਡ ਸੁਰਸਿੰਘ ਦਾ ਹੋਣ ਤੇ ਕਹਾਉਣ ਦਾ ਵਰਿਆਮ ਨੂੰ ਮਾਣ ਵੀ ਬਹੁਤ ਹੈ। ਆਪਣੀ ਪਹਿਲ ਪਲੇਠੀ ਦੀ ਰਚਨਾ ਜੋ ਕੁਝ ਸਤਰਾਂ ਦੀ ਕਵਿਤਾ ਸੀ, ਉਸ ਨੇ ਆਪਣੇ ਨਾਂ ਨਾਲ ਸੁਰਸਿੰਘ ਲਿਖ ਕੇ ਹੀ ਅਖਬਾਰ ਵਿਚ ਛਪਵਾਈ ਸੀ। ਪਿੰਡ ਦੇ ਇੱਕ ਬਜ਼ੁਰਗ ਨੇ ਅਖਬਾਰ ਵਿਚ ਲੇਖਕ ਦੇ ਨਾਂ ਨਾਲ ਲੱਗਾ 'ਸੁਰਸਿੰਘ' ਪੜ੍ਹਿਆ ਤਾਂ ਪਤਾ ਨਾ ਲੱਗੇ ਕਿ ਇਹ ਵਰਿਆਮ ਸਿੰਘ ਕੌਣ ਹੈ? ਕਿਸੇ ਨੇ ਦੱਸਿਆ ਕਿ ਦੀਦਾਰ ਸਿੰਘ ਦਾ ਲੜਕਾ ਵਰਿਆਮ ਵੀ ਕਵਿਤਾਵਾਂ ਲਿਖਦੈ। ਵਰਿਆਮ ਸਕੂਲੋਂ ਪੜ੍ਹ ਕੇ ਘਰ ਨੂੰ ਆ ਰਿਹਾ ਸੀ ਕਿ ਰਾਹ ਵਿਚ ਉਹ ਬਜ਼ੁਰਗ ਮਿਲ ਗਿਆ। ਤਸਦੀਕ ਹੋ ਗਿਆ ਕਿ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਕਵਿਤਾ ਇਸੇ 'ਸੁਰਸਿੰਘੀਏ' ਨੇ ਲਿਖੀ ਸੀ। ਬਜ਼ੁਰਗ ਨੇ ਆਪਣੇ ਪਿੰਡ ਦੇ ਅੱਲੜ੍ਹ ਪਾੜ੍ਹੇ ਵਰਿਆਮ ਨੂੰ ਪਿਆਰ ਨਾਲ ਥਾਪੜਾ ਦਿੱਤਾ ਤੇ ਇਹ ਕਹਿ ਕੇ ਉਚੇਚੀ ਪ੍ਰਸ਼ੰਸਾ ਕੀਤੀ ਕਿ ਉਸ ਨੇ ਸੁਰਸਿੰਘ ਦੇ ਨਾਂ ਨੂੰ ਹੋਰ ਚਮਕਾ ਦਿੱਤੈ। ਬਜ਼ੁਰਗ ਤੋਂ ਮਿਲੇ 'ਥਾਪੜੇ' ਨੂੰ ਵਰਿਆਮ ਸੰਧੂ ਹੁਣ ਤਕ ਮਿਲੇ ਸਭਨਾਂ ਮਾਣ-ਸਨਮਾਨਾਂ ਤੋਂ ਕਿਤੇ ਵੱਡਾ 'ਸਨਮਾਨ' ਸਮਝਦੈ! ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਤੋਂ ਵੀ ਵੱਡਾ! 'ਸੁਰਸਿੰਘ' ਦਾ ਉਹ 'ਥਾਪੜਾ' ਉਸ ਤੋਂ ਲਗਾਤਾਰ ਲਿਖਵਾਈ ਜਾ ਰਿਹੈ। ਇਥੋਂ ਤਕ ਕਿ ਚੱਕਾ ਜਾਮ ਹੋਣ 'ਤੇ ਵੀ ਲਿਖੀ ਜਾ ਰਿਹੈ!

1980 ਦੇ ਆਸ-ਪਾਸ ਮੈਂ ਪਹਿਲਵਾਨ ਕਰਤਾਰ ਸਿੰਘ ਬਾਰੇ 'ਸੁਰਸਿੰਘੀਆ ਕਰਤਾਰ' ਸਿਰਲੇਖ ਹੇਠ ਉਹਦਾ ਰੇਖਾ ਚਿੱਤਰ ਲਿਖਿਆ ਸੀ। ਜਿਵੇਂ-ਜਿਵੇਂ ਉਹ ਹੋਰ ਮੱਲਾਂ ਮਾਰਦਾ ਗਿਆ, ਮੈਂ ਉਹਦੇ ਬਾਰੇ ਅਖਬਾਰਾਂ/ਰਸਾਲਿਆਂ ਵਿਚ ਲਿਖਦਾ ਰਿਹਾ। ਫਿਰ ਉਸ ਦੇ ਦੋਸਤਾਂ-ਮਿੱਤਰਾਂ ਵੱਲੋਂ ਸੁਨੇਹੇ ਮਿਲਣ ਲੱਗੇ, ਪਈ ਮੈਂ ਪਹਿਲਵਾਨ ਕਰਤਾਰ ਸਿੰਘ ਦੀ ਜੀਵਨੀ ਲਿਖਾਂ। ਮੈਂ ਇਹ ਕਹਿ ਕੇ ਗੇਂਦ ਸੁਰਸਿੰਘ ਵੱਲ ਰੇੜ੍ਹ ਦਿੰਦਾ ਕਿ ਵਰਿਆਮ ਸੰਧੂ ਕਰਤਾਰ ਦਾ ਗਰਾਈਂ ਹੈ ਤੇ ਉਹ ਸੁਰਸਿੰਘ ਦੇ ਕਰਤਾਰ ਬਾਰੇ ਮੈਥੋਂ ਕਿਤੇ ਬਿਹਤਰ ਲਿਖ ਸਕਦੈ। ਅੱਗੋਂ ਵਰਿਆਮ ਗੇਂਦ ਮੇਰੇ ਵੱਲ ਰੇੜ੍ਹ ਦਿੰਦਾ ਕਿ ਸਰਵਣ ਸਿੰਘ ਖੇਡ ਲੇਖਕ ਹੈ ਤੇ ਕਿਸੇ ਖਿਡਾਰੀ ਬਾਰੇ ਉਹ ਬਿਹਤਰ ਲਿਖ ਸਕਦੈ। ਇੰਜ ਕਰਤਾਰ ਦੀ ਜੀਵਨੀ ਲਿਖਣੀ ਸਾਲ ਦਰ ਸਾਲ, ਦਸ ਸਾਲ ਪਛੜ ਗਈ। ਅਖੀਰ ਵਰਿਆਮ ਨੇ ਹੀ ਇਹ ਕਾਰਜ ਨੇਪਰੇ ਚਾੜ੍ਹਿਆ।

ਕਰਤਾਰ ਦੀ ਜੀਵਨੀ 'ਕੁਸ਼ਤੀ ਦਾ ਧਰੂ-ਤਾਰਾ ਕਰਤਾਰ' ਨੇ ਵਰਿਆਮ ਨੂੰ ਜਿੰਨਾ ਮਾਣ-ਸਨਮਾਨ ਦੁਆਇਆ, ਉਹਦਾ ਕੋਈ ਹੱਦ ਬੰਨਾ ਨਾ ਰਿਹਾ। ਉਹ ਮਾਣ ਨਾਲ ਦੱਸਦੈ ਕਿ ਬਾਕੀ ਸਾਰੀਆਂ ਪੁਸਤਕਾਂ ਦੀ ਰਾਇਲਟੀ ਨਾਲੋਂ 'ਕੱਲੀ ਕਰਤਾਰ ਸਿੰਘ ਦੀ ਜੀਵਨੀ ਕਿਤੇ ਵੱਧ ਪੈਸੇ ਤੇ ਮਾਣ ਸਨਮਾਨ ਦੁਆ ਗਈ। ਇਹ ਜਾਣ ਕੇ ਕਈ ਹੈਰਾਨ ਹੋਣਗੇ ਕਿ ਇਸ ਜੀਵਨੀ ਤੋਂ ਵਰਿਆਮ ਨੂੰ ਛੇ-ਸੱਤ ਲੱਖ ਰੁਪਈਏ ਤਾਂ ਮਿਲ ਵੀ ਚੁਕੇ ਨੇ ਅਤੇ ਹੋਰ ਪਤਾ ਨਹੀਂ ਕਿੰਨੇ ਮਿਲਣਗੇ? ਛਿੰਝਾਂ 'ਤੇ ਹੁੰਦਾ ਮਾਣ-ਸਨਮਾਨ ਵਾਧੂ ਦਾ! ਇਹ ਜੀਵਨੀ ਹਿੰਦੀ ਵਿਚ ਵੀ ਛਪ ਚੁਕੀ ਹੈ ਤੇ ਉਹ ਦਿਨ ਦੂਰ ਨਹੀਂ ਜਦੋਂ ਅੰਗਰੇਜ਼ੀ ਵਿਚ ਵੀ ਛਪੇਗੀ।


ਇਸ ਪੁਸਤਕ ਦੇ ਮੁੱਖ ਬੰਦ 'ਸੱਜਣਾਂ ਦੇ ਸਨਮੁੱਖ' ਸਿਰਲੇਖ ਹੇਠ ਵਰਿਆਮ ਸੰਧੂ ਲਿਖਦੈ, "ਕਰਤਾਰ ਭਲਵਾਨ ਮੇਰਾ ਗਰਾਈਂ ਹੈ। ਅੰਮ੍ਰਿਤਸਰ ਜ਼ਿਲ੍ਹੇ (ਵੰਡ ਤੋਂ ਪਹਿਲਾਂ ਲਾਹੌਰ) ਦੇ ਵੱਡੇ ਅਤੇ ਇਤਿਹਾਸਕ ਪਿੰਡ ਸੁਰਸਿੰਘ ਦਾ ਜੰਮਪਲ। ਸਿੱਖ ਗੁਰੂਆਂ, ਸਿੱਖ ਸੂਰਮਿਆਂ ਅਤੇ ਗਦਰੀ ਯੋਧਿਆਂ ਦੀਆਂ ਇਤਿਹਾਸਕ ਯਾਦਾਂ ਸੰਭਾਲੀ ਬੈਠਾ ਪਿੰਡ। ਭਲਵਾਨੀ ਦੇ ਖੇਤਰ ਵਿਚ ਕਰਤਾਰ ਨੇ ਇਸ ਦੇ ਇਤਿਹਾਸ ਨੂੰ ਇੱਕ ਹੋਰ ਨਵੀਂ ਦਿਸ਼ਾ ਦਿੱਤੀ ਹੈ।...ਮੈਂ ਕਰਤਾਰ ਨੂੰ ਬਚਪਨ ਤੋਂ ਜਾਣਦਾ ਸਾਂ, ਉਹਦੇ ਪਰਿਵਾਰ ਤੇ ਪਿਛੋਕੜ ਨੂੰ ਵੀ। ਮੈਂ ਉਸ ਨੂੰ ਪੋਟਾ-ਪੋਟਾ ਉਭਰਦਿਆਂ ਵੇਖਿਆ। ਉਸ ਦੇ ਜੀਵਨ ਦੇ ਮੁਢਲੇ ਸਾਲਾਂ ਦੀ ਮੈਨੂੰ ਪ੍ਰਮਾਣਿਕ ਜਾਣਕਾਰੀ ਸੀ, ਪਰ ਫਿਰ ਵੀ ਮੈਂ ਇਹ ਜੀਵਨੀ ਲਿਖਣ ਲਈ ਆਪਣੇ ਮਨ ਨੂੰ ਤਿਆਰ ਨਾ ਕਰ ਸਕਿਆ। ਪਹਿਲਾ ਕਾਰਨ ਤਾਂ ਇਹ ਸੀ ਕਿ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣਾ ਮੇਰਾ ਬੁਨਿਆਦੀ ਸ਼ੌਕ ਨਹੀਂ ਸੀ। ਦੂਜਾ, ਮੇਰੇ ਮਨ ਵਿਚ ਅਚੇਤ ਹੀ ਇਹ ਅਹਿਸਾਸ ਵੀ ਹੁੰਦਾ ਕਿ ਜਿੰਨਾ ਸਮਾਂ ਮੈਂ ਜੀਵਨੀ ਲਿਖਣ ਲਈ ਲਾਉਣਾ ਹੈ, ਓਨੇ ਚਿਰ ਵਿਚ ਮੈਂ ਕੋਈ ਸਿਰਜਣਾਤਮਕ ਲਿਖਤ ਕਿਉਂ ਨਾ ਲਿਖਾਂ! ਤੀਜਾ ਤੇ ਅਹਿਮ ਪਹਿਲੂ ਇਹ ਵੀ ਸੀ ਕਿ ਖੇਡ ਜਗਤ ਕੋਲ ਸਰਵਣ ਸਿੰਘ ਢੁੱਡੀਕੇ ਵਰਗੇ ਇਸ ਖੇਤਰ ਦੇ ਸ਼ਾਹ-ਸਵਾਰ ਤੇ ਮਾਣਯੋਗ ਲੇਖਕ ਵੀ ਸਨ। ਮੇਰੀ ਇੱਛਾ ਸੀ ਕਿ ਕਰਤਾਰ ਦੀ ਜੀਵਨੀ ਸਰਵਣ ਸਿੰਘ ਹੀ ਲਿਖੇ। ਜਿੱਡਾ ਵੱਡਾ ਭਲਵਾਨ, ਓਡੇ ਉਚੇ ਪਾਏ ਦਾ ਖੇਡ ਲੇਖਕ।"

ਅਗਾਂਹ ਜਾ ਕੇ ਉਹ ਵੇਰਵਾ ਦਿੰਦੈ ਕਿ ਕਿਵੇਂ ਮੈਂ ਆਪਣੇ ਆਪ ਨੂੰ ਆਪਣੇ ਗਰਾਈਂ ਦੀ ਜੀਵਨੀ ਲਿਖਣ ਲਈ ਤਿਆਰ ਕੀਤਾ, "ਉਧਰੋਂ ਸਰਵਣ ਸਿੰਘ ਹੁਰਾਂ ਵੀ ਉਨ੍ਹਾਂ ਨੂੰ ਕਹਿ ਦਿੱਤਾ ਕਿ ਜੇ ਕਰਤਾਰ ਦੀ ਜੀਵਨੀ ਵਰਿਆਮ ਲਿਖੇ ਤਾਂ ਹੋਰ ਕੀ ਚਾਹੀਦਾ ਹੈ।"

"...ਕਰਤਾਰ ਕੋਲ ਬੈਠਿਆਂ 'ਭਾ ਜੀ ਕੱਢੋ ਟੈਮ' ਬਾਰੇ ਮੈਂ ਅਜੇ ਹੱਸ ਕੇ ਪਹਿਲਾਂ ਵਾਂਗ ਹੀ ਹਾਸੇ ਵਿਚ ਗੱਲ ਗਵਾਉਣ ਲੱਗਾ ਸਾਂ ਕਿ ਕੋਲੋਂ ਮੇਰੀ ਪਤਨੀ ਰਜਵੰਤ ਕਰਤਾਰ ਨੂੰ ਕਹਿਣ ਲੱਗੀ, 'ਭਾ ਜੀ! ਕੱਢਣਗੇ ਟੈਮ...ਟਾਈਮ ਹੁੰਦਾ ਕਿਥੇ ਆ! ਟੈਮ ਤਾਂ ਸਦਾ ਕੱਢਣਾ ਈ ਪੈਂਦੈ...ਲਿਖਣਗੇ, ਲਿਖਣਗੇ ਕਿਉਂ ਨਹੀਂ? ਆਪਣੇ ਭੈਣ-ਭਰਾ ਲਈ ਨਹੀਂ ਲਿਖਣਾ ਤਾਂ ਕੀਹਦੇ ਲਈ ਲਿਖਣਾ, ਜ਼ਰੂਰ ਲਿਖਣਗੇ।' ਉਧਰੋਂ ਹਟ ਕੇ ਉਹ ਮੇਰੇ ਵੱਲ ਹੋਈ, 'ਤੁਸੀਂ ਵੀ ਕੀ ਕਰਦੇ ਓ! ਕਰੋ ਕੰਮ ਹੁਣ। ਤੁਸੀਂ ਫਿਕਰ ਨਾ ਕਰੋ ਭਾ ਜੀ, ਕੱਢਣਗੇ ਟੈਮ ਇਹ। ਕੱਢਣਗੇ ਕਿਉਂ ਨਹੀਂ?...ਕਰਤਾਰ ਬਾਰੇ ਲਿਖਣਾ ਆਪਣੇ ਪਿਆਰੇ ਪਿੰਡ ਬਾਰੇ ਲਿਖਣਾ ਵੀ ਤਾਂ ਹੈ।...ਪਿੰਡੋਂ ਜਲੰਧਰ ਆ ਵੱਸਣ ਕਰਕੇ ਉਸ ਦੇ ਮਨ ਵਿਚ ਪਿੰਡ ਦਾ ਮੋਹ ਹੋਰ ਵੀ ਉਮਡ ਆਇਆ ਸੀ। ਮੈਂ ਹੁਣ ਕੁਝ ਵੀ ਕਹਿਣ ਜੋਗਾ ਨਹੀਂ ਸਾਂ। ਮੈਂ ਹਥਿਆਰ ਸੁੱਟ ਦਿੱਤੇ। ਰਜਵੰਤ ਵੀ ਉਥੇ ਸਕੂਲ ਅਧਿਆਪਕਾ ਸੀ। ਪਿੰਡ ਦੇ ਲੋਕਾਂ ਵੱਲੋਂ ਧੀ-ਭੈਣ ਵਾਂਗ ਮਿਲਿਆ ਪਿਆਰ ਸਤਿਕਾਰ ਉਹਨੂੰ ਅੱਜ ਵੀ ਝਕਝੋਰ ਗਿਆ। ਕਰਤਾਰ ਬਾਰੇ ਲਿਖਣਾ ਉਸ ਨੂੰ ਅੱਧੇ ਆਪਣੇ ਪੇਕਿਆਂ ਦੇ ਪਿੰਡ (ਢਿੱਲੋਂਆਂ ਦਾ ਪਿੰਡ ਹੋਣ ਕਰਕੇ) ਤੇ ਅੱਧੇ ਸਹੁਰਿਆਂ ਦੇ (ਸੰਧੂਆਂ ਵੱਲ ਵਿਆਹੀ ਹੋਣ ਕਰਕੇ) ਪਿੰਡ ਬਾਰੇ ਲਿਖਣ ਵਾਂਗ ਲੱਗਦਾ ਸੀ। ਉਸ ਪਿੰਡ ਦੀ ਮੁਹੱਬਤ ਦਾ ਕਰਜ਼ਾ ਲਾਹੁਣ ਵਾਂਗ ਲੱਗਦਾ ਸੀ।"

ਇੰਜ ਸੁਰਸਿੰਘ ਸਭ ਕਾਸੇ ਦੇ ਉਤੋਂ ਦੀ ਪੈ ਗਿਆ ਸੀ।

ਮੁੱਖ ਬੰਦ ਦੇ ਅੰਤ ਵਿਚ ਕਹਾਣੀਆਂ ਦੇ ਅੰਤ ਕਰਨ ਵਾਂਗ ਉਸ ਨੇ 'ਵਰਿਆਮ ਸ਼ੈਲੀ' ਦਾ ਅਦਭੁਤ ਨਮੂਨਾ ਵੀ ਵਿਖਾਇਆ: 1978 ਵਿਚ ਜਦੋਂ ਕਰਤਾਰ ਪਹਿਲੀ ਵਾਰ ਬੈਂਕਾਕ ਤੋਂ ਸੋਨ ਤਮਗਾ ਜਿੱਤ ਕੇ ਲਿਆਇਆ ਤਾਂ ਕਰਤਾਰ ਦਾ ਪੂਰੇ ਪਿੰਡ ਵੱਲੋਂ ਭਰਪੂਰ ਆਦਰ ਸਨਮਾਨ ਕੀਤਾ ਗਿਆ। ਕਰਤਾਰ ਤੇ ਉਹਦੇ ਨਾਲ ਆਏ ਭਲਵਾਨਾਂ ਤੇ ਕੋਚਾਂ ਨੂੰ ਸਵਾਗਤੀ ਕਮੇਟੀ ਵੱਲੋਂ ਤੁਛ ਭੇਟਾ ਦਿੰਦਿਆਂ ਮੈਂ ਇਕ ਗੱਲ ਸੁਣਾਈ-ਮੇਰਾ ਇਕ ਮਾਮਾ ਆਪਣੇ ਵੇਲਿਆਂ ਦਾ ਚੰਗਾ ਭਲਵਾਨ ਸੀ। ਇਕ ਵਾਰ ਉਹ ਆਪਣੇ ਪਿੰਡੋਂ ਵੀਹ-ਤੀਹ ਕੋਹ ਦੂਰ ਕਿਸੇ ਦੂਸਰੇ ਪਿੰਡ ਛਿੰਝ 'ਤੇ ਘੁਲਣ ਲਈ ਗਿਆ। ਉਹਦੇ ਹੀ ਪਿੰਡ ਦਾ ਕੋਈ ਹੋਰ ਬੰਦਾ, ਜੋ ਛਿੰਝ ਵਾਲੇ ਪਿੰਡ ਦੇ ਨੇੜੇ ਕਿਸੇ ਰਿਸ਼ਤੇਦਾਰੀ ਦੇ ਮਿਲਣ-ਗਿਲਣ ਗਿਆ ਹੋਇਆ ਸੀ, ਉਹ ਵੀ ਘੋਲ ਵੇਖਣ ਲਈ ਉਥੇ ਆਇਆ ਹੋਇਆ ਸੀ।



***ਪਹਿਲਵਾਨ ਕਰਤਾਰ ਸਿੰਘ ਅਤੇ ਵਰਿਆਮ ਸਿੰਘ ਸੰਧੂ***

ਜਦੋਂ ਮੇਰਾ ਮਾਮਾ ਦੂਜੇ ਭਲਵਾਨ ਨਾਲ ਘੁਲ ਰਿਹਾ ਸੀ ਤਾਂ ਉਹਦੇ ਪਿੰਡ ਦਾ ਵਸਨੀਕ ਨਾਲ-ਨਾਲ ਹੀ ਘੁਲ ਰਿਹਾ ਸੀ, ਆਪਣੇ ਮਨ ਵਿਚ। ਆਪਣੇ ਭਲਵਾਨ ਦੇ ਵੱਜਦੇ ਦਾਅ ਨਾਲ ਹੀ ਉਹ ਉਛਲਦਾ ਤੇ ਦੂਜੇ ਭਲਵਾਨ ਦੇ ਵੱਜਦੇ ਦਾਅ ਨਾਲ ਉਸ ਦਾ ਸਾਹ ਸੂਤਿਆ ਜਾਂਦਾ। ਆਖਰ ਜਦੋਂ ਮੇਰੇ ਮਾਮੇ ਨੇ ਵਿਰੋਧੀ ਭਲਵਾਨ ਨੂੰ ਧਰਤੀ 'ਤੇ ਪਿੱਠ ਪਰਨੇ ਸੁੱਟ ਲਿਆ ਤਾਂ ਉਹਦੇ ਗਰਾਈਂ ਨੇ ਧਰਤੀ ਤੋਂ ਤਿੰਨ ਫੁੱਟ ਉਚੀ ਛਾਲ ਮਾਰੀ ਤੇ ਸੰਤੋੜ ਮੇਰੇ ਮਾਮੇ ਵੱਲ ਭੱਜ ਉਠਾ। ਜਾ ਕੇ ਮੇਰੇ ਮਾਮੇ ਨੂੰ ਹਿੱਕ ਨਾਲ ਘੁੱਟ ਕੇ ਧਰਤੀ ਤੋਂ ਉਚਾ ਚੁੱਕ ਲਿਆ। ਪਿੱਛੋਂ ਆਪਣੀ ਜੇਬ ਵਿਚ ਹੱਥ ਮਾਰਿਆ। ਗਰੀਬ ਜੱਟ ਸੀ। ਉਦੋਂ ਲੋਕਾਂ ਕੋਲ ਪੈਸੇ ਹੁੰਦੇ ਵੀ ਕਿੱਥੇ ਸਨ! ਜੇਬ ਵਿਚੋਂ ਸਿਰਫ ਇਕ ਅਠਿਆਨੀ ਨਿਕਲੀ। ਉਸ ਨੇ ਉਹ ਅਠਿਆਨੀ ਮੇਰੇ ਮਾਮੇ ਦੀ ਮੁੱਠ ਵਿਚ ਦਿੱਤੀ ਤੇ ਫਿਰ ਉਹਦੀ ਮੁੱਠ ਮੀਚਦਿਆਂ ਕਹਿਣ ਲੱਗਾ, "ਬਘੇਲ ਸਿਆਂ! ਇਹ ਮੁੱਠ ਮੀਟੀ ਰੱਖ! ਇਹ ਨਾ ਵੇਖ ਇਹਦੇ ਵਿਚ ਹੈ ਕੀ...ਮੇਰੇ ਕੋਲ ਹੈ ਈ ਇਹੋ ਕੁਝ ਸੀ ਵੀਰ ਮੇਰਿਆ। ਮੇਰੇ ਕੋਲੋਂ ਤੇਰੇ ਜਿੱਤਣ ਦਾ ਚਾਅ ਠੱਲ੍ਹਿਆ ਈ ਨਹੀਂ ਗਿਆ, ਬੱਸ ਇਸ ਚਾਅ 'ਚ ਈ ਭੱਜਾ ਆਇਆਂ! ਤੂੰ ਸਾਡਾ ਖੂਨ ਐਂ, ਸਾਡੀ ਆਪਣੀ ਦੇਹ ਜਾਨ। ਤੈਨੂੰ ਦੇਣ ਲਈ ਮੇਰੇ ਕੋਲ ਖੁੱਲ੍ਹੀਆਂ ਬਾਹਵਾਂ ਦਾ ਢੇਰਾਂ ਦਾ ਢੇਰ ਪਿਆਰ ਹੈ, ਇਸ ਲਈ ਤੂੰ ਇਹ ਮੁੱਠੀ ਬੰਦ ਹੀ ਰੱਖ ਤੇ ਮੇਰੇ ਖੁੱਲ੍ਹੇ ਹੋਏ ਦਿਲ ਵੱਲ ਵੇਖ!"

ਤੇ ਬਘੇਲ ਸਿੰਘ ਨੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ। ਆਪਣੇ ਗਰਾਈਂ ਨੂੰ, ਜਿਹੜਾ ਪਿੰਡੋਂ ਵੀਹ ਕੋਹ ਦੂਰ, ਉਹਦਾ ਸਭ ਤੋਂ ਪਹਿਲਾ ਬਣ ਕੇ ਉਹਦੀ ਜਿੱਤ ਦੀ ਖੁਸ਼ੀ ਵਿਚ ਉਛਲਿਆ ਸੀ। ਇਸ ਭਰੱਪਣ 'ਚ ਭਿੱਜ ਕੇ ਦੋਹਾਂ ਸ਼ਰੀਕ ਭਰਾਵਾਂ ਦੀਆਂ ਅੱਖਾਂ ਸਿਲ੍ਹੀਆਂ ਹੋ ਗਈਆਂ!

ਇਹ ਕਹਾਣੀ ਸੁਣਾ ਕੇ ਮੈਂ ਕਰਤਾਰ ਨੂੰ ਕਿਹਾ ਸੀ, "ਭਲਵਾਨ ਜੀ, ਮੈਂ ਅਤੇ ਮੇਰੇ ਪਿੰਡ ਵਾਲੇ ਤੁਹਾਡੀ ਏਡੀ ਮਹਾਨ ਜਿੱਤ ਦੀ ਖੁਸ਼ੀ ਵਿਚ ਮਾਣ-ਸਨਮਾਨ ਵਜੋਂ ਜੋ ਕੁਝ ਤੁਹਾਨੂੰ ਭੇਟ ਕਰ ਰਹੇ ਹਾਂ, ਉਹ ਤਾਂ ਤੁਸੀਂ ਮੁੱਠੀ ਵਿਚ ਬੰਦ ਹੀ ਰੱਖੋ, ਉਹਨੂੰ ਖੋਲ੍ਹ ਕੇ ਨਾ ਵੇਖੋ ਕਿ ਇਸ ਵਿਚ ਕੀ ਹੈ। ਵੇਖਣਾ ਹੈ ਤਾਂ ਸਾਡੇ ਪਿਆਰ ਨਾਲ ਨੱਕੋ-ਨੱਕ ਭਰੇ ਦਿਲ ਵੇਖੋ, ਸਾਡਾ ਚਾਅ ਵੇਖੋ, ਸਾਡਾ ਮਾਣ ਵੇਖੋ।"

ਅੱਜ ਉਸੇ ਹੀ ਪਿਆਰ ਤੇ ਮਾਣ ਵਿਚ ਭਰ ਕੇ ਮੈਂ ਇਹ ਪੁਸਤਕ ਕਰਤਾਰ ਦੇ ਹੱਥਾਂ ਵਿਚ ਦੇ ਕੇ ਕਹਿਣਾ ਚਾਹੁੰਦਾ ਹਾਂ, "ਭਲਵਾਨ ਜੀ! ਅੱਜ ਆਪਣੀਆਂ ਉਨ੍ਹਾਂ ਮੁੱਠਾਂ ਨੂੰ ਖੋਲ੍ਹੋ ਤੇ ਇਸ ਪੁਸਤਕ ਨੂੰ ਵੇਖੋ ਤੇ ਵਿਖਾਓ ਵੀ, ਜਿਸ ਵਿਚ ਤੁਹਾਡੇ ਗਰਾਈਂ, ਤੁਹਾਡੇ ਵੱਡੇ ਭਰਾ ਦਾ ਪਿਆਰ ਉਲੱਦਿਆ ਪਿਆ ਹੈ!"

ਅਖੀਰ ਵਿਚ ਮੈਂ ਆਪਣੇ ਮਹਾਨ ਪਿੰਡ ਸੁਰਸਿੰਘ ਅੱਗੇ ਆਪਣਾ ਸੀਸ ਨਿਵਾਉਂਦਾ ਹਾਂ ਜਿਸ ਦੀ ਮੁਹੱਬਤ ਨੇ ਆਪਣੇ ਇਸ ਮਹਾਨ ਪੁੱਤ ਬਾਰੇ ਆਪਣੇ ਇਸ ਲੇਖਕ ਪੁੱਤ ਕੋਲੋਂ ਕੁਝ ਸ਼ਬਦ ਲਿਖਵਾਏ ਹਨ।

ਮੇਰੇ ਪਿਆਰੇ ਤੇ ਮਾਣ-ਮੱਤੇ ਪਿੰਡ!

ਮੇਰੇ ਪਿੰਡ ਦੇ ਪਿਆਰੇ ਤੇ ਮੋਹ-ਭਿੱਜੇ ਲੋਕੋ!

ਇਤਿਹਾਸ ਬਣਾਉਣ ਵਾਲੇ ਤੇ ਇਤਿਹਾਸ ਲਿਖਣ ਵਾਲੇ ਤੁਹਾਡੇ ਬੱਚੇ ਤੁਹਾਡੇ ਵਿਹੜਿਆਂ ਵਿਚ ਪਲਦੇ ਤੇ ਖੇਡਦੇ ਰਹਿਣ। ਤੇ ਫਿਰ ਇਕ ਦਿਨ ਇੰਜ ਹੀ ਚਮਕ ਉਠਣ, ਉਚੇ ਨੀਲੇ ਅੰਬਰਾਂ ਵਿਚ ਧਰੂ ਤਾਰਾ ਬਣ ਕੇ, ਤੁਹਾਡੇ ਕਰਤਾਰ ਵਾਂਗ। ਆਮੀਨ! 4-7-1996

---

ਵਰਿਆਮ ਆਪਣੇ ਲੱਛੇਦਾਰ ਭਾਸ਼ਣਾਂ ਵਿਚ ਇਹ ਦੱਸਣੋਂ ਨਹੀਂ ਰਹਿੰਦਾ: ਸਾਡੇ ਪਿੰਡ ਦਾ ਪੁਰਾਣਾ ਇਤਿਹਾਸ ਬੜਾ ਗੌਰਵਮਈ ਰਿਹਾ ਹੈ। ਮੈਂ ਅਕਸਰ ਬੜੇ ਮਾਣ ਨਾਲ ਆਪਣੇ ਪਿੰਡ ਦੇ ਇਸ ਵਿਰਾਸਤੀ ਗੌਰਵ ਦੀ ਵਡਿਆਈ ਕਰਦਾ ਰਹਿੰਨਾਂ। ਸੁਰਸਿੰਘ ਦਾ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਬਹੁਤ ਹੀ ਮਾਣਯੋਗ ਸਥਾਨ ਹੈ। ਗੁਰੂ ਕਾਲ ਦੇ ਮੁਢਲੇ ਦਿਨਾਂ ਤੋਂ ਇਸ ਦੀ ਸਿੱਖੀ ਦੀ ਵਿਰਾਸਤੀ ਸ਼ਾਨ ਨਾਲ ਸਾਂਝ ਰਹੀ ਹੈ। ਭਾਈ ਬਿਧੀ ਚੰਦ, ਟੁੱਟੀ ਗੰਢਣ ਵਾਲੇ ਭਾਈ ਮਹਾਂ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਏ ਦੇ ਬਾਪ-ਦਾਦੇ ਦਾ ਇਹੋ ਪਿੰਡ ਹੈ। ਅਕਾਲ ਤਖਤ 'ਤੇ ਪਹਿਲੀ ਵਾਰ ਢਾਡੀ ਵਾਰਾਂ ਗਾਉਣ ਵਾਲੇ ਭਾਈ ਨੱਥੇ ਤੇ ਅਬਦੁੱਲੇ ਦਾ ਪਿੰਡ। ਹਰਿਮੰਦਰ ਸਾਹਿਬ ਦੀ ਮੌਜੂਦਾ ਇਮਾਰਤ ਆਪਣੀ ਨਿਗਰਾਨੀ ਵਿਚ ਤਿਆਰ ਕਰਵਾਉਣ ਵਾਲੇ ਭਾਈ ਦੇਸ ਰਾਜ ਦਾ ਪਿੰਡ। ਗਦਰ ਲਹਿਰ ਵਿਚ ਫਾਂਸੀ ਦੇ ਰੱਸੇ ਚੁੰਮਣ, ਕਾਲੇ-ਪਾਣੀ ਦੀਆਂ ਉਮਰ ਕੈਦਾਂ ਭੋਗਣ ਵਾਲੇ ਸਭ ਤੋਂ ਵੱਧ ਸੂਰਮੇ ਵੀ ਏਸੇ ਪਿੰਡ ਵਿਚੋਂ ਨਿੱਤਰੇ। ਕਿਸੇ ਵੀ ਲੇਖਕ ਦੇ ਪਿਛੋਕੜ ਤੇ ਇਲਾਕਾਈ ਇਤਿਹਾਸ ਦਾ ਉਹਦੀ ਮਾਨਸਿਕ ਉਣਤਰ-ਬਣਤਰ ਵਿਚ ਬੜਾ ਵੱਡਾ ਯੋਗਦਾਨ ਹੁੰਦਾ ਹੈ। ਇਸ ਇਤਿਹਾਸ ਨੂੰ ਮੈਂ ਬਚਪਨ ਤੋਂ ਹੀ ਆਪਣੇ ਪਿੰਡ ਵਿਚ ਲੱਗਦੇ ਧਾਰਮਿਕ ਦੀਵਾਨਾਂ ਸਮੇਂ ਰਾਗੀਆਂ-ਢਾਡੀਆਂ ਕੋਲੋਂ ਸੁਣਦਾ ਰਿਹਾਂ। ਇਸ ਕਰਕੇ ਸਿੱਖੀ ਦਾ ਜ਼ੁਲਮ ਵਿਰੁਧ ਲੜਨ ਦਾ ਤੇ ਸੱਚੇ ਇਨਸਾਨ ਬਣ ਕੇ ਸਰਬੱਤ ਦਾ ਭਲਾ ਚਾਹੁਣ ਦਾ ਤਸੱਵਰ ਮੈਨੂੰ ਏਸੇ ਵਿਰਾਸਤ ਵਿਚੋਂ ਮਿਲਿਆ ਤੇ ਇਸ ਨੇ ਮੇਰੇ ਅੰਦਰ ਸਵੈਮਾਣ ਦੇ ਅੰਸ਼ ਭਰਨ ਵਿਚ ਵੀ ਰੋਲ ਨਿਭਾਇਆ।

ਇਹ ਸਹੀ ਹੈ ਕਿ ਕਿਸੇ ਵੀ ਲੇਖਕ ਦਾ ਬਚਪਨ ਜਿਹੋ ਜਿਹੇ ਵਿਰਸੇ ਤੇ ਵਾਤਾਵਰਣ ਵਿਚ ਬੀਤਦੈ, ਉਹ ਉਹਦੇ ਜੀਵਨ ਤੇ ਉਹਦੀ ਲਿਖਤ ਉਤੇ ਬੜਾ ਅਸਰ ਪਾਉਂਦੈ। ਵਰਿਆਮ ਸੰਧੂ ਦਾ ਬਚਪਨ ਨਿਮਨ ਕਿਸਾਨੀ ਦੀਆਂ ਤੰਗੀਆਂ ਤੁਰਸ਼ੀਆਂ ਪਰ ਜਟਕੀ 'ਹਉਂ' ਵਿਚ ਲੰਘਿਆ। ਉਹ ਆਪਣੀ ਸਵੈ-ਜੀਵਨੀ ਵਿਚ ਲਿਖਦੈ: ਮੇਰੀ ਭੂਆ ਦੀਆਂ ਦੋ ਧੀਆਂ ਦੇ ਇੱਕੋ ਸਮੇਂ ਕੀਤੇ ਵਿਆਹਾਂ ਉਤੇ ਉਸ ਦੇ ਇਕਲੌਤੇ ਭਰਾ, ਮੇਰੇ ਪਿਓ ਵੱਲੋਂ, 'ਬਣ-ਠਣ' ਕੇ ਜਾਣ ਦੇ ਸਭਿਆਚਾਰਕ ਮੁੱਲ ਨੇ ਸਾਡੀ ਕੁਝ ਜਮੀਨ ਗਹਿਣੇ ਪੁਆ ਦਿੱਤੀ ਸੀ। ਪਰਿਵਾਰ ਨੇ ਸੋਚਿਆ ਕਿ ਅਬੋਹਰ ਵਾਲੀ ਜਮੀਨ ਵੇਚ ਕੇ ਗਹਿਣੇ ਪਈ ਜਮੀਨ ਛੁਡਵਾ ਲਈ ਜਾਵੇ ਅਤੇ ਕੁਝ ਹੋਰ ਜਮੀਨ ਹੱਥ ਹੇਠਾਂ ਕਰ ਲਈ ਜਾਵੇ। ਬਾਪੂ ਚੰਦਾ ਸਿੰਘ ਉਂਜ ਵੀ ਬੁੱਢਾ ਹੋ ਰਿਹਾ ਸੀ। ਉਸ ਨੂੰ ਵੀ ਪਿਛਲੀ ਉਮਰੇ ਹੁਣ ਆਰਾਮ ਦੀ ਜ਼ਰੂਰਤ ਸੀ। ਅਬੋਹਰ ਵਾਲੀ ਜਮੀਨ ਵੇਚ ਕੇ ਉਹ ਸਾਡੇ ਕੋਲ ਸੁਰਸਿੰਘ ਆ ਗਿਆ। ਉਸ ਦਾ ਛੜਾ ਭਰਾ ਬਿਸ਼ਨ ਸਿੰਘ, ਜਿਹੜਾ ਬਾਪੂ ਕੋਲ ਅਬੋਹਰ ਰਹਿੰਦਾ ਸੀ, ਉਹ ਵੀ ਉਹਦੇ ਨਾਲ ਸੀ।

ਚੰਦਾ ਸਿੰਘ, ਬਿਸ਼ਨ ਸਿੰਘ, ਮੇਰੇ ਮਾਂ-ਪਿਓ ਅਤੇ ਅਸੀਂ ਪੰਜ ਭੈਣ-ਭਰਾ ਮਿਲ ਕੇ ਟੱਬਰ ਦੇ ਨੌਂ ਜੀਅ ਬਣਦੇ ਸਾਂ। ਇਨ੍ਹਾਂ ਹੀ ਦਿਨਾਂ ਵਿਚ ਅਸੀਂ ਬਾਪੂ ਹਕੀਕਤ ਸਿੰਘ ਨਾਲੋਂ ਜਾਂ ਉਹ ਸਾਡੇ ਨਾਲੋਂ ਘਰੋਂ ਅੱਡ ਹੋ ਗਿਆ। ਉਨ੍ਹਾਂ ਦੋਵਾਂ ਜੀਆਂ ਨੇ ਇੱਕ ਕੋਠੇ ਵਿਚ ਆਪਣਾ ਨਿਜੀ ਮਾਲ-ਅਸਬਾਬ ਧਰ ਲਿਆ ਅਤੇ ਵਿਹੜੇ ਦੀ ਇੱਕ ਨੁੱਕਰੇ ਮਾਂ ਹਰਨਾਮ ਕੌਰ ਨੇ ਆਪਣਾ ਚੌਂਤਰਾ ਬਣਾ ਲਿਆ। ਮਾਂ ਹਰਨਾਮ ਕੌਰ ਅਤੇ ਮੇਰੇ ਪਿਤਾ ਨੂੰ ਇਸ ਅੱਡ-ਅਡਾਈ ਦਾ ਬਹੁਤਾ ਦੁੱਖ ਸੀ। ਦੋਵਾਂ ਦਾ ਆਪਸ ਵਿਚ ਬਹੁਤ ਪਿਆਰ ਸੀ।

ਪਰ ਅਸਲੀਅਤ ਇਹ ਸੀ ਕਿ ਸਾਡਾ ਹੱਥ ਹੁਣ ਖੁੱਲ੍ਹਾ ਨਹੀਂ ਸੀ ਰਹਿ ਗਿਆ। ਮੇਰਾ ਪਿਓ ਮਾਰ-ਖੋਰਾ ਆਦਮੀ ਨਹੀਂ ਸੀ। ਉਹ ਵਾਹੀ ਵਿਚ ਜਾਨ ਮਾਰ ਕੇ ਕੰਮ ਨਹੀਂ ਸੀ ਕਰ ਸਕਦਾ। ਬਹੁਤਾ ਕੰਮ ਕਾਮੇ ਨੂੰ ਹੀ ਕਰਨਾ ਪੈਂਦਾ ਸੀ। ਅਬੋਹਰ ਵਾਲੀ ਜਮੀਨ ਦੇ ਪੈਸਿਆਂ ਨਾਲ ਅਸੀਂ ਗਹਿਣੇ ਪਈ ਜਮੀਨ ਛੁਡਵਾਈ। ਨਵੀਂ ਜੋਗ ਲਈ, ਬੋਤੀ ਖਰੀਦੀ, ਡਿਓੜ੍ਹੀ ਵਾਲੀ ਥਾਂ 'ਤੇ ਵੱਡੀ ਪੱਕੀ ਬੈਠਕ ਬਣਵਾਈ। 1963-64 ਵਿਚ ਜਮੀਨਾਂ ਦੇ ਮੁੱਲ ਹੈ ਵੀ ਕਿੰਨੇ ਕੁ ਸਨ? ਸ਼ਾਇਦ ਤਿੰਨ ਕੁ ਹਜ਼ਾਰ ਰੁਪਏ ਪ੍ਰਤੀ ਏਕੜ ਨੂੰ ਜਮੀਨ ਵਿਕੀ ਸੀ। ਜਮੀਨ ਛੁਡਵਾ ਕੇ, ਬੈਠਕ ਬਣਾ ਕੇ ਤੇ ਕੁਝ ਹੋਰ ਉਤਲੇ-ਪੁਤਲੇ ਕੰਮਾਂ 'ਤੇ ਪੈਸੇ ਖਰਚਣ ਤੋਂ ਬਾਅਦ ਤਿੰਨ ਕੁ ਹਜ਼ਾਰ ਰੁਪਿਆ ਬਚਿਆ ਸੀ ਜੋ ਅਸੀਂ ਪੱਟੀ ਦੇ ਸਟੇਟ ਬੈਂਕ ਆਫ ਪਟਿਆਲਾ ਵਿਚ ਜਮ੍ਹਾਂ ਕਰਵਾ ਦਿੱਤਾ। ਇਹ ਰੁਪਏ ਵੀ ਹੌਲੀ ਹੌਲੀ ਕਿਰਦੇ ਗਏ।

ਮਈ 1964 'ਚ ਵਰਿਆਮ ਸਿੰਘ ਪ੍ਰਾਇਮਰੀ ਅਧਿਆਪਕ ਲੱਗ ਗਿਆ। ਦੋ ਕੁ ਮਹੀਨੇ ਸਰਕਾਰੀ ਮਿਡਲ ਸਕੂਲ ਭੁੱਚਰ ਕਲਾਂ ਵਿਚ ਪੜ੍ਹਾ ਕੇ ਫਿਰ ਸਰਕਾਰੀ ਪ੍ਰਾਇਮਰੀ ਸਕੂਲ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਅਧਿਆਪਕ ਲੱਗਾ ਰਿਹਾ।

ਉਹ ਦੱਸਦੈ: ਇਨ੍ਹਾਂ ਸਾਲਾਂ ਵਿਚ ਹੀ ਪਹਿਲਾਂ ਬਾਪੂ ਬਿਸ਼ਨ ਸਿੰਘ ਅਤੇ ਸਾਲ-ਸਵਾ ਸਾਲ ਪਿੱਛੋਂ ਹੀ ਬਾਪੂ ਚੰਦਾ ਸਿੰਘ ਵਾਰੀ ਵਾਰੀ ਰੱਬ ਨੂੰ ਪਿਆਰੇ ਹੋ ਗਏ। ਮੇਰਾ ਪਿਓ ਫਿਰ ਇਕੱਲਾ ਰਹਿ ਗਿਆ। ਉਸ ਨੂੰ ਆਰਥਕ ਤੰਗੀ 'ਚੋਂ ਪੈਦਾ ਹੋਏ ਵਿਸ਼ਾਦ ਨੇ ਘੇਰ ਲਿਆ ਤੇ ਉਸ ਨੇ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਅਫੀਮ ਅਤੇ ਮਰਨ ਤੋਂ ਦੋ-ਚਾਰ ਸਾਲ ਪਹਿਲਾਂ ਸ਼ਰਾਬ ਦੇ ਨਸ਼ੇ ਨੇ ਉਸ ਨੂੰ ਖਾਣਾ ਸ਼ੁਰੂ ਕਰ ਦਿੱਤਾ। ਉਹ ਮੇਰੇ ਨਾਲ ਵੀ ਘੁੱਟਿਆ-ਵੱਟਿਆ ਰਹਿੰਦਾ। ਉਸ ਨੂੰ ਲੱਗਦਾ ਸੀ

*(ਬਾਕੀ ਅਗਲੇ ਸਫੇ 'ਤੇ)*

ਕਿ ਮੈਂ ਉਸ ਨੂੰ ਬਣਦਾ ਆਦਰ ਨਹੀਂ ਦਿੰਦਾ। ਇਹ ਕੁਝ ਹੱਦ ਤੱਕ ਸੱਚ ਵੀ ਸੀ। ਮੈਨੂੰ ਉਸ ਦਾ ਨਸ਼ੱਈ ਬਣ ਜਾਣ ਵਾਲਾ ਵਤੀਰਾ ਚੰਗਾ ਨਹੀਂ ਸੀ ਲੱਗਦਾ। ਮੈਂ ਆਪਣੀ ਤਨਖਾਹ ਵਿਚੋਂ ਘਰ ਵਿਚ ਖਰਚਣ ਲਈ ਜਿਹੜੇ ਪੈਸੇ ਬੀਬੀ ਦੇ ਹੱਥ 'ਤੇ ਰੱਖਦਾ ਸਾਂ, ਉਹਨੂੰ ਇਸ ਦਾ ਵੀ ਰੋਸਾ ਸੀ। ਉਹ ਸੋਚਦਾ ਸੀ ਕਿ ਜੇ ਮੈਂ ਉਸ ਨੂੰ ਪਿਓ ਵਾਲਾ ਆਦਰ ਦਿੰਦਾ ਹੁੰਦਾ ਤਾਂ ਇਹ ਪੈਸੇ ਜ਼ਰੂਰ ਉਸ ਦੇ ਹੱਥ ਉਤੇ ਧਰਦਾ। ਮੇਰੀ ਜ਼ਿਦ ਸੀ ਕਿ ਜਿੰਨਾ ਚਿਰ ਉਹ ਸ਼ਰਾਬ ਨਹੀਂ ਛੱਡਦਾ, ਮੇਰਾ ਰਿਸ਼ਤਾ ਉਸ ਨਾਲ ਸੁਖਾਵਾਂ ਨਹੀਂ ਹੋ ਸਕਦਾ। ਉਸ ਨੇ ਕਈ ਵਾਰ ਨਸ਼ਾ ਛੱਡਣ ਦੀ ਕੋਸ਼ਿਸ਼ ਕੀਤੀ ਵੀ, ਪਰ ਫਿਰ ਕੁਝ ਚਿਰ ਬਾਅਦ ਨਸ਼ਾ ਉਹਦੀ ਇੱਛਾ-ਸ਼ਕਤੀ ਨੂੰ ਢਾਹ ਲੈਂਦਾ। ਉਹ ਇਸ ਦੀ ਜਕੜ ਵਿਚ ਆ ਜਾਂਦਾ। ਹੁਣ ਮੈਂ ਵੀ ਸੋਚਦਾ ਹਾਂ ਕਿ ਜੇ ਮੈਂ ਉਸ ਨਾਲ ਮੋਹ-ਪਿਆਰ ਨਾਲ ਵਰਤਦਾ, ਉਸ ਨੂੰ ਮਾਨਸਿਕ ਸੁਰੱਖਿਆ ਦਿੰਦਾ ਅਤੇ ਉਸ ਤੋਂ ਦੂਰ ਨਾ ਹੁੰਦਾ ਤਾਂ ਉਹ ਜ਼ਰੂਰ ਆਪਣੇ ਉਤੇ ਕਾਬੂ ਪਾ ਸਕਦਾ ਸੀ। ਪਰ ਅਜਿਹਾ ਹੋ ਨਾ ਸਕਿਆ। ਫਲਸਰੂਪ ਮੇਰਾ ਪਿਤਾ 45-46 ਸਾਲ ਦੀ ਉਮਰ ਵਿਚ ਦਿਮਾਗ ਦੀ ਨਾਲੀ ਫਟਣ ਕਰ ਕੇ ਸਦਾ ਲਈ ਸਾਥੋਂ ਵਿਛੜ ਗਿਆ।

ਅੱਜ ਸਮੇਂ ਦੀ ਵਿੱਥ ਤੋਂ ਲੱਗਦਾ ਹੈ ਕਿ ਛੋਟੀ ਉਮਰ ਤੋਂ ਹੀ ਉਸ ਦੇ ਅੰਦਰ ਇੱਕ ਡੂੰਘਾ ਖਲਾਅ ਪਸਰ ਗਿਆ ਸੀ। ਮਾਂ ਦੀ ਮੌਤ ਹੋ ਜਾਣੀ, ਪਿਓ ਦਾ ਪਿਆਰ ਖੁੱਸ ਜਾਣਾ, 'ਆਪਣੇ ਘਰ' ਤੋਂ ਵਿਛੁੰਨੇ ਜਾਣਾ। ਮਾਮਾ-ਮਾਮੀ ਜਿੰਨਾ ਮਰਜ਼ੀ ਪਿਆਰ ਕਰਦੇ ਰਹੇ ਹੋਣ, ਉਨ੍ਹਾਂ ਦੇ ਘਰ ਵਿਚ ਜਿੰਨੀ ਮਰਜ਼ੀ ਸੁੱਖ-ਸਹੂਲਤ ਮਿਲੀ ਹੋਵੇ, ਪਰ ਦਿਲ ਦੀਆਂ ਧੁਰ-ਡੂੰਘਾਣਾਂ ਤੋਂ ਆਪਣੇ ਮਾਪਿਆਂ ਅਤੇ ਆਪਣੇ ਘਰ ਦਾ ਵਿਗੋਚਾ ਉਸ ਦੇ ਕਾਲਜੇ ਦੀ ਪੀੜ ਬਣ ਕੇ ਰਹਿ ਗਿਆ ਸੀ। ਆਪਣੇ ਮਾਂ-ਪਿਓ ਦਾ ਤਾਂ ਝਿੜਕਣਾ-ਮਾਰਨਾ ਵੀ ਬੱਚਾ ਅਗਲੇ ਪਲ ਭੁੱਲ ਜਾਂਦਾ ਹੈ ਪਰ ਮਾਮੇ-ਮਾਮੀ ਦਾ ਜਾਇਜ਼ ਝਿੜਕਣਾ ਵੀ ਚੇਤੇ ਕਰਵਾ ਦਿੰਦਾ ਹੈ, 'ਮੈਂ ਇਨ੍ਹਾਂ ਦਾ ਅਸਲੀ ਪੁੱਤ ਨਹੀਂ ਨਾ! ਇਸੇ ਕਰਕੇ ਮੇਰੇ ਨਾਲ ਇਹ ਸਲੂਕ ਹੁੰਦਾ ਹੈ!' ਸ਼ਾਇਦ ਬੇਗਾਨਗੀ ਦੇ ਅਹਿਸਾਸ ਦੇ ਡੰਗ ਦੀ ਪੀੜ ਹੀ ਸੀ ਜਿਸ ਨੇ ਕਦੀ ਵੀ ਮੇਰੇ ਪਿਤਾ ਨੂੰ ਵੱਖੀਆਂ ਤੋੜਨ ਵਾਲਾ ਹਾਸਾ ਹੱਸਣ ਵਾਲੀ ਖੁਸ਼ੀ ਨਹੀਂ ਸੀ ਦਿੱਤੀ। ਉਹ ਨਾ ਬਹੁਤਾ ਉਚੀ ਹੱਸਦਾ ਸੀ ਤੇ ਨਾ ਹੀ ਬਹੁਤਾ ਉਚੀ ਬੋਲਦਾ ਸੀ। ਉਚੀ ਤਾਂ ਕੀ, ਉਹ ਬੋਲਦਾ ਹੀ ਬੜਾ ਘੱਟ ਸੀ।

ਉਂਜ ਮੇਰਾ ਪਿਤਾ ਬੜਾ ਸੰਵੇਦਨਸ਼ੀਲ ਵਿਅਕਤੀ ਸੀ। ਸਾਹਿਤ ਪੜ੍ਹਨ ਦੀ ਚੇਟਕ ਤਾਂ ਮੈਨੂੰ ਲੱਗੀ ਹੀ ਉਸ ਕੋਲੋਂ ਸੀ। ਉਹ ਮੇਰੇ ਕੋਲ ਆਉਣ ਵਾਲੇ ਰਾਜਨੀਤਕ ਵਿਚਾਰਾਂ ਵਾਲੇ ਦੋਸਤਾਂ ਨੂੰ 'ਭਗਤ ਸਿੰਘ' ਹੁਰਾਂ ਦਾ ਰੂਪ ਸਮਝ ਕੇ ਪਿਆਰ ਦਿੰਦਾ ਸੀ। ਮੈਂ ਜਦੋਂ ਬੀ. ਐਡ ਕਰਦਿਆਂ 1972 ਵਿਚ ਮੋਗਾ ਐਜੀਟੇਸ਼ਨ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਸਾਂ ਤਾਂ ਮੇਰੀ ਮਾਂ ਨੂੰ ਸਮਝਾਉਂਦਿਆਂ ਉਸ ਨੇ ਕਿਹਾ ਸੀ, "ਤੂੰ ਫਿਕਰ ਨਾ ਕਰਿਆ ਕਰ। ਮੇਰਾ ਪੁੱਤ ਤਾਂ ਦਰਿਆ ਹੈ ਅਤੇ ਇਸ ਨੇ ਅੱਗੇ ਹੀ ਅੱਗੇ ਵਧਦੇ ਜਾਣਾ ਹੈ।"

ਏਨੀ ਗੱਲ ਕਹਿਣ ਤੋਂ ਕੁਝ ਦਿਨ ਹੀ ਪਿੱਛੋਂ ਉਹ ਇਸ ਸੰਸਾਰ ਨੂੰ ਛੱਡ ਕੇ ਤੁਰ ਗਿਆ ਸੀ। ਉਸ ਦੀ ਇਹ ਗੱਲ ਵੀ ਮੇਰੀ ਬੀਬੀ ਨੇ ਮੈਨੂੰ ਉਸ ਦੇ ਤੁਰ ਜਾਣ ਤੋਂ ਪਿੱਛੋਂ ਦੱਸੀ ਸੀ। ਮੈਨੂੰ ਅਫਸੋਸ ਹੈ ਕਿ ਮੇਰੇ ਉਤੇ ਏਨਾ ਮਾਣ ਕਰਨ ਵਾਲੇ ਪਿਓ ਨੂੰ ਮੈਂ ਉਹਦੇ ਜਿਊਂਦੇ-ਜੀਅ ਸਮਝ ਅਤੇ ਸਾਂਭ ਨਾ ਸਕਿਆ। ਉਸ ਬੰਦੇ ਨੇ ਤਾਂ ਅੰਦਰੋਂ ਖੁਰਨਾ ਹੀ ਸੀ ਜਿਸ ਨੂੰ ਮਾਂ-ਪਿਓ ਦਾ ਪਿਆਰ ਨਾ ਮਿਲਿਆ; ਜੋ ਹਮੇਸ਼ਾ ਬੇਗਾਨਗੀ ਦਾ ਝੋਰਾ ਹੰਢਾਉਂਦਾ ਰਿਹਾ। ਜਦੋਂ ਉਸ ਨੂੰ ਆਪਣੇ ਪਰਿਵਾਰ ਤੋਂ ਮਨੋਵਿਗਿਆਨਕ ਆਸਰਾ ਚਾਹੀਦਾ ਸੀ ਤਾਂ ਉਸ ਦਾ ਆਪਣਾ ਪੁੱਤਰ ਉਸ ਤੋਂ ਦੂਰ-ਦੂਰ ਰਹਿਣ ਲੱਗਾ!

ਪਰ ਘਰ ਦੇ ਖਰਚਿਆਂ ਤੇ ਕਬੀਲਦਾਰੀ ਦੀਆਂ ਜਿੰਮੇਵਾਰੀਆਂ ਨੇ ਉਸ ਨੂੰ ਹੌਲੀ ਹੌਲੀ ਢਾਹ ਲਿਆ ਸੀ। ਮੈਂ ਉਦੋਂ ਖਾਲਸਾ ਕਾਲਜ ਆਫ ਐਜੂਕੇਸ਼ਨ, ਅੰਮ੍ਰਿਤਸਰ ਵਿਚ ਬਿਨਾ ਤਨਖਾਹ ਤੋਂ ਛੁੱਟੀ ਲੈ ਕੇ ਬੀ. ਐਡ ਕਰ ਰਿਹਾ ਸਾਂ। ਖਾਲਸਾ ਕਾਲਜ ਵਿਚ ਪੜ੍ਹਨ ਸਮੇਂ ਹੀ ਮੈਨੂੰ 'ਮੋਗਾ ਐਜੀਟੇਸ਼ਨ' ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫਤਾਰੀ ਪਿੱਛੋਂ ਰਿਹਾ ਹੋਏ ਨੂੰ ਕੁਝ ਦਿਨ ਹੀ ਹੋਏ ਸਨ ਕਿ ਮੇਰੇ ਪਿਤਾ ਦੀ ਮੌਤ ਹੋ ਗਈ। ਇਹ 29 ਨਵੰਬਰ 1972 ਦਾ ਦਿਨ ਸੀ। ਉਸ ਦੇ ਮਰਨ 'ਤੇ ਸਾਰੇ ਪਰਿਵਾਰ ਦਾ ਬੋਝ ਹੁਣ ਮੇਰੇ ਸਿਰ ਉਤੇ ਪੈ ਗਿਆ। ਇਹ ਵੀ ਸ਼ੁਕਰ ਦੀ ਗੱਲ ਸੀ ਕਿ ਮੇਰੇ ਤੋਂ ਛੋਟੀਆਂ ਤਿੰਨਾਂ ਭੈਣਾਂ ਵਿਚੋਂ ਉਹ ਦੋ ਦਾ ਵਿਆਹ ਆਪਣੇ ਹੱਥੀਂ ਕਰ ਗਿਆ ਸੀ। ਛੋਟਾ ਭਰਾ ਉਦੋਂ ਸੋਲਾਂ-ਸਤਾਰਾਂ ਸਾਲ ਦਾ ਸੀ ਅਤੇ ਸਭ ਤੋਂ ਛੋਟੀ ਭੈਣ ਬਾਰਾਂ-ਤੇਰਾਂ ਸਾਲ ਦੀ। ਭਰਾ ਤਾਂ ਪੜ੍ਹਨੋਂ ਹਟਿਆ ਹੋਇਆ ਸੀ ਪਰ ਭੈਣ ਅਜੇ ਪੜ੍ਹਦੀ ਸੀ।

---

ਵਰਿਆਮ ਸਿੰਘ ਸੁਰਸਿੰਘ ਦੇ ਸਕੂਲ ਦਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਹੋਣ ਦੇ ਨਾਲ ਵਾਲੀਬਾਲ ਦਾ ਵੀ ਵਧੀਆ ਖਿਡਾਰੀ ਸੀ। ਉਸ ਦੀ ਮਾਰੀ ਵਾਲੀ ਧੂੜਾਂ ਪੁੱਟ ਦਿੰਦੀ ਸੀ। ਦਸਵੀਂ ਉਸ ਨੇ ਹਾਈ ਫਸਟ ਕਲਾਸ ਨਾਲ ਪਾਸ ਕੀਤੀ ਪਰ ਘਰ ਦੀਆਂ ਤੰਗੀਆਂ-ਤੁਰਸ਼ੀਆਂ ਨੇ ਉਸ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਦਾ ਵਿਦਿਆਰਥੀ ਨਾ ਬਣਨ ਦਿੱਤਾ। ਉਹ ਲਿਖਦੈ: ਬਾਪੂ ਹਕੀਕਤ ਸਿੰਘ 'ਆਪਣੇ ਹਿੱਸੇ' ਦੀ ਕੁਝ ਜਮੀਨ ਹਿੱਸੇ-ਠੇਕੇ 'ਤੇ ਦੇ ਛੱਡਦਾ। ਉਸ ਦੀ ਕੁਝ ਜਮੀਨ ਮੇਰਾ ਪਿਤਾ ਵਾਹੁੰਦਾ ਅਤੇ ਬਾਪੂ ਦੀ ਹਿੱਸੇ-ਠੇਕੇ ਵਾਲੀ ਜਮੀਨ ਦੀ ਦੇਖ-ਰੇਖ ਵੀ ਕਰਦਾ। ਮੈਂ ਵੀ ਆਪਣੇ ਪਿਤਾ ਨਾਲ ਖੇਤੀ ਵਿਚ ਹੱਥ ਵਟਾਉਂਦਾ। ਉਦੋਂ ਅਜੇ ਹਰੇ ਇਨਕਲਾਬ ਨੇ ਦਰਸ਼ਨ ਨਹੀਂ ਸਨ ਦਿੱਤੇ। ਬਲਾਕ ਦੇ ਕਰਮਚਾਰੀ ਕਿਸਾਨਾਂ ਨੂੰ ਖੇਤਾਂ ਵਿਚ ਪਾਉਣ ਲਈ ਅਤੇ 'ਆਪਣੀ ਅੱਖੀਂ ਫਸਲ ਦੇ ਵਧੇ ਝਾੜ ਦਾ ਕਮਾਲ ਦੇਖਣ ਲਈ' ਨਮੂਨੇ ਵਜੋਂ ਰਸਾਇਣਕ ਖਾਦ ਮੁਫਤ ਦਿੰਦੇ ਪਰ ਕਿਸਾਨ ਛੇਤੀ ਕੀਤੇ ਉਨ੍ਹਾਂ ਦੇ 'ਝੱਪੇ' ਵਿਚ ਨਾ ਆਉਂਦੇ ਅਤੇ ਆਖਦੇ ਖਾਦ ਪਾਉਣ ਨਾਲ ਉਨ੍ਹਾਂ ਦੀ ਜਮੀਨ ਨੂੰ ਅਮਲੀ ਵਾਂਗ ਅਮਲ ਲੱਗ ਜਾਵੇਗਾ; ਅੱਗੋਂ ਤੋਂ ਅਮਲ ਖਾਧੇ ਬਿਨਾ ਜਮੀਨ ਨੇ ਫਸਲ ਦੇਣੋਂ ਹਟ ਜਾਣਾ ਹੈ ਅਤੇ ਹੌਲੀ ਹੌਲੀ ਜਮੀਨ ਅਮਲੀਆਂ ਦੇ ਜਿਸਮ ਵਾਂਗ ਕਮਜ਼ੋਰ ਅਤੇ ਨਕਾਰਾ ਹੋ ਕੇ ਰਹਿ ਜਾਵੇਗੀ!

ਸਿਆਲ ਦੀਆਂ ਕਕਰੀਲੀਆਂ ਰਾਤਾਂ ਵਿਚ ਮੈਂ ਕਦੀ-ਕਦੀ ਆਪਣੇ ਪਿਤਾ ਨਾਲ ਨਹਿਰ ਦਾ ਪਾਣੀ ਲਵਾਉਣ ਵੀ ਜਾਂਦਾ। ਖੂਹ ਤਾਂ ਮੈਂ ਦੋ-ਤਿੰਨ ਸਾਲ ਇਕੱਲਾ ਹੀ ਵਾਹੁੰਦਾ ਰਿਹਾ। ਬੋਤੀ ਨੂੰ ਖੋਪੇ ਲਾ ਕੇ ਸ਼ਿਸ਼ਕਾਰ ਦਿੰਦਾ ਅਤੇ ਉਹ ਆਪਣੀ ਚਾਲੇ ਤੁਰੀ ਰਹਿੰਦੀ। ਟਿੰਡਾਂ ਪਾੜਛੇ ਵਿਚ ਚਾਂਦੀ ਰੰਗਾ ਪਾਣੀ ਉਲਟਾਈ ਜਾਂਦੀਆਂ ਅਤੇ ਮੈਂ ਵਗਦੇ ਖੂਹ ਦੀ ਸੰਗੀਤਕ 'ਟਿੱਕ ਟਿੱਕ' ਵਿਚ ਨੇੜੇ ਹੀ ਚੌਂਨੇ ਨਾਲ ਝੁੱਲ ਵਿਛਾ ਕੇ ਬੈਠਾ ਕੋਈ ਕਿਤਾਬ ਪੜ੍ਹਦਾ ਰਹਿੰਦਾ ਅਤੇ ਵਿਚ-ਵਿਚ ਉਠ ਕੇ ਕਿਆਰੇ ਵੱਲ ਝਾਤੀ ਵੀ ਮਾਰ ਲੈਂਦਾ। ਮਾਲ-ਡੰਗਰ ਲਈ ਪੱਠੇ ਵੱਢਣ ਤੇ ਲਿਆਉਣ ਦੀ ਜਿੰਮੇਵਾਰੀ ਮੈਂ ਅਠਵੀਂ-ਨੌਵੀਂ ਵਿਚ ਪੜ੍ਹਦਿਆਂ ਹੀ ਸੰਭਾਲ ਲਈ ਸੀ। ਮੈਂ ਪੱਠਿਆਂ ਦੀ ਚਿੱਲੀ ਵੱਢਦਾ, ਬੋਤੀ 'ਤੇ ਲੱਦਦਾ ਤੇ ਘਰ ਆ ਕੇ ਮਸ਼ੀਨੀ ਟੋਕੇ 'ਤੇ ਕੁਤਰਦਾ। ਇੱਕ ਅੱਧੀ ਵਾਰ ਹਲ ਵਾਹੁਣ ਦਾ ਅੱਧ-ਪਚੱਧਾ ਤਜਰਬਾ ਵੀ ਕੀਤਾ। ਪਰ ਹਲ ਵਾਹੁਣ ਨੂੰ ਕਾਮਾ ਰੱਖਿਆ ਹੁੰਦਾ ਸੀ। ਮੈਂ ਵਾਢੀ ਕਰਨ, ਫਲ੍ਹੇ ਹਿੱਕਣ, ਗੋਡੀ ਕਰਨ, ਪਾਣੀ ਲਾਉਣ, ਡੰਗਰ ਚਾਰਨ ਆਦਿ ਖੇਤੀ ਨਾਲ ਜੁੜੇ ਹੋਰ ਸਾਰੇ ਕੰਮ ਕਰਦਾ।

ਖਰਚਣ ਵਾਸਤੇ ਇੱਕ ਆਨਾ ਵੀ ਲੈਣ ਲਈ ਬਾਪੂ ਹਕੀਕਤ ਸਿੰਘ ਦੇ ਘੰਟਾ-ਘੰਟਾ ਤਰਲੇ ਕਰਨੇ ਪੈਂਦੇ। ਉਸ ਨੇ ਆਖਣਾ, "ਉਏ ਕਿਥੋਂ ਦਿਆਂ ਮੈਂ? ਮੇਰੀ ਕੋਈ ਇੰਗਸ ਲੱਗੀ ਆ?" ਡੰਗਰ ਚਾਰਦਿਆਂ ਨੰਗੇ ਪੈਰੀਂ ਕੰਡੇ ਵੱਜਣ ਦੀ ਪੀੜ ਜੇ ਅਜੇ ਤੱਕ ਪੈਰਾਂ ਵਿਚ ਚੁਭਦੀ ਹੈ ਤਾਂ ਸਾਫ ਜ਼ਾਹਰ ਹੈ ਕਿ ਪੈਰੀਂ ਪਾਉਣ ਲਈ ਸਦਾ ਤੇ ਸਮੇਂ ਸਿਰ ਜੁੱਤੀ ਨਸੀਬ ਨਹੀਂ ਸੀ ਹੁੰਦੀ। ਨਵੇਂ ਕੱਪੜੇ ਵੀ ਵਿਆਹ-ਸ਼ਾਦੀ ਜਾਂ ਕਿਸੇ ਮੇਲੇ-ਮੁਸਾਹਿਬੇ 'ਤੇ ਹੀ ਮਿਲਦੇ ਸਨ। ਮਹੀਨੇ ਬਾਅਦ ਸਕੂਲ ਦੀ ਪੰਜ-ਸੱਤ ਰੁਪਏ ਫੀਸ ਦੇਣੀ ਮੁਸ਼ਕਿਲ ਜਾਪਦੀ ਸੀ। ਮੈਨੂੰ ਇਹ ਵੀ ਯਾਦ ਹੈ ਕਿ ਮੇਰੇ ਨਾਨਕਿਆਂ ਵਿਚ ਕਿਸੇ ਵਿਆਹ 'ਤੇ ਜਾਣ ਸਮੇਂ ਮੇਰੇ ਪਿਤਾ ਨੇ ਆਪਣੇ ਕਿਸੇ ਮਿੱਤਰ ਤੋਂ ਉਸ ਦੀ ਗਰਮ ਲੋਈ ਮੰਗ ਕੇ ਖੜੀ ਸੀ। ਇੰਜ ਹੀ ਇੱਕ ਵਾਰ ਕੋਈ ਵਾਂਢਾ ਵੇਖਣ ਲਈ ਉਸ ਨੂੰ ਕਿਸੇ ਦੀ ਨਵੀਂ ਜੁੱਤੀ ਵੀ ਮੰਗਣੀ ਪਈ ਸੀ। ਭਾਵੇਂ ਜੁੱਤੀ ਅਤੇ ਕੱਪੜੇ ਮੰਗ ਕੇ ਵਿਆਹ ਜਾਂ ਵਾਂਢਾ ਵੇਖ ਲੈਣ ਦਾ ਰਿਵਾਜ ਛੋਟੀ ਕਿਰਸਾਣੀ ਵਿਚ ਆਮ ਹੀ ਪ੍ਰਚਲਿਤ ਸੀ, ਤਦ ਵੀ ਮੇਰੇ ਸੰਵੇਦਨਸ਼ੀਲ ਮਨ ਨੂੰ ਇਸ ਗੱਲ ਦੀ ਤਕਲੀਫ ਹੁੰਦੀ ਸੀ ਕਿ ਇਹ ਸਭ ਲੋੜੀਂਦੀਆਂ ਚੀਜ਼ਾਂ ਲੋੜ ਪੈਣ 'ਤੇ ਸਾਡੇ ਆਪਣੇ ਘਰ ਕਿਉਂ ਨਹੀਂ ਹੁੰਦੀਆਂ?

ਬਚਪਨ ਵਿਚ ਆਪਣੇ ਨਾਨਕਿਆਂ ਨੂੰ ਜਾਣ ਲਈ ਜਦੋਂ ਅੰਮ੍ਰਿਤਸਰੋਂ ਬੱਸ ਵਿਚ ਬੈਠ ਕੇ ਖਾਲਸਾ ਕਾਲਜ ਕੋਲ ਦੀ ਲੰਘਦਾ ਸਾਂ ਤਾਂ ਕਾਲਜ ਦੀ ਸ਼ਾਹਾਨਾ ਇਮਾਰਤ ਵੱਲ ਵੇਖ ਕੇ ਆਪਣੇ ਮਨ-ਮਸਤਕ ਵਿਚ ਇਸ ਕਾਲਜ ਵਿਚ ਪੜ੍ਹਨ ਦਾ ਸੁਪਨਾ ਪਾਲਿਆ ਹੋਇਆ ਸੀ। ਪਰ ਦਸਵੀਂ ਪਾਸ ਕਰਨ ਤੱਕ ਮੈਨੂੰ ਇਹ ਅਹਿਸਾਸ ਹੋ ਚੁਕਾ ਸੀ ਕਿ ਮੇਰੇ ਮਾਪੇ ਕਾਲਜ ਦੀ ਪੜ੍ਹਾਈ ਦਾ ਖਰਚਾ ਦੇਣ ਦੇ ਸਮਰੱਥ ਨਹੀਂ ਸਨ। ਮੈਂ 'ਸਾਊ ਪੁੱਤ' ਬਣ ਕੇ ਕਾਲਜ ਪੜ੍ਹਨ ਦੀ ਰੀਝ ਨੂੰ ਅੰਦਰ ਹੀ ਘੁੱਟ ਲਿਆ ਸੀ ਅਤੇ ਇੱਕ ਵਾਰ ਵੀ ਆਪਣੇ ਮਾਪਿਆਂ ਨੂੰ ਅੱਗੇ ਪੜ੍ਹਨ ਦਾ ਖਰਚਾ ਦੇਣ ਲਈ ਆਖ ਕੇ ਛਿੱਥਾ ਨਹੀਂ ਸੀ ਪਾਇਆ।

ਦਸਵੀਂ ਕਰ ਕੇ ਮੈਂ ਘਰਦਿਆਂ ਦੀ ਆਰਥਕ ਸਹਾਇਤਾ ਕਰਨ ਲਈ ਕੋਈ ਛੋਟੀ-ਮੋਟੀ ਨੌਕਰੀ ਲੈ ਕੇ ਉਨ੍ਹਾਂ ਦਾ ਹੱਥ ਵਟਾਉਣਾ ਚਾਹੁੰਦਾ ਸਾਂ। ਪਰ ਕੀ ਕਰਾਂ? ਕਿਰਸਾਣੀ ਲਈ ਨੌਕਰੀ ਕਰਨ ਵਾਲੇ ਦੋ ਹੀ ਖੇਤਰ ਜਾਣੇ-ਪਛਾਣੇ ਸਨ-ਪੁਲਿਸ ਤੇ ਫੌਜ ਦੀ ਭਰਤੀ। ਪੁਲਿਸ ਤੇ ਫੌਜ ਵਿਚ ਮੈਂ ਜਾਣਾ ਨਹੀਂ ਸਾਂ ਚਾਹੁੰਦਾ। ਮੈਂ ਸੋਚਿਆ ਕਿ ਜੇ.ਬੀ.ਟੀ. ਕਰ ਕੇ ਅਧਿਆਪਕ ਲੱਗ ਜਾਵਾਂ। ਥੋੜ੍ਹੀ ਬਹੁਤੀ ਕਮਾਈ ਵੀ ਕਰਨ ਲੱਗ ਜਾਵਾਂਗਾ ਤੇ ਨਾਲ ਨਾਲ ਅੱਗੇ ਪ੍ਰਾਈਵੇਟ ਪੜ੍ਹਾਈ ਕਰਕੇ ਤਰੱਕੀ ਕਰਨ ਦੀ ਕੋਸ਼ਿਸ਼ ਕਰਾਂਗਾ। ਪਰ ਜੇ.ਬੀ.ਟੀ. ਕਰਨ ਲਈ ਵੀ ਤਾਂ ਖਰਚਾ ਚਾਹੀਦਾ ਸੀ! ਮੈਂ ਆਪਣੇ ਦਾਦੇ ਚੰਦਾ ਸਿੰਘ ਕੋਲ ਅਬੋਹਰ ਗਿਆ ਅਤੇ ਉਸ ਨੂੰ ਆਪਣੇ ਕੋਰਸ ਦਾ ਖਰਚਾ ਚੁੱਕਣ ਲਈ ਤਰਲਾ ਕੀਤਾ। ਬਾਪੂ ਚੰਦਾ ਸਿੰਘ ਅਬੋਹਰ ਵਾਲੀ ਜਮੀਨ ਸਾਂਭਦਾ ਸੀ ਅਤੇ ਮੇਰਾ ਪਿਤਾ ਸਾਲ-ਛਿਮਾਹੀ ਉਸ ਕੋਲ ਜਾ ਕੇ ਉਸ ਕੋਲੋਂ ਆਪਣੇ ਟੱਬਰ ਦੇ ਉਤਲੇ-ਪੁਤਲੇ ਖਰਚਿਆਂ ਲਈ ਸਹਾਇਤਾ ਲੈਂਦਾ ਰਹਿੰਦਾ ਸੀ। ਬਾਪੂ ਚੰਦਾ ਸਿੰਘ ਨੇ ਮੇਰਾ ਖਰਚਾ ਅਦਾ ਕਰਨ ਦੀ ਹਾਮੀ ਤਾਂ ਭਰ ਦਿੱਤੀ ਪਰ ਇਸ ਭੱਜ-ਨੱਸ ਵਿਚ ਦਾਖਲੇ ਦਾ ਸਮਾਂ ਲੰਘ ਗਿਆ।

ਉਹ ਸਾਲ ਘਰ ਵਿਚ ਖੇਤੀ ਦਾ ਕੰਮ-ਧੰਦਾ ਕਰਨ ਵਿਚ ਗੁਜ਼ਾਰਿਆ। ਅਗਲੇ ਸਾਲ ਬਾਪੂ ਚੰਦਾ ਸਿੰਘ ਵੱਲੋਂ ਦਿੱਤੀ ਮੁਢਲੀ ਸਹਾਇਤਾ ਨਾਲ ਮੈਂ ਸਰਹਾਲੀ ਦੇ ਜੇ.ਬੀ.ਟੀ. ਸਕੂਲ ਵਿਚ ਜਾ ਦਾਖਲਾ ਲਿਆ। ਏਥੇ ਜਾ ਕੇ ਮੈਨੂੰ ਆਰਥਕ ਤੰਗੀ ਦਾ ਘੋਰ ਅਹਿਸਾਸ ਹੋਇਆ ਕਿਉਂਕਿ ਕਦੀ ਕਦੀ ਮੈਨੂੰ ਬਾਪੂ ਵੱਲੋਂ ਭੇਜੇ ਜਾਣ ਵਾਲਾ ਮਨੀ ਆਰਡਰ ਸਮੇਂ ਸਿਰ ਨਹੀਂ ਸੀ ਮਿਲਦਾ ਜਾਂ ਕਈ ਵਾਰ ਤੰਗੀ ਤੁਰਸ਼ੀ ਜਾਂ ਹੱਥ ਤੰਗ ਹੋਣ ਕਰਕੇ ਇੱਕ-ਅੱਧਾ ਮਹੀਨਾ ਉਹ ਪੈਸੇ ਭੇਜ ਹੀ ਨਾ ਸਕਦਾ। ਮੇਰੇ ਲਈ ਪੈਸਿਆਂ ਦੀ ਉਡੀਕ ਵਿਚ ਉਹ ਦਿਨ ਲੰਘਾਉਣੇ ਬੜੇ ਮੁਸ਼ਕਿਲ ਹੁੰਦੇ। ਮਹੀਨੇ ਬਾਅਦ ਹੋਸਟਲ ਦਾ ਖਰਚਾ ਅਤੇ ਫੀਸ ਤਾਂ ਸਮੇਂ ਸਿਰ ਦੇਣੀ ਹੀ ਪੈਂਦੀ ਸੀ। ਮੈਂ ਪਿੰਡ ਵੱਲ ਭੱਜਦਾ ਤਾਂ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਮਾਂ-ਬਾਪ ਏਧਰੋਂ ਓਧਰੋਂ ਫੜ੍ਹ ਕੇ ਜਾਂ ਬਾਪੂ ਹਕੀਕਤ ਸਿੰਘ ਦਾ ਤਰਲਾ ਕਰਕੇ ਮੇਰੀ ਲੋੜ ਸਾਰਦੇ। ਇੱਕ ਵਾਰ ਤਾਂ ਮੇਰੀ ਬਾਂਹ ਫੜਨ ਤੋਂ ਘਰਦਿਆਂ ਨੇ ਵੀ ਅਸਮਰੱਥਾ ਪ੍ਰਗਟਾ ਦਿੱਤੀ ਤਾਂ ਮੈਂ ਜ਼ਿਲ੍ਹਾ ਕਰਨਾਲ (ਹੁਣ ਕੁਰੂਕਸ਼ੇਤਰ) ਦੇ ਪਿੰਡ 'ਠਸਕਾ ਮੀਰਾਂ ਜੀ' ਵਿਚ ਰਹਿੰਦੇ ਆਪਣੇ ਫੁੱਫੜ ਗੁਰਮੇਜ ਸਿੰਘ ਨੂੰ ਚਿੱਠੀ ਲਿਖੀ। ਉਸ ਨੇ ਤੁਰਤ ਪੰਜਾਹ ਰੁਪਏ ਮਨੀ ਆਰਡਰ ਕਰ ਦਿੱਤੇ। ਉਸ ਦੇ ਇਨ੍ਹਾਂ ਰੁਪਈਆਂ ਦੀ ਕ੍ਰਿਤੱਗਤਾ ਦਾ ਭਾਰ ਸਾਰੀ ਉਮਰ ਮੇਰੇ ਮਨ 'ਤੇ ਰਿਹਾ।

ਪੈਸੇ ਦੀ ਤੰਗੀ ਵਾਲੇ ਇਨ੍ਹਾਂ ਹੀ ਦਿਨਾਂ ਵਿਚਲੀ ਇੱਕ ਹੋਰ ਘਟਨਾ ਮੈਨੂੰ ਹੁਣ ਵੀ ਸ਼ਰਮਿੰਦਾ ਕਰ ਦਿੰਦੀ ਹੈ। ਹੋਸਟਲ ਵਿਚ ਰਹਿੰਦਿਆਂ ਰੋਟੀ ਖਾਣ ਸਮੇਂ ਦਾਲ-ਸਬਜ਼ੀ ਵਿਚ ਪਾਉਣ ਵਾਸਤੇ ਮੁੰਡੇ ਅਕਸਰ ਹੀ ਆਪਣੇ ਘਰਾਂ ਤੋਂ ਦੇਸੀ ਘਿਉ ਦੀਆਂ ਪੀਪੀਆਂ ਭਰ ਕੇ ਲਿਆਉਂਦੇ। ਮੈਂ ਵੀ ਔਖਾ ਸੌਖਾ ਡੰਗ ਸਾਰਦਾ ਰਹਿੰਦਾ ਸਾਂ। ਮੇਰੀ ਮਾਂ ਛੋਟੇ ਭੈਣ-ਭਰਾਵਾਂ ਦੇ ਹਿੱਸੇ ਆਉਂਦਾ ਥਿੰਦਾ ਮੇਰੇ ਵਾਸਤੇ ਜੋੜ ਛੱਡਦੀ। ਪਰ ਇਨ੍ਹਾਂ ਦਿਨਾਂ ਵਿਚ ਲਵੇਰੇ ਦੀ ਤੰਗੀ ਹੋਣ ਕਰਕੇ ਇੱਕ ਫੇਰੀ ਸਮੇਂ ਮੈਨੂੰ ਘਰੋਂ ਘਿਉ ਨਾ ਜੁੜਿਆ। ਮੇਰੇ ਨਾਲ ਦੇ ਮੁੰਡੇ ਦਾਲ-ਸਬਜ਼ੀ ਵਿਚ ਘਿਉ ਪਾ ਕੇ ਖਾਂਦੇ ਹੋਣ ਤੇ ਮੈਂ ਬਿਨਾ ਘਿਉ ਤੋਂ ਰੋਟੀ ਖਾਵਾਂ? ਇਸ ਨਾਲ ਤਾਂ ਮੇਰੀ ਪਰਿਵਾਰਕ ਆਰਥਕ ਤੰਗੀ ਦਾ ਵਿਖਾਲਾ ਹੋ ਜਾਣਾ ਸੀ! ਮੇਰੀ ਹਉਮੈ ਨੂੰ ਇਹ ਗਵਾਰਾ ਨਹੀਂ ਸੀ। ਮੈਂ ਦੁਕਾਨ 'ਤੇ ਗਿਆ ਅਤੇ ਡਾਲਡੇ ਘਿਉ ਦਾ ਡੱਬਾ ਖਰੀਦ ਕੇ ਆਪਣੀ ਦੇਸੀ ਘਿਉ ਵਾਲੀ ਪੀਪੀ ਵਿਚ ਪਾ ਲਿਆ। ਰੋਟੀ ਖਾਣ ਸਮੇਂ ਉਸ ਪੀਪੀ ਵਿਚੋਂ 'ਦੇਸੀ ਘਿਉ' ਪਾ ਲੈਂਦਾ ਪਰ ਅਜਿਹਾ ਕਰਦਿਆਂ ਵੀ ਮੈਂ ਆਪਣੇ ਨੇੜਲੇ ਦੋਸਤਾਂ ਤੋਂ ਅੱਗਾ-ਪਿੱਛਾ ਕਰਕੇ ਜਾਂ ਵੱਖਰਾ ਬੈਠ ਕੇ ਰੋਟੀ ਖਾਣ ਦਾ ਬਹਾਨਾ ਬਣਾ ਲੈਂਦਾ ਤਾਂ ਕਿ ਮੇਰੇ 'ਦੇਸੀ ਘਿਉ' ਦਾ ਭੇਤ ਉਨ੍ਹਾਂ ਅੱਗੇ ਜ਼ਾਹਰ ਨਾ ਹੋਵੇ! ਅਜਿਹੀ ਸਥਿਤੀ ਵਿਚ ਬੜੀ ਸ਼ਿੱਦਤ ਨਾਲ ਆਰਥਕ ਤੰਗਦਸਤੀ ਦੀ ਲਾਹਣਤ ਨੂੰ ਮਹਿਸੂਸ ਕਰਦਿਆਂ ਸੋਚਦਾ ਕਿ ਉਹ ਵੀ ਕੀ ਜ਼ਿੰਦਗੀ ਹੋਈ ਜੇ ਤੁਹਾਡੀਆਂ ਰੋਜ਼-ਮੱਰ੍ਹਾ ਦੀਆਂ ਸਾਧਾਰਨ ਲੋੜਾਂ ਦੀ ਪੂਰਤੀ ਲਈ ਵੀ ਤੁਹਾਨੂੰ ਹਰ ਵੇਲੇ ਤਰਲੇ ਕਰਨੇ ਪੈਣ!

ਜੇ.ਬੀ.ਟੀ. ਕਰਨ ਤੋਂ ਬਾਅਦ ਉਨੀ ਸਾਲ ਦੀ ਉਮਰ ਵਿਚ ਮੈਂ ਪਿੰਡ ਭੁੱਚਰ ਤੇ ਫਿਰ ਆਪਣੇ ਪਿੰਡ ਦੇ ਨੇੜੇ ਹੀ ਪੂਹਲਾ ਭਾਈ ਤਾਰੂ ਸਿੰਘ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਜਾ ਲੱਗਾ। ਪਹਿਲੀ ਤਨਖਾਹ ਨੜਿਨਵੇਂ ਰੁਪਏ ਮਿਲੀ। ਮੈਂ ਆਪਣੇ ਖਰਚਿਆਂ ਲਈ ਕੁਝ ਪੈਸੇ ਕੋਲ ਰੱਖ ਕੇ ਬਾਕੀ ਤਨਖਾਹ ਆਪਣੀ ਮਾਂ ਨੂੰ ਫੜਾ ਦਿੰਦਾ। ਪਰ ਘਰ ਦੀ ਹਾਲਤ ਸੁਧਰਨ ਦੀ ਥਾਂ ਵਿਗੜਨ ਲੱਗੀ ਸੀ।

*(ਚਲਦਾ)*

***ਉਂਜ ਮੇਰਾ ਪਿਤਾ ਬੜਾ ਸੰਵੇਦਨਸ਼ੀਲ ਵਿਅਕਤੀ ਸੀ। ਸਾਹਿਤ ਪੜ੍ਹਨ ਦੀ ਚੇਟਕ ਤਾਂ ਮੈਨੂੰ ਲੱਗੀ ਹੀ ਉਸ ਕੋਲੋਂ ਸੀ। ਉਹ ਮੇਰੇ ਕੋਲ ਆਉਣ ਵਾਲੇ ਰਾਜਨੀਤਕ ਵਿਚਾਰਾਂ ਵਾਲੇ ਦੋਸਤਾਂ ਨੂੰ 'ਭਗਤ ਸਿੰਘ' ਹੁਰਾਂ ਦਾ ਰੂਪ ਸਮਝ ਕੇ ਪਿਆਰ ਦਿੰਦਾ ਸੀ। ਮੈਂ ਜਦੋਂ ਬੀ. ਐਡ ਕਰਦਿਆਂ 1972 ਵਿਚ ਮੋਗਾ ਐਜੀਟੇਸ਼ਨ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਸਾਂ ਤਾਂ ਮੇਰੀ ਮਾਂ ਨੂੰ ਸਮਝਾਉਂਦਿਆਂ ਉਸ ਨੇ ਕਿਹਾ ਸੀ, "ਤੂੰ ਫਿਕਰ ਨਾ ਕਰਿਆ ਕਰ। ਮੇਰਾ ਪੁੱਤ ਤਾਂ ਦਰਿਆ ਹੈ ਅਤੇ ਇਸ ਨੇ ਅੱਗੇ ਹੀ ਅੱਗੇ ਵਧਦੇ ਜਾਣਾ ਹੈ।"***

## ਜੀ ਆਇਆਂ ਨੂੰ 2018

ਖੁਸ਼ੀਆਂ ਲਿਆਵੇ, ਖੇੜੇ ਲਿਆਵੇ,
ਹਰ ਇੱਕ ਦੇ ਵਿਹੜੇ ਲਿਆਵੇ।
ਅਲਵਿਦਾ ਅਸੀਂ ਕਹਿੰਦੇ ਹਾਂ,
ਦੋ ਹਜਾਰ ਸਤਾਰਾਂ ਨੂੰ।
ਜੀ ਆਇਆਂ ਨੂੰ, ਜੀ ਆਇਆਂ ਨੂੰ,
ਦੋ ਹਜਾਰ ਅਠਾਰਾਂ ਨੂੰ।

ਨਸ਼ਿਆਂ ਤੋਂ ਸਾਨੂੰ ਮੁਕਤੀ ਮਿਲ ਜੇ,
ਜੀਵਣ ਦੀ ਕੋਈ ਜੁਗਤੀ ਮਿਲ ਜੇ।
ਵੇਚ ਰਹੇ ਨੇ ਰੱਬ ਨੂੰ ਬਹੁਤੇ,
ਉਹ ਤਾਂ ਮੁਫਤੋ ਮੁਫਤੀ ਮਿਲ ਜੇ।
ਮਿਲੇ ਨੌਕਰੀ ਪੜ੍ਹੇ ਲਿਖੇ,
ਬਈ ਬੇਰੁਜ਼ਗਾਰਾਂ ਨੂੰ...।

ਬਦਲ ਗਈਆਂ ਨੇ ਰੁੱਤਾਂ ਇਥੇ,
ਵਧ ਗਈਆਂ ਨੇ ਲੁੱਟਾਂ ਇਥੇ।
ਫੈਸ਼ਨ ਵੱਧ ਤੋਂ ਵੱਧ ਹੋ ਗਏ,
ਨਹੀਂ ਰਹੀਆਂ ਬਈ ਗੁੱਤਾਂ ਇਥੇ।
ਅੱਧਿਓਂ ਵੱਧ ਨੇ ਨੰਗੇ ਲੋਕੀਂ
ਕੀ ਲਾਉਣੀ ਅੱਗ ਪਿਆਰਾਂ ਨੂੰ।
ਜੀ ਆਇਆਂ ਨੂੰ, ਜੀ ਆਇਆਂ ਨੂੰ,
ਦੋ ਹਜਾਰ ਅਠਾਰਾਂ ਨੂੰ।

ਪੜ੍ਹ-ਲਿਖ ਲੋਕੀਂ ਸਾਰੇ ਚੱਲੇ,
ਤਾਂ ਹੀ ਰਹਿਦੇ 'ਕੱਲੇ 'ਕੱਲੇ।
ਆਪਸ ਦੇ ਵਿਚ ਗੱਲ ਨਾ ਕਰਦੇ
ਮੋਬਾਇਲਾਂ ਦੀ ਬੱਲੇ ਬੱਲੇ।
ਕੌਣ ਰੋਕੂਗਾ ਮਹਿੰਗਾਈ ਦੀਆਂ
ਵੱਜ ਰਹੀਆਂ ਤਲਵਾਰਾਂ ਨੂੰ।
ਜੀ ਆਇਆਂ ਨੂੰ, ਜੀ ਆਇਆਂ ਨੂੰ,
ਦੋ ਹਜਾਰ ਅਠਾਰਾਂ ਨੂੰ।

ਬੱਚੇ ਆਗਿਆਕਾਰ ਬਣਾਈਂ,
ਮਾਂ-ਪਿਉ ਦਾ ਸਤਿਕਾਰ ਕਰਾਈਂ।
ਲੱਗਦੇ ਚਾਰੇ ਹੋ ਸਕੇ ਤਾਂ
ਬਿਰਧ ਆਸ਼ਰਮ ਬੰਦ ਕਰਾਈਂ।
ਰੱਖੜੀ ਤੇ ਪੱਗ ਦਾ ਮੁੱਲ ਦੱਸੀਂ,
ਤੂੰ ਧੀਆਂ ਮੁਟਿਆਰਾਂ ਨੂੰ।
ਜੀ ਆਇਆਂ ਨੂੰ, ਜੀ ਆਇਆਂ ਨੂੰ,
ਦੋ ਹਜਾਰ ਅਠਾਰਾਂ ਨੂੰ।

ਰਹਿਣ ਸਲਾਮਤ ਸਹੁਰੇ-ਪੇਕੇ,
ਨਸ਼ਿਆਂ ਦੇ ਬੰਦ ਹੋਵਣ ਠੇਕੇ।
ਆਪਣੀਆਂ ਅੱਖਾਂ ਮੂਹਰੇ ਮਾਂ-ਪਿਉ,
ਇੱਜਤ ਨਾ ਕੋਈ ਰੁਲਦੀ ਵੇਖੇ।
ਗੁਲਾਮੀ ਵਾਲਿਆ 'ਚੰਗਾ ਲਿਖ ਲਉ'
ਆਖੀਂ ਸਾਹਿਤਕਾਰਾਂ ਨੂੰ।
ਜੀ ਆਇਆਂ ਨੂੰ, ਜੀ ਆਇਆਂ ਨੂੰ,
ਦੋ ਹਜਾਰ ਅਠਾਰਾਂ ਨੂੰ।

*-ਬੂਟਾ ਗੁਲਾਮੀ ਵਾਲਾ*
*ਫੋਨ: 91-94171-97395*

## ਐ ਸੱਜਣ!

ਐ ਸੱਜਣ ਤੂੰ ਉਦਮੀ ਬਣ
ਢਿੱਲ੍ਹਾ ਜਿਹਾ ਨਾ ਬਣਦਾ ਜਾਹ।
ਤੋਰੇ-ਫੇਰੇ ਦੇ ਨਾਂ ਥੱਲੇ
ਅਵਾਰਾ ਨਾ ਤੂੰ ਬਣਦਾ ਜਾਹ।
ਛੱਡ ਦੇਹ ਲੋਰ ਅਮਲੀਆਂ ਵਾਲੀ
ਪਤੀ-ਪੁੱਤਰ ਦੇ ਫਰਜ਼ ਨਿਭਾ।
ਸੱਚ ਸੁਣਨਾ ਤੇ ਸਹਿਣਾ ਔਖਾ
ਬੇਸ਼ੱਕ ਕੌੜਾ ਸੁਣ ਤੇ ਸੁਣਾ।
ਤੀਜੀ ਅੱਖ ਖੋਲ੍ਹ ਕੇ ਛੇਤੀ
ਰੋਂਦੀ ਦੁਨੀਆਂ ਨੂੰ ਹਸਾ।

ਜ਼ਾਬਰ ਹਾਕਮ ਦੇ ਲਿਖ ਕਿੱਸੇ
ਹੱਥਕੜੀਆਂ ਤੋਂ ਨਾ ਘਬਰਾ।
ਦੇਸ਼ ਪਿਆਰ ਦਾ ਝੰਡਾ ਲੈ ਕੇ
ਜ਼ਾਲਿਮ ਦੇ ਕਿੰਗਰੇ ਢਾਹ।
ਮਲਿਕ ਭਾਗੋ ਦੀ ਸੁੱਟ ਪੂੜੀ
ਭਾਈ ਲਾਲੋ ਦੀ ਮਿੱਸੀ ਖਾਹ।
ਮਹਿਲਾਂ ਵਾਲੇ ਸ਼ਮ੍ਹਾਦਾਨ ਖੋਹ
ਝੁੱਗੀ-ਝੋਪੜੀ ਦੇਹ ਰੁਸ਼ਨਾ।
ਕਾਮਿਆਂ ਦੇ ਨਾਲ ਗੰਢ ਲੈ ਯਾਰੀ
ਕਿਰਸਾਨਾਂ ਦੇ ਵਾਹਣੀਂ ਜਾਹ।
ਕਰਜ਼ਿਆਂ ਦੀ ਨਮੋਸ਼ੀ ਥੱਲੇ
ਜੋ ਮਰਦੇ ਜੱਟ, ਗਲੇ ਲਗਾ।
ਭਰ ਕੇ ਮੱਲ੍ਹਮ ਸ਼ਬਦਾਂ ਅੰਦਰ
ਉਨ੍ਹਾਂ ਦਾ ਤੂੰ ਦਿਲ ਬੰਨ੍ਹਾ।
ਨਾਰ ਪਰਾਈ ਵੱਲ ਨਾ ਝਾਕ
ਉਸ ਤੋਂ ਆਪਣੀ ਅਣਖ ਬਚਾਅ।
ਬਦਨਾਮੀ ਦੇ ਧੁਖਦੇ ਪੈਰੀਂ
ਨੇਕਨਾਮੀ ਦੇ ਘੁੰਗਰੂ ਪਾ।
ਨਾਰ ਬੇਗਾਨੀ ਕਰੇ ਇਸ਼ਾਰੇ
ਉਸ ਦੇ ਘਰ ਨਾ ਵੜ੍ਹਦਾ ਜਾਹ।
ਸੁੰਘਣ ਕੁੱਤੇ ਹਾਕਮ ਏਥੇ
ਲੱਤਾਂ ਨਾ ਲਈਂ ਪੜਵਾਅ।
ਵਿਹਲੜ ਸਭ ਨੂੰ ਭੈੜਾ ਲੱਗਦੈ
ਕੰਮ ਧੰਦਾ ਕੋਈ ਚਲਾ।
ਬਾਥਰੂਮ ਵੀ ਕਾਰ 'ਤੇ ਜਾਵੇਂ
ਪੈਰ ਕਾਰ ਤੋਂ ਥੱਲੇ ਲਾਹ।
ਸੜਕ ਹਾਦਸਾ ਜੇਕਰ ਹੋਇਆ
ਤੇਰਾ ਕੌਣ ਕਰੂ ਬਚਾ?
ਪਤਨੀ ਤੇਰੀ ਨੌਕਰੀ ਪੇਸ਼ਾ
ਨੀਵਾਂ ਹੋ ਕੇ ਕਰ ਨਿਭਾਅ।
ਕਿਸੇ ਤੋਂ ਨਾ ਮੰਗ ਉਧਾਰ
ਪਹਿਲਾਂ ਪਿਛਲੇ ਕਰਜ਼ੇ ਲਾਹ।
ਜੇਕਰ ਸੋਨਾ, ਖੇਤ ਹੈ ਗਹਿਣੇ
ਸਭ ਤੋਂ ਪਹਿਲਾਂ ਉਹ ਛੁਡਾ।
ਆਪ ਤੋਂ ਛੋਟਾ ਅਕਲ ਜੇ ਦੇਵੇ
ਐਵੇਂ ਨਾ ਤੂੰ ਨੱਕ ਚੜ੍ਹਾਅ।
ਜੇ ਨਹੀਂ 'ਗਿੱਲ' ਦੀ ਗੱਲ ਮੰਨਣੀ
ਦਫਾ ਹੋ, ਜਿੱਥੇ ਮਰਜੀ ਜਾਹ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

## ਕਾਵਿ ਜਗਤ

### ਮਰਹੂਮ ਲੇਖਕ ਮਹਿੰਦਰ ਸਿੰਘ ਚੀਮੇ ਨੂੰ ਸਮਰਪਿਤ

ਪੂਰਾ ਹੋਣਾ ਨਹੀਂਓ ਸਭ ਨੂੰ ਜੋ ਪਿਆ ਘਾਟਾ।
ਉਹ ਯਾਰ ਯਾਰਾਂ ਦਾ ਸੀ, ਬੜਾ ਦਿਲਦਾਰ ਚੀਮਾ।
ਜੈਸੀਆਂ ਲਿਖਤਾਂ ਲਿਖਦਾ, ਉਸੇ ਤਰ੍ਹਾਂ ਦਾ ਆਪ
ਇਨਸਾਨੀਅਤ ਨੂੰ ਸੀ ਕਰਦਾ ਬੜਾ ਪਿਆਰ ਚੀਮਾ।

ਉਂਜ ਵੇਖਣ ਨੂੰ ਸੁਸਤ, ਘੱਟ ਬੋਲਦਾ ਪਰ
ਕਵਿਤਾ ਲਿਖਣ 'ਚ ਸੀ ਬੜਾ ਹੋਸ਼ਿਆਰ ਚੀਮਾ।
ਦੁੱਖ ਜ਼ਿੰਦਗੀ ਵਿਚ ਆਏ ਬੜੇ ਭਾਵੇਂ ਪਰ
ਸਾਨੂੰ ਹੱਸਦਾ ਹੀ ਮਿਲਿਆ ਹਰ ਵਾਰ ਚੀਮਾ।

ਮਾਣ ਬਹੁਤਾ ਹੀ ਸੀ ਉਸ ਦਾ ਸਮਾਜ ਅੰਦਰ
ਕਿਉਂਕਿ ਰੱਖਦਾ ਸੀ ਉਚਾ ਕਿਰਦਾਰ ਚੀਮਾ।
ਨੇਕ ਦਿਲ ਇਨਸਾਨ ਅਤੇ ਲੇਖਕ ਵੀ ਚੰਗਾ
ਪੁੱਤ ਮਾਪਿਆਂ ਦਾ ਸੀ ਬਰਖੁਰਦਾਰ ਚੀਮਾ।

ਜੋਬਨ ਰੁੱਤੇ ਪਈ ਮਾਰ, ਰਿਸ਼ਤੇਦਾਰ ਤੇ ਬੇਲੀ
ਛੱਡ ਕੇ ਤੁਰ ਗਿਆ ਕਿਧਰੇ ਪਰਿਵਾਰ ਚੀਮਾ।
ਉਹਦੀ ਨੇਕੀ ਅਤੇ ਸੁਭਾ ਨੂੰ ਯਾਦ ਕਰ ਕੇ
ਵਹਿਣੀ ਵਾਲੀਆ ਰੋਊਗਾ ਹਰਦਿਆਲ ਚੀਮਾ।

*-ਹਰਦਿਆਲ ਸਿੰਘ ਚੀਮਾ*
*ਸਿਆਟਲ।*

# ਆਖਰੀ ਉਡਾਣ ਤੋਂ ਪਹਿਲਾਂ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 24ਵੀਂ ਕਿਸ਼ਤ ਹਾਜ਼ਰ ਹੈ। ਅਗਲੀ ਵਾਰ ਆਖਰੀ ਕਿਸ਼ਤ ਛਾਪੀ ਜਾਵੇਗੀ। -ਸੰਪਾਦਕ***



**ਸ਼ੌਰਟ ਕੱਟ ਵਾਇਆ ਲੌਂਗ ਰੂਟ**

**24**

**ਅਮਰੀਕ ਸਿੰਘ ਬਲ**
ਫੋਨ: 34602835897

## ਤੁਸੀਂ ਪੜ੍ਹ ਚੁਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਅਸੀਂ ਸੜਕ ਕਿਨਾਰੇ ਇਕ ਪਾਸੇ ਤੁਰਦੇ ਗਏ। ਸਭ ਤੋਂ ਪਹਿਲਾਂ ਖਾਨ ਨਾਲ ਗੱਲ ਕਰਨੀ ਸੀ। ਦੁਕਾਨ ਤੋਂ ਖਾਨ ਨਾਲ ਸੰਪਰਕ ਕੀਤਾ। ਪਨੂੰ ਨੇ ਗੁੱਸਾ ਜ਼ਾਹਰ ਕੀਤਾ, "ਡੌਂਕਰ ਸਾਨੂੰ ਡੋਬਣ ਲੱਗੇ ਸੀ। ਅਮਰੀਕ ਨਾ ਹੁੰਦਾ ਤਾਂ ਮੈਂ ਤੇ ਜੰਟੇ ਨੇ ਨਹੀਂ ਸੀ ਬਚਣਾ। ਇੱਦਾਂ ਦੀ ਡੌਂਕੀ ਲਵਾਉਣ ਲਈ ਡੌਂਕਰਾਂ ਨੂੰ ਕਿਉਂ ਕਿਹਾ।" ਮੈਂ ਤੇ ਤਾਹਿਰ ਨੇ ਵੀ ਗਿਲਾ ਕੀਤਾ। ਖਾਨ ਨੇ ਸਫਾਈ ਦਿੱਤੀ, "ਮੈਨੇ ਉਨਕੋ ਪਾਨੀ ਕੀ ਡੰਕੀ ਲਗਾਨੇ ਕੋ ਨਹੀਂ ਕਹਾ ਥਾ। ਮੈਂ ਅਭੀ ਉਨ ਸੇ ਬਾਤ ਕਰਤਾ ਹੂੰ। ਏਕ-ਆਧ ਦਿਨ ਮੇਂ ਫੋਨ ਕਰੂੰਗਾ ਕਿ ਆਗੇ ਕਿਆ ਕਰਨਾ ਹੈ।"

ਮੇਰੇ ਵਾਲਾ ਫੋਨ ਸੀਤੋ ਕੋਲ ਸੀ ਜੋ ਖਾਨ ਨੇ ਵਾਪਸ ਲੈਣ ਨੂੰ ਕਿਹਾ। ਦੁਕਾਨ ਵਿਚ ਸਾਹਮਣੇ ਲੱਗੇ ਸ਼ੀਸ਼ੇ 'ਚ ਖੁਦ ਨੂੰ ਦਇਆ ਭਾਵ ਨਾਲ ਦੇਖਦਾ ਮੈਂ ਬਾਹਰ ਨਿਕਲ ਗਿਆ। ਕਾਲਾ, ਤਰੇੜਿਆ, ਉਦਾਸ, ਓਪਰਾ ਚਿਹਰਾ। ਪਤਲਾ, ਕਮਜ਼ੋਰ ਪਿੰਡਾ!

ਪਨੂੰ ਦੇ ਬੂਟ ਸਮੁੰਦਰ 'ਚ ਹੀ ਰਹਿ ਗਏ ਸਨ, ਹੁਣ ਉਹ ਨੰਗੇ ਪੈਰੀਂ ਸੀ। ਇਕ ਦੋ ਡੌਂਕਰ ਸਾਡੇ ਨੇੜੇ ਆਉਂਦੇ ਗਏ। ਸੀਤੋ ਨੇ ਮੇਰਾ ਫੋਨ ਖੁਦ ਹੀ ਮੈਨੂੰ ਦੇ ਦਿੱਤਾ, ਕਿਉਂਕਿ ਪਾਣੀ 'ਚ ਡਿੱਗਣ ਨਾਲ ਖਰਾਬ ਜੁ ਹੋ ਗਿਆ ਸੀ। ਸਾਈਕਲ 'ਤੇ ਚੜ੍ਹੇ ਡੌਂਕਰ ਨੇ ਸਾਨੂੰ ਪਿੱਛੇ ਆਉਣ ਦਾ ਇਸ਼ਾਰਾ ਕੀਤਾ। ਕਈ ਗਲੀਆਂ ਪਾਰ ਕਰ ਕੇ, ਅੱਧੇ ਕੁ ਘੰਟੇ ਬਾਅਦ ਖੁੱਲ੍ਹੀ ਥਾਂ 'ਤੇ ਪਹੁੰਚ ਕੇ ਉਸ ਨੇ ਸਮਝਾਇਆ ਕਿ ਕਿਧਰ ਜਾਣਾ ਸੀ ਤਾਂ ਪਹਾੜੀ 'ਤੇ ਪਹੁੰਚਣਾ ਸੀ।

ਇਕ ਖੁੱਲ੍ਹੀ ਦੁਕਾਨ ਤੋਂ ਪਨੂੰ ਨੇ ਖਾਣ-ਪੀਣ ਦਾ ਥੋੜ੍ਹਾ ਸਮਾਨ ਖਰੀਦ ਲਿਆ। ਰਸਤੇ ਵਿਚ ਹਲਕੀ ਜਿਹੀ ਉਮਰ ਦੇ ਮੋਰੱਕੀ ਨਾਲ ਗੱਲ ਹੋਈ। ਉਸ ਨੂੰ ਸੀਤੋ ਦਾ ਨਾਂ ਲੈ ਕੇ ਹੋਏ ਹਾਦਸੇ ਬਾਰੇ ਦੱਸਿਆ ਤਾਂ ਉਸ ਨੇ ਹਮਦਰਦੀ ਦੇ ਬੋਲ ਸਾਂਝੇ ਕਰਦਿਆਂ ਡੌਂਕਰਾਂ ਨੂੰ ਬੁਰਾ-ਭਲਾ ਕਿਹਾ। ਪਨੂੰ ਨੇ ਦੱਸਿਆ, ਉਹ ਮਸ਼ਹੂਰ ਡੌਂਕਰ ਯੂਸਫ ਸੀ।

ਕਾਫੀ ਵਕਤ-ਖਰਾਬੀ ਪਿੱਛੋਂ ਅਸੀਂ ਟਿਕਾਣੇ ਲੱਗੇ। ਸਾਰੇ ਅੱਖਾਂ ਮਲਦੇ ਉਠ ਬੈਠੇ, ਸਵਾਲਾਂ ਦੀ ਝੜੀ ਲਾ ਦਿੱਤੀ। ਉਹ ਤਾਂ ਇਹੀ ਸੋਚੀ ਬੈਠੇ ਸਨ ਕਿ ਹੁਣ ਤਕ ਤਾਂ ਅਸੀਂ ਸਿਬਤਾ ਪਹੁੰਚ ਗਏ ਹੋਵਾਂਗੇ। ਡੌਂਕਰਾਂ ਨੂੰ ਗਾਲ੍ਹਾਂ ਕੱਢਦੇ ਸਾਰੀ ਕਹਾਣੀ ਦੁਹਰਾਈ ਗਈ।

ਸਤਨਾਮ ਨੇ ਆਪਣੇ ਦਿੱਤੇ ਤਾਅਨਿਆਂ 'ਤੇ ਪਰਦਾ ਪਾਉਂਦਿਆਂ ਰਸਮੀ ਜਿਹਾ ਦਾਰਸ਼ਨਿਕ ਉਚਾਰਣ ਕੀਤਾ, "ਉਪਰ ਵਾਲਾ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ। ਮੈਨੂੰ ਤਾਂ ਪਹਿਲਾਂ ਹੀ ਭੇਤ ਜਿਹਾ ਲੱਗਦਾ ਸੀ ਕਿ ਅਚਾਨਕ ਅਮਰੀਕ ਦਾ ਨੰਬਰ ਪੈ ਗਿਆ, ਤਾਂ ਹੀ ਪਨੂੰ ਤੇ ਜੰਟਾ ਮਰਨੋਂ ਬਚ ਗਏ।" ਬਾਕੀ ਜਣੇ ਵੀ ਮੇਰੀ ਪ੍ਰਸ਼ੰਸਾ ਕਰਨ ਲੱਗੇ। ਮੈਂ ਅਸਹਿਜ ਮਹਿਸੂਸ ਕਰਦਿਆਂ ਗੱਲ ਟੋਕੀ, "ਮੈਂ ਕੁਝ ਨਾ ਵੀ ਕਰਦਾ ਤਾਂ ਵੀ ਸ਼ਾਇਦ ਇਨ੍ਹਾਂ ਡੁਬਦੇ-ਗੋਤੇ ਖਾਂਦਿਆਂ ਬਚ ਹੀ ਜਾਣਾ ਸੀ, ਪਰ ਥੋੜ੍ਹੀ ਦੂਰ ਜਾ ਕੇ ਕਿਸ਼ਤੀ ਉਲਟਦੀ ਤਾਂ ਕਿਸੇ ਦੇ ਕੀਤਿਆਂ ਵੀ ਕੁਝ ਨਹੀਂ ਸੀ ਹੋਣਾ।"

ਇਸ ਪਿਛੋਂ ਮੈਨੂੰ ਛੱਡ ਕੇ ਕਰੀਬ ਸਭ ਦੇ ਜੋਸ਼ ਠੰਢੇ ਪੈਂਦੇ ਲੱਗੇ, ਜੋ ਸਮੁੰਦਰੀ ਡੌਂਕੀ ਲਈ ਪਹਿਲਾਂ ਉਠ ਉਠ ਦੌੜਦੇ ਸਨ। ਉਹ ਹੁਣ ਫੈਸਲਾ ਸੁਣਾਉਂਦੇ ਕਿ ਵਕਤ ਭਾਵੇਂ ਹੋਰ ਲੱਗ ਜਾਵੇ, ਪਰ ਪਾਣੀ ਦੀ ਡੌਂਕੀ ਨਹੀਂ ਲਾਉਣੀ। ਸਵੇਰੇ ਰਣਨੀਤੀਆਂ ਤਿਆਰ ਕਰ ਕੇ ਮੈਂ, ਪਨੂੰ ਤੇ ਸਤਨਾਮ ਸ਼ਹਿਰ ਵੱਲ ਉਤਰ ਗਏ। ਪਨੂੰ ਕੋਲ ਪੈਸੇ ਸੀ, ਬੂਟ ਲੈਣੇ ਸਨ ਤੇ ਏਜੰਟਾਂ ਨਾਲ ਵੀ ਸੰਪਰਕ ਕਰਨਾ ਸੀ। ਮੈਂ ਖਰਾਬ ਫੋਨ ਠੀਕ ਕਰਾਉਣ ਦੀ ਆਸ ਨਾਲ ਤੁਰ ਪਿਆ। ਬਸ ਅੱਡੇ ਨੇੜੇ ਕਾਫੀ ਵੱਡੀ ਮਾਰਕੀਟ ਲੱਗੀ ਸੀ। ਮੇਰੇ ਵਾਲਾ ਫੋਨ ਨਹੀਂ ਬਣਿਆ। ਪਨੂੰ ਨੇ ਫੋਨ ਖਰੀਦਣ ਦੀ ਹਾਮੀ ਭਰੀ, ਕਿਉਂਕਿ ਖਾਨ ਦੇ ਸੰਪਰਕ 'ਚ ਰਹਿਣਾ ਜ਼ਰੂਰੀ ਸੀ। ਮੈਂ ਆਪਣੇ ਵਾਲਾ ਸਿੰਮ ਕਾਰਡ ਮਿੰਨਤਾਂ-ਤਰਲਿਆਂ ਨਾਲ ਉਸ ਨੂੰ ਪੰਜਾਹ ਦਰ੍ਹਾਮ 'ਚ ਵੇਚ ਦਿੱਤਾ। ਉਹ ਨਵਾਂ ਵੀ ਖਰੀਦਦਾ ਤਾਂ 90-100 ਦਰ੍ਹਾਮ ਲੱਗ ਜਾਣੇ ਸਨ।

ਫੋਨ ਲੈ ਕੇ ਖਾਨ ਨਾਲ ਗੱਲ ਕੀਤੀ ਤਾਂ ਉਸ ਨੇ ਦਿਲਾਸਾ ਦਿੰਦਿਆਂ ਜਲਦ ਹੀ ਡੌਂਕੀ ਲੱਗਣ ਦੇ ਆਸਾਰ ਜ਼ਾਹਰ ਕੀਤੇ।

ਸਭ ਦੇ ਏਜੰਟਾਂ ਤੇ ਘਰਦਿਆਂ ਦੇ ਫੋਨ ਆਉਂਦੇ ਰਹੇ। ਮੇਰਾ ਫੋਨ ਵੀ ਆਇਆ। ਸਾਧਾਰਨ ਸ਼ੁਰੂਆਤ ਪਿਛੋਂ ਮੈਂ ਇਕ ਦਮ ਗੁੱਸੇ ਤੇ ਲਾਚਾਰੀ ਨਾਲ ਫਟ ਪਿਆ, "ਚੰਗਾ ਹੁੰਦਾ ਜੇ ਮੈਨੂੰ ਤੈਰਨਾ ਨਾ ਆਉਂਦਾ ਹੁੰਦਾ, ਉਥੇ ਹੀ ਡੁੱਬ ਕੇ ਮਰ ਜਾਂਦਾ, ਤੁਹਾਨੂੰ ਮੇਰੀ ਲਾਸ਼ ਵੀ ਦੇਖਣੀ ਨਾ ਨਸੀਬ ਹੁੰਦੀ।" ਅੱਥਰੂਆਂ ਦੇ ਪਰਨਾਲੇ ਵਹਿੰਦੇ ਰਹੇ, ਮੈਂ ਚੀਕ ਚੀਕ ਕੇ ਦਿਲ ਦਾ ਗੁਬਾਰ ਕੱਢਦਾ ਗਿਆ। ਘਰਦਿਆਂ ਨੇ ਹੌਸਲਾ ਦੇ ਕੇ ਹੈਰਾਨ ਕਰ ਦੇਣ ਵਾਲੀ ਖਬਰ ਦਿੱਤੀ, "ਖਾਨ ਤਾਂ ਕਹਿੰਦਾ ਸੀ, ਮੁੰਡੇ ਡਰਦੇ ਲੱਕੜ ਦੀ ਕਿਸ਼ਤੀ 'ਚ ਚੜ੍ਹੇ ਹੀ ਨਹੀਂ।" ਮੇਰਾ ਕਰੋਧ ਹਰ ਸੀਮਾ ਤੋੜ ਗਿਆ, ਮੇਰੇ ਮੂੰਹੋਂ ਗਾਲ੍ਹਾਂ ਤੇ ਬਦ-ਦੁਆਵਾਂ ਦੀ ਵਾਛੜ ਨਿਕਲ ਪਈ।

ਸਾਂਝੇ ਖਰਚ ਕੀਤੇ ਪੈਸਿਆਂ 'ਚੋਂ ਪਨੂੰ ਦੇ ਸੱਤ ਦਰ੍ਹਾਮ ਮੇਰੇ ਵੱਲ ਨਿਕਲੇ, ਮੈਂ ਪੰਜ ਸਿੱਕੇ ਉਸ ਨੂੰ ਦਿੱਤੇ, ਤਾਂ ਕਹਿੰਦਾ, "ਲੇਖਾ-ਜੋਖਾ ਮਾਂਵਾਂ-ਧੀਆਂ ਦਾ ਮੀਕਿਆ! ਦੋ ਦਰ੍ਹਾਮ ਹੋਰ ਦੇਹ।" ਮੈਂ ਬੜੀ ਹੈਰਤ ਨਾਲ ਉਸ ਦੇ ਅੰਦਰ ਝਾਕਣ ਦੀ ਕੋਸ਼ਿਸ਼ ਕੀਤੀ: ਇਹ ਉਹੀ ਸ਼ਖਸ ਸੀ ਜਿਹੜਾ ਰਾਤੀਂ ਰੋਂਦਾ ਹੋਇਆ ਕਹਿੰਦਾ ਸੀ, "ਮੀਕਿਆ! ਤੇਰਾ ਦੇਣਾ ਸਾਰੀ ਉਮਰ ਨਹੀਂ ਦੇ ਸਕਦੇ।" ਤੇ ਹੁਣ ਦੋ ਦਰ੍ਹਾਮਾਂ ਪਿੱਛੇ ਕਿੰਜ ਕੋਰਾ ਹੋ ਗਿਆ ਸੀ!

ਰਾਤ ਦੀ ਗਹਿਰੀ ਚੁੱਪ ਤੇ ਸਾਡੇ ਉਣੀਂਦੇ ਜਗਰਾਤੇ 'ਚ ਉਦੋਂ ਹਲਚਲ ਮਚੀ, ਜਦ ਦੋ ਡੌਂਕਰ ਸਾਡੇ ਸਿਰਾਂ 'ਤੇ ਆ ਖਲੋਏ। ਖਾਨ ਦਾ ਤਾਂ ਕੋਈ ਫੋਨ ਨਹੀਂ ਸੀ ਆਇਆ। ਉਨ੍ਹਾਂ ਨੇ ਚਾਰ ਬੰਦਿਆਂ ਦੀ ਗੱਲ ਕਹੀ, ਸਾਨੂੰ ਜਿਵੇਂ ਇਲਹਾਮ ਹੋ ਗਿਆ ਕਿ ਇਹ ਆਪਣੇ ਤੌਰ 'ਤੇ ਡੌਂਕੀ ਲਵਾਉਣਾ ਚਾਹੁੰਦੇ ਸਨ, ਤੇ ਡੌਂਕੀ ਪਾਣੀ ਦੀ ਹੀ ਸੀ। ਆਸ ਦੇ ਉਲਟ ਸਾਡੀ ਚੁੱਪ ਤੇ ਉਦਾਸੀਨਤਾ ਨੇ ਉਨ੍ਹਾਂ ਨੂੰ ਸ਼ਾਇਦ ਹੈਰਤ 'ਚ ਪਾ ਦਿੱਤਾ ਸੀ। ਉਹ ਸ਼ਾਇਦ ਉਮੀਦ ਕਰ ਰਹੇ ਸਨ ਕਿ ਹਰ ਕੋਈ ਡੌਂਕੀ ਲਈ ਇਕ-ਦੂਜੇ ਤੋਂ ਅੱਗੇ ਦੌੜੇਗਾ!

ਸਾਡੀ ਮਨੋਦਸ਼ਾ ਭਾਂਪ ਕੇ ਉਨ੍ਹਾਂ ਪੈਂਤੜਾ ਬਦਲਿਆ- ਡੌਂਕੀ 'ਆਈਡੈਂਟੀ ਕਾਰਡ' ਵਾਲੀ ਸੀ। ਫਿਰ ਵੀ ਕੋਈ ਨਾ ਉਠਿਆ, ਕਿਉਂਕਿ ਉਹ ਡੌਂਕੀ ਤਾਂ ਸਥਾਈ ਰੂਪ ਵਿਚ ਬੰਦ ਸੀ। ਇਕ ਦੂਜੇ ਤੋਂ ਅੱਗੇ ਦੌੜਨ ਵਾਲੇ, ਹੁਣ ਖੁੱਲ੍ਹਦਿਲੀ ਨਾਲ ਇਕ ਦੂਜੇ ਨੂੰ ਪ੍ਰੇਰ ਰਹੇ ਸਨ। ਸਭ ਤੋਂ ਪੇਸ਼ਤਰ ਤਾਨਾਸ਼ਾਹੀ ਅਧਿਕਾਰੀ ਵਾਂਗ ਖੜ੍ਹਨ ਵਾਲਾ ਪਨੂੰ ਖੂੰਜੇ 'ਚ ਪਿਆ ਕੰਬਲ 'ਚੋਂ ਮੂੰਹ ਬਾਹਰ ਨਹੀਂ ਸੀ ਕੱਢ ਰਿਹਾ। ਡੌਂਕਰਾਂ ਦੇ ਚਿਹਰਿਆਂ 'ਤੇ ਚਿੜ ਅਤੇ ਗੁੱਸੇ ਦੇ ਭਾਵ ਆਉਣ ਲੱਗੇ। ਫਿਰ ਸਖ਼ਤੀ ਨਾਲ ਉਨ੍ਹਾਂ ਜਿਹੜੇ ਚਾਰਾਂ 'ਚੋਂ ਤਿੰਨ ਜਣੇ ਚੁਣੇ, ਉਹ ਅਜਿਹੇ ਸਨ ਕਿ ਮੋਰੱਕੀਆਂ ਦੇ 'ਆਈਡੈਂਟੀ ਕਾਰਡ' ਉਤੇ ਤਾਂ ਹੀ ਪ੍ਰਵੇਸ਼ ਕਰ ਸਕਦੇ ਸਨ ਜੇ ਐਨ ਮੌਕੇ 'ਤੇ ਸਿਕਉਰਿਟੀ ਗਾਰਡਾਂ ਉਤੇ ਅਸਮਾਨੀ ਬਿਜਲੀ ਡਿਗਦੀ ਤੇ ਉਹ ਅੰਨ੍ਹੇ ਹੋ ਜਾਂਦੇ। ਜਾਣ ਵਾਲੇ ਸਨ- ਚਮਕੀਲਾ, ਰਣਜੀਤ, ਹੈਪੀ ਤੇ ਮੈਂ।

ਮੈਂ ਹਨੇਰੇ 'ਚ ਪਹਾੜੀ ਉਤਰਦਿਆਂ ਹੌਸਲਾ ਦਿੰਦਾ ਜਾ ਰਿਹਾ ਸਾਂ ਕਿ "ਚਲੋ, ਦੇਖ ਲੈਂਦੇ ਹਾਂ, ਕਿਹੜੀ ਡੌਂਕੀ ਹੈ। ਜੇ ਖ਼ਤਰਾ ਹੋਇਆ ਤਾਂ ਮੁੜ ਆਵਾਂਗੇ।" ਇਸ ਮੁਲਕ 'ਚੋਂ ਨਿਕਲ ਜਾਣ ਲਈ ਮੈਂ ਹਰ ਰਿਸਕ ਲੈ ਸਕਦਾ ਸਾਂ।

ਇਕ ਥਾਂ ਕੰਧਾਂ ਦੀ ਵਲਗਣ 'ਚ ਸਾਨੂੰ ਬਿਠਾ ਦਿੱਤਾ ਗਿਆ ਸੀ। ਵਾਰ ਵਾਰ ਪੁੱਛਣ 'ਤੇ ਉਨ੍ਹਾਂ ਸੱਚ ਉਗਲਿਆ ਕਿ ਲੱਕੜ ਦੀ ਕਿਸ਼ਤੀ 'ਚ ਸਿਰਫ ਦਸ ਮਿੰਟ ਦਾ ਰਸਤਾ ਹੈ। ਇੰਨੇ ਨੂੰ ਤਿੰਨ-ਚਾਰ ਮੋਰੱਕੀ ਮੁੰਡੇ ਹੋਰ ਆ ਗਏ, ਇਕ-ਦੋ ਦੇ ਹੱਥ ਵਿਚ ਚਾਕੂ ਵੀ ਸਨ। ਅਸੀਂ ਘਬਰਾ ਗਏ। ਮੈਂ ਸੁਲ੍ਹਾ ਮਾਰੀ: "ਕਿਸ਼ਤੀ ਦੇਖ ਕੇ ਹੀ ਵਿਚ ਚੜ੍ਹਾਂਗੇ।" ਹੈਪੀ ਨੇ ਤਲਖ਼ੀ ਨਾਲ ਕਿਹਾ, "ਤੂੰ ਜਾਣਾ ਏ ਤਾਂ ਜਾਹ, ਅਸੀਂ ਨਹੀਂ ਜਾਣਾ।" ਫਿਰ ਬਹੁਮਤ ਅਨੁਸਾਰ, ਅਸੀਂ ਘਾਬਰੇ ਹੋਇਆਂ ਨੇ ਟੁੱਟੇ-ਫੁੱਟੇ ਸ਼ਬਦਾਂ ਵਿਚ ਸਮਝਾਇਆ, "ਅਸੀਂ ਪਾਣੀ ਵਾਲੀ ਡੌਂਕੀ ਨਹੀਂ ਲਾਉਣੀ।" ਉਨ੍ਹਾਂ ਗੁੱਸੇ ਨਾਲ ਸਵਾਲ ਦਾਗਿਆ, "ਇਸਪਾਨੀਆ ਨਹੀਂ ਜਾਣਾ, ਮੋਰੱਕੋ 'ਚ ਹੀ ਰਹਿਣਾ ਹੈ?" ਮੈਂ ਅੰਗਰੇਜ਼ੀ-ਅਰਬੀ ਦੇ ਲਫਜ਼ਾਂ 'ਚ ਗੱਲ ਸਿਰੇ ਲਾਈ, "ਅਸੀਂ ਇੰਡੀਆ ਵਾਪਿਸ ਚਲੇ ਜਾਵਾਂਗੇ, ਅਸੀ ਸਪੇਨ ਨਹੀਂ ਜਾਣਾ, ਅੱਲ੍ਹਾ ਵਾਸਤੇ!" ਡੌਂਕਰ ਕਰੋਧ ਜ਼ਾਹਿਰ ਕਰਦੇ ਇਧਰ-ਉਧਰ ਖਿਲਰ ਗਏ। ਅਸੀਂ ਰੱਬ ਰੱਬ ਕਰਦਿਆਂ ਵਾਪਸ ਪਹਾੜੀ ਵੱਲ ਚੜ੍ਹਾਈ ਕਰ ਦਿੱਤੀ।

ਅਗਲੇ ਦਿਨ ਖਾਨ ਦਾ ਫੋਨ ਆਇਆ, "ਰਾਤ ਕੋ ਅਸ਼ਫਾਕ ਟੈਕਸੀ ਕੀ ਗੇਮ ਮੇਂ ਜਾਏਗਾ।" ਜੇ ਇਹੀ ਗੇਮ ਚਲਦੀ ਰਹੀ ਤਾਂ ਦੋ ਕੁ ਹਫਤੇ 'ਚ ਸਭ ਪਾਰ ਹੋ ਜਾਣੇ ਸਨ। ਜੇ ਇਧਰੋਂ-ਉਧਰੋਂ ਹੋਰ ਡੌਂਕੀ ਲੱਗੀ ਤਾਂ ਦਸ ਜਣੇ ਇਕ ਝਟਕੇ ਦੀ ਮਾਰ ਸਨ!



*ਪਰਦੇਸ ਦੀ ਮ੍ਰਿਗਤ੍ਰਿਸ਼ਨਾ: ਉਜਾੜਾਂ ਦੀ ਭਟਕਣ।*

ਮਿਥੇ ਵਕਤ ਅਤੇ ਥਾਂ 'ਤੇ ਅਸ਼ਫਾਕ ਅਤੇ ਹੈਪੀ ਪਹੁੰਚ ਗਏ। ਅਗਲੀ ਸਵੇਰ ਅਸ਼ਫਾਕ ਦੀ ਸਿਬਤਾ ਐਂਟਰੀ ਦੀ ਖੁਸ਼ਖਬਰੀ ਆ ਪਹੁੰਚੀ। ਸਭ ਦੇ ਚਿਹਰੇ ਹੁਣ ਨਵੀਆਂ ਆਸਾਂ ਨਾਲ ਭਰ ਗਏ। ਸ਼ਾਮ ਨੂੰ ਖਾਨ ਨੇ ਅਚਨਚੇਤ ਨਵਾਂ ਸਨਸਨੀਖੇਜ਼ ਆਦੇਸ਼ ਜਾਰੀ ਕੀਤਾ- ਅਸੀਂ ਇਥੋਂ ਨਿਕਲ ਕੇ ਸ਼ਹਿਰ ਦੇ ਨੇੜੇ ਕਿਤੇ ਲੁਕ ਜਾਈਏ। ਪੰਜ ਜਣੇ ਟੈਕਸੀ ਦੀ ਗੇਮ ਲਈ ਕਿਤੇ ਲਿਜਾਏ ਜਾਣੇ ਸਨ ਤੇ ਪੰਜ ਜਣੇ ਸਮੁੰਦਰੀ ਸਕੂਟਰ (ਵਾਟਰ-ਬਾਈਕ) ਦੀ ਗੇਮ ਵਿਚ। ਪਾਕਿਸਤਾਨੀ ਮੁੰਡਿਆਂ ਨੇ ਆ ਕੇ ਦੱਸਿਆ ਕਿ ਰਾਤੀਂ ਸਾਨੂੰ ਲਿਜਾਣ ਵਾਲੇ ਡੌਂਕਰ ਉਨ੍ਹਾਂ ਨੂੰ ਮਿਲੇ ਸਨ, ਉਨ੍ਹਾਂ ਸੱਚੀਂ ਲੱਕੜ ਦੀ ਕਿਸ਼ਤੀ ਵਾਲੀ ਡੌਂਕੀ ਹੀ ਲਵਾਉਣੀ ਸੀ। ਫਿਲਹਾਲ ਕਿਸੇ ਨੂੰ ਵੀ ਇਸ ਖੁੰਝੇ ਅਵਸਰ ਦਾ ਅਫਸੋਸ ਨਹੀਂ ਸੀ। ਅਸੀ ਭਾਫ ਨਹੀਂ ਨਿਕਲਣ ਦਿੱਤੀ ਕਿ ਅੱਜ ਅਸੀਂ ਕਿਸੇ ਪਾਸੇ ਨਿਕਲ ਜਾਣਾ ਸੀ।

ਸ਼ਾਮ ਢਲੇ ਅਸੀਂ ਪਹਾੜੀ ਤੋਂ ਥੱਲੇ ਸੁਰਖਿਅਤ ਥਾਂ ਜਾ ਬੈਠੇ। ਹੁਣ ਫੈਸਲਾ ਕਰਨਾ ਸੀ ਕਿ ਪੰਜ ਕਿਹੜੇ ਪਾਸੇ ਜਾਣਗੇ ਤੇ ਪੰਜ ਕਿਧਰ। ਸਾਧਨਾਂ ਦੇ ਅਧਿਕਾਰ ਅਤੇ ਸਪਸ਼ਟ ਬਹੁਮਤ ਕਾਰਣ ਸਾਡੀ ਪ੍ਰਧਾਨਗੀ ਆਪਣੇ ਆਪ ਪਨੂੰ ਕੋਲ ਪਹੁੰਚ ਗਈ ਸੀ। ਫੋਨ ਉਸ ਕੋਲ ਸੀ, ਖਾਨ ਨਾਲ ਰਲ-ਮਿਲ ਕੇ ਜੋ ਫੈਸਲਾ ਹੋਣਾ ਸੀ, ਉਸ ਨੇ ਹੀ ਕਰਨਾ ਸੀ। ਪਨੂੰ ਨੇ ਆਪਣੇ ਸਣੇ ਉਨ੍ਹਾਂ ਪੰਜ ਜਣਿਆਂ ਵਿਚ ਆਪਣੇ ਸਾਥੀ ਸ਼ਾਮਿਲ ਕਰ ਲਏ ਜਿਹੜੇ ਸਮੁੰਦਰੀ ਸਕੂਟਰ ਵਾਲੀ ਡੌਂਕੀ 'ਚ ਜਾਣੇ ਸਨ। ਇਹ ਡੌਂਕੀ ਇੰਨੀ ਸਫਲ ਜਾ ਰਹੀ ਸੀ ਕਿ ਇਕ ਦਿਨ ਵਿਚ ਚਾਰ-ਪੰਜ ਮੁੰਡੇ ਵੀ ਲੰਘ ਰਹੇ ਸਨ।

ਟੈਕਸੀ ਦੀ ਗੇਮ ਲਈ ਬਾਕੀ ਰਹਿ ਗਏ ਸਨ- ਦਵਿੰਦਰ, ਤਾਹਿਰ, ਹੈਪੀ, ਰਣਜੀਤ ਤੇ ਮੈਂ। ਪਨੂੰ ਐਂਡ ਪਾਰਟੀ ਦੇ ਸਤਨਾਮ, ਜੰਟਾ, ਸ਼ੀਰਾਜ ਤੇ ਚਮਕੀਲੇ 'ਚੋਂ ਸਿਰਫ ਇਕ ਬੇਝਿਜਕ ਕਿੰਤੂ ਜੰਟੇ ਉਪਰ ਉਠਦਾ ਸੀ। ਮੈਂ ਪੰਚ-ਪ੍ਰਧਾਨਾਂ ਅੱਗੇ ਆਪਣਾ ਉਲਾਂਭਾ ਰੱਖਿਆ, "ਮੇਰੇ ਨਾਲ ਮਾੜੀ ਕੀਤੀ ਜਾ ਰਹੀ ਹੈ, ਟੈਕਸੀ ਦੀ ਗੇਮ 'ਚ ਮੈਂ ਪਹਿਲਾਂ ਵੀ ਰਿਜੈਕਟ ਕੀਤਾ ਜਾ ਚੁੱਕਿਆ ਹਾਂ, ਜੰਟਾ ਤਾਂ ਬੇਸ਼ਕ ਟੈਕਸੀ ਵਿਚ ਜਾ ਸਕਦਾ ਹੈ...।" ਪਰ ਉਹ ਮੇਰੇ ਨਾਲ ਕਿਸੇ ਤਰ੍ਹਾਂ ਵੀ ਸਹਿਮਤ ਨਹੀਂ ਹੋਏ। ਉਨ੍ਹਾਂ ਕੋਲ ਫੋਨ ਸੀ, ਉਨ੍ਹਾਂ ਦਾ ਜ਼ੋਰ ਸੀ, ਮਰਜ਼ੀ ਵੀ ਉਨ੍ਹਾਂ ਦੀ ਸੀ। ਸਤਨਾਮ ਵੀ ਅੱਖਾਂ ਕੱਢ ਰਿਹਾ ਸੀ, ਸ਼ਾਇਦ ਉਹ ਪਿਛਲੀ ਡੌਂਕੀ ਵਾਲਾ ਬਦਲਾ ਲੈਣਾ ਚਾਹੁੰਦਾ ਸੀ। ਮੈਂ ਅੱਜ ਪਨੂੰ-ਜੰਟੇ ਦੀ ਤੁਲਨਾ ਡੌਂਕੀ ਵਾਲੀ ਰਾਤ ਡੁਬਣੋਂ ਬਚੇ ਪਨੂੰ-ਜੰਟੇ ਨਾਲ ਕਰਦਿਆਂ ਇਹੀ ਸੋਚਿਆ ਕਿ ਬੁਨਿਆਦੀ ਤੌਰ 'ਤੇ ਇਨਸਾਨ ਵਾਕਈ ਕ੍ਰਿਤਘਣ ਹੈ।

ਕਾਫੀ ਰਾਤ ਗਏ ਟੈਕਸੀ ਦੀ ਡੌਂਕੀ ਵਾਲੇ ਡੌਂਕਰ ਆਏ। ਦੋ ਜਣੇ ਪਿੱਛੇ ਡਿੱਕੀ ਵਿਚ ਪੈ ਗਏ। ਤਿੰਨ ਜਣੇ ਪਿਛਲੀ ਸੀਟ 'ਤੇ ਟੇਢੇ ਹੋ ਕੇ ਬਹਿ ਗਏ। ਕਾਰ ਤੁਰ ਪਈ। ਦਾਇਰੇ ਵਰਗਾ ਇਹ ਸਫਰ ਇੰਜ ਹੀ ਸੀ। ਪੈਰ ਪੈਰ 'ਤੇ ਹਮਸਫਰ ਬਦਲ ਜਾਂਦੇ। ਪੁਰਾਣੇ ਗਏ, ਨਵੇਂ ਆਏ; ਫਿਰ ਕਿਤੇ ਪੁਰਾਣਿਆਂ ਨਾਲ ਟਾਕਰੇ ਹੋ ਗਏ। ਦੂਜਿਆਂ ਦੇ ਨਾਲ ਹੁੰਦਿਆਂ ਵੀ ਹਰ ਕੋਈ ਇਕੱਲਾ ਸੀ, ਤੇ ਸਭ ਤੋਂ ਪਹਿਲਾਂ ਦੁੱਖਾਂ ਭਰੇ ਵਕਤ ਤੋਂ ਖਲਾਸੀ ਚਾਹੁੰਦਾ ਸੀ; ਧਰਤੀ ਦੇ ਇਸ ਟੁਕੜੇ 'ਚੋਂ ਨਿਕਲ ਜਾਣਾ ਚਾਹੁੰਦਾ ਸੀ, ਪਰ ਇਹ ਉਹਦੇ ਵੱਸ ਦੀ ਗੱਲ ਨਹੀਂ ਸੀ... ਇਹ ਕਿਸੇ ਦੇ ਵੀ ਵੱਸ ਦੀ ਗੱਲ ਨਹੀਂ ਸੀ!

ਕਾਰ ਸ਼ਹਿਰ ਦੇ ਬਾਹਰੀ ਇਲਾਕਿਆਂ ਵਿਚ 15-20 ਮਿੰਟ ਚੌਕਸੀ ਤੇ ਧੀਮੀ ਗਤੀ ਨਾਲ ਦੌੜਦੀ ਰਹੀ। ਉਜਾੜ ਥਾਂ 'ਤੇ ਉਤਾਰ ਕੇ ਡੌਂਕਰ ਸਾਨੂੰ ਲੈ ਕੇ ਪੈਦਲ ਤੁਰ ਪਏ। ਤਿੰਨ-ਚਾਰ ਵੱਡੇ ਗੁਦਾਮਨੁਮਾ ਇਮਾਰਤਾਂ ਸਾਹਮਣੇ ਜਾ ਕੇ ਰੁਕੇ। ਹਨੇਰੇ 'ਚ ਇਕ ਪਾਸਿਓਂ ਇਕ ਬੰਦਾ ਪ੍ਰਗਟ ਹੋਇਆ ਤੇ ਸ਼ਟਰ ਉਪਰ ਚੁੱਕਿਆ। ਸਾਨੂੰ ਅੰਦਰ ਵਾੜ ਕੇ ਸ਼ਟਰ ਫਿਰ ਸੁੱਟ ਦਿੱਤਾ ਗਿਆ। ਅੰਦਰ ਘੁੱਪ ਹਨੇਰੇ 'ਚ ਸਰਸਰਾਹਟਾਂ ਭਰੀ ਹਲਚਲ ਹੋਈ... ਫਿਰ ਮੋਮਬੱਤੀ ਜਗੀ। ਖ਼ਾਲੀ ਗੁਦਾਮ ਦੀ ਫਰਸ਼ 'ਤੇ ਵਿਛੀਆਂ ਦਰੀਆਂ 'ਤੇ ਕੁਝ ਜਾਣੇ-ਪਛਾਣੇ ਚਿਹਰੇ ਨਜ਼ਰ ਆਏ। ਮੋਹਕਮ ਤੇ ਬਲਜੀਤ ਵੀ ਪੁੱਜੇ ਬੈਠੇ ਸਨ। ਬਾਕੀ ਤਿੰਨ ਜਣੇ ਮੇਰੇ ਗਰੁਪ ਦੇ ਹੀ ਸਨ- ਜੱਗਾ, ਲੈਦਰ ਅਤੇ ਗੰਜਾ ਚਾਲੂ ਮਾਮਾ। ਹੋਰ ਪੰਜ ਜਣਿਆਂ ਦੀ ਬੇਸੁਆਦੀ ਆਮਦ ਨਾਲ ਬੇਸ਼ਕ ਉਨ੍ਹਾਂ ਨੂੰ ਘਬਰਾਹਟ ਤੇ ਅਸਹਿਜਤਾ ਹੀ ਹੋਈ ਹੋਣੀ ਹੈ। ਫਿਰ ਫੁਸਫੁਸਾਹਟਾਂ 'ਚ ਗੱਲਬਾਤ ਤੁਰ ਪਈ।

ਮੋਹਕਮ ਹੋਰੀਂ ਸਾਥੋਂ 5 ਕੁ ਦਿਨਾਂ ਪਿਛੋਂ ਇਥੇ ਆ ਗਏ ਸਨ, ਪਰ ਚਾਲੂ ਮਾਮਾ ਇਥੇ ਕਰੀਬ 20-22 ਦਿਨਾਂ ਤੋਂ ਇਕੱਲਾ ਹੀ ਸਬਰ ਨਾਲ ਡਟਿਆ ਬੈਠਾ ਸੀ। ਮਾਮੇ ਨੇ ਦੱਸਿਆ, "ਪਹਿਲਾਂ ਉਸ ਨਾਲ 'ਪੰਮਾ ਡੌਂਕਰ' ਸੀ, ਫਿਰ ਡੌਂਕਰ ਉਸ ਨੂੰ ਕਿਧਰੇ ਲੈ ਗਏ, ਉਹ ਮੁੜ ਕੇ ਨਹੀਂ ਆਇਆ। ਮੈਂ ਤਾਂ ਇਕੱਲਾ ਬੈਠਾ ਸ਼ੁਦਾਈ ਹੋ ਚੱਲਿਆ ਸਾਂ। ਰੋਟੀ-ਪਾਣੀ ਵੀ ਕਦੇ-ਕਿਤੇ ਹੀ ਮਿਲਦਾ...।"

ਕੁਝ ਦੇਰ ਬਾਅਦ ਸ਼ਟਰ ਚੁੱਕਿਆ ਗਿਆ, ਦੋ ਸਾਏ ਅੰਦਰ ਆਏ, ਸ਼ਟਰ ਫਿਰ ਡਿਗ ਗਿਆ। ਇਕ ਛੋਟੇ ਸਾਏ ਅਤੇ ਇਕ ਬਿਲਕੁਲ ਛੋਟੇ ਸਾਏ ਨੂੰ ਦੇਖ ਕੇ ਮੈਨੂੰ ਲੱਗਾ, ਸ਼ਾਇਦ ਮੈਂ ਉਨ੍ਹਾਂ ਨੂੰ ਜਾਣਦਾ ਹਾਂ। ਮੋਮਬੱਤੀ ਜਗਾਈ, ਅਨੁਮਾਨ ਸਹੀ ਸੀ- ਉਹੀ ਸੀ... ਸ੍ਰੀਲੰਕਨ ਔਰਤ ਤੇ ਉਹਦਾ ਮਾਸੂਮ ਬੱਚਾ। ਉਹ ਅਜੇ ਵੀ ਇਥੇ ਰੁਲ ਰਹੇ ਸਨ। ਮੇਰਾ ਮਨ ਹਮਦਰਦੀ ਅਤੇ ਅਫਸੋਸ ਨਾਲ ਭਰ ਗਿਆ। ਅਸੀਂ ਤਾਂ ਮਰਦ ਹੋ ਕੇ ਵੀ ਹਰ ਤਰ੍ਹਾਂ ਦੀ ਜ਼ਲਾਲਤ ਸਹਿੰਦਿਆਂ, ਬੁਰੀ ਤਰ੍ਹਾਂ ਹਾਰੇ-ਟੁੱਟੇ, ਅੱਧਮੋਏ ਪਏ ਸਾਂ... ਉਹ ਵਿਚਾਰੀ ਤਾਂ ਫਿਰ ਔਰਤ ਸੀ। ਖੌਰੇ ਕੈਸੇ ਕੈਸੇ ਬਦਤਰ ਹਾਲਾਤ 'ਚ ਉਸ ਨੇ ਕਿਹੜੇ ਮਾਨਸਿਕ ਤੇ ਜਿਸਮਾਨੀ ਜ਼ੁਲਮ ਝੱਲੇ ਸਨ, ਤੇ ਖੌਰੇ ਅਜੇ ਹੋਰ ਕਿੰਨੇ ਝੱਲਣੇ ਸਨ!

ਉਹ ਦੋਵੇਂ ਆਪਣੇ ਛਿੱਥੇ ਪਏ ਜਿਸਮਾਂ ਨਾਲ ਇਕ ਖੂੰਜੇ ਬੈਠ ਗਏ। ਉਨ੍ਹਾਂ ਦੇ ਦਰਦ ਅੱਗੇ ਮੈਨੂੰ ਆਪਣੇ ਦੁੱਖ ਬੌਣੇ ਨਜ਼ਰ ਆਏ। ਦਸ ਕੁ ਮਿੰਟ ਵੀ ਨਹੀਂ ਸੀ ਗੁਜ਼ਰੇ ਕਿ ਡੌਂਕਰ ਉਨ੍ਹਾਂ ਨੂੰ ਉਠਾ ਕੇ ਨਾਲ ਦੇ ਸਟੋਰ ਵਿਚ ਲੈ ਗਏ। ਕਿਸੇ ਸ਼ੱਕ ਦੀ ਕੁੜੱਤਣ ਨਾਲ ਮਾਹੌਲ ਬੋਝਲ ਹੁੰਦਾ ਗਿਆ। ਕੁਝ ਅਸਪਸ਼ਟ ਜਿਹੀਆਂ ਆਵਾਜ਼ਾਂ ਤੋਂ ਬਾਅਦ ਔਰਤ ਦੇ ਰੋਣ ਦੀ ਆਵਾਜ਼ ਆਈ। ਸਾਰੇ ਇਕ-ਦੂਜੇ ਵੱਲ ਬੇਵਸ ਨਿਗਾਹਾਂ ਨਾਲ ਦੇਖਣ ਲੱਗੇ। ਕੰਧ ਦੇ ਪਰਲੇ ਪਾਸੇ ਫਿਰ ਕਿਸੇ ਦੀ ਆਤਮਾ ਅਤੇ ਸਰੀਰ ਖਰੋਂਚਣ ਦੀ ਤਿਆਰੀ ਹੋ ਚੱਲੀ ਸੀ ਸ਼ਾਇਦ! ਮੈਨੂੰ ਪੇਟ 'ਚੋਂ ਕੋਈ ਗੋਲਾ ਜਿਹਾ ਉਠਦਾ ਮਹਿਸੂਸ ਹੋਇਆ; ਪਤਾ ਨਹੀਂ ਰੋਹ ਦਾ, ਪਤਾ ਨਹੀਂ ਲਾਚਾਰੀ ਦਾ! ਸਭ ਦੇ ਅੰਦਰ ਭਾਵੇਂ ਗੁੱਸਾ ਉਬਾਲੇ ਮਾਰਨ ਲੱਗਾ ਸੀ, ਪਰ ਸਾਡੇ ਹੌਸਲੇ ਇੰਨੇ ਪਸਤ ਹੋ ਚੁੱਕੇ ਸਨ, ਇਹ ਖ਼ਿਆਲ ਕਦੇ ਬੁਲੰਦ ਹੀ ਨਾ ਹੁੰਦਾ ਕਿ ਜਾ ਕੇ ਉਨ੍ਹਾਂ ਦਰਿੰਦਿਆਂ ਨਾਲ ਜਾ ਭਿੜੀਏ।... ਹਰ ਇਕ ਦੇ ਸਿਰ 'ਤੇ ਆਪਣੇ ਦੁੱਖਾਂ ਦੀਆਂ ਪੰਡਾਂ ਸਨ, ਕਿਸੇ ਦੇ ਦੁੱਖ ਕੋਈ ਕੀ ਵੰਡਾਉਂਦਾ! ਇਥੇ ਹਰ ਇਕ ਨੇ ਆਪਣੇ ਹਿੱਸੇ ਦਾ ਦਰਦ ਆਪ ਹੀ ਸਹਿਣਾ ਸੀ!

ਫਿਰ ਅਚਾਨਕ ਹੈਰਤਅੰਗੇਜ਼ ਢੰਗ ਨਾਲ ਜ਼ਨਾਨਾ ਆਵਾਜ਼ 'ਚ ਰੋਹ ਪੈਦਾ ਹੋ ਗਿਆ, ਉਸ ਦਾ ਲਹਿਜ਼ਾ ਤਲਖ ਤੇ ਬੁਲੰਦ ਹੁੰਦਾ ਗਿਆ। ਉਸ ਦੇ ਕਮਜ਼ੋਰ ਜਿਸਮ ਵਿਚ ਸ਼ਾਇਦ ਕਿਸੇ ਖੂੰਜੇ ਤਾਕਤ ਅਜੇ ਬਾਕੀ ਸੀ! ਰਲੀਆਂ ਮਿਲੀਆਂ ਉਚੀਆਂ ਆਵਾਜ਼ਾਂ ਦਾ ਸ਼ੋਰ ਕੁਝ ਪਲ ਹੀ ਚੱਲਿਆ, ਫਿਰ ਸ਼ਟਰ ਚੁੱਕਣ ਦੀ ਆਵਾਜ਼ ਆਈ, ਫਿਰ ਸ਼ਾਂਤੀ। ਥੋੜ੍ਹੀ ਦੇਰ ਪਿਛੋਂ ਸਾਡੇ ਵਾਲਾ ਸ਼ਟਰ ਉਠਿਆ, ਹੱਥ 'ਚ ਦਾਤਰ ਫੜ੍ਹੀ ਦੋ ਡੌਂਕਰ ਅੰਦਰ ਆਏ। ਫਲੂਸ ਦੀ ਤਲਾਸ਼ ਵਿਚ ਸਾਡੀ ਤਲਾਸ਼ੀ ਹੋਈ, ਪਰ ਕੁਝ ਹੱਥ ਨਹੀਂ ਲੱਗਾ। ਸ਼ਾਇਦ ਜਿਨ੍ਹਾਂ ਕੋਲ ਪੈਸੇ ਸਨ, ਜ਼ਰੂਰ ਬਹੁਤ ਗੁਪਤ ਥਾਂਵਾਂ 'ਚ ਲਕੋਏ ਹੋਏ ਸਨ।

ਮਾਮੇ ਨੇ ਸਾਹਸ ਕਰ ਕੇ ਔਰਤ ਬਾਰੇ ਪੁੱਛਿਆ; ਪਤਾ ਲੱਗਾ, ਉਹ ਤੇ ਉਹਦਾ ਬੱਚਾ ਉਥੋਂ ਚਲੇ ਗਏ ਸਨ। ਸਾਡੀ ਕਾਇਰਤਾ, ਸ਼ਰਮਿੰਦਗੀ ਦੇ ਭਾਵ ਇਸ ਰਾਹਤ 'ਚ ਗੁੰਮ ਗਏ ਕਿ ਉਸ ਦੀਨ-ਹੀਨ ਔਰਤ ਨੇ ਆਪਣੀ ਦਲੇਰੀ ਤੇ ਹਿੰਮਤ ਨਾਲ ਖ਼ੁਦ ਨੂੰ ਇਸ ਵਾਰ ਬਚਾ ਲਿਆ ਸੀ, ਪਰ ਅੱਗੇ ਦਾ ਰਾਹ ਕਿਹੜਾ ਆਸਾਨ ਸੀ! ਖੌਰੇ ਉਸ ਦੇ ਰਾਹਾਂ 'ਚ ਅਜੇ ਕਿੰਨੀ ਕੁ ਭਟਕਣ ਸੀ, ਕਿੰਨੇ ਕੁ ਦੁੱਖ ਸਨ। ਸ਼ਟਰ ਫਿਰ ਥੱਲੇ ਗਿਰ ਗਿਆ।

ਸਭ ਗੱਲਾਂ-ਬਾਤਾਂ ਕਰਦੇ ਲੰਮੇ ਪੈ ਗਏ। ਪਾਣੀ ਦਾ ਇੰਤਜ਼ਾਮ ਸੀ, ਇਕ ਨੁੱਕਰੇ ਵੱਡੇ ਟੋਏ 'ਚ ਪਿਸ਼ਾਬ ਕਰਦੇ ਸਾਂ। ਰੋਟੀ ਦਾ ਇੰਤਜ਼ਾਮ ਹਮੇਸ਼ਾ ਵਾਲਾ ਹੀ ਸੀ, ਯਾਨੀ ਕਦੀ ਮਿਲ ਗਈ, ਕਦੀ ਨਹੀਂ। ਹਰ ਨਵੇਂ ਥਾਂ ਪਹੁੰਚ ਕੇ ਨਵੇਂ ਸਿਰਿਉਂ, ਨਵਾਂ ਇੰਤਜ਼ਾਰ ਸ਼ੁਰੂ ਹੋ ਜਾਂਦਾ ਸੀ। ਹਨੇਰੇ 'ਚ ਪਏ ਅਬੁਝ ਹਾਲਾਤ ਦੀਆਂ ਗੁੰਝਲਾਂ ਸੁਲਝਾਉਣ ਦੀਆਂ ਅਸਫਲ ਕੋਸ਼ਿਸ਼ਾਂ ਕਰਦੇ ਕਰਦੇ ਸੌਂ ਗਏ।

ਸ਼ਟਰ ਉਠਣ ਦੀ ਆਵਾਜ਼ ਨਾਲ ਅੱਖਾਂ ਖੁਲ੍ਹੀਆਂ। ਸਵੇਰ ਦੀ ਹਲਕੀ ਲੋਅ ਫੈਲ ਰਹੀ ਸੀ। ਡੌਂਕਰ ਨੇ ਫੋਨ ਸਾਡੇ ਵੱਲ ਵਧਾਇਆ। ਸਾਰੇ ਜਣੇ ਤੜਫ ਕੇ ਝਟਕੇ ਨਾਲ ਉਧਰ ਲਪਕੇ। ਦੋ-ਤਿੰਨ ਜਣਿਆਂ ਨੇ ਗੱਲ ਕੀਤੀ, ਖਾਨ ਨੇ ਸਭ ਦੇ ਨਾਂ ਅਤੇ ਏਜੰਟਾਂ ਦੀ ਜਾਣਕਾਰੀ ਲਈ। ਘੱਟੋ-ਘੱਟ ਇਸ ਜਗ੍ਹਾ 'ਤੇ ਮੈਨੂੰ ਆਪਣੇ ਏਜੰਟ ਬਿੱਟੂ ਸੁਲਤਾਨਪੁਰੀ ਦੇ ਰਸੂਖ਼ ਤੋਂ ਬੜੀ ਉਮੀਦ ਸੀ। ਅੰਤਿਮ ਫੈਸਲੇ ਤਹਿਤ ਰਣਜੀਤ ਦੀ ਡੌਂਕੀ ਲੱਗਣੀ ਸੀ। ਡੌਂਕਰ ਉਸ ਨੂੰ ਲੈ ਕੇ ਬਾਹਰ ਨਿਕਲ ਗਿਆ। ਰਣਜੀਤ ਦਾ ਅਤੇ ਮੇਰਾ ਏਜੰਟ ਇਕ ਹੀ ਸੀ, ਪਰ ਉਹ ਜ਼ਿਆਦਾ ਪਤਲਾ ਤੇ ਮਧਰਾ ਹੋਣ ਕਰ ਕੇ ਇਹ ਬਾਜ਼ੀ ਮਾਰ ਗਿਆ।

ਬਾਕੀ ਸਾਰੇ ਫਿਰ ਕੰਧਾਂ ਨਾਲ ਲੱਗ ਕੇ ਬਹਿ ਗਏ। ਮੇਰੀ ਆਸ ਨੂੰ ਨਵੇ ਖੰਭ ਲੱਗ ਗਏ ਸਨ। ਸਭ ਦੁਆਵਾਂ ਕਰਨ ਲੱਗੇ ਕਿ ਇਹ ਡੌਂਕੀ ਕਾਮਯਾਬ ਹੋਵੇ ਤੇ ਲਗਾਤਾਰ ਚਲਦੀ ਜਾਵੇ। ਹੁਣ ਤਾਂ ਇੰਤਜ਼ਾਰ ਦੀ ਇੰਤਹਾ ਹੋ ਚਲੀ ਸੀ, ਉਮੀਦਾਂ ਲਈ ਆਸਰੇ ਮੁੱਕਦੇ ਜਾਂਦੇ ਸਨ, ਸਬਰ ਦਾ ਅੰਤ ਹੋ ਰਿਹਾ ਸੀ।

**(ਚਲਦਾ)**

# ਬਾਪ ਨੂੰ ਹਉਕਾ ਨਾ ਬਣਾਓ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਾਂ ਦੀ ਮਮਤਾ ਪ੍ਰਤੀ ਬੱਚਿਆਂ ਦੇ ਹੇਰਵੇ ਦਾ ਜ਼ਿਕਰ ਕੀਤਾ ਸੀ। ਇਸ ਲੇਖ ਵਿਚ ਉਨ੍ਹਾਂ ਬਾਪ ਦੇ ਬੱਚਿਆਂ ਪ੍ਰਤੀ ਮੋਹ ਅਤੇ ਬਾਪ ਦੀ ਬੱਚਿਆਂ ਉਪਰ ਬੋਹੜ ਜਿਹੀ ਸੰਘਣੀ ਛਾਂ ਦੀ ਗੱਲ ਕਰਦਿਆਂ ਕਿਹਾ ਹੈ, "ਬਾਪ ਇਕ ਬਿਰਖ, ਜਿਸ ਦੀ ਛਾਂਵੇਂ ਬਹਿ ਕੇ ਸੁਖਨ ਦਾ ਹੁਲਾਰ, ਹਰ ਪਲ ਵਧਦਾ-ਫੁਲਦਾ ਅਤੇ ਪਨਪਦਾ ਪਿਆਰ। ਸਾਹਾਂ 'ਤੇ ਉਕਰੀ ਇਬਾਦਤ ਦਾ ਸਿਰਲੇਖ, ਬੱਚਿਆਂ ਦੇ ਮੱਥੇ 'ਤੇ ਉਕਰੇ ਲੇਖ ਅਤੇ ਉਸ ਦੇ ਨੈਣਾਂ ਵਿਚ ਵਸੇਂਦਾ ਬੱਚਿਆਂ ਦਾ ਘੁੱਗ ਵਸੇਂਦਾ ਦੇਸ।" -ਸੰਪਾਦਕ***

ਬਾਪ ਬੱਚਿਆਂ ਦੇ ਸਿਰਾਂ ਦੀ ਛੱਤ। ਤਿੱਖੜ ਦੁਪਹਿਰਾਂ ਵਿਚ ਠੰਢੜੀ ਛਾਂ। ਲੂਆਂ ਵਿਚ ਪੁਰੇ ਦੀ ਪੌਣ ਅਤੇ ਧੁਖਦੇ ਰਾਹਾਂ ਵਿਚ ਠੰਢਕ ਦਾ ਸੁਖਦ ਅਹਿਸਾਸ। ਬਾਪ, ਬੱਚਿਆਂ ਦੇ ਮਸਤਕ 'ਚ ਸੁਪਨੇ ਟਿਕਾਉਂਦਾ, ਉਂਗਲੀ ਫੜ੍ਹ ਕੇ ਤੁਰਨਾ ਸਿਖਾਉਂਦਾ, ਮੰਜ਼ਿਲਾਂ 'ਤੇ ਪਹੁੰਚਣ ਦਾ ਵਿਸ਼ਵਾਸ ਅਤੇ ਧਰਵਾਸ ਬੱਚਿਆਂ ਦੀ ਸੋਚ-ਜੂਹ ਦੇ ਨਾਮ ਲਾਉਂਦਾ।

ਬਾਪ ਸਾਡੀ ਹੋਂਦ ਦਾ ਸਬੱਬ, ਸਾਡੀ ਮੁਢਲੀ ਪਛਾਣ ਦਾ ਕੇਂਦਰ ਬਿੰਦੂ, ਸਾਡੇ ਲਈ ਸੁਖ ਸੁਵਿਧਾਵਾਂ ਦੀ ਪ੍ਰਾਪਤੀ ਦਾ ਮੂਲ-ਸਰੋਤ ਅਤੇ ਸਾਡੇ ਲਈ ਘਾਲੀਆਂ ਘਾਲਣਾਵਾਂ ਦੀ ਜਗਦੀ ਜੋਤ।

ਬਾਪ ਜਦ ਡਿੱਗਦੇ ਬਾਲ ਨੂੰ ਬੋਚਦਾ ਏ ਤਾਂ ਉਹ ਲਾਡਲੇ ਦਾ ਸਭ ਤੋਂ ਵੱਡਾ ਖੈਰਖਾਹ, ਉਸ ਲਈ ਪੀਰਾਂ ਦੀ ਦਰਗਾਹ 'ਤੇ ਮੰਗੀ ਗਈ ਦੁਆ ਅਤੇ ਉਸ ਦੀ ਚੜ੍ਹਦੀ ਕਲਾ ਲਈ ਪਲ ਪਲ ਕੀਤੀ ਅਰਦਾਸ।

ਬਾਪ ਇਕ ਬਿਰਖ, ਜਿਸ ਦੀ ਛਾਂਵੇਂ ਬਹਿ ਕੇ ਸੁਖਨ ਦਾ ਹੁਲਾਰ, ਹਰ ਪਲ ਵਧਦਾ-ਫੁਲਦਾ ਅਤੇ ਪਨਪਦਾ ਪਿਆਰ। ਸਾਹਾਂ 'ਤੇ ਉਕਰੀ ਇਬਾਦਤ ਦਾ ਸਿਰਲੇਖ, ਬੱਚਿਆਂ ਦੇ ਮੱਥੇ 'ਤੇ ਉਕਰੇ ਲੇਖ ਅਤੇ ਉਸ ਦੇ ਨੈਣਾਂ ਵਿਚ ਵਸੇਂਦਾ ਬੱਚਿਆਂ ਦਾ ਘੁੱਗ ਵਸੇਂਦਾ ਦੇਸ।

ਬਾਪ ਆਲੇ 'ਚ ਜਗਦਾ ਚਿਰਾਗ, 'ਨ੍ਹੇਰਿਆਂ ਨਾਲ ਆਢਾ ਲਾਉਂਦਾ, ਬੱਚਿਆਂ ਦੇ ਨੈਣਾਂ 'ਚ ਅੱਖਰ-ਜੋਤ ਜਗਾਉਂਦਾ, ਹਰਫਾਂ 'ਚ ਸੂਰਜ ਦਾ ਸਿਰਨਾਂਵਾਂ ਟਿਕਾਉਂਦਾ ਅਤੇ ਅਰਥਾਂ ਦੇ ਵਿਹੜੇ 'ਚ ਸੂਖਮ ਸੋਚ ਦੀ ਫੇਰੀ ਲਾਉਂਦਾ।

> ***ਵੱਡੇ ਵੱਡੇ ਰੁਤਬਿਆਂ ਦਾ ਮਾਣ ਬਣੇ ਪੁੱਤਰੋ, ਮਹਾਨ ਹਸਤੀਆਂ ਬਣ ਕੇ ਆਪਣੀ ਪਛਾਣ ਸਿਰਜਣ ਵਾਲੇ ਲਾਡਲਿਓ, ਆਪਣੀ ਹਾਜਰੀ ਨਾਲ ਲੱਖਾਂ ਦਿਲਾਂ ਨੂੰ ਧੜਕਾਉਣ ਅਤੇ ਉਨ੍ਹਾਂ ਲਈ ਨਵੇਂ ਸੁਪਨੇ ਸੁਜਾਉਣ ਵਾਲੇ ਹੀਰਿਓ, ਹਮੇਸ਼ਾ ਆਪਣੇ ਮਾਪਿਆਂ ਦੇ ਸ਼ੁਕਰਗੁਜ਼ਾਰ ਰਹੋ ਅਤੇ ਉਨ੍ਹਾਂ ਦੀ ਚਰਨ-ਬੰਦਗੀ ਕਰ ਕੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰੋ। ਯਾਦ ਰੱਖੋ! ਜਦ ਮਾਂ-ਬਾਪ ਮੜ੍ਹੀਆਂ ਦੀ ਰਾਖ ਬਣ ਜਾਂਦੇ ਨੇ ਤਾਂ ਕੋਈ ਵੀ ਕੰਬਦੇ ਹੱਥਾਂ ਨਾਲ ਸਿਰਾਂ 'ਤੇ ਅਸ਼ੀਰਵਾਦ ਅਤੇ ਦੁਆਵਾਂ ਦੇਣ ਵਾਲਾ ਨਹੀਂ ਰਹਿੰਦਾ। ਜਿਉਂਦੇ ਜੀਅ ਉਨ੍ਹਾਂ ਦੀਆਂ ਦੁਆਵਾਂ ਤੋਂ ਮਹਿਰੂਮ ਰਹਿ ਕੇ ਬਦਨਸੀਬੀ ਹੰਢਾਉਣੀ ਸਭ ਤੋਂ ਵੱਡੀ ਤ੍ਰਾਸਦੀ ਹੁੰਦੀ ਹੈ।***

ਬਾਪ ਬਨੇਰੇ ਤੋਂ ਉਤਰਦੀ ਲੋਅ, ਜੋ ਬੱਚਿਆਂ ਦੇ ਮਨਾਂ 'ਚੋਂ ਧੁੰਧਲਕਾ ਹਟਾਉਂਦੀ, ਸੋਚ ਦਾਇਰੇ ਵਿਸ਼ਾਲਦੀ ਅਤੇ ਉਨ੍ਹਾਂ ਨੂੰ ਚਾਨਣਾਂ ਦੀ ਜੂਹ ਦੇ ਰਾਹੇ ਪਾਉਂਦੀ। ਜਦ ਬਾਪ ਬੱਚਿਆਂ ਲਈ ਰੋਲ ਮਾਡਲ ਤਾਂ ਉਨ੍ਹਾਂ ਦੇ ਸਭ ਤੋਂ ਨੇੜੇ ਅਤੇ ਸਭ ਤੋਂ ਜ਼ਿਆਦਾ ਭਰੋਸੇਮੰਦ ਮਾਰਗ-ਦਰਸ਼ਕ।

ਬਾਪ ਧੀਆਂ ਦੇ ਸਿਰਾਂ 'ਤੇ ਅਸੀਸਾਂ ਦੀ ਵਾਛੜ। ਦੁੱਧ ਧੋਤੀ ਚਿੱਟੀ ਪੱਗ ਬਾਪ ਦਾ ਮਾਣ। ਜੇ ਕਿਧਰੇ ਇਸ ਨੂੰ ਕੋਈ ਦਾਗ ਲੱਗ ਜਾਵੇ ਤਾਂ ਬਾਪ ਲਈ ਜਿਉਣ ਦੇ ਅਰਥ ਮਰਨ ਵਿਚ ਬਦਲ ਜਾਂਦੇ ਨੇ।

ਬਾਪ ਵਗਦਾ ਦਰਿਆ ਜੋ ਆਪਣੇ ਬੱਚਿਆਂ ਨੂੰ ਸਿੰਜਦਾ, ਉਨ੍ਹਾਂ ਲਈ ਨਵੀਆਂ ਬਹਾਰਾਂ ਦਾ ਸਬੱਬ, ਫਲਾਂ ਤੇ ਫੁੱਲਾਂ ਦਾ ਸੰਧਾਰਾ ਅਤੇ ਮਹਿਕਾਂ ਦੀ ਲਬਰੇਜ਼ਤਾ। ਕਦੇ ਕਦਾਈਂ ਜੇ ਬਾਪ ਇਕ ਬਰੇਤਾ ਬਣ ਕੇ ਆਪਣੀ ਹੋਂਦ ਨੂੰ ਸਮੇਂ ਦੇ ਵਰਕੇ ਤੋਂ ਮਿਟਾਉਣ ਦੇ ਰਾਹ ਤੁਰ ਪਵੇ ਤਾਂ ਸਮੁੱਚੀ ਮਾਨਵਤਾ ਕਲੰਕਿਤ ਹੋ ਜਾਂਦੀ ਏ।

ਬਾਪ ਨੰਗੇ ਪੈਰੀਂ ਤੁਰੇ ਜਾਂਦੇ ਬੱਚਿਆਂ ਲਈ ਪਰਨੇ ਦੀ ਛਾਂ, ਉਨ੍ਹਾਂ ਦੇ ਪਿਆਸੇ ਹੋਠਾਂ ਲਈ ਕੱਚੇ ਘੜੇ ਦਾ ਠੰਢਾ ਪਾਣੀ ਅਤੇ ਉਨ੍ਹਾਂ ਦੇ ਥਕਾਨ ਭਰੇ ਕੋਮਲ ਪੈਰਾਂ ਲਈ ਕੋਸੀ ਕੋਸੀ ਟਕੋਰ।

ਬਾਪ ਨਾਲ ਸੰਵਾਦ ਰਚਾਓ, ਤੁਹਾਨੂੰ ਉਨ੍ਹਾਂ ਵਲੋਂ ਕੀਤੀਆਂ ਮੁਸ਼ੱਕਤਾਂ, ਤੰਗੀਆਂ-ਤੁਰਸ਼ੀਆਂ ਦਾ ਅਹਿਸਾਸ ਜਰੂਰ ਹੋਵੇਗਾ। 'ਕੇਰਾਂ ਸਿਆਲ ਦੀ ਕੋਸੀ ਕੋਸੀ ਧੁੱਪ ਵਿਚ ਬਰਾਂਡੇ ਵਿਚ ਮੰਜੇ 'ਤੇ ਬੈਠਾ ਮੇਰਾ ਪਿਤਾ ਬੀਤੇ ਜਮਾਨੇ ਦੀਆਂ ਘਾਲਣਾਵਾਂ ਬਾਰੇ ਦੱਸ ਰਿਹਾ ਸੀ ਕਿ ਢਿੱਲਵਾਂ ਵਾਲੀ ਮਿੱਲ 'ਤੇ ਜਦ ਗੱਡਾ ਵਾਹੁੰਦੇ ਸਾਂ ਤਾਂ ਬਿਆਸ ਦਰਿਆ 'ਚ ਆਉਂਦੀਆਂ ਲੱਕੜਾਂ ਨੂੰ ਦਰਿਆ 'ਚੋਂ ਕੱਢਣਾ। ਉਨ੍ਹਾਂ ਗਿੱਲੀਆਂ ਅਤੇ ਭਾਰੀਆਂ ਲੱਕੜ ਦੀਆਂ ਗੇਲੀਆਂ ਨੂੰ ਗੱਡਿਆਂ 'ਤੇ ਲੱਦਣਾ ਜਿਥੇ ਬਹੁਤ ਜੋਰ ਦਾ ਕੰਮ ਹੁੰਦਾ ਸੀ, ਉਥੇ ਇਹ ਜੋਖਮ ਦਾ ਕੰਮ ਵੀ ਹੁੰਦਾ ਸੀ। ਉਨ੍ਹਾਂ ਸਮਿਆਂ 'ਚ ਪਹਾੜਾਂ ਤੋਂ ਲੱਕੜਾਂ ਦਰਿਆ ਰਾਹੀਂ ਹੀ ਆਉਂਦੀਆਂ ਹੁੰਦੀਆਂ ਸਨ। ਇਨ੍ਹਾਂ ਨੂੰ ਦਰਿਆ ਰਾਹੀਂ ਲਿਆਉਣ ਵਾਲੇ ਲੋਕ ਲੱਕੜਾਂ 'ਤੇ ਬੈਠ ਕੇ ਤੈਰਦੇ ਆਉਂਦੇ, ਰਸਤੇ ਵਿਚ ਸੌਂ ਵੀ ਜਾਂਦੇ ਸਨ, ਖਾਣਾ ਵੀ ਬਣਾਉਂਦੇ ਸਨ ਕਿਉਂਕਿ ਕਈ ਕਈ ਦਿਨ ਇਨ੍ਹਾਂ ਨੂੰ ਢਿੱਲਵਾਂ ਪਹੁੰਚਣ ਤੱਕ ਲੱਗ ਜਾਂਦੇ ਸਨ। ਕਈ ਵਾਰ ਤਾਂ ਇੰਜ ਹੋਣਾ ਕਿ ਖੁੱਭੇ ਹੋਏ ਗੱਡੇ ਨੂੰ ਕੱਢਣ ਲਈ ਡੰਗਰਾਂ ਦੇ ਨਾਲ ਆਪ ਵੀ ਜੋਰ ਲਾਉਣਾ ਪੈਂਦਾ। ਦਰਅਸਲ ਲੱਕੜਾਂ ਇੰਨੀਆਂ ਭਾਰੀਆਂ ਹੁੰਦੀਆਂ ਕਿ ਅਕਸਰ ਹੀ ਗੱਡੇ ਅੱਗੇ ਬੀਡੀ ਪਾਉਣੀ ਪੈਂਦੀ। ਬੜੇ ਔਖੇ ਸਮੇਂ ਹੁੰਦੇ ਸਨ। ਫਸਲ ਨੂੰ ਤਾਂ ਹੜ੍ਹ ਤਬਾਹ ਕਰ ਦਿੰਦੇ ਸਨ ਅਤੇ ਇਸ ਲਈ ਗੱਡਾ ਵਾਹ ਕੇ ਹੀ ਗੁਜਾਰਾ ਕਰਨਾ ਪੈਂਦਾ ਸੀ।

ਮੈਂ ਦੇਖਿਆ ਕਿ ਬੀਤੇ ਦਿਨਾਂ ਨੂੰ ਯਾਦ ਕਰਦਿਆਂ ਜਿਥੇ ਪਿਤਾ ਜੀ ਦੀਆਂ ਅੱਖਾਂ ਵਿਚ ਲਿਸ਼ਕ ਅਤੇ ਮਾਣ ਭਰ ਆਇਆ ਸੀ, ਉਥੇ ਇਸ ਗੱਲ ਦਾ ਸ਼ੁਕਰ ਵੀ ਸੀ ਕਿ ਉਸ ਦੀ ਔਲਾਦ ਨੇਕ ਨਿਕਲੀ ਹੈ, ਤੇ ਉਨ੍ਹਾਂ ਨੇ ਰੱਬ ਦਾ ਸ਼ੁਕਰਾਨਾ ਕਰਨ ਲਈ ਧਰਤੀ ਨਮਸਕਾਰੀ। ਮੈਂ ਸੋਚਦਾ ਹੀ ਰਿਹਾ ਕਿ ਕਿਤੇ ਅਸੀਂ ਆਪਣੇ ਮਾਪਿਆਂ ਵਲੋਂ ਕੀਤੀ ਗਈ ਸਖਤ ਮਿਹਨਤ ਅਤੇ ਉਨ੍ਹਾਂ ਦੀ ਪ੍ਰਤੀਬੱਧਤਾ ਪ੍ਰਤੀ ਅਕ੍ਰਿਤਘਣ ਤਾਂ ਨਹੀਂ ਬਣ ਰਹੇ?

ਬਾਪ ਹੀ ਹੁੰਦਾ ਏ ਜੋ ਤੁਹਾਡੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਏ, ਵਰੋਸਾਈਆਂ ਨਿਆਮਤਾਂ ਪ੍ਰਤੀ ਸ਼ੁਕਰਗੁਜਾਰੀ ਕਰਦਿਆਂ ਨਿਮਰ ਰਹਿਣ ਦਾ ਧਰਮ ਪਾਲਦਾ ਏ। ਉਸ ਦੇ ਸਰੋਕਾਰ ਆਪਣੀ ਔਲਾਦ ਤੋਂ ਬਾਅਦ ਆਪਣੇ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਦੇ ਨਾਲ ਸਮੁੱਚੇ ਸਮਾਜ ਨਾਲ ਜੁੜੇ ਰਹਿੰਦੇ ਨੇ। ਤਾਹੀਉਂ ਤਾਂ ਆਪਣੀ ਵਧਦੀ ਵੇਲ ਵਲੋਂ ਕੀਤੀਆਂ ਚੰਗੀਆਂ ਕਾਰਗੁਜਾਰੀਆਂ 'ਤੇ ਉਸ ਨੂੰ ਹਮੇਸ਼ਾ ਫਖਰ ਹੁੰਦਾ ਏ।

ਬਾਪ ਕਿੰਨਾ ਨਿਮਰ ਹੋ ਸਕਦਾ ਏ ਅਤੇ ਰੱਬ ਦੇ ਭਾਣੇ ਨੂੰ ਕਿੰਜ ਮੰਨਦਾ ਏ, ਇਸ ਦਾ ਅਹਿਸਾਸ ਮੈਨੂੰ ਉਸ ਵੇਲੇ ਹੋਇਆ ਜਦ ਦੋ ਵਾਰ ਬਾਪ ਨੂੰ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਨਾ ਮਿਲਿਆ ਤਾਂ ਮੈਂ ਬਹੁਤ ਉਦਾਸ ਸਾਂ। ਮੇਰੇ ਪਿਤਾ ਨੇ ਇਸ ਉਦਾਸੀ ਨੂੰ ਦੂਰ ਕਰਦਿਆਂ ਕਿਹਾ, "ਚੱਲੋ ਚੰਗਾ ਹੋਇਆ। ਇਸ ਬਹਾਨੇ ਤੁਸੀਂ ਸਾਰਾ ਪਰਿਵਾਰ ਤਾਂ ਮੈਨੂੰ ਮਿਲਣ ਆਵੋਗੇ ਹੀ, ਅਤੇ ਨਾਲੇ ਸਾਰੇ ਇਥੇ ਰਹਿੰਦੇ ਪਰਿਵਾਰ ਨੂੰ ਮਿਲ ਜਾਵੋਂਗੇ।" ਕਿੰਨੀ ਫਰਾਖ ਦਿਲੀ ਅਤੇ ਜਿੰਦਾਦਿਲੀ ਹੈ ਬਾਪ ਦੇ ਬੋਲਾਂ ਵਿਚ ਕਿ ਉਸ ਨੂੰ ਕੋਈ ਗਿਲਾ ਜਾਂ ਸ਼ਿਕਵਾ ਨਹੀਂ। ਉਹ ਤਾਂ ਸਾਰੀ ਉਮਰ ਹੀ ਭਾਣਾ ਮੰਨਦਾ ਰਿਹਾ ਏ ਅਤੇ ਇਕ ਭਾਣਾ ਹੋਰ ਸਹੀ।

ਬਾਪ ਦੇ ਹੁੰਦਿਆਂ ਸਮਾਜਕ ਜਿੰਮੇਵਾਰੀਆਂ ਤੋਂ ਸੁਰਖਰੀ, ਸਿਆਣਪਾਂ ਅਤੇ ਸੁਚੱਜੀਆਂ ਮੱਤਾਂ ਦੇ ਖਜਾਨੇ 'ਤੇ ਮਨਚਾਹੀ ਦਸਤਕ, ਹਰ ਸਮੱਸਿਆ ਦੇ ਹੱਲ ਦਾ ਸੰਤੁਲਤ ਸੁਝਾਅ। ਯਾਦ ਰੱਖੋ! ਅਸੀਂ ਕਿੰਨੇ ਵੀ ਪੜ੍ਹ ਲਿਖ ਜਾਈਏ, ਜੋ ਸਿਆਣਪਾਂ ਸਾਡੇ ਬਜ਼ੁਰਗਾਂ ਦੇ ਹਿੱਸੇ ਆਈਆਂ ਨੇ, ਉਨ੍ਹਾਂ ਵਿਚ ਜ਼ਿੰਦਗੀ 'ਚ ਆਈਆਂ ਚੁਣੌਤੀਆਂ, ਉਨ੍ਹਾਂ ਦੇ ਹੱਲ ਅਤੇ ਸਫਲਤਾ ਦੇ ਦਰ 'ਤੇ ਦਿੱਤੀ ਦਸਤਕ ਸ਼ਾਮਲ ਹੁੰਦੀ ਏ। ਇਹ ਉਨ੍ਹਾਂ ਦਾ ਹੱਢੀਂ ਹੰਡਾਇਆ ਗਿਆਨ ਏ, ਜਿਸ ਨਾਲ ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਸਚਿਆਰਾ ਬਣਾਇਆ ਏ।



ਬਾਦਲ ਪਿਓ-ਪੁੱਤਰ: ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ

ਬਾਪ ਦੀ ਧੌਲੀ ਦਾੜ੍ਹੀ 'ਚ ਜੇ ਹੰਝੂ ਜੰਮ ਜਾਣ, ਚਿੱਟੀ ਪੱਗ ਦਾਗੋ-ਦਾਗ ਹੋ ਜਾਵੇ, ਉਸ ਦੀਆਂ ਮੱਤਾਂ ਨੂੰ ਪੈਰਾਂ ਵਿਚ ਰੋਲ ਦਿੱਤਾ ਜਾਵੇ ਜਾਂ ਉਸ ਦੇ ਸੁਪਨਿਆਂ 'ਤੇ ਗੜੇਮਾਰੀ ਹੋ ਜਾਵੇ ਤਾਂ ਬਾਪ ਦੇ ਨੈਣਾਂ ਦਾ ਖਾਰਾ ਪਾਣੀ ਉਸ ਦੇ ਅੰਦਰ ਹੀ ਜੰਮ ਜਾਂਦਾ ਏ ਅਤੇ ਫਿਰ ਉਹ ਆਪਣੀ ਅਰਥੀ ਨੂੰ ਆਪਣੇ ਮੋਢੇ 'ਤੇ ਚੁੱਕਣ ਦਾ ਵਾਸਤਾ ਬਣ ਜਾਂਦਾ ਏ।

ਵੱਡੇ ਵੱਡੇ ਰੁਤਬਿਆਂ ਦਾ ਮਾਣ ਬਣੇ ਪੁੱਤਰੋ, ਮਹਾਨ ਹਸਤੀਆਂ ਬਣ ਕੇ ਆਪਣੀ ਪਛਾਣ ਸਿਰਜਣ ਵਾਲੇ ਲਾਡਲਿਓ, ਆਪਣੀ ਹਾਜਰੀ ਨਾਲ ਲੱਖਾਂ ਦਿਲਾਂ ਨੂੰ ਧੜਕਾਉਣ ਅਤੇ ਉਨ੍ਹਾਂ ਲਈ ਨਵੇਂ ਸੁਪਨੇ ਸੁਜਾਉਣ ਵਾਲੇ ਹੀਰਿਓ, ਹਮੇਸ਼ਾ ਆਪਣੇ ਮਾਪਿਆਂ ਦੇ ਸ਼ੁਕਰਗੁਜ਼ਾਰ ਰਹੋ ਅਤੇ ਉਨ੍ਹਾਂ ਦੀ ਚਰਨ-ਬੰਦਗੀ ਕਰ ਕੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰੋ। ਯਾਦ ਰੱਖੋ! ਜਦ ਮਾਂ-ਬਾਪ ਮੜ੍ਹੀਆਂ ਦੀ ਰਾਖ ਬਣ ਜਾਂਦੇ ਨੇ ਤਾਂ ਕੋਈ ਵੀ ਕੰਬਦੇ ਹੱਥਾਂ ਨਾਲ ਸਿਰਾਂ 'ਤੇ ਅਸ਼ੀਰਵਾਦ ਅਤੇ ਦੁਆਵਾਂ ਦੇਣ ਵਾਲਾ ਨਹੀਂ ਰਹਿੰਦਾ। ਜਿਉਂਦੇ ਜੀਅ ਉਨ੍ਹਾਂ ਦੀਆਂ ਦੁਆਵਾਂ ਤੋਂ ਮਹਿਰੂਮ ਰਹਿ ਕੇ ਬਦਨਸੀਬੀ ਹੰਢਾਉਣੀ ਸਭ ਤੋਂ ਵੱਡੀ ਤ੍ਰਾਸਦੀ ਹੈ।

ਰੱਬ ਕਰੇ! ਕਿਸੇ ਨੂੰ ਅਜਿਹੀ ਤ੍ਰਾਸਦੀ ਨਾ ਹੰਢਾਉਣੀ ਪਵੇ ਅਤੇ ਨਾ ਹੀ ਆਪਣੀ ਅਉਧ ਖਾਰੇ ਅੱਥਰੂਆਂ ਦੇ ਨਾਮ ਲਾਉਣੀ ਪਵੇ।

# ਗਿਆਨ ਤੇ ਸ਼ਬਦ-ਕੋਸ਼ ਦਾ ਮੁਹਾਂਦਰਾ 'ਕਾਇਆ ਦੀ ਕੈਨਵਸ'

ਡਾ. ਗੁਰਬਖਸ਼ ਸਿੰਘ ਭੰਡਾਲ ਨੇ ਪਿਛਲੇ ਮਹੀਨੇ ਮੈਨੂੰ ਆਪਣੀ ਨਵ ਪ੍ਰਕਾਸ਼ਿਤ ਪੁਸਤਕ 'ਕਾਇਆ ਦੀ ਕੈਨਵਸ' ਭੇਜਣ ਦੀ ਕ੍ਰਿਪਾਲਤਾ ਕੀਤੀ। ਮੈਂ 'ਪੰਜਾਬ ਟਾਈਮਜ਼' ਵਿਚ ਛਪਦੇ ਉਨ੍ਹਾਂ ਦੇ ਲੇਖ ਪੜ੍ਹਦਾ ਰਹਿੰਦਾ ਹਾਂ ਅਤੇ ਉਨ੍ਹਾਂ ਦੀ ਲੇਖਣੀ ਤੋਂ ਪ੍ਰਭਾਵਿਤ ਹੋ ਕੇ ਕਈ ਵਾਰ ਫੋਨ ਵੀ ਕਰਦਾ ਹਾਂ। ਮੈਂ ਲਗਭਗ 60 ਸਾਲ ਤੋਂ ਪੰਜਾਬੀ ਸਾਹਿਤ ਦਾ ਪਾਠਕ ਹਾਂ ਅਤੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ ਦੀ ਸ਼ੈਲੀ ਦਾ ਪ੍ਰਸ਼ੰਸਕ ਵੀ ਹਾਂ, ਪਰ ਡਾ. ਭੰਡਾਲ ਦੀ ਸ਼ੈਲੀ ਮੇਰੇ ਮਨਪਸੰਦ ਲੇਖਕਾਂ ਦੀਆਂ ਸ਼ੈਲੀਆਂ ਨਾਲੋਂ ਬਿਲਕੁਲ ਵੱਖਰੀ, ਨਿਵੇਕਲੀ ਅਤੇ ਵਿਲੱਖਣ ਹੈ। ਮੈਂ ਇਸ ਨੂੰ ਕਾਵਿਕ-ਸ਼ੈਲੀ ਕਹਿਣ ਵਿਚ ਬਿਲਕੁਲ ਵੀ ਝਿੱਜਕ ਮਹਿਸੂਸ ਨਹੀਂ ਕਰਦਾ।




ਅਸਲ ਵਿਚ ਡਾ. ਭੰਡਾਲ ਬੁਨਿਆਦੀ ਤੌਰ 'ਤੇ ਕਵੀ ਹਨ। ਇਹੀ ਕਾਰਨ ਹੈ ਕਿ ਉਹ ਵਾਰਤਕ ਲਿਖਦੇ ਲਿਖਦੇ ਅਚੇਤ ਹੀ ਕਵੀ ਬਣ ਜਾਂਦੇ ਹਨ। 'ਕਾਇਆ ਦੀ ਕੈਨਵਸ' ਵਿਚ 29 ਲੇਖ ਹਨ। ਤਕਰੀਬਨ ਹਰ ਲੇਖ ਵਿਚ ਹੀ ਕੁਝ ਸਤਰਾਂ ਕਵਿਤਾ ਦਾ ਰੂਪ ਧਾਰ ਲੈਂਦੀਆਂ ਹਨ। ਕੁਝ ਕੁ ਮਿਸਾਲਾਂ ਦੇ ਰਿਹਾ ਹਾਂ।

'ਨੈਣੀਂ ਨਦਰਿ ਨਿਹਾਲ' ਵਿਚ ਲੇਖ ਪੂਰਾ ਹੋਣ ਤੋਂ ਪਹਿਲਾਂ ਇਕ ਪਹਿਰਾ ਹੈ। "ਨੈਣ, ਨੈਣਾਂ ਦਾ ਹੁੰਦੇ ਸਾਜ਼। ਨੈਣ, ਨੈਣਾਂ ਦੇ ਹਮਰਾਜ਼। ਨੈਣ, ਨੈਣਾਂ ਲਈ ਕਰਨ ਦੁਆਵਾਂ। ਨੈਣ, ਨੈਣਾਂ ਦੀਆਂ ਲੈਣ ਬਲਾਵਾਂ। ਨੈਣ, ਨੈਣਾਂ ਦਾ ਰਾਹ-ਦਸੇਰਾ। ਨੈਣ, ਨੈਣਾਂ ਦਾ ਚਾਨਣ-ਘੇਰਾ। ਨੈਣ, ਨੈਣਾਂ ਦੇ ਬਣਦੇ ਢੋਅ। ਨੈਣ, ਨੈਣਾਂ ਦੇ ਖੁਸ਼ਬੂ-ਚੋਅ। ਨੈਣ, ਨੈਣਾਂ ਲਈ ਭਰਦੇ ਹਉਕੇ। ਨੈਣ, ਨੈਣਾਂ ਦੇ ਚੁੱਲ੍ਹੇ-ਚੌਂਕੇ। ਨੈਣ, ਨੈਣਾਂ ਦਾ ਰੰਗ ਤੇ ਰੂਪ। ਨੈਣ, ਨੈਣਾਂ ਦਾ ਸੁਗਮ-ਸਰੂਪ। ਨੈਣ, ਨੈਣਾਂ ਦੀ ਬੀਹੀ ਜਾਣ। ਨੈਣ, ਨੈਣਾਂ ਦੇ ਜੀਅ-ਪਰਾਣ।" ਇਸ 'ਕਵਿਤਾ' ਦੀਆਂ ਚੌਦਾਂ ਸਤਰਾਂ ਹੋਰ ਹਨ।

ਦੂਜੀ ਮਿਸਾਲ ਜ਼ੁਬਾਨ-ਜ਼ਖੀਰਾ ਵਿਚਲੀ 'ਕਵਿਤਾ' ਹੈ, "ਬੋਲ, ਬੋਲਾਂ ਦੇ ਬਹਿੰਦੇ ਕੋਲ। ਬੋਲ, ਬੋਲਾਂ ਦੀ ਭਰਦੇ ਝੋਲ। ਬੋਲ ਮੁਹੱਬਤ, ਮੋਹ-ਸਰੂਪ। ਬੋਲ ਸੋਹਲ ਤੇ ਬੋਲ ਮਲੂਕ। ਬੋਲ ਹੀ ਕਰਮੀ, ਬੋਲ ਹੀ ਧਰਮੀ। ਬੋਲ ਹੀ ਚੋਭਾਂ, ਬੋਲ ਹੀ ਵਰਮੀ।" ਇਸ 'ਕਵਿਤਾ' ਦੀਆਂ 13 ਸਤਰਾਂ ਹੋਰ ਹਨ।

ਅਗਲੀ ਗੱਲ ਡਾ. ਭੰਡਾਲ ਨੇ ਅਨੁਪਰਾਸ ਦੀ ਵਰਤੋਂ ਕੀਤੀ ਹੈ ਜੋ ਲੇਖਣੀ ਨੂੰ ਸੰਗੀਤ ਪ੍ਰਦਾਨ ਕਰਦੀ ਹੈ। ਜਿਵੇਂ 'ਸਿਰ ਸਿਹਰਾ' ਲੇਖ ਵਿਚ 'ਸਿਰ, ਸਿਰਦਾਰੀ ਦਾ ਸੂਚਕ', ਜਾਂ 'ਸਿਰ, ਸੇਧ, ਸੁਪਨਾ ਅਤੇ ਸਾਧਨਾ ਬਣ ਕੇ ਜਦ ਜੀਵਨੀ-ਸੋਚ ਤੇ ਸੁਚੇਤਨਾ ਦਾ ਸੰਗਮ ਬਣਦਾ ਤਾਂ ਜ਼ਿੰਦਗੀ ਨੂੰ ਨਰੋਏ ਅਰਥ ਮਿਲਦੇ।' ਜਾਂ 'ਸਿਰ, ਸੋਚ, ਸਾਧਨਾ, ਸਮਰਪਣ, ਸੁਪਨਾ, ਸੰਭਾਵਨਾ, ਸੂਖਮਤਾ, ਸੁਹਜ, ਸਹਿਜ ਅਤੇ ਸਕੂਨ ਦਾ ਸਰੋਤ।'

'ਕਾਇਆ ਦੀ ਕੈਨਵਸ' ਵਿਚ ਡਾ. ਭੰਡਾਲ ਨੇ ਮਨੁੱਖੀ ਅੰਗਾਂ ਦੇ ਅਜਿਹੇ ਸ਼ਬਦ-ਚਿੱਤਰ ਚਿੱਤਰੇ ਹਨ, ਜਿਨ੍ਹਾਂ ਰਾਹੀਂ ਡਾ. ਭੰਡਾਲ ਨੇ ਉਨ੍ਹਾਂ ਅੰਗਾਂ ਨੂੰ ਪਰਿਭਾਸ਼ਤ ਹੀ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਮਾਧਿਅਮ ਰਾਹੀਂ ਪਾਠਕਾਂ ਨੂੰ ਜ਼ਿੰਦਗੀ ਦੇ ਅਨੇਕਾਂ ਪੱਖਾਂ ਦਾ ਗਿਆਨ ਪਰੋਸਿਆ ਹੈ। ਡਾ. ਭੰਡਾਲ ਕੋਲ ਨਾ ਤਾਂ ਸ਼ਬਦਾਂ ਦੀ ਘਾਟ ਹੈ ਅਤੇ ਨਾ ਹੀ ਗਿਆਨ ਦੀ ਤੋਟ। ਜੇ ਮੈਂ ਉਨ੍ਹਾਂ ਨੂੰ ਜਿਉਂਦਾ-ਜਾਗਦਾ, ਤੁਰਦਾ-ਫਿਰਦਾ ਸ਼ਬਦ-ਕੋਸ਼ ਅਤੇ ਗਿਆਨ-ਕੋਸ਼ ਆਖਾਂ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਦੀਆਂ ਲਿਖਤਾਂ ਨੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ। ਮੈਨੂੰ ਪੂਰੀ ਆਸ ਹੈ ਕਿ ਭਵਿੱਖ ਵਿਚ ਉਨ੍ਹਾਂ ਦੀ ਕਲਮ ਹਮੇਸ਼ਾ ਹੀ ਕਰਮਸ਼ੀਲ ਰਹੇਗੀ।

***-ਇੰਦਰ ਸਿੰਘ ਖਾਮੋਸ਼***

## ਮੇਰਾ ਵਜੂਦ

ਖਾਕ ਢੋਂਦੇ ਰਹੇ, ਕੁਝ ਉਡਾਉਂਦੇ ਰਹੇ,
ਕੁਝ ਦੂਜਿਆਂ 'ਤੇ ਪਾਈ, ਕੁਝ ਖਾਂਦੇ ਰਹੇ।
ਦੇਸ਼ ਆਪਣਾ ਸੀ, ਇਹਨੂੰ ਛੱਡਿਆ ਨਹੀਂ,
ਚਾਹੇ ਟੋਟਿਆਂ 'ਚ ਜ਼ਿੰਦਗੀ ਪਾਉਂਦੇ ਰਹੇ।

ਘਰ ਦੀਆਂ ਕੰਧਾਂ ਬਣਾ ਨਾ ਸਕੇ,
ਬਿਨਾ ਛੱਤ ਤੋਂ ਹੀ, ਘਰ ਕਹਿੰਦੇ ਰਹੇ।
ਬੇਪਰਦਾ ਹੀ ਜ਼ਿੰਦਗੀ ਜਿਉਂਦੇ ਰਹੇ,
ਮਿੱਟੀ ਆਪਣੀ ਸੀ, ਉਸ 'ਚ ਰਹਿੰਦੇ ਰਹੇ।


ਰੋਜ਼ ਨਵੇਂ ਸਵਾਲਾਂ ਨਾਲ ਲੜਦੇ ਰਹੇ,
ਖਾਲੀ ਵਾਅਦੇ ਸਾਹਾਂ 'ਚ ਭਰਦੇ ਰਹੇ।
ਦੇਸ਼ ਭਗਤੀ ਖੂਬ ਨਿਭਾਉਂਦੇ ਰਹੇ,
ਖਬਰਾਂ ਖਾਬਾਂ ਦੀਆਂ ਰੋਜ਼ ਪੜ੍ਹਦੇ ਰਹੇ।

ਦਰਦ ਇੰਨੇ ਕਿ ਸਭ ਨਾਸੂਰ ਬਣ ਗਏ,
ਬਿਮਾਰ ਕਹਿ ਮੈਨੂੰ, ਵਜੂਦ ਮਿਟਾਉਂਦੇ ਰਹੇ।
ਮੇਰੇ ਅੰਗ ਕੱਟ ਕੇ, ਕਿਤੇ ਹੋਰ ਲੈ ਗਏ,
ਗੂੰਗਾ ਬੋਲਾ ਇਕ ਬੁੱਤ ਬਣਾਉਂਦੇ ਰਹੇ।

ਮਨਚਾਹਿਆ ਮੈਨੂੰ ਨਚਾਉਂਦੇ ਰਹੇ,
ਹੱਥ ਫੜ੍ਹ ਮੇਰਾ ਅੰਗੂਠਾ ਲਵਾਉਂਦੇ ਰਹੇ।
ਸਜਾ ਕੇ ਮਹਿਫਿਲਾਂ ਮੇਰੇ 'ਤੇ ਹਸਦੇ ਰਹੇ,
ਮੈਨੂੰ ਬਣਾ ਮੰਗਤਾ, ਖੈਰ ਪਾਉਂਦੇ ਰਹੇ।

***-ਦਿਲਜੋਧ ਸਿੰਘ, ਵਿਸਕਾਨਸਿਨ***
diljodh@yahoo.com

# ਅਦਾਕਾਰੀ ਦਾ ਥੰਮ੍ਹ
# ਕੇ ਕੇ ਮੈਨਨ



*ਫਿਲਮ 'ਗਾਜ਼ੀ ਅਟੈਕ' ਵਿਚ ਅਦਾਕਾਰ ਕੇ.ਕੇ. ਮੈਨਨ*

ਕੇਰਲ ਦੇ ਜੰਮੇ ਅਤੇ ਮਹਾਰਾਸ਼ਟਰ ਵਿਚ ਪਲੇ, ਅਦਾਕਾਰ ਕੇ.ਕੇ. ਮੈਨਨ ਨੇ ਆਪਣੀ ਪ੍ਰਤਿਭਾ ਦੇ ਸਿਰ ਉਤੇ ਫਿਲਮ ਸਨਅਤ, ਥੀਏਟਰ ਅਤੇ ਟੈਲੀਵਿਜ਼ਨ ਵਿਚ ਆਪਣੀ ਥਾਂ ਬਣਾਈ ਹੈ। 1966 ਵਿਚ ਜੰਮਿਆ ਮੈਨਨ ਮਹਿਜ਼ ਸਾਲ ਭਰ ਦਾ ਸੀ ਜਦੋਂ ਉਸ ਦੇ ਮਾਪੇ ਕੇਰਲ ਤੋਂ ਮੁੰਬਈ ਤਬਦੀਲ ਹੋ ਗਏ। ਉਹਨੇ ਗਰੈਜੂਏਸ਼ਨ ਮੁੰਬਈ ਯੂਨੀਵਰਸਿਟੀ ਤੋਂ ਕੀਤੀ ਅਤੇ ਬਾਅਦ ਵਿਚ ਪੁਣੇ ਯੂਨੀਵਰਸਿਟੀ ਤੋਂ ਐਮ.ਬੀ.ਏ. ਦੀ ਡਿਗਰੀ ਹਾਸਲ ਕੀਤੀ। ਪਹਿਲਾਂ ਪਹਿਲ ਮੈਨਨ ਦਾ ਮੁਖ ਟੀਚਾ ਇਸ਼ਤਿਹਾਰਬਾਜ਼ੀ ਦੀ ਦੁਨੀਆਂ ਅੰਦਰ ਪ੍ਰਵੇਸ਼ ਕਰਨਾ ਸੀ, ਪਰ ਨਿਵੇਦਿਤਾ ਭੱਟਾਚਾਰੀਆ ਨੂੰ ਮਿਲਣ ਤੋਂ ਬਾਅਦ ਉਹਨੇ ਆਪਣਾ ਸਾਰਾ ਧਿਆਨ ਥੀਏਟਰ ਪ੍ਰੋਡਕਸ਼ਨ ਵੱਲ ਲਗਾ ਦਿੱਤਾ। ਮਗਰੋਂ ਉਸ ਨੇ ਨਿਵੇਦਿਤਾ ਨਾਲ ਵਿਆਹ ਕਰਵਾ ਲਿਆ। ਥੀਏਟਰ ਵਿਚ ਉਸ ਨੂੰ ਸਭ ਤੋਂ ਪਹਿਲਾਂ ਕੁਝ ਕਰਨ ਗੁਜ਼ਰਨ ਦਾ ਮੌਕਾ ਉਘੇ ਰੰਗਕਰਮੀ ਫਿਰੋਜ਼ ਅੱਬਾਸ ਖਾਨ ਦੇ ਨਾਟਕ 'ਮਹਾਤਮਾ ਬਨਾਮ ਗਾਂਧੀ' ਰਾਹੀਂ ਮਿਲਿਆ। ਇਸ ਫਿਲਮ ਵਿਚ ਨਸੀਰੂਦੀਨ ਸ਼ਾਹ ਨੇ ਵੀ ਅਦਾਕਾਰੀ ਦੇ ਜੌਹਰ ਦਿਖਾਏ ਸਨ। ਫਿਲਮੀ ਦੁਨੀਆ ਵਿਚ ਉਸ ਨੇ 1995 ਵਿਚ ਫਿਲਮ 'ਨਸੀਮ' ਨਾਲ ਪੈਰ ਧਰਿਆ। ਇਹ ਫਿਲਮ ਉਘੇ ਫਿਲਮਸਾਜ਼ ਸਈਦ ਅਖ਼ਤਰ ਮਿਰਜ਼ਾ ਨੇ ਬਣਾਈ ਸੀ ਅਤੇ ਇਹ ਬਾਬਰੀ ਮਸਜਿਦ ਢਾਹੇ ਜਾਣ ਵਾਲੀ ਘਟਨਾ ਨਾਲ ਸਬੰਧਤ ਸੀ। ਇਸ ਤੋਂ ਬਾਅਦ 1999 ਵਿਚ ਉਸ ਨੂੰ ਫਿਲਮ 'ਭੋਪਾਲ ਐਕਸਪ੍ਰੈਸ' ਵਿਚ ਮੁੱਖ ਰੋਲ ਮਿਲਿਆ; ਪਰ ਇਸ ਫਿਲਮ ਦਾ ਬਹੁਤਾ ਨੋਟਿਸ ਨਹੀਂ ਲਿਆ ਗਿਆ। ਫਿਰ ਅਨੁਰਾਗ ਕਸ਼ਯਪ ਦੀ ਪਲੇਠੀ ਫਿਲਮ 'ਪਾਂਚ' ਵਿਚ ਉਸ ਨੂੰ ਅਹਿਮ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ, ਪਰ ਇਹ ਫਿਲਮ ਸੈਂਸਰਸ਼ਿਪ ਕਾਰਨ ਰਿਲੀਜ਼ ਹੀ ਨਾ ਹੋ ਸਕੀ। 'ਹਜ਼ਾਰੋਂ ਖਵਾਹਿਸ਼ੇਂ ਐਸੀ' ਅਤੇ 'ਬਲੈਕ ਫਰਾਈਡੇ' ਨੂੰ ਰਿਲੀਜ਼ ਹੋਣ ਵਿਚ ਹੀ ਕਈ ਸਾਲ ਲੰਘ ਗਏ, ਪਰ ਆਪਣੀ ਅਦਾਕਾਰੀ ਸਦਕਾ ਉਸ ਨੇ ਹਰ ਫਿਲਮ ਵਿਚ ਆਪਣੀ ਵੱਖਰੀ ਛਾਪ ਛੱਡੀ। ਇਸੇ ਸਾਲ ਰਿਲੀਜ਼ ਹੋਈ ਫਿਲਮ 'ਦਿ ਗਾਜ਼ੀ ਅਟੈਕ' ਵਿਚ ਉਸ ਨੇ ਕੈਪਟਨ ਰਣਵਿਜੇ ਸਿੰਘ ਦਾ ਜ਼ੋਰਦਾਰ ਰੋਲ ਅਦਾ ਕੀਤਾ ਗਿਆ। 'ਸੰਨ 75' ਰਿਲੀਜ਼ ਹੋਣ ਦੀ ਉਡੀਕ ਕਰ ਰਹੀ ਹੈ ਅਤੇ ਅਗਲੇ ਸਾਲ ਉਸ ਦੀ ਇਕ ਹੋਰ ਅਹਿਮ ਫਿਲਮ 'ਫਿਰਕੀ' ਰਿਲੀਜ਼ ਹੋਵੇਗੀ।

–ਆਮਨਾ ਕੌਰ



# ਸਿਨੇਮਾ ਤੇ ਯੁੱਧ ਵਪਾਰ
## ਪ੍ਰਸੰਗ 'ਟਾਈਗਰ ਜ਼ਿੰਦਾ ਹੈ'




ਅਦਾਕਾਰ ਸਲਮਾਨ ਖਾਨ ਦੀ ਨਵੀਂ ਫਿਲਮ 'ਟਾਈਗਰ ਜ਼ਿੰਦਾ ਹੈ' ਵਿਚ ਡਾਇਲਾਗ ਹੈ ਕਿ ਯੁੱਧ ਆਲਮੀ ਵਪਾਰ ਹੈ ਜਿਸ ਵਿਚ ਸਾਰੇ ਮੁਲਕ ਸ਼ਾਮਲ ਹਨ। ਇਸ ਹਿਸਾਬ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਯੁੱਧ ਕੇਂਦਰਿਤ ਅਜਿਹੀਆਂ ਫਿਲਮਾਂ ਇਸੇ ਵਪਾਰ ਦਾ ਹਿੱਸਾ ਹਨ। ਦੇਸ਼ ਭਗਤੀ ਵਾਲੀਆਂ ਫਿਲਮਾਂ ਹਰ ਦਹਾਕੇ ਦੌਰਾਨ ਬਣੀਆਂ ਹਨ। ਇਕ ਦੌਰ ਵਿਚ ਤਾਂ 'ਭਾਰਤ' ਮਨੋਜ ਕੁਮਾਰ ਨੇ 'ਅਖੌਤੀ' ਦੇਸ਼ ਭਗਤੀ ਵਾਲੀਆਂ ਫਿਲਮਾਂ ਨਾਲ ਬਹੁਤ ਪੈਸਾ ਕੁੱਟਿਆ। ਆਜ਼ਾਦੀ ਦੇ ਸੰਘਰਸ਼ ਦੌਰਾਨ ਰਵਿੰਦਰ ਨਾਥ ਟੈਗੋਰ ਨੇ ਮਹਾਤਮਾ ਗਾਂਧੀ ਨੂੰ ਕਿਹਾ ਸੀ ਕਿ ਆਜ਼ਾਦੀ ਦੀ ਲੜਾਈ ਵਿਚ ਦੇਸ਼ ਭਗਤੀ ਦੀ ਅਲਖ ਜਗਾਉਣਾ ਬੇਹੱਦ ਜ਼ਰੂਰੀ ਹੈ, ਅਤੇ ਇਹ ਕੇਂਦਰੀ ਵਿਚਾਰ ਨਾਲ ਦੀ ਨਾਲ ਹਮੇਸ਼ਾ, ਮਨੁੱਖਤਾ ਅਤੇ ਭਾਈਚਾਰੇ ਦੀ ਪ੍ਰੇਰਨਾ ਨਾਲ ਓਤਪੋਤ ਹੋਣਾ ਚਾਹੀਦਾ ਹੈ। ਅੱਜ ਮਨੁੱਖੀ ਜੀਵਨ ਚੱਲੇ ਹੋਏ ਕਾਰਤੂਸ ਵਰਗਾ ਬਣ ਗਿਆ ਹੈ। ਹਥਿਆਰ ਇੰਨੇ ਖ਼ਤਰਨਾਕ ਅਤੇ ਭਿਆਨਕ ਹੋ ਗਏ ਹਨ ਕਿ ਮਨੁੱਖੀ ਜੀਵਨ ਅਸੰਭਵ ਜਿਹਾ ਲੱਗਣ ਲਗ ਪਿਆ ਹੈ। ਇਸ ਫਿਲਮ ਵਿਚ ਗੀਤ ਹੈ: 'ਬਰੂਦ ਕੇ ਢੇਰ ਪਰ ਬੈਠੀ ਹੈ ਦੁਨੀਆ'। ਜਾਪਦਾ ਹੈ ਕਿ ਇਸ ਗੀਤ ਦੇ ਲਿਖਾਰੀ ਨੇ ਪ੍ਰਸਿਧ ਸ਼ਾਇਰ ਨਿੰਦਾ ਫਾਜ਼ਲੀ ਦੀ ਨਜ਼ਮ ਪੜ੍ਹੀ ਹੋਵੇਗੀ: 'ਖੁੱਲ੍ਹੀ ਮਾਚਿਸ ਹੈ ਪਹਿਰੇਦਾਰ ਸਭ ਬਾਰੂਦ ਖਾਨੇ ਮੇਂ'।

'ਟਾਈਗਰ ਜ਼ਿੰਦਾ ਹੈ' ਫਿਲਮ ਦਾ ਪਹਿਲਾ ਭਾਗ 'ਏਕ ਥਾ ਟਾਈਗਰ' ਭਾਰਤ ਅਤੇ ਪਾਕਿਸਤਾਨ ਦੇ ਦੋ ਜਾਸੂਸਾਂ ਦੀ ਪ੍ਰੇਮ ਕਥਾ ਸੀ। ਦੂਜੇ ਭਾਗ ਵਿਚ ਮਤਭੇਦਾਂ ਕਾਰਨ ਇਹ ਪ੍ਰੇਮੀ ਅਲੱਗ ਹੋ ਜਾਂਦੇ ਹਨ, ਪਰ ਉਨ੍ਹਾਂ ਦਾ ਅੱਠ ਸਾਲ ਦਾ ਬੱਚਾ ਦੋਹਾਂ ਵਿਚਕਾਰ ਪੁਲ ਬਣ ਜਾਂਦਾ ਹੈ। ਪ੍ਰੇਮ ਦਾ ਸੇਕ ਇਕ ਵਾਰ ਫਿਰ ਚੰਗਿਆੜੀ ਬਣਨ ਲਗਦਾ ਹੈ ਅਤੇ ਮੋਮ ਪਿਘਲਣਾ ਸ਼ੁਰੂ ਹੋ ਜਾਂਦਾ ਹੈ। ਉਂਜ, ਫਿਲਮ ਬਣਾਉਣ ਵਾਲਿਆਂ ਨੂੰ ਲਗਦਾ ਹੈ ਕਿ ਇਸ ਸੇਕ ਤੋਂ ਬਾਅਦ ਉਠੀਆਂ ਲਾਟਾਂ ਨਾਲ ਸ਼ਾਇਦ ਦੁਸ਼ਮਣ ਅੱਗ ਦੀ ਲਪੇਟ ਵਿਚ ਆ ਜਾਵੇ! ਇਸੇ ਸੋਚ ਕਾਰਨ ਫਿਲਮ ਵਿਚ ਮਸਾਲਾ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਤੀਜੇ ਵਜੋਂ ਫਿਲਮ ਦਾ ਸੰਤੁਲਨ ਹੀ ਵਿਗੜ ਜਾਂਦਾ ਹੈ, ਪਰ ਸਲਮਾਨ ਖਾਨ ਦੇ ਨਖਰੇ, ਇਸ ਡਿਗਦੀ ਢਹਿੰਦੀ ਫਿਲਮ ਨੂੰ ਰਤਾ ਕੁ ਸੰਭਾਲ ਲੈਂਦੇ ਹਨ।

ਇਸ ਫਿਲਮ ਵਿਚ ਖਾੜੀ ਦੇਸ਼ਾਂ ਵਿਚ ਕੰਮ ਕਰਦੀਆਂ ਨਰਸਾਂ ਨੂੰ ਖੂਬ ਦਿਖਾਇਆ ਗਿਆ ਹੈ

*ਕੈਟਰੀਨ ਕੈਫ*



ਜਿਨ੍ਹਾਂ ਦਾ ਮੁੱਖ ਉਦੇਸ਼ ਜੀਵਨ ਬਚਾਉਣਾ ਹੈ। ਨਰਸਾਂ ਦੀ ਤੀਮਾਰਦਾਰੀ ਮਨੁੱਖ ਦਾ ਜੀਵਨ ਬਚਾਈ ਰੱਖਦੀ ਹੈ। ਹਸਪਤਾਲ ਅਤੇ ਡਾਕਟਰ ਤੋਂ ਬਿਨਾਂ ਨਰਸ ਦੀ ਸੇਵਾ ਹੀ ਕਿਸੇ ਨੂੰ ਬਚਾ ਸਕਦੀ ਹੈ। ਉਂਜ, ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਦਾ ਮਿਹਨਤਾਨਾ ਬਹੁਤ ਘੱਟ ਹੁੰਦਾ ਹੈ ਅਤੇ ਇਨ੍ਹਾਂ ਦੀ ਜਾਨ ਸਦਾ ਜੋਖਮ ਵਿਚ ਰਹਿੰਦੀ ਹੈ। ਉਪਰੋਂ ਸਮਾਜ ਇੰਨਾ ਜ਼ਿਆਦਾ ਬਿਮਾਰ ਹੈ ਕਿ ਨਰਸ ਦੇ ਪੇਸ਼ੇ ਨੂੰ ਪੂਰਾ ਸਨਮਾਨ ਵੀ ਨਹੀਂ ਦਿੰਦਾ।

ਤਕਰੀਬਨ ਤਿੰਨ ਘੰਟੇ ਦੀ ਇਸ ਫਿਲਮ ਵਿਚ ਘਟਨਾਵਾਂ ਦਾ ਦੁਹਰਾਓ ਕਈ ਥਾਂਵਾਂ ਉਤੇ ਹੈ। ਇਸ ਵਾਰ ਮਸਾਲੇ ਵਿਚ ਪ੍ਰੇਮ ਮੁਹੱਬਤ ਘੱਟ ਅਤੇ ਐਕਸ਼ਨ ਦਾ ਤੜਕਾ ਵਧੇਰੇ ਹੈ। ਇਹ ਤੜਕਾ ਹੀ ਅਸਲ ਵਿਚ ਕਮਾਈ ਦਾ ਸਾਧਨ ਬਣਦਾ ਜਿਸ ਕਾਰਨ ਘੱਟ ਬਜਟ ਵਾਲੀਆਂ ਚੰਗੀਆਂ ਫਿਲਮਾਂ ਦਾ ਰਾਹ ਪਿਛਲੇ ਕੁਝ ਸਮੇਂ ਤੋਂ ਬੰਦ ਹੀ ਹੋ ਰਿਹਾ ਹੈ। ਅੱਜ ਦੇ ਫਿਲਮੀ ਯੁੱਗ ਅੰਦਰ ਸਲਮਾਨ ਖਾਨ ਵਰਗੇ ਕਥਿਤ ਸਟਾਰ ਅਦਾਕਾਰਾਂ ਦੀਆਂ ਫਿਲਮਾਂ ਦਾ ਸਭ ਤੋਂ ਵੱਡਾ ਭੇਤ ਸ਼ਾਇਦ ਇਹੀ ਹੈ।

# ਸ਼ਸ਼ੀ ਕਪੂਰ ਦੇ ਜੀਵਨ 'ਤੇ ਝਾਤ


ਰੰਗਮੰਚ ਦੇ ਨਾਮੀ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਘਰ 18 ਮਾਰਚ 1938 ਨੂੰ ਕਲਕੱਤਾ (ਹੁਣ ਕੋਲਕਾਤਾ) ਵਿਖੇ ਜਨਮੇ ਸ਼ਸ਼ੀ ਕਪੂਰ ਉਨ੍ਹਾਂ ਦੇ ਸਭ ਤੋਂ ਛੋਟੇ ਪੁੱਤਰ ਸਨ। ਮੁੰਬਈ ਦੇ ਹਸਪਤਾਲ ਵਿਚ ਗੁਰਦੇ ਫੇਲ੍ਹ ਹੋਣ ਬਾਅਦ 4 ਦਸੰਬਰ 2017 ਨੂੰ 79 ਸਾਲ ਦੀ ਉਮਰ ਵਿਚ ਸ਼ਸ਼ੀ ਕਪੂਰ ਇਸ ਦੁਨੀਆ ਤੋਂ ਚਲੇ ਗਏ। ਉਨ੍ਹਾਂ 116 ਤੋਂ ਵੀ ਵੱਧ ਹਿੰਦੀ ਅਤੇ 8 ਕੁ ਅੰਗਰੇਜ਼ੀ ਫਿਲਮਾਂ ਵਿਚ ਅਦਾਕਾਰੀ


**ਜਗਰਾਜ ਗਿੱਲ ਅਬੋਹਰਵੀ**
**ਫੋਨ: 704-257-6693**

ਦੇ ਝੰਡੇ ਗੱਡੇ। ਉਹ ਆਪਣੇ ਸਮੇਂ ਦਾ ਪਹਿਲਾ ਅਜਿਹਾ ਡਾਂਸਰ ਅਦਾਕਾਰ ਸੀ, ਜਿਸ ਨੂੰ ਪਿਤਾ ਨੇ ਇਟਲੀ ਭੇਜ ਕੇ ਅੰਗਰੇਜ਼ੀ ਨਾਚ ਦੀ ਉਚੀ ਤੇ ਮਹਿੰਗੀ ਸਿਖਲਾਈ ਦਿਵਾਈ ਸੀ।

ਸੰਨ 2011 ਵਿਚ ਸ਼ਸ਼ੀ ਕਪੂਰ ਨੂੰ ਪਦਮ ਭੂਸ਼ਨ ਅਤੇ 2015 ਵਿਚ ਭਾਰਤੀ ਸਿਨੇਮਾ ਦੇ ਸਭ ਤੋਂ ਵੱਡੇ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਇਨ੍ਹਾਂ ਦੇ ਵੱਡੇ ਭਰਾ ਰਾਜ ਕਪੂਰ ਅਤੇ ਪਿਤਾ ਪ੍ਰਿਥਵੀ ਰਾਜ ਕਪੂਰ ਨੇ ਵੀ ਇਨ੍ਹਾਂ ਵੱਡੇ ਸਨਮਾਨਾਂ ਨਾਲ ਨਿਵਾਜਿਆ ਗਿਆ ਸੀ। ਸ਼ਸ਼ੀ ਕਪੂਰ 1960 ਤੋਂ 1999 ਤੱਕ ਫਿਲਮਾਂ ਵਿਚ ਛਾਏ ਰਹੇ।

ਸ਼ਸ਼ੀ ਕਪੂਰ ਦਾ ਅਸਲੀ ਨਾਂ ਬਲਬੀਰ ਰਾਜ ਕਪੂਰ ਸੀ। ਉਸ ਨੇ ਮੁੰਬਈ ਦੀ ਡਾਨ ਬੋਸਕੋ ਸਕੂਲ ਵਿਚ ਪੜ੍ਹਦਿਆਂ ਪਿਤਾ ਪ੍ਰਿਥਵੀ ਰਾਜ ਕਪੂਰ ਦੀ ਪ੍ਰੇਰਨਾ ਸਦਕਾ ਛੁੱਟੀਆਂ ਦੌਰਾਨ ਮੰਚ ਉਪਰ ਅਦਾਕਾਰੀ ਕਰਨੀ ਆਰੰਭ ਦਿੱਤੀ ਸੀ। ਉਹ ਜਿਓਫਰੀ ਕੈਂਡਲ ਦੇ ਬ੍ਰਿਟਿਸ਼ ਥੀਏਟਰ ਗਰੁਪ 'ਸ਼ੇਕਸਪੀਅਰਾਨਾ' ਨਾਲ ਵੀ ਉਹ ਜੁੜੇ ਰਹੇ। ਬਾਅਦ ਵਿਚ ਪ੍ਰਿਥਵੀ ਰਾਜ ਕਪੂਰ ਨੇ ਖੁਦ 'ਪ੍ਰਿਥਵੀ ਥੀਏਟਰ' ਬਣਾ ਕੇ ਮੁੰਬਈ ਵਿਚ ਅਨੇਕਾਂ ਰੰਗਮੰਚ ਤੇ ਫਿਲਮੀ ਹਸਤੀਆਂ ਪੈਦਾ ਕੀਤੀਆਂ। ਸ਼ਸ਼ੀ ਕਪੂਰ ਨੇ ਸਭ ਤੋਂ ਪਹਿਲਾਂ ਬਤੌਰ ਬਾਲ ਅਦਾਕਾਰ ਫਿਲਮ 'ਤਦਬੀਰ' (1944) ਵਿਚ ਕੰਮ ਕੀਤਾ। ਵੱਡੇ ਭਰਾ ਰਾਜ ਕਪੂਰ ਦੀਆਂ ਫਿਲਮਾਂ 'ਆਗ' (1948) ਅਤੇ 'ਅਵਾਰਾ' (1951) ਵਿਚ ਰੋਲ ਕਰਵਾ ਕੇ ਸ਼ਸ਼ੀ ਕਪੂਰ ਦੀ ਸ਼ੁਰੂਆਤ ਕਰਵਾਈ ਗਈ। ਉਸ ਨੇ ਅੰਗਰੇਜ਼ੀ ਫਿਲਮਾਂ 'ਦਿ ਹਾਊਸ ਹੋਲਡਰਜ਼', 'ਸ਼ੇਕਸਪੀਅਰਵਾਲਾ', 'ਏ ਮੈਟਰ ਆਫ ਇੰਨੋਸੈਂਸ', 'ਹੀਟ ਐਂਡ ਡਸਟ', 'ਸੈਮੀ ਐਂਡ ਰੋਜ਼ੀਲੈਂਡ', 'ਦਿ ਡਿਸੀਵਰਜ਼', 'ਡਰਟੀ ਬ੍ਰਿਟਿਸ਼ ਬੁਆਏਜ਼' ਵਿਚ ਅਦਾਕਾਰੀ ਕਰ ਕੇ ਪ੍ਰਸਿਧੀ ਖੱਟੀ।





*ਫਿਲਮ ਅਦਾਕਾਰ ਸ਼ਸ਼ੀ ਕਪੂਰ ਦੀਆਂ ਦੋ ਵੱਖ ਵੱਖ ਸਮਿਆਂ ਦੀਆਂ ਤਸਵੀਰਾਂ।*

ਸ਼ਸ਼ੀ ਕਪੂਰ ਨੇ 20 ਸਾਲ ਦੀ ਉਮਰ ਵਿਚ ਆਪਣੇ ਮੰਚ ਗੁਰੂ ਜਿਓਫਰੀ ਕੈਂਡਲ ਦੀ ਬੇਟੀ ਜੈਨੀਫਰ ਕੈਂਡਲ ਨਾਲ ਪ੍ਰੇਮ ਵਿਆਹ ਕੀਤਾ, ਪਰ ਜੈਨੀਫਰ 1984 ਵਿਚ ਸਦਾ ਲਈ ਵਿਛੜ ਗਈ। ਉਹ ਆਪਣੇ ਪਿਛੇ ਦੋ ਬੇਟੇ ਕੁਨਾਲ ਕਪੂਰ ਤੇ ਕਰਨ ਕਪੂਰ ਅਤੇ ਬੇਟੀ ਸੰਜਨਾ ਕਪੂਰ ਛੱਡ ਗਏ।

ਕਰਨ ਕਪੂਰ ਨੇ 'ਜਨੂੰਨ' (1978), '36 ਚੌਰੰਗੀ ਲੇਨ' (1981), 'ਸਲਤਨਤ' (1986), 'ਲੋਹਾ' (1987) ਅਤੇ 'ਅਫ਼ਸਰ' (1988) ਫਿਲਮਾਂ ਵਿਚ ਕੰਮ ਕੀਤਾ। ਕੁਨਾਲ ਕਪੂਰ ਨੇ ਬਤੌਰ ਨਿਰਮਾਤਾ ਤੇ ਅਦਾਕਾਰ 'ਵਿਜੇਤਾ' (1982), 'ਉਤਸਵ' (1984) ਤੇ 'ਸਿੰਘ ਇਜ਼ ਬਲਿੰਗ' (2015) ਰਿਲੀਜ਼ ਕੀਤੀਆਂ। ਕੁਨਾਲ ਦੀ ਪਤਨੀ ਸ਼ੀਨਾ, 'ਸ਼ੋਲੇ' ਦੇ ਨਿਰਦੇਸ਼ਕ ਰਮੇਸ਼ ਸਿੱਪੀ ਦੀ ਧੀ ਹੈ। ਬੇਟਾ ਜਹਾਨ ਤੇ ਬੇਟੀ ਸ਼ਾਇਰਾ ਹਨ। ਕਰਨ ਕਪੂਰ ਦੀ ਪਤਨੀ ਲੋਰਨਾ, ਬੇਟੀ ਆਲੀਆ ਤੇ ਜਾਚਰੀ ਹਨ ਅਤੇ ਗ਼ੈਰ ਫਿਲਮੀ ਜੀਵਨ ਜਿਊਂਦੇ ਹਨ।

ੴ ਸਤਿਗੁਰ ਪ੍ਰਸਾਦਿ॥

ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਏ ਨਾ ਧੀਰ ਧਰੋਆ॥

# ਕਲਗੀਧਰ ਪਾਤਸ਼ਾਹ ਸਰਬੰਸ ਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਭਨਾਂ ਨੂੰ

# ਕੋਟਾਨਿ ਕੋਟਿ ਵਧਾਈ

## ਸਾਲ 2018 ਮੁਬਾਰਕ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**Major Gurcharn Singh Jhaj**
**Jaidev Singh Bhathal & Sukhraj Singh Takher**

# Akal Transport Corporation
# RKJ Properties LLC


PUNJABI
MEGA
PACK
$14.99 FOR
24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5
CHANNELS
All offers require credit qualification, 24-month commitment with early termination fee and eAutoPay. **$240 Savings Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. **Important Terms and Conditions: Promotional Offers:** International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/15/18. **2 Year Commitment:** Early termination fee of $20/mo. remaining applies if you cancel early. **Hopper:** Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. **Premium Channels:** Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. **Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. **Other:** All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.